ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 22 | Issue 147| 30 Oct. to 5 Nov., 2024 | Ph.: (510) 240-5949 | Email: asrtimes@gmail.com



## ਅਦਾਰਾ ਅੰਮ੍ਰਿਤਸਰ ਟਾਈਮਜ਼

ਵੱਲੋਂ ਵਿਸ਼ਵ ਭਰ ਵਿੱਚ ਬੈਠੇ ਸਮੂਹ ਸਰਬੱਤ ਦੇ ਭਲੇ ਦੇ ਹਾਮੀਆਂ ਨੂੰ ਬੰਦੀ ਛੋੜ ਦਿਵਸ ਦੀਆਂ ਲੱਖ-ਲੱਖ ਵਧਾਈਆਂ ਜੀ। ਅਕਾਲ ਪੁਰਖ ਵਾਹਿਗੁਰੂ ਆਪ ਸਭ ਨੂੰ ਸਦਾ ਚੜ੍ਹਦੀਕਲਾ 'ਚ ਰੱਖੇ।

# ਸ਼੍ਰੋਮਣੀ ਕਮੇਟੀ ਦੇ ਚੌਥੀ ਵਾਰ ਪ੍ਰਧਾਨ ਬਣੇ ਧਾਮੀ

## ਹਰਜਿੰਦਰ ਸਿੰਘ ਧਾਮੀ ਨੂੰ 107 ਅਤੇ ਬੀਬੀ ਜਗੀਰ ਕੌਰ ਨੂੰ 33 ਵੋਟਾਂ ਪਈਆਂ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹੋਈ ਸਾਲਾਨਾ ਚੋਣ ਵਿੱਚ ਇੱਥੇ ਸ਼੍ਰੋਮਣੀ ਅਕਾਲੀ ਦਲ ਦੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਲਗਾਤਾਰ ਚੌਥੀ ਵਾਰ ਪ੍ਰਧਾਨ ਚੁਣੇ ਗਏ। ਉਨ੍ਹਾਂ ਦੇ ਵਿਰੋਧ ਵਿੱਚ ਖੜ੍ਹੀ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੀ ਉਮੀਦਵਾਰ ਬੀਬੀ ਜਗੀਰ ਕੌਰ ਚੋਣ ਹਾਰ ਗਏ । ਐਡਵੋਕੇਟ ਧਾਮੀ ਤੋਂ ਇਲਾਵਾ ਰਘੂਜੀਤ ਸਿੰਘ ਵਿਰਕ ਸੀਨੀਅਰ ਮੀਤ ਪ੍ਰਧਾਨ, ਬਲਦੇਵ ਸਿੰਘ ਕਲਿਆਣ ਜੂਨੀਅਰ ਮੀਤ ਪ੍ਰਧਾਨ ਅਤੇ ਸ਼ੇਰ ਸਿੰਘ ਮੰਡਵਾਲਾ ਨੂੰ ਜਨਰਲ ਸਕੱਤਰ ਚੁਣਿਆ ਗਿਆ । ਇਸ ਤੋਂ ਇਲਾਵਾ 11 ਮੈਂਬਰ ਅੰਤਰਿੰਗ ਕਮੇਟੀ ਵਾਸਤੇ ਚੁਣੇ ਗਏ । ਸਾਲਾਨਾ ਜਨਰਲ ਇਜਲਾਸ ਦੌਰਾਨ ਕੁੱਲ 142 ਮੈਂਬਰਾਂ ਨੇ ਵੋਟ ਪਾਈ, ਜਿਨ੍ਹਾਂ 'ਚੋਂ ਐਡਵੋਕੇਟ ਧਾਮੀ ਨੂੰ 107 ਵੋਟਾਂ ਅਤੇ ਬੀਬੀ ਜਗੀਰ ਕੌਰ ਨੂੰ 33 ਵੋਟਾਂ ਮਿਲੀਆਂ। 2 ਵੋਟਾਂ ਰੱਦ ਕਰ ਦਿੱਤੀਆਂ ਗਈਆਂ। ਇਸ ਚੋਣ ਵਿੱਚ ਬੀਬੀ ਜਗੀਰ ਕੌਰ 74 ਵੋਟਾਂ ਨਾਲ ਹਾਰੇ ਹਨ। ਤੇਜਾ ਸਿੰਘ ਸਮੁੰਦਰੀ ਹਾਲ 'ਚ ਹੋਏ ਇਜਲਾਸ ਦੌਰਾਨ ਅਰਦਾਸ ਤੋਂ ਬਾਅਦ ਪ੍ਰਧਾਨ ਦੀ ਚੋਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ। ਪ੍ਰਧਾਨ ਦੇ ਅਹੁਦੇ ਤੋਂ ਇਲਾਵਾ ਵਿਰੋਧੀ ਧਿਰ ਵੱਲੋਂ ਕਿਸੇ ਹੋਰ ਅਹੁਦੇ ਲਈ ਕੋਈ ਉਮੀਦਵਾਰ ਖੜ੍ਹਾ ਨਹੀਂ ਕੀਤਾ ਗਿਆ, ਜਿਸ ਕਾਰਨ ਬਾਕੀ ਸਾਰੇ ਅਹੁਦੇਦਾਰ ਬਿਨਾਂ ਵਿਰੋਧ



ਚੁਣੇ ਗਏ ਹਨ। ਇਜਲਾਸ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਅਤੇ ਹੋਰ ਗ੍ਰੰਥੀ ਸਾਹਿਬਾਨ ਪੰਜ ਸਿੰਘ ਸਾਹਿਬਾਨ ਵਜੋਂ ਹਾਜ਼ਰ ਸਨ ਪਰ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਗੈਰ ਹਾਜ਼ਰ ਰਹੇ।

ਚੁਣੀ ਗਈ 11 ਮੈਂਬਰੀ ਅੰਤ੍ਰਿੰਗ ਕਮੇਟੀ ਵਿੱਚ ਸੁਰਜੀਤ ਸਿੰਘ ਗੜ੍ਹੀ, ਬੀਬੀ ਹਰਜਿੰਦਰ ਕੌਰ, ਅਮਰੀਕ ਸਿੰਘ ਵਿਛੋਆ, ਸੁਰਜੀਤ ਸਿੰਘ ਤੁਗਲਵਾਲ, ਪਰਮਜੀਤ ਸਿੰਘ ਖ਼ਾਲਸਾ, ਬਲਦੇਵ ਸਿੰਘ ਕਾਇਮਪੁਰ, ਦਲਜੀਤ ਸਿੰਘ ਭਿੰਡਰ, ਸੁਖਹਰਪ੍ਰੀਤ ਸਿੰਘ ਰੋਡੇ, ਰਵਿੰਦਰ ਸਿੰਘ ਖ਼ਾਲਸਾ, ਜਸਵੰਤ ਸਿੰਘ ਪੁੜੈਣ ਤੇ ਪਰਮਜੀਤ ਸਿੰਘ ਰਾਇਪੁਰ ਸ਼ਾਮਲ ਹਨ। ਇਸ ਦੇ ਨਾਲ ਹੀ 3 ਸਾਲ ਬਾਅਦ ਆਨਰੇਰੀ ਮੁੱਖ ਸਕੱਤਰ ਵਜੋਂ ਕੁਲਵੰਤ ਸਿੰਘ ਮੰਨਣ ਨੂੰ ਨਿਯੁਕਤ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਮੌਜੂਦਾ ਹਾਊਸ 'ਚ ਤਖ਼ਤਾਂ ਦੇ ਜਥੇਦਾਰਾਂ ਤੋਂ ਇਲਾਵਾ ਕੁੱਲ 185 ਮੈਂਬਰ ਹਨ ਜਿਨ੍ਹਾਂ 'ਚੋਂ 170 ਮੈਂਬਰ ਵੋਟਾਂ ਰਾਹੀਂ ਚੁਣੇ ਹੋਏ ਤੇ 15 ਮੈਂਬਰ ਵੱਖ-ਵੱਖ ਸੂਬਿਆਂ ਤੋਂ ਨਾਮਜ਼ਦ ਕੀਤੇ ਹੋਏ ਹਨ। ਇਨ੍ਹਾਂ ਮੈਂਬਰਾਂ ਵਿੱਚੋਂ 31 ਮੈਂਬਰਾਂ ਦੀ ਮੌਤ ਹੋ ਚੁੱਕੀ ਹੈ। ਚਾਰ ਮੈਂਬਰ ਅਸਤੀਫ਼ਾ ਦੇ ਚੁੱਕੇ ਹਨ ਅਤੇ ਦੋ ਮੈਂਬਰਾਂ ਨੂੰ ਅਯੋਗ ਕਰਾਰ ਦਿੱਤਾ ਹੋਇਆ ਹੈ। ਇਸ ਵੇਲੇ ਮੌਜੂਦਾ ਹਾਊਸ 'ਚ ਕੁੱਲ 148 ਮੈਂਬਰ ਹਨ ਜਿਨ੍ਹਾਂ ਵਿੱਚੋਂ ਅੱਜ 142 ਮੈਂਬਰ ਵੋਟ ਪਾਉਣ ਲਈ ਪੁੱਜੇ ਸਨ। 142 ਮੈਂਬਰਾਂ ਵਿੱਚੋਂ ਲਗਭਗ ਅੱਧਾ ਦਰਜਨ ਮੈਂਬਰ ਬਿਮਾਰ ਸਨ, ਜੋ ਆਪਣੇ ਰਿਸ਼ਤੇਦਾਰਾਂ ਨਾਲ ਵੋਟ ਪਾਉਣ ਲਈ ਆਏ ਹੋਏ ਸਨ।

ਜ਼ਿਕਰਯੋਗ ਹੈ ਕਿ ਸਾਲ 2022 ਦੇ ਇਜਲਾਸ ਵਿਚ ਐਡਵੋਕੇਟ ਧਾਮੀ ਨੂੰ 104 ਵੋਟਾਂ ਪ੍ਰਾਪਤ ਹੋਈਆਂ ਸਨ ਜਦਕਿ ਵਿਰੋਧ ਵਿਚ ਖੜੀ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੂੰ 45 ਵੋਟਾਂ ਮਿਲੀਆਂ ਸਨ। ਇਸੇ ਤਰ੍ਹਾਂ ਸਾਲ 2023 ਵਿਚ ਐਡਵੋਕੇਟ ਧਾਮੀ ਨੂੰ ਜਿਥੇ 102 ਵੋਟਾਂ ਮਿਲੀਆਂ ਸਨ, ਉਥੇ ਵਿਰੋਧੀ ਧਿਰ ਦੇ ਉਮੀਦਵਾਰ ਸੰਤ ਬਲਬੀਰ ਸਿੰਘ ਘੁੰਨਸ ਨੂੰ ਮਹਿਜ 15 ਵੋਟਾਂ ਹੀ ਪ੍ਰਾਪਤ ਹੋਈਆਂ ਸਨ।

## ਪੰਥਕ ਭਾਵਨਾਵਾਂ ਅਨੁਸਾਰ ਸੇਵਾ ਨਿਭਾਵਾਂਗਾ: ਧਾਮੀ



ਐਡਵੋਕੇਟ ਧਾਮੀ ਨੇ ਪ੍ਰਧਾਨ ਚੁਣੇ ਜਾਣ ਮਗਰੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਿੱਖ ਕੌਮ ਦੀ ਇਹ ਵੱਡੀ ਸੇਵਾ ਗੁਰੂ ਸਾਹਿਬ ਦੀ ਬਖ਼ਸ਼ਿਸ਼ ਨਾਲ ਪ੍ਰਾਪਤ ਹੋਈ ਹੈ, ਜਿਸ ਨੂੰ ਉਹ ਗੁਰੂ ਸਾਹਿਬ ਦੀ ਭੈਅ ਭਾਵਨੀ, ਨਿਮਰਤਾ ਤੇ ਪੰਥਕ ਭਾਵਨਾਵਾਂ ਅਨੁਸਾਰ ਨਿਭਾਉਣ ਦਾ ਯਤਨ ਕਰਨਗੇ। ਉਨ੍ਹਾਂ ਦਾਅਵਾ ਕੀਤਾ ਕਿ ਇਸ ਸਾਲ ਦੀ ਚੋਣ ਵਿੱਚ ਪੰਜਾਬ ਦੀ 'ਆਪ' ਸਰਕਾਰ ਦੇ ਨਾਲ-ਨਾਲ ਭਾਰਤ ਸਰਕਾਰ, ਭਾਜਪਾ, ਆਰ.ਐੱਸ.ਐੱਸ., ਕਾਂਗਰਸ ਨੇ ਪੂਰਾ ਜ਼ੋਰ ਲਗਾਇਆ ਪ੍ਰੰਤੂ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੇ ਦ੍ਰਿੜ੍ਹਤਾ ਨਾਲ ਆਪਣੀ ਮਾਂ ਪਾਰਟੀ ਸ਼੍ਰੋਮਣੀ ਅਕਾਲੀ ਦਲ ਨਾਲ ਖੜ੍ਹ ਕੇ ਮਿਸਾਲ ਕਾਇਮ ਕੀਤੀ ਹੈ।

## ਸ਼੍ਰੋਮਣੀ ਕਮੇਟੀ ਮੈਂਬਰਾਂ ਦੀ ਜ਼ਮੀਰ ਮਰੀ: ਬੀਬੀ ਜਗੀਰ ਕੌਰ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੇ ਅਹੁਦੇ ਦੀ ਚੋਣ ਹਾਰਨ ਤੋਂ ਬਾਅਦ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੂੰ ਲਾਸ਼ਾਂ ਕਰਾਰ ਦਿੰਦਿਆਂ ਦੋਸ਼ ਲਾਇਆ ਕਿ ਇਨ੍ਹਾਂ ਅੰਦਰੋਂ ਜ਼ਮੀਰਾਂ ਮਰ ਚੁੱਕੀਆਂ ਹਨ। ਜਨਰਲ ਇਜਲਾਸ ਦੀ ਸਮਾਪਤੀ ਤੋਂ ਬਾਅਦ ਮੀਡੀਆ ਨਾਲ ਗੱਲ ਕਰਦਿਆਂ ਬੀਬੀ ਜਗੀਰ ਕੌਰ ਨੇ ਆਖਿਆ ਕਿ ਉਹ ਚਾਹੁੰਦੇ ਹਨ ਕਿ ਜਲਦੀ ਹੀ ਸ਼੍ਰੋਮਣੀ ਕਮੇਟੀ ਦੀਆਂ ਜਨਰਲ ਚੋਣਾਂ ਹੋਣ ਅਤੇ ਨਵੇਂ ਮੈਂਬਰ ਚੁਣ ਕੇ ਆਉਣ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਮੈਂਬਰਾਂ ਵੱਲੋਂ ਦਿੱਤਾ ਗਿਆ ਫਤਵਾ ਉਨ੍ਹਾਂ ਨੂੰ ਸਵੀਕਾਰ ਹੈ ਪਰ



ਦੁੱਖ ਇਹ ਹੈ ਕਿ ਇਨ੍ਹਾਂ ਮੈਂਬਰਾਂ ਦੀਆਂ ਜ਼ਮੀਰਾਂ ਨਹੀਂ ਜਾਗੀਆਂ। ਬੀਬੀ ਜਗੀਰ ਕੌਰ ਨੇ ਕਿਹਾ ਕਿ ਕੌਮ ਤਾਂ ਜਾਗ ਪਈ ਹੈ, ਪਰ ਜਿਹੜੇ 13-14 ਸਾਲਾਂ ਤੋਂ ਗੁਰੂ ਦਾ ਧਾਨ ਖਾ ਰਹੇ ਹਨ, ਜਿਨ੍ਹਾਂ ਨੂੰ ਲਾਲਚ ਪਏ ਹਨ, ਉਨ੍ਹਾਂ ਦੀਆਂ ਜ਼ਮੀਰਾਂ ਮਰ ਚੁੱਕੀਆਂ ਹਨ। ਉਹਨਾਂ ਕਿਹਾ ਕਿ ਮੈਂ ਸੋਚਦੀ ਸੀ ਕਿ ਇਨ੍ਹਾਂ ਦੀਆਂ ਜ਼ਮੀਰਾਂ ਜਾਗਦੀਆਂ ਹੋਣਗੀਆਂ, ਪਰ ਇਨ੍ਹਾਂ ਦੀਆਂ ਜ਼ਮੀਰਾਂ ਮਰ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਤੁਰੰਤ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਹੋਣੀਆਂ ਚਾਹੀਦੀਆਂ ਹਨ, ਨਹੀਂ ਤਾਂ ਕੌਮ ਨਹੀਂ ਬੱਚ ਸਕਦੀ। ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਹੋਣਗੀਆਂ ਤਾਂ ਹੀ ਇਹ ਲਹੂ ਪੀਣੀਆਂ ਜੋਕਾਂ ਕੌਮ ਤੋਂ ਲੱਥਣਗੀਆਂ। ਇਸ ਦੇ ਨਾਲ ਹੀ ਬੀਬੀ ਜਗੀਰ ਕੌਰ ਨੇ ਮੈਂਬਰ ਖਰੀਦਣ ਦਾ ਵੀ ਦੋਸ਼ ਲਗਾਇਆ।

## 11 ਮੈਂਬਰੀ ਸਲਾਹਕਾਰ ਬੋਰਡ ਬਣਾਉਣ ਦਾ ਫ਼ੈਸਲਾ

### ਫ਼ਿਲਮ ਸੈਂਸਰ ਬੋਰਡ 'ਚ ਸ਼੍ਰੋਮਣੀ ਕਮੇਟੀ ਦਾ ਨੁਮਾਇੰਦਾ ਸ਼ਾਮਲ ਕਰਨ ਦੀ ਮੰਗ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਵਿੱਚ ਅਹਿਮ ਮਤਾ ਪਾਸ ਕਰਦਿਆਂ ਅਕਾਲ ਤਖ਼ਤ ਸਾਹਿਬ 'ਤੇ ਪੁੱਜਦੇ ਮਾਮਲਿਆਂ ਦੇ ਸਰਲੀਕਰਨ ਲਈ 11 ਮੈਂਬਰੀ ਸਲਾਹਕਾਰ ਬੋਰਡ ਬਣਾਉਣ ਦਾ ਫ਼ੈਸਲਾ ਕੀਤਾ ਗਿਆ ਅਤੇ ਇਸ ਫ਼ੈਸਲੇ ਨੂੰ ਹਾਊਸ ਵੱਲੋਂ ਪ੍ਰਵਾਨਗੀ ਦਿੱਤੀ ਗਈ। ਇਸ ਦੇ ਨਾਲ ਹੀ ਸਰਕਾਰ ਤੋਂ ਕੰਗਨਾ ਰਣੌਤ ਦੀ ਫ਼ਿਲਮ 'ਐਮਰਜੈਂਸੀ' ਉੱਤੇ ਰੋਕ ਲਾਉਣ ਅਤੇ ਕੈਨੇਡਾ ਵਿੱਚ ਸਿੱਖ ਸ਼ਖ਼ਸੀਅਤਾਂ ਨੂੰ ਨਿਸ਼ਾਨਾ ਬਣਾਏ ਜਾਣ ਕਾਰਨ ਉਥੇ ਵਸਦੇ ਸਿੱਖਾਂ ਅੰਦਰ ਅਸੁਰੱਖਿਆ ਦੀ ਭਾਵਨਾ 'ਤੇ ਚਿੰਤਾ ਪ੍ਰਗਟ ਕਰਦਿਆਂ ਭਾਰਤ ਅਤੇ ਕੈਨੇਡਾ ਦੀ ਸਰਕਾਰ ਨੂੰ ਇੱਕ-ਦੂਜੇ ਦਾ ਸਹਿਯੋਗ ਕਰਕੇ ਸੱਚ ਸਾਹਮਣੇ ਲਿਆਉਣ ਤੇ ਸੁਰੱਖਿਆ ਦੀ ਭਾਵਨਾ ਪੈਦਾ ਕਰਨ ਲਈ ਯਤਨ ਕਰਨ ਲਈ ਵੀ ਅਪੀਲ ਕੀਤੀ ਗਈ। ਇਸੇ ਤਰ੍ਹਾਂ ਇਸ ਦੌਰਾਨ ਮਤੇ ਪਾਸ ਕਰਕੇ ਸਿੱਖਾਂ ਵਿਰੁੱਧ ਸੋਸ਼ਲ ਮੀਡੀਆ ਜ਼ਰੀਏ ਹੋ ਰਹੇ ਹਮਲਿਆਂ 'ਤੇ ਚਿੰਤਾ ਪ੍ਰਗਟ ਕਰਦਿਆਂ ਸਿੱਖਾਂ ਵਿਰੁੱਧ ਹੁੰਦੇ ਨਫ਼ਰਤੀ ਪ੍ਰਚਾਰ ਨੂੰ ਹਰ ਪੱਧਰ 'ਤੇ ਰੋਕਣ, ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਲਈ ਪ੍ਰਕਿਰਿਆ ਸਰਲ ਕਰਨ, ਬੇਅਦਬੀ ਮਾਮਲੇ ਦੇ ਮੁੱਖ ਮੁਲਜ਼ਮ ਡੇਰਾ ਸਿਰਸਾ ਮੁਖੀ ਅਤੇ ਉਸ ਦੇ ਪੈਰੋਕਾਰਾਂ ਤੇ ਹੋਰ ਮੁਲਜ਼ਮਾਂ ਦੀ ਗ੍ਰਿਫਤਾਰੀ, ਫ਼ਿਲਮਾਂ, ਨਾਟਕਾਂ ਤੇ ਸੀਰੀਅਲਾਂ ਵਿੱਚ ਸਿੱਖਾਂ ਦੇ ਕਿਰਦਾਰ ਨੂੰ ਗ਼ਲਤ ਤਰੀਕੇ ਨਾਲ ਦਿਖਾਉਣ ਦੇ ਰੁਝਾਨ ਤੁਰੰਤ ਰੋਕਣ, ਸਿੱਖਾਂ ਪ੍ਰਤੀ ਨਕਾਰਾਤਮਿਕ ਪ੍ਰਦਰਸ਼ਨ ਰੋਕਣ ਲਈ ਫ਼ਿਲਮ ਸੈਂਸਰ ਬੋਰਡ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਨੁਮਾਇੰਦਾ ਪੱਕੇ ਤੌਰ 'ਤੇ ਸ਼ਾਮਲ ਕਰਨ ਅਤੇ ਸਿੱਖ ਕੌਮ ਦੇ ਇਤਿਹਾਸਿਕ ਅਸਥਾਨਾਂ ਨਾਲ ਸਬੰਧਿਤ ਲੰਮੇ ਸਮੇਂ ਤੋਂ ਲਟਕਦੇ ਆ ਰਹੇ ਮਾਮਲਿਆਂ ਨੂੰ ਤੁਰੰਤ ਹੱਲ ਕਰਨ ਦੀ ਮੰਗ ਕੀਤੀ ਗਈ।

## ਪੰਥ ਵਿਰੋਧੀ ਤਾਕਤਾਂ ਦੀ ਸਾਜ਼ਿਸ਼ ਨੂੰ ਸਿੱਖਾਂ ਦੀ ਪਾਰਲੀਮੈਂਟ ਨੇ ਹਰਾਇਆ: ਅਕਾਲੀ ਦਲ

ਅੰਮ੍ਰਿਤਸਰ/ਏ.ਟੀ.ਨਿਊਜ਼: ਇਸ ਦੌਰਾਨ ਅਕਾਲੀ ਦਲ ਨੇ ਵਿਰੋਧੀਆਂ 'ਤੇ ਤਿੱਖਾ ਤੰਜ ਕੱਸਿਆ ਹੈ। ਮੀਡੀਆ ਨਾਲ ਗੱਲਬਾਤ ਕਰਦਿਆਂ ਪਾਰਟੀ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਵਿਰੋਧੀਆਂ 'ਤੇ ਤਿੱਖਾ ਨਿਸ਼ਾਨਾ ਵਿੰਨ੍ਹਦਿਆਂ ਕਿਹਾ ਕਿ ਸਾਰੇ ਵਿਰੋਧੀਆਂ ਨੇ ਪੂਰਾ ਜ਼ੋਰ ਲਾ ਲਿਆ ਪਰ ਅਸੀਂ ਪੰਥ ਦੇ ਧੰਨਵਾਦੀ ਹਾਂ, ਜਿਨ੍ਹਾਂ ਨੇ ਇੰਨੀਆਂ ਅਰਦਾਸਾਂ ਕੀਤੀਆਂ।

ਉਨ੍ਹਾਂ ਕਿਹਾ ਕਿ ਪੰਥ ਵਿਰੋਧੀ ਤਾਕਤਾਂ ਦੀ ਸਾਜ਼ਿਸ਼ ਨੂੰ ਸਿੱਖਾਂ ਦੀ ਪਾਰਲੀਮੈਂਟ ਨੇ ਬਹੁਤ ਬੁਰੀ ਤਰ੍ਹਾਂ ਹਰਾਇਆ ਹੈ। ਡਾ. ਦਲਜੀਤ ਸਿੰਘ ਚੀਮਾ ਨੇ ਐੱਸ. ਜੀ. ਪੀ. ਸੀ. ਮੈਂਬਰਾਂ ਅਤੇ ਸਿੱਖ ਪੰਥ ਨੂੰ ਵਧਾਈ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਸ਼੍ਰੋਮਣੀ ਅਕਾਲੀ ਦਲ ਦੀ ਬਹੁਤ ਮਾਣ ਵਧਿਆ ਹੈ। ਉਨ੍ਹਾਂ ਕਿਹਾ ਕਿ ਬੀਬੀ ਜਗੀਰ ਕੌਰ ਨੂੰ ਪਿਛਲੀ ਵਾਰ 42 ਵੋਟਾਂ ਪਈਆਂ ਸਨ ਅਤੇ ਸਾਨੂੰ 102 ਪਈਆਂ ਸੀ। ਇਸ ਵਾਰ ਹਰਜਿੰਦਰ ਸਿੰਘ ਧਾਮੀ 107 ਵੋਟਾਂ 'ਤੇ ਪਹੁੰਚੇ ਹਨ ਅਤੇ ਬੀਬੀ ਜੀ 42 ਵੋਟਾਂ ਤੋਂ 33 'ਤੇ ਆ ਗਏ ਹਨ। ਇਹ ਬੜਾ ਵੱਡਾ ਸੁਨੇਹਾ ਹੈ ਕਿ ਜਿਹੜੇ ਲੋਕ ਸਾਜ਼ਿਸ਼ਾਂ ਕਰਕੇ ਪੰਥ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਅਕਾਲੀ ਦਲ ਖ਼ਿਲਾਫ਼ ਸਾਜ਼ਿਸ਼ਾਂ ਰਚ ਕੇ ਲੀਡਰਸ਼ਿਪ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਐੱਸ. ਜੀ. ਪੀ. ਸੀ. ਦੇ ਇਸ ਫ਼ੈਸਲੇ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਸੰਗਤ ਦਾ ਆਸ਼ੀਰਵਾਦ ਅੱਜ ਵੀ ਸ਼੍ਰੋਮਣੀ ਅਕਾਲੀ ਦਲ ਦੇ ਨਾਲ ਹੈ। ਉਨ੍ਹਾਂ ਕਿਹਾ ਕਿ ਤਨਖ਼ਾਹੀਆ ਹੋਣ ਕਾਰਨ ਭਾਵੇਂ ਸੁਖਬੀਰ ਬਾਦਲ ਨਹੀਂ ਆ ਸਕੇ ਪਰ ਬਾਕੀ ਮੈਂਬਰਾਂ ਨੇ ਆਪਣੀ ਜ਼ਿੰਮੇਵਾਰੀ ਤਹਿ ਦਿਲੋਂ ਨਿਭਾਈ ਹੈ।

# ਕੈਨੇਡਾ ਨੇ ਪੱਕੇ ਕੀਤੇ ਜਾਣ ਵਾਲਿਆਂ ਦੀ ਗਿਣਤੀ ਮੁੜ ਘਟਾਈ

## ਟਰੂਡੋ ਸਰਕਾਰ ਵਿਦੇਸ਼ੀ ਕਾਮਿਆਂ ’ਤੇ ਨਿਰਭਰਤਾ ਘਟਾਉਣ ਦੇ ਰੌਅ ’ਚ

## ਪੱਕੇ ਹੋਣ ਵਾਲਿਆਂ ਦੀ ਗਿਣਤੀ 21 ਫ਼ੀਸਦੀ ਤੱਕ ਘਟਾਉਣ ਦਾ ਐਲਾਨ



ਵੈਨਕੂਵਰ/ਏ.ਟੀ.ਨਿਊਜ਼: ਜਸਟਿਨ ਟਰੂਡੋ ਸਰਕਾਰ ਵੱਲੋਂ ਆਵਾਸ ਨੀਤੀਆਂ ਵਿੱਚ ਤਬਦੀਲੀ ਕੀਤੇ ਜਾਣ ਕਾਰਨ ਕੈਨੇਡਾ ’ਚ ਪੱਕੇ ਹੋਣ ਦੇ ਇੱਛੁਕ ਵਿਦੇਸ਼ੀਆਂ ਦੇ ਪੱਲੇ ਨਿਰਾਸ਼ਾ ਪਈ ਹੈ। ਲੰਘੇ 6 ਮਹੀਨਿਆਂ ਵਿੱਚ ਸਰਕਾਰ ਵੱਲੋਂ ਇੱਥੇ ਰਹਿੰਦੇ ਵਿਦੇਸ਼ੀਆਂ ਦੇ ਵੱਖ ਵੱਖ ਵਰਗਾਂ ਦੀ ਗਿਣਤੀ ਉੱਤੇ ਪੰਜਵੀਂ ਵਾਰ ਕੈਂਚੀ ਚਲਾਈ ਗਈ ਹੈ। ਇਸ ਤੋਂ ਪਹਿਲਾਂ ਸਟੱਡੀ ਵੀਜ਼ਿਆਂ ਦੀ ਗਿਣਤੀ ਤਿੰਨ ਵਾਰ ਘਟਾਈ ਜਾ ਚੁੱਕੀ ਹੈ ਅਤੇ ਉਸ ਮਗਰੋਂ ਪਿਛਲੇ ਮਹੀਨੇ ਵਰਕ ਪਰਮਿਟਧਾਰਕਾਂ ਦੀਆਂ ਅਰਜ਼ੀਆਂ ਲੈਣੀਆਂ ਬੰਦ ਕੀਤੀਆਂ ਤੇ ਹੁਣ ਪੱਕੇ ਹੋਣ ਵਾਲਿਆਂ ਦੀ ਗਿਣਤੀ 21 ਫ਼ੀਸਦੀ ਤੱਕ ਘਟਾਉਣ ਦਾ ਐਲਾਨ ਕੀਤਾ ਗਿਆ ਹੈ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ‘ਐਕਸ’ ਹੈਂਡਲ ’ਤੇ ਲਿਖਿਆ ਕਿ ਸਰਕਾਰ ਵਿਦੇਸ਼ੀ ਕਾਮਿਆਂ ’ਤੇ ਆਪਣੀ ਨਿਰਭਰਤਾ ਹੋਰ ਘਟਾ ਰਹੀ ਹੈ। ਉਨ੍ਹਾਂ ਅੱਗੇ ਲਿਖਿਆ ਕਿ ਹੁਣ ਰੁਜ਼ਗਾਰ ਦਾਤਾ ਕੰਪਨੀਆਂ ਲਈ ਕੈਨੇਡੀਅਨ ਲੋਕਾਂ ਨੂੰ ਰੁਜ਼ਗਾਰ ਦੇਣ ਦੀ ਪਹਿਲ ਵਾਲੇ ਨਿਯਮ ਵਧੇਰੇ ਸਖ਼ਤ ਕੀਤੇ ਜਾ ਰਹੇ ਹਨ। ਜ਼ਿਕਰਯੋਗ ਹੈ ਕਿ ਟਰੂਡੋ ਦੀ ਲਿਬਰਲ ਸਰਕਾਰ ਦੀ ਅਗਲੇ ਦੋ ਸਾਲਾਂ ਅੰਦਰ ਹਰ ਸਾਲ ਪੰਜ ਲੱਖ ਨਵੇਂ ਵਸਨੀਕਾਂ ਨੂੰ ਦੇਸ਼ ’ਚ ਇਜਾਜ਼ਤ ਦੇਣ ਦੀ ਯੋਜਨਾ ਲਈ ਆਲੋਚਨਾ ਕੀਤੀ ਗਈ ਸੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਕੋਵਿਡ ਕਾਲ ’ਚ ਵਿਗੜੇ ਅਬਾਦੀ ਸੰਤੁਲਨ ਨੂੰ ਠੀਕ ਕਰਨ ਲਈ ਇਸ ਸਾਲ ਸਿਰਫ਼ ਪੰਜ ਲੱਖ ਲੋਕਾਂ ਨੂੰ ਪੱਕਾ ਕੀਤਾ ਜਾਵੇਗਾ, ਜਦਕਿ 2025 ’ਚ ਇਹ ਗਿਣਤੀ 3 ਲੱਖ 95 ਹਜ਼ਾਰ ਹੋਵੇਗੀ। ਅਗਲੇ ਦੋ ਸਾਲਾਂ ’ਚ ਹਰ ਸਾਲ 15-15 ਹਜ਼ਾਰ ਹੋਰ ਕਟੌਤੀਆਂ ਹੋਣਗੀਆਂ ਤੇ 2027 ’ਚ ਗਿਣਤੀ ਘਟ ਕੇ 3 ਲੱਖ 65 ਹਜ਼ਾਰ ਰਹਿ ਜਾਵੇਗੀ। ਉਨ੍ਹਾਂ ਕਿਹਾ, ‘ਕੈਨੇਡਾ ਦੇ ਭਵਿੱਖ ਲਈ ਪਰਵਾਸ ਜ਼ਰੂਰੀ ਹੈ ਪਰ ਇਹ ਕੰਟਰੋਲ ਹੇਠ ਤੇ ਸਥਿਰ ਹੋਣਾ ਚਾਹੀਦਾ ਹੈ।’ ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਅਗਲੇ ਤਿੰਨ ਸਾਲ ਅੰਦਰ ਕੈਨੇਡਾ ਆਉਣ ਵਾਲੇ ਪਰਵਾਸੀਆਂ ਦੀ ਗਿਣਤੀ ਘਟਾਏਗੀ ਅਤੇ ਇਸ ਨਾਲ ਕੈਨੇਡਾ ’ਚ ਹੋ ਰਹੇ ਅਬਾਦੀ ਦੇ ਵਾਧੇ ਨੂੰ ਵੀ ਠੱਲ੍ਹ ਪਵੇਗੀ। ਉਨ੍ਹਾਂ ਕਿਹਾ ਕਿ ਕੈਨੇਡਾ ਨੂੰ ਅਬਾਦੀ ’ਚ ਵਾਧੇ ਨੂੰ ਸਥਿਰ ਕਰਨ ਦੀ ਲੋੜ ਹੈ ਤਾਂ ਜੋ ਸਰਕਾਰ ਦੇ ਹਰ ਪੱਧਰ ’ਤੇ ਸਿਹਤ ਸੰਭਾਲ, ਰਿਹਾਇਸ਼ ਤੇ ਸਮਾਜਿਕ ਸੇਵਾਵਾਂ ’ਚ ਲੋੜੀਂਦੀ ਤਬਦੀਲੀ ਕਰਨ ਦੀ ਇਜਾਜ਼ਤ ਮਿਲ ਸਕੇ। ਆਵਾਸ ਮੰਤਰੀ ਮਾਈਕ ਮਿੱਲਰ ਨੇ ਕਿਹਾ ਕਿ ਵਿਦੇਸ਼ਾਂ ’ਚੋਂ ਕਾਮੇ ਸੱਦਣ ਦੀ ਥਾਂ ਹੁਣ ਇੱਥੇ ਵਸਦੇ ਅਸਥਾਈ ਲੋਕਾਂ ਨੂੰ ਪੱਕੇ ਕਰਨ ਨੂੰ ਪਹਿਲ ਦਿੱਤੀ ਜਾਏਗੀ, ਜੋ ਘਰਾਂ ਦੀ ਘਾਟ ਪੂਰੀ ਕਰਨ ਅਤੇ ਸਭ ਲਈ ਰੁਜ਼ਗਾਰ ਦੇ ਮੌਕੇ ਬਣਾਉਣ ਲਈ ਜ਼ਰੂਰੀ ਹੈ। ਉਨ੍ਹਾਂ ਦੱਸਿਆ ਕਿ ਅਗਲੇ ਤਿੰਨ ਸਾਲਾਂ ਵਿੱਚ 6 ਲੱਖ 70 ਹਜ਼ਾਰ ਘਰ ਬਣਾਉਣੇ ਜ਼ਰੂਰੀ ਹਨ ਤਾਂ ਜੋ ਸਭ ਨੂੰ ਛੱਤ ਮੁਹੱਈਆ ਕਰਵਾਈ ਜਾ ਸਕੇ। ਉਨ੍ਹਾਂ ਕਿਹਾ ਕਿ ਪੱਕੇ ਕਰਨ ਦੀ ਗਿਣਤੀ ’ਚੋਂ ਹੁਣ 40 ਫ਼ੀਸਦੀ ਕੋਟਾ ਅਸਥਾਈ ਲੋਕਾਂ ਲਈ ਰਾਖਵਾਂ ਹੋਵੇਗਾ। ਉਨ੍ਹਾਂ ਕਿਹਾ ਕਿ ਕੈਨੇਡਾ ਇੱਕ ਖੁੱਲ੍ਹਾ ਦੇਸ਼ ਹੈ ਪਰ ਹਰ ਕੋਈ ਇਸ ਦੇਸ਼ ’ਚ ਨਹੀਂ ਆ ਸਕਦਾ। ਉਨ੍ਹਾਂ ਕਿਹਾ ਕਿ ਕੈਨੇਡਾ ਬਾਹਰੀ ਲੋਕਾਂ ਦਾ ਸਵਾਗਤ ਕਰਨਾ ਜਾਰੀ ਰੱਖੇਗਾ। ਦੂਜੇ ਪਾਸੇ ਵਿਰੋਧੀ ਧਿਰ ਕੰਜ਼ਰਵੇਟਿਵ ਪਾਰਟੀ ਦੇ ਆਗੂ ਪੀਅਰੇ ਪੋਇਲੀਵਰ ਨੇ ਟਰੂਡੋ ’ਤੇ ਪਰਵਾਸ ਬਾਰੇ ਕੌਮੀ ਸਹਿਮਤੀ ਖਤਮ ਕਰਨ ਦਾ ਦੋਸ਼ ਲਾਇਆ।

## ਟਰੂਡੋ ਨੇ ਵੋਟਾਂ ਖ਼ਾਤਰ ਭਾਰਤ ਤੇ ਕੈਨੇਡਾ ਵਿਚਾਲੇ ਰਿਸ਼ਤੇ ਵਿਗਾੜੇ: ਕੈਪਟਨ



ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਸੀਨੀਅਰ ਭਾਜਪਾ ਆਗੂ ਕੈਪਟਨ ਅਮਰਿੰਦਰ ਸਿੰਘ ਨੇ ਕੈਨੇਡਾ-ਭਾਰਤ ਵਿਚਾਲੇ ਰਿਸ਼ਤੇ ਵਿਗਾੜਨ ਲਈ ਕੈਨੇਡਿਆਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਆਲੋਚਨਾ ਕੀਤੀ ਅਤੇ ਕਿਹਾ ਕਿ ਉਨ੍ਹਾਂ ਦੀ ਦਿਲਚਸਪੀ ਸਿਰਫ਼ ਚੋਣਾਂ ਦੌਰਾਨ ਸਿੱਖਾਂ ਦੀਆਂ ਵੋਟਾਂ ਹਾਸਲ ਕਰਨ ਵਿੱਚ ਹੈ। ਸਿੱਖ ਆਗੂ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਮਗਰੋਂ ਦੋਵਾਂ ਮੁਲਕਾਂ ਵਿਚਾਲੇ ਬਣੇ ਤਣਾਅ ਦਰਮਿਆਨ ਕੈਪਟਨ ਨੇ ਇਹ ਟਿੱਪਣੀ ਕੀਤੀ ਹੈ। ਉਨ੍ਹਾਂ ਖੰਨਾ ’ਚ ਕਿਹਾ, ‘ਉਨ੍ਹਾਂ (ਟਰੂਡੋ) ਨੂੰ ਕੋਈ ਪ੍ਰਵਾਹ ਨਹੀਂ ਕਿ ਕੀ ਹੋ ਰਿਹਾ ਹੈ। ਉਹ ਖ਼ਾਲਿਸਤਾਨ ਨੂੰ ਉਤਸ਼ਾਹਿਤ ਕਰਦੇ ਹਨ। ਇਹ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।’

# ਟਰੂਡੋ ਨੂੰ ਲਾਂਭੇ ਕਰਨ ਲਈ ਪਾਰਟੀ ਅੰਦਰੋਂ ਦਬਾਅ ਵਧਣ ਲੱਗਾ

## ਸਾਂਸਦਾਂ ਨੇ ਬੰਦ ਕਮਰਾ ਮੀਟਿੰਗ ’ਚ ਟਰੂਡੋ ਨੂੰ ਅਹੁਦਾ ਛੱਡਣ ਲਈ ਕਿਹਾ

ਵੈਨਕੂਵਰ/ਵਿਨੀਪੈਗ/ਏ.ਟੀ.ਨਿਊਜ਼: ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਉੱਤੇ ਪਾਰਟੀ ਅੰਦਰੋਂ ਦਬਾਅ ਵਧਣ ਲੱਗਾ ਹੈ। ਓਟਾਵਾ ’ਚ ਪਿਛਲੇ ਦਿਨੀਂ ਪਾਰਟੀ ਦੇ ਸੰਸਦ ਮੈਂਬਰਾਂ ਦੀ ਹੋਈ ਬੰਦ ਕਮਰਾ ਮੀਟਿੰਗ ਦੌਰਾਨ ਟਰੂਡੋ ਨੂੰ ਸੋਚਣ ਲਈ ਕੁਝ ਦਿਨ ਦਾ ਸਮਾਂ ਦਿੱਤਾ ਗਿਆ ਹੈ ਕਿ ਉਹ ਅਹੁਦੇ ਤੋਂ ਲਾਂਭੇ ਨਾ ਹੋਣ ਦੀ ਆਪਣੀ ਜ਼ਿੱਦ ’ਤੇ ਕਾਇਮ ਰਹਿਣਾ ਚਾਹੁੰਦੇ ਹਨ ਜਾਂ ਪਾਰਟੀ ਦੇ ਭਵਿੱਖ ਖਾਤਰ ਅਹੁਦਾ ਛੱਡਣਗੇ। ਮੀਟਿੰਗ ’ਚ ਸ਼ਾਮਲ ਸੂਤਰਾਂ ਅਨੁਸਾਰ ਸੱਤਾਧਾਰੀ ਪਾਰਟੀ ਦੇ 152 ਸੰਸਦ ਮੈਂਬਰਾਂ ’ਚੋਂ 24 ਨੇ ਲਿਖਤੀ ਪੱਤਰ ਪੇਸ਼ ਕੀਤਾ ਜਿਸ ਵਿੱਚ ਮੰਗ ਕੀਤੀ ਗਈ ਸੀ ਕਿ ਪਾਰਟੀ ਦੇ ਵਕਾਰ ਨੂੰ ਲੱਗੇ ਹੋਏ ਖੋਰੇ ਤੋਂ ਉਭਾਰਨ ਲਈ ਪਾਰਟੀ ਪ੍ਰਧਾਨ ਜਸਟਿਨ ਟਰੂਡੋ ਨੂੰ ਅਸਤੀਫਾ ਦੇ ਕੇ ਕਿਸੇ ਹੋਰ ਆਗੂ ਨੂੰ ਮੌਕਾ ਦੇਣਾ ਚਾਹੀਦਾ ਹੈ। ਨਿਰਾਸ਼ ਆਗੂ ਆਪਣੇ ਉਸ ਦਾਅਵੇ ’ਤੇ ਖਰੇ ਨਾ ਉਤਰ ਸਕੇ ਜਿਸ ਵਿੱਚ ਇੱਕ ਦਿਨ ਪਹਿਲਾਂ 40 ਮੈਂਬਰਾਂ ਦੇ ਦਸਤਖਤ ਹੋਣ ਦੀ ਗੱਲ ਕਹੀ ਗਈ ਸੀ। ਦਸਤਖਤ ਕਰਨ ਵਾਲਿਆਂ ਨੇ ਮੀਟਿੰਗ ਵਿੱਚ ਇਹ ਗੱਲ ਖੁੱਲ੍ਹ ਕੇ ਕਹੀ ਕਿ ਜਿਵੇਂ ਜਿਵੇਂ ਦੇਰ ਹੋ ਰਹੀ ਹੈ, ਪਾਰਟੀ ਆਗੂਆਂ ਦੇ ਮਨਾਂ ’ਚ ਨਿਰਾਸ਼ਾ ਵੱਧ ਰਹੀ ਹੈ। ਕਈ ਆਗੂਆਂ ਨੇ ਪ੍ਰਧਾਨ ਮੰਤਰੀ ਨੂੰ ਖਰੀਆਂ ਖਰੀਆਂ ਵੀ ਸੁਣਾਈਆਂ ਤੇ ਸਰਕਾਰ ਦੀਆਂ ਨਾਕਾਮੀਆਂ ਨੂੰ ਪਾਰਟੀ ਦਾ ਗਰਾਫ਼ ਡਿੱਗਣ ਦਾ ਕਾਰਨ ਦੱਸਿਆ। ਬੀ.ਸੀ. ਤੋਂ ਸੰਸਦ ਮੈਂਬਰ ਪੈਟ੍ਰਿਕ ਵੈਲਰ ਨੇ 24 ਮੈਂਬਰਾਂ ਦੇ ਦਸਤਖਤਾਂ ਵਾਲਾ ਪੱਤਰ ਪੜ੍ਹਿਆ, ਜਿਸ ਵਿੱਚ ਜਸਟਿਨ ਟਰੂਡੋ ਤੋਂ ਅਸਤੀਫੇ ਦੀ ਮੰਗ ਕੀਤੀ ਗਈ ਸੀ। ਮੀਟਿੰਗ ਦੇ ਅੰਤ ਵਿੱਚ ਪ੍ਰਧਾਨ ਮੰਤਰੀ ਨੇ ਅਸਤੀਫੇ ਬਾਰੇ ਕੋਈ ਵੀ ਸੰਕੇਤ ਨਾ ਦਿੰਦਿਆਂ ਕੁਝ ਦਿਨਾਂ ਤੱਕ ਵਿਚਾਰ ਕਰਨ ਦੀ ਗੱਲ ਕਹੀ। ਮੀਟਿੰਗ ਮਗਰੋਂ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਵਿੱਚ ਟਰੂਡੋ ਨੇ ਬੱਸ ਇੰਨਾ ਕਿਹਾ ਕਿ ਲਿਬਰਲ ਪਾਰਟੀ ਮਜ਼ਬੂਤ ਅਤੇ ਇਕਜੁੱਟ ਹੈ। ਇਮੀਗ੍ਰੇਸ਼ਨ ਮੰਤਰੀ ਮਾਰਕ ਮਿੱਲਰ ਨੇ ਕਿਹਾ ਕਿ ਉਨ੍ਹਾਂ ਨੂੰ ਨਹੀਂ ਲੱਗਦਾ ਕਿ ਟਰੂਡੋ ਕੁਝ ਵਿਰੋਧ ਦਾ ਸਾਹਮਣਾ ਕਰਨ ਦੇ ਬਾਵਜੂਦ ਆਪਣਾ ਅਹੁਦਾ ਛੱਡ ਦੇਣਗੇ। ਉਨ੍ਹਾਂ ਕਿਹਾ ਕਿ ਮੀਟਿੰਗ ਵਿੱਚ ਕੁਝ ਕੁ ਤਣਾਅ ਰਿਹਾ ਸੀ ਤੇ ਉਹ ਆਪਣੇ ਸਾਥੀਆਂ ਦਾ ਸਤਿਕਾਰ ਕਰਦੇ ਹਨ ਜਿਨ੍ਹਾਂ ਟਰੂਡੋ ਦੇ ਮੂੰਹ ’ਤੇ ਗੱਲ ਕਹਿਣ ਦੀ ਹਿੰਮਤ ਦਿਖਾਈ।

# ਕੈਨੇਡਾ ’ਚ ਪੜ੍ਹਾਈ ਕਰਨ ਦੇ ਚਾਹਵਾਨ ਸੋਚ-ਸਮਝ ਕੇ ਫ਼ੈਸਲਾ ਕਰਨ : ਡਿਪਲੋਮੈਟ ਸੰਜੇ ਵਰਮਾ



ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤ ਦੇ ਇੱਕ ਚੋਟੀ ਦੇ ਡਿਪਲੋਮੈਟ ਨੇ ਕਿਹਾ ਹੈ ਕਿ ਕੈਨੇਡਾ ਵਿੱਚ ਪੜ੍ਹਾਈ ਕਰਨ ਦੇ ਚਾਹਵਾਨ ਭਾਰਤੀਆਂ ਨੂੰ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ ਕਿਉਂਕਿ ਲੱਖਾਂ ਰੁਪਏ ਖਰਚ ਕਰਨ ਦੇ ਬਾਵਜੂਦ ਬਹੁਤ ਸਾਰੇ ਵਿਦਿਆਰਥੀ ਘਟੀਆ ਪੱਧਰ ਦੇ ਕਾਲਜਾਂ ਵਿੱਚ ਦਾਖਲ ਹੋ ਜਾਂਦੇ ਹਨ ਅਤੇ ਉਨ੍ਹਾਂ ਨੂੰ ਨੌਕਰੀਆਂ ਦਾ ਕੋਈ ਮੌਕਾ ਨਹੀਂ ਮਿਲਦਾ, ਜਿਸ ਦੇ ਨਤੀਜੇ ਵਜੋਂ ਉਹ ਨਿਰਾਸ਼ਾ ’ਚ ਚਲੇ ਜਾਂਦੇ ਹਨ ਅਤੇ ਖੁਦਕੁਸ਼ੀ ਵਰਗੇ ਕਦਮ ਚੁਕਣ ਲਈ ਮਜਬੂਰ ਹੋ ਜਾਂਦੇ ਹੈ।

ਭਾਰਤ ਵਲੋਂ ਕੈਨੇਡਾ ਤੋਂ ਵਾਪਸ ਬੁਲਾਏ ਗਏ ਡਿਪਲੋਮੈਟ ਸੰਜੇ ਵਰਮਾ ਨੇ ਇੱਕ ਇੰਟਰਵਿਊ ’ਚ ਕਿਹਾ, “ਮੇਰੇ ਕਾਰਜਕਾਲ ਦੌਰਾਨ ਇੱਕ ਸਮਾਂ ਸੀ ਜਦੋਂ ਹਰ ਹਫ਼ਤੇ ਘੱਟੋ-ਘੱਟ ਦੋ ਵਿਦਿਆਰਥੀਆਂ ਦੀਆਂ ਲਾਸ਼ਾਂ ਨੂੰ ਬਾਡੀ ਬੈਗਾਂ ’ਚ ਭਾਰਤ ਭੇਜਿਆ ਜਾਂਦਾ ਸੀ।” ਉਨ੍ਹਾਂ ਕਿਹਾ, “ਅਸਫਲ ਹੋਣ ਤੋਂ ਬਾਅਦ ਅਪਣੇ ਮਾਪਿਆਂ ਦਾ ਸਾਹਮਣਾ ਕਰਨ ਦੀ ਬਜਾਏ, ਉਹ ਖੁਦਕੁਸ਼ੀ ਕਰ ਲੈਂਦੇ।”

ਖ਼ਾਲਿਸਤਾਨੀ ਮੁੱਦੇ ’ਤੇ ਕੈਨੇਡਾ ਨਾਲ ਵਧਦੇ ਕੂਟਨੀਤਕ ਵਿਵਾਦ ਦੇ ਵਿਚਕਾਰ ਵਰਮਾ ਇਸ ਮਹੀਨੇ ਦੀ ਸ਼ੁਰੂਆਤ ’ਚ ਭਾਰਤ ਪਰਤ ਆਏ ਸਨ। ਜੂਨ 2023 ਵਿੱਚ ਇੱਕ ਕੈਨੇਡੀਅਨ ਨਾਗਰਿਕ ਦੇ ਕਤਲ ਦੇ ਸਬੰਧ ਵਿੱਚ ਕੈਨੇਡਾ ਨੇ ਹਾਲ ਹੀ ਵਿੱਚ ਕਿਹਾ ਸੀ ਕਿ ਵਰਮਾ ਨੂੰ ਜਾਂਚ ਅਧੀਨ ਨਿਗਰਾਨੀ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ।

ਵਰਮਾ ਨੇ ਕਿਹਾ ਕਿ ਕੈਨੇਡਾ ’ਚ ਪੜ੍ਹਾਈ ਬਾਰੇ ਫੈਸਲਾ ਲੈਣ ਤੋਂ ਪਹਿਲਾਂ ਮਾਪਿਆਂ ਨੂੰ ਕਾਲਜਾਂ ਬਾਰੇ ਚੰਗੀ ਤਰ੍ਹਾਂ ਜਾਣ ਲੈਣਾ ਚਾਹੀਦਾ ਹੈ। ਬੇਈਮਾਨ ਏਜੰਟ ਉਨ੍ਹਾਂ ਵਿਦਿਆਰਥੀਆਂ ਦੀ ਬੁਰੀ ਹਾਲਤ ਲਈ ਵੀ ਜ਼ਿੰਮੇਵਾਰ ਹਨ ਜੋ ਘੱਟ ਜਾਣੇ-ਪਛਾਣੇ ਕਾਲਜਾਂ ’ਚ ਦਾਖਲਾ ਲੈਂਦੇ ਹਨ ਜੋ ਸ਼ਾਇਦ ਹਫ਼ਤੇ ’ਚ ਇਕੋ ਕਲਾਸ ਲਗਾਉਂਦੇ ਹਨ।

ਉਨ੍ਹਾਂ ਕਿਹਾ ਕਿ ਇਹ ਬਹੁਤ ਦੁਖਦਾਈ ਹੈ ਕਿਉਂਕਿ ਇਹ ਬੱਚੇ ਚੰਗੇ ਪਰਵਾਰਾਂ ਤੋਂ ਹੁੰਦੇ ਹਨ ਅਤੇ ਉਨ੍ਹਾਂ ਦੇ ਮਾਪਿਆਂ ਅਤੇ ਪਰਵਾਰਿਕ ਮੈਂਬਰਾਂ ਨੇ ਉਨ੍ਹਾਂ ਦੀ ਸਿੱਖਿਆ ’ਤੇ ਬਹੁਤ ਸਾਰਾ ਪੈਸਾ ਖਰਚ ਕੀਤਾ ਹੈ। ਉਨ੍ਹਾਂ ਕਿਹਾ, “ਕਿਉਂਕਿ ਹਫ਼ਤੇ ’ਚ ਇੱਕ ਵਾਰ ਕਲਾਸ ਹੁੰਦੀ ਹੈ, ਉਹ ਓਨੀ ਹੀ ਰਕਮ ਦੀ ਪੜ੍ਹਾਈ ਕਰਨਗੇ ਅਤੇ ਉਨ੍ਹਾਂ ਦਾ ਹੁਨਰ ਵਿਕਾਸ ਵੀ ਉਸੇ ਅਨੁਸਾਰ ਹੋਵੇਗਾ। ਜਿਵੇਂ, ਜੇਕਰ ਕੋਈ ਵਿਦਿਆਰਥੀ ਇੰਜੀਨੀਅਰਿੰਗ ’ਚ ਉੱਚ ਸਿੱਖਿਆ ਪੂਰੀ ਕਰਦਾ ਹੈ, ਤਾਂ ਮੈਂ ਮੰਨ ਲਵਾਂਗਾ ਕਿ ਉਹ ਇੰਜੀਨੀਅਰਿੰਗ ਦੇ ਖੇਤਰ ’ਚ ਕੰਮ ਕਰੇਗਾ। ਪਰ ਤੁਸੀਂ ਦੇਖੋਗੇ ਕਿ ਉਹ ਟੈਕਸੀ ਚਲਾ ਰਿਹਾ ਹੈ ਜਾਂ ਕਿਸੇ ਦੁਕਾਨ ’ਤੇ ਚਾਹ-ਸਮੋਸਾ ਵੇਚ ਰਿਹਾ ਹੈ। ਇਸ ਲਈ ਉੱਥੋਂ ਦੀ ਜ਼ਮੀਨੀ ਹਕੀਕਤ ਬਹੁਤ ਉਤਸ਼ਾਹਜਨਕ ਨਹੀਂ ਹੈ।”

ਇਹ ਪੁੱਛੇ ਜਾਣ ’ਤੇ ਕਿ ਕੀ ਮਾਪਿਆਂ ਨੂੰ ਅਪਣੇ ਬੱਚਿਆਂ ਨੂੰ ਕੈਨੇਡਾ ਭੇਜਣ ਤੋਂ ਪਹਿਲਾਂ ਦੋ ਵਾਰ ਸੋਚਣਾ ਚਾਹੀਦਾ ਹੈ, ਉਨ੍ਹਾਂ ਕਿਹਾ, “ਬਿਲਕੁਲ।”

ਕੈਨੇਡਾ ਅਤੇ ਅਮਰੀਕਾ ਭਾਰਤੀਆਂ ਲਈ ਉੱਚ ਸਿੱਖਿਆ ਪ੍ਰਾਪਤ ਕਰਨ ਲਈ ਦੋ ਚੋਟੀ ਦੇ ਸਥਾਨ ਹਨ। ਉਨ੍ਹਾਂ ’ਚੋਂ ਬਹੁਤ ਸਾਰੇ ਟੋਰਾਂਟੋ ਯੂਨੀਵਰਸਿਟੀ, ਮੈਕਗਿਲ ਯੂਨੀਵਰਸਿਟੀ, ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਜਾਂ ਅਲਬਰਟਾ ਯੂਨੀਵਰਸਿਟੀ ਆਦਿ ਦੀ ਚੋਣ ਕਰਦੇ ਹਨ। ਪਰ ਹਰ ਸਾਲ ਉੱਥੇ ਭਾਰਤੀ ਵਿਦਿਆਰਥੀਆਂ ਦੇ ਪਹੁੰਚਣ ਦੀ ਗਿਣਤੀ ਸੈਂਕੜਿਆਂ ’ਚ ਹੈ।

ਅਗਸਤ ਦੇ ਸ਼ੁਰੂ ’ਚ ਸੰਸਦ ’ਚ ਭਾਰਤ ਸਰਕਾਰ ਵੱਲੋਂ ਸਾਂਝੇ ਕੀਤੇ ਗਏ ਅੰਕੜਿਆਂ ਅਨੁਸਾਰ, ਅਗਸਤ ਦੀ ਸ਼ੁਰੂਆਤ ਤਕ, 13,35,878 ਭਾਰਤੀ ਵਿਦਿਆਰਥੀ 2024 ’ਚ ਵਿਦੇਸ਼ਾਂ ’ਚ ਉੱਚ ਸਿੱਖਿਆ ਪ੍ਰਾਪਤ ਕਰ ਰਹੇ ਹਨ। ਅੰਕੜਿਆਂ ਮੁਤਾਬਕ ਮੌਜੂਦਾ ਸਾਲ ’ਚ ਇਨ੍ਹਾਂ ’ਚੋਂ 4,27,000 ਕੈਨੇਡਾ ’ਚ ਅਤੇ 3,37,630 ਅਮਰੀਕਾ ’ਚ, 8,580, ਚੀਨ ’ਚ, 8 ਗ੍ਰੀਸ ’ਚ, 900 ਇਜ਼ਰਾਈਲ ’ਚ, 14 ਪਾਕਿਸਤਾਨ ’ਚ ਅਤੇ ਯੂਕਰੇਨ ’ਚ 2,510 ਵਿਦਿਆਰਥੀ ਪੜ੍ਹ ਰਹੇ ਹਨ।

ਡਿਪਲੋਮੈਟ ਨੇ ਕਿਹਾ ਕਿ ਇੱਕ ਭਾਰਤੀ ਕੌਮਾਂਤਰੀ ਵਿਦਿਆਰਥੀ ਕੈਨੇਡੀਅਨ ਵਿਦਿਆਰਥੀ ਵਲੋਂ ਅਦਾ ਕੀਤੀ ਗਈ ਫੀਸ ਦਾ ਚਾਰ ਗੁਣਾ ਭੁਗਤਾਨ ਕਰਦਾ ਹੈ। ਵਰਮਾ ਨੇ ਕਿਹਾ ਕਿ ਪਿਛਲੇ 18 ਮਹੀਨਿਆਂ ’ਚ ਉਨ੍ਹਾਂ ਨੇ ਕਈ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਸਮੱਸਿਆਵਾਂ ਬਾਰੇ ਵੀਡੀਉ ਰੀਕਾਰਡ ਕਰਵਾ ਕੇ ਯੂ-ਟਿਊਬ ’ਤੇ ਪੋਸਟ ਕੀਤਾ ਹੈ।



# ਵੱਡਾ ਦੁਖਾਂਤ ਬਣਿਆ ਗ਼ੈਰ-ਕਾਨੂੰਨੀ ਪਰਵਾਸ

## ਅਮਰੀਕਾ ਹੋਇਆ ਸਖ਼ਤ ਪਰ ਭਾਰਤੀਆਂ ਨੇ ਨਹੀਂ ਸਿੱਖਿਆ ਕੋਈ ਸਬਕ

### ਵਿਦੇਸ਼ਾਂ ਦੇ ਸਖ਼ਤ ਕਾਨੂੰਨ ਵੀ ਭਾਰਤੀਆਂ ਦੇ ਪਰਵਾਸ ਨੂੰ ਨਹੀਂ ਪਾ ਸਕੇ ਠੱਲ੍ਹ

### ਗ਼ੈਰ-ਕਾਨੂੰਨੀ ਢੰਗ ਨਾਲ ਰਹਿ ਰਹੇ ਭਾਰਤੀਆਂ ਨੂੰ ਅਮਰੀਕਾ ਨੇ ਭੇਜਿਆ ਵਾਪਸ

ਕੈਨੇਡਾ, ਅਮਰੀਕਾ, ਨਿਊਜ਼ੀਲੈਂਡ, ਆਸਟ੍ਰੇਲੀਆ ਅਤੇ ਬਰਤਾਨੀਆ ਵੱਲੋਂ ਪਰਵਾਸੀ ਲੋਕਾਂ ਦੀ ਆਮਦ ਘਟਾਉਣ ਲਈ ਜਿਥੇ ਆਪਣੇ ਵੀਜ਼ਾ ਨਿਯਮਾਂ ਨੂੰ ਸਖ਼ਤ ਕਰ ਦਿੱਤਾ ਗਿਆ ਹੈ ਅਤੇ ਇਹਨਾਂ ਦੇਸ਼ਾਂ ਦੀ ਪੀ.ਆਰ.ਲੈਣ ਲਈ ਸਖ਼ਤ ਕਾਨੂੰਨ ਲਾਗੂ ਕਰ ਦਿੱਤੇ ਗਏ ਹਨ, ਉਥੇ ਇਸ ਸਮੇਂ ਅਮਰੀਕਾ ਵੱਲੋਂ ਉਥੇ ਗੈਰ-ਕਾਨੂੰਨੀ ਢੰਗ ਨਾਲ ਰਹਿ ਰਹੇ ਭਾਰਤੀ ਨਾਗਰਿਕਾਂ ਨੂੰ ਵਿਸ਼ੇਸ਼ ਜਹਾਜ਼ ਰਾਹੀਂ ਭਾਰਤ ਭੇਜੇ ਜਾਣ ਦਾ ਮਾਮਲਾ ਵੀ ਸੁਰਖ਼ੀਆਂ ਵਿੱਚ ਛਾਇਆ ਹੋਇਆ ਹੈ। ਇਸ ਘਟਨਾ ਤੋਂ ਬਾਅਦ ਭਾਰਤ ਤੋਂ ਅਮਰੀਕਾ, ਕੈਨੇਡਾ ਤੇ ਹੋਰ ਦੇਸ਼ਾਂ ਨੂੰ ਹੋ ਰਹੇ ਗ਼ੈਰ ਕਾਨੂੰਨੀ ਪਰਵਾਸ ਦਾ ਮਾਮਲਾ ਵੀ ਇੱਕ ਵਾਰ ਫਿਰ ਵੱਡੇ ਪੱਧਰ ’ਤੇ ਉਭਰ ਕੇ ਸਾਹਮਣੇ ਆ ਗਿਆ ਹੈ।

ਵਿਸ਼ਵ ਵਿੱਚ ਨਸ਼ੀਲੀਆਂ ਦਵਾਈਆਂ ਦੀ ਤਸਕਰੀ ਤੋਂ ਬਾਅਦ ਗ਼ੈਰ- ਕਾਨੂੰਨੀ ਪਰਵਾਸ ਵੱਡਾ ਮਸਲਾ ਬਣਿਆ ਹੋਇਆ ਹੈ। ਅਵਿਕਸਿਤ ਅਤੇ ਵਿਕਾਸਸ਼ੀਲ ਦੇਸ਼ਾਂ ਤੋਂ ਵਿਕਸਤ ਦੇਸ਼ਾਂ ਵੱਲ ਵੱਡੀ ਗਿਣਤੀ ਵਿੱਚ ਪਰਵਾਸ ਹੋ ਰਿਹਾ ਹੈ। ਸ਼ੁਰੂ ਸ਼ੁਰੂ ਵਿੱਚ ਅਮਰੀਕਾ ਅਤੇ ਕੈਨੇਡਾ ਵਰਗੇ ਦੇਸ਼ਾਂ ਨੇ ਹੋਰਨਾਂ ਦੇਸ਼ਾਂ ਤੋਂ ਆਉਣ ਵਾਲੇ ਪਰਵਾਸੀਆਂ ਨੂੰ ਜੀ ਆਇਆਂ ਕਿਹਾ ਕਿਉਂਕਿ ਇਹ ਪਰਵਾਸੀ ਲੋਕ ਇਹਨਾਂ ਦੇਸ਼ਾਂ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਵਿੱਚ ਵੱਡਾ ਯੋਗਦਾਨ ਪਾਉਂਦੇ ਸਨ ਅਤੇ ਇਹਨਾਂ ਦੇਸ਼ਾਂ ਵਿੱਚ ਮਜ਼ਦੂਰਾਂ ਦੀ ਵੀ ਘਾਟ ਸੀ ਪਰ ਹੁਣ ਜਦੋਂ ਇਹਨਾਂ ਦੇਸ਼ਾਂ ਵਿੱਚ ਪਰਵਾਸੀ ਲੋਕਾਂ ਦੀ ਗਿਣਤੀ ਬਹੁਤ ਜ਼ਿਆਦਾ ਵੱਧ ਗਈ ਹੈ ਤਾਂ ਇਹਨਾਂ ਦੇਸ਼ਾਂ ਵਿੱਚ ਮਹਿੰਗਾਈ, ਘੱਟ ਆਮਦਨੀ, ਬੇਰੁਜ਼ਗਾਰੀ ਅਤੇ ਰਿਹਾਇਸ਼ ਦੀ ਸਮੱਸਿਆ ਵੱਡੇ ਮਸਲੇ ਬਣ ਗਏ ਹਨ। ਵੱਡੀ ਗਿਣਤੀ ਲੋਕਾਂ ਨੂੰ ਕੋਈ ਕੰਮ ਨਾ ਮਿਲਣ ਕਾਰਨ ਵਿਹਲੇ ਲੋਕ ਵੀ ਸਮਾਜ ਲਈ ਸਿਰਦਰਦੀ ਬਣ ਰਹੇ ਹਨ। ਅਮਰੀਕਾ ਤੇ ਕੈਨੇਡਾ ਦੇ ਮੂਲ ਨਿਵਾਸੀ ਹੁਣ ਇਹਨਾਂ ਸਮੱਸਿਆਵਾਂ ਲਈ ਪਰਵਾਸੀਆਂ ਦੀ ਵੱਧ ਰਹੀ ਗਿਣਤੀ ਨੂੰ ਜ਼ਿੰਮੇਵਾਰ ਸਮਝ ਰਹੇ ਹਨ। ਇਸ ਕਾਰਨ ਇਹਨਾਂ ਦੇਸ਼ਾਂ ਦੇ ਵੱਡੀ ਗਿਣਤੀ ਮੂਲ ਵਸਨੀਕ ਪਰਵਾਸੀਆਂ ਨੂੰ ਨਫ਼ਰਤ ਕਰਨ ਲੱਗ ਪਏ ਹਨ। ਇਸੇ ਕਾਰਨ ਹੁਣ ਅਮਰੀਕਾ, ਕੈਨੇਡਾ ਤੇ ਹੋਰ ਦੇਸ਼ਾਂ ਦੀਆਂ ਸਰਕਾਰਾਂ ਵੱਲੋਂ ਪਰਵਾਸੀਆਂ ਦੀ ਗਿਣਤੀ ਨਿਸ਼ਚਿਤ ਕਰਨ ਲਈ ਕਾਨੂੰਨ ਬਣਾਏ ਜਾ ਰਹੇ ਹਨ।

ਹੁਣ ਅਮਰੀਕਾ ਵੱਲੋਂ ਉੱਥੇ ਗ਼ੈਰ-ਕਾਨੂੰਨੀ ਢੰਗ ਨਾਲ ਰਹਿ ਰਹੇ ਭਾਰਤੀ ਨਾਗਰਿਕਾਂ ਨੂੰ ਕਿਰਾਏ ਦੇ ਵਿਸ਼ੇਸ਼ ਜਹਾਜ਼ ਰਾਹੀਂ ਭਾਰਤ ਸਰਕਾਰ ਦੀ ਮਦਦ ਨਾਲ ਭਾਰਤ ਵਾਪਸ ਭੇਜਣ ਦੀ ਘਟਨਾ ਨੇ ਵੱਡੇ ਸਵਾਲ ਖੜੇ ਕਰ ਦਿੱਤੇ ਹਨ। ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ ਨੇ ਬੀਤੇ ਦਿਨੀਂ ਦੱਸਿਆ ਕਿ ਇਸ ਜਹਾਜ਼ ਨੂੰ 22 ਅਕਤੂਬਰ ਨੂੰ ਭਾਰਤ ਭੇਜਿਆ ਗਿਆ ਸੀ। ਹੋਮਲੈਂਡ ਸਕਿਓਰਿਟੀ ਦੇ ਕਾਰਜਕਾਰੀ ਡਿਪਟੀ ਸਕੱਤਰ ਕ੍ਰਿਸਟੀ ਏ. ਕੈਨੇਗਲੋ ਨੇ ਕਿਹਾ ਸੀ ਕਿ ਜਿਹੜੇ ਭਾਰਤੀ ਨਾਗਰਿਕ ਕੋਲ ਸੰਯੁਕਤ ਰਾਜ ਵਿੱਚ ਰਹਿਣ ਦਾ ਕੋਈ ਕਾਨੂੰਨੀ ਆਧਾਰ ਨਹੀਂ ਹੈ, ਨੂੰ ਤੁਰੰਤ ਦੇਸ਼ ਨਿਕਾਲਾ ਦਿੱਤਾ ਜਾ ਸਕਦਾ ਹੈ...।

ਉਨ੍ਹਾਂ ਕਿਹਾ ਸੀ ਕਿ ਗ੍ਰਹਿ ਸੁਰੱਖਿਆ ਵਿਭਾਗ ਅਮਰੀਕੀ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਲਾਗੂ ਕਰਨਾ ਅਤੇ ਗੈਰ-ਕਾਨੂੰਨੀ ਤਰੀਕੇ ਨਾਲ ਦਾਖਲ ਹੋਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕਰਨਾ ਜਾਰੀ ਰੱਖੇਗਾ ਅਤੇ ਕਾਨੂੰਨੀ ਰੂਟਾਂ ਦੀ ਵਰਤੋਂ ਨੂੰ ਉਤਸ਼ਾਹਿਤ ਕਰੇਗਾ। ਗ੍ਰਹਿ ਸੁਰੱਖਿਆ ਵਿਭਾਗ ਅਨੁਸਾਰ ਡੀ.ਐਚ.ਐਸ ਨੇ ਵਿੱਤੀ ਸਾਲ 2024 ਵਿੱਚ 1,60,000 ਤੋਂ ਵੱਧ ਵਿਅਕਤੀਆਂ ਨੂੰ ਵਾਪਸ ਭੇਜਿਆ ਸੀ ਅਤੇ ਭਾਰਤ ਸਮੇਤ 145 ਤੋਂ ਵੱਧ ਦੇਸ਼ਾਂ ਵਿੱਚ 495 ਤੋਂ ਵੱਧ ਅੰਤਰਰਾਸ਼ਟਰੀ ਹਵਾਲਗੀ ਉਡਾਣਾਂ ਦਾ ਸੰਚਾਲਨ ਕੀਤਾ ਸੀ।

ਪਰਵਾਸ ਮੁੱਢ ਕਦੀਮ ਤੋਂ ਜਾਰੀ ਹੈ ਅਤੇ ਵੱਡੀ ਗਿਣਤੀ ਪੰਜਾਬੀਆਂ ਸਮੇਤ ਭਾਰਤੀ ਦੁਨੀਆਂ ਦੇ ਵੱਖ- ਵੱਖ ਮੁਲਕਾਂ ਵਿੱਚ ਜਾ ਰਹੇ ਹਨ, ਜਿਥੇ ਉਹ ਆਪਣੀ ਸਖ਼ਤ ਮਿਹਨਤ ਨਾਲ ਉਥੋਂ ਦੇ ਵਿਕਾਸ ਵਿੱਚ ਵੱਡਾ ਯੋਗਦਾਨ ਪਾਉਂਦੇ ਹਨ ਅਤੇ ਉਹਨਾਂ ਮੁਲਕਾਂ ਦੀ ਆਰਥਿਕਤਾ ਨੂੰ ਮਜ਼ਬੂਤ ਕਰਦੇ ਹਨ। ਪਰਵਾਸ ਜੇ ਕਾਨੂੰਨੀ ਤਰੀਕਿਆਂ ਨਾਲ ਹੀ ਕੀਤਾ ਜਾਵੇ ਤਾਂ ਹੀ ਠੀਕ ਹੈ। ਚਾਹੀਦਾ ਤਾਂ ਇਹ ਹੈ ਕਿ ਜਿਹੜੇ ਦੇਸ਼ਾਂ ਵਿੱਚ ਪਰਵਾਸੀ ਜਾਂਦੇ ਹਨ, ਉਹਨਾਂ ਦੇਸ਼ਾਂ ਦੇ ਨਿਯਮਾਂ ਕਾਨੂੰਨਾਂ ਨੂੰ ਉਹ ਪੂਰੀ ਤਰ੍ਹਾਂ ਅਪਨਾਉਣ ਅਤੇ ਇਹਨਾਂ ਨਿਯਮਾਂ ਕਾਨੂੰਨਾਂ ਦੀ ਸਹੀ ਤਰੀਕੇ ਨਾਲ ਪਾਲਣਾ ਕਰਨ। ਉਥੋਂ ਦੇ ਮੂਲ ਵਸਨੀਕਾਂ ਨੂੰ ਪਰਵਾਸੀ ਤੰਗ ਨਾ ਕਰਨ ਤੇ ਉਹਨਾਂ ਲਈ ਕੋਈ ਸਮੱਸਿਆ ਨਾ ਬਣਨ। ਜਿਹੜੇ ਦੇਸ਼ ਵਿੱਚ ਜਾ ਕੇ ਪਰਵਾਸੀ ਰਹਿੰਦੇ ਹਨ, ਰੋਜ਼ੀ ਰੋਟੀ ਕਮਾਉਂਦੇ ਹਨ, ਉਹਨਾਂ ਦੇਸ਼ਾਂ ਪ੍ਰਤੀ ਇਮਾਨਦਾਰੀ ਵੀ ਪਰਵਾਸੀਆਂ ਨੂੰ ਦਿਖਾਉਣੀ ਚਾਹੀਦੀ ਹੈ।






## ਪੰਜ ਸਾਲਾਂ ’ਚ 8 ਲੱਖ 34,000 ਭਾਰਤੀ ਮਾਰ ਗਏ ਵਿਦੇਸ਼ ਉਡਾਰੀ

ਦੂਜੇ ਪਾਸੇ ਭਾਰਤੀਆਂ ਦਾ ਵਿਦੇਸ਼ਾਂ ਵਿੱਚ ਵਸਣ ਦਾ ਰੁਝਾਨ ਤੇਜ਼ੀ ਨਾਲ ਵੱਧ ਰਿਹਾ ਹੈ। ਪਿਛਲੇ ਪੰਜ ਸਾਲਾਂ ਵਿੱਚ 8 ਲੱਖ, 34,000 ਭਾਰਤੀਆਂ ਨੇ ਆਪਣੀ ਨਾਗਰਿਕਤਾ ਛੱਡ ਦਿੱਤੀ ਹੈ। ਇਹ ਬਹੁਤ ਵੱਡੀ ਗਿਣਤੀ ਹੈ ਅਤੇ ਇਹ ਸਵਾਲ ਉੱਠਦਾ ਹੈ ਕਿ ਇੰਨੇ ਸਾਰੇ ਲੋਕ ਭਾਰਤ ਛੱਡ ਕੇ ਵਿਦੇਸ਼ਾਂ ਵਿੱਚ ਕਿਉਂ ਜਾ ਰਹੇ ਹਨ ? ਕੋਵਿਡ -19 ਮਹਾਂਮਾਰੀ ਤੋਂ ਪਹਿਲਾਂ ਹੀ, ਹਰ ਸਾਲ ਵੱਡੀ ਗਿਣਤੀ ਵਿੱਚ ਭਾਰਤੀ ਆਪਣੀ ਨਾਗਰਿਕਤਾ ਤਿਆਗ ਰਹੇ ਸਨ। ਫਿਰ ਵੀ ਇਹ ਅੰਕੜਾ ਮੌਜੂਦਾ ਗਿਣਤੀ ਨਾਲੋਂ ਬਹੁਤ ਘੱਟ ਸੀ। ਕੋਵਿਡ-19 ਮਹਾਂਮਾਰੀ ਤੋਂ ਪਹਿਲਾਂ, 2011 ਤੋਂ 2019 ਤੱਕ, ਹਰ ਸਾਲ ਔਸਤਨ 132,000 ਭਾਰਤੀ ਆਪਣੀ ਨਾਗਰਿਕਤਾ ਤਿਆਗ ਰਹੇ ਸਨ। ਸਾਲ 2020 ਅਤੇ 2023 ਦੌਰਾਨ ਇਹ ਗਿਣਤੀ ਹਰ ਸਾਲ 20 ਫੀਸਦੀ ਵਧ ਕੇ ਦੋ ਲੱਖ ਤੋਂ ਵੱਧ ਹੋ ਗਈ। ਕੇਂਦਰ ਸਰਕਾਰ ਵੱਲੋਂ ਪਿਛਲੇ ਮਹੀਨੇ ਰਾਜ ਸਭਾ ਵਿੱਚ ਪੇਸ਼ ਕੀਤੇ ਗਏ ਭਾਰਤੀਆਂ ਦੇ ਪਰਵਾਸ ਦੇ ਅੰਕੜੇ ਹੈਰਾਨ ਕਰਨ ਵਾਲੇ ਸਨ। ਵਿਦੇਸ਼ ਰਾਜ ਮੰਤਰੀ ਨੇ ਨਾਗਰਿਕਤਾ ਤਿਆਗਣ ਵਾਲੇ ਭਾਰਤੀਆਂ ਦੀ ਗਿਣਤੀ ਬਾਰੇ ਜਾਣਕਾਰੀ ਦਿੱਤੀ। ਰਾਜ ਸਭਾ ਵਿੱਚ ਉਨ੍ਹਾਂ ਵੱਲੋਂ ਪੇਸ਼ ਕੀਤੇ ਅੰਕੜਿਆਂ ਅਨੁਸਾਰ 2023 ਵਿੱਚ ਦੋ ਲੱਖ 16 ਹਜ਼ਾਰ ਤੋਂ ਵੱਧ ਭਾਰਤੀਆਂ ਨੇ ਆਪਣੀ ਨਾਗਰਿਕਤਾ ਛੱਡ ਦਿੱਤੀ ਸੀ।

ਵਿਦੇਸ਼ ਰਾਜ ਮੰਤਰੀ ਵੱਲੋਂ ਲਿਖਤੀ ਜਵਾਬ ਵਿੱਚ ਦਿੱਤੀ ਗਈ ਜਾਣਕਾਰੀ ਵਿੱਚ 2011 ਤੋਂ 2018 ਤੱਕ ਦਾ ਡਾਟਾ ਵੀ ਸ਼ਾਮਲ ਹੈ। 2023 ਵਿੱਚ ਨਾਗਰਿਕਤਾ ਛੱਡਣ ਵਾਲੇ ਭਾਰਤੀਆਂ ਦੀ ਕੁੱਲ ਗਿਣਤੀ 2,16,219 ਸੀ। ਇਸ ਦੀ ਤੁਲਨਾ ਵਿੱਚ, ਪਿਛਲੇ ਸਾਲਾਂ ਦੇ ਅੰਕੜੇ ਇਸ ਤਰ੍ਹਾਂ ਸਨ - 2022 ਵਿੱਚ 2,25,620, 2021 ਵਿੱਚ 1,63,370, 2020 ਵਿੱਚ 85,256 ਅਤੇ 2019 ਵਿੱਚ 1,44,017।

## ‘ਡੰਕੀ’ ਰੂਟ ਰਾਹੀਂ ਭਾਰਤੀ ਛੱਡ ਰਹੇ ਨੇ ਦੇਸ

ਇਹ ਕਾਨੂੰਨੀ ਸਾਧਨਾਂ ਰਾਹੀਂ ਭਾਰਤੀ ਨਾਗਰਿਕਤਾ ਤਿਆਗਣ ਦਾ ਮਾਮਲਾ ਹੈ। ਹੁਣ ਸਥਿਤੀ ਅਜਿਹੀ ਹੈ ਕਿ ਭਾਰਤੀ ਗ਼ੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿੱਚ ਦਾਖਲ ਹੋ ਰਹੇ ਹਨ। ਇਸ ਨੂੰ ਡੰਕੀ ਰੂਟ ਵੀ ਕਿਹਾ ਜਾਂਦਾ ਹੈ। ਡੰਕੀ ਨੂੰ ਖੇਤਰੀ ਭਾਸ਼ਾ ਵਿੱਚ ਡੌਂਕੀ ਕਿਹਾ ਜਾਂਦਾ ਹੈ, ਇਸ ਦਾ ਸ਼ਬਦ ਪੰਜਾਬੀ ਦੇ ਮੁਹਾਵਰੇ ‘ਇੱਕ ਤੋਂ ਦੂਜੀ ਥਾਂ ਨੂੰ ਟਪੂਸੀਆਂ ਮਾਰਨ’ ਦੇ ਮੁਹਾਵਰੇ ਤੋਂ ਬਣਿਆ ਹੈ। ਪੰਜਾਬ ਅਤੇ ਹਰਿਆਣਾ ਦੇ ਹਜ਼ਾਰਾਂ ਨੌਜਵਾਨ ਪੱਛਮੀ ਦੇਸ਼ਾਂ ਖਾਸ ਕਰਕੇ ਅਮਰੀਕਾ ਪਹੁੰਚਣ ਲਈ ‘ਡੌਂਕੀ’ ਦੇ ਰਸਤੇ ਨੂੰ ਤਰਜੀਹ ਦਿੰਦੇ ਹਨ। ਇਸ ਮਨੁੱਖੀ ਤਸਕਰੀ ਦਾ ਇੱਕ ਕੌਮਾਂਤਰੀ ਨੈੱਟਵਰਕ ਹੈ, ਜਿਸ ਨੂੰ ਖ਼ਤਮ ਕਰਨ ਲਈ ਕਈ ਸਰਕਾਰਾਂ ਦਾਅਵੇ ਕਰਦੀਆਂ ਰਹੀਆਂ ਹਨ, ਪਰ ਇਹ ਵਰਤਾਰਾ ਉਵੇਂ ਹੀ ਜਾਰੀ ਹੈ। ਪਿਛਲੇ ਸਮੇਂ ਵਿੱਚ ਕਈ ਘਟਨਾਵਾਂ ਸਾਹਮਣੇ ਆਈਆਂ ਹਨ, ਜਿੱਥੇ ਕਈ ਨੌਜਵਾਨਾਂ ਨੇ ਅਮਰੀਕਾ ਜਾਂਦੇ ਸਮੇਂ ਆਪਣੀ ਜਾਨ ਗਵਾਈ ਸੀ। ਪਰ ਇਨ੍ਹਾਂ ਖ਼ਤਰਿਆਂ ਦੇ ਬਾਵਜੂਦ ਨਾਜਾਇਜ਼ ਪ੍ਰਵਾਸ ਨਹੀਂ ਰੁਕ ਰਿਹਾ।



ਅਮਰੀਕੀ ਸਮਾਚਾਰ ਆਊਟਲੈੱਟ ਸੀ.ਐਨ.ਐਨ. ਨੇ ਇਸ ਰੂਟ ਦਾ ਖ਼ੁਲਾਸਾ ਕੀਤਾ ਹੈ, ਜੋ ਕਈ ਦੇਸ਼ਾਂ ਪਨਾਮਾ, ਕੋਸਟਾ ਰੀਕਾ, ਅਲ ਸਲਵਾਡੋਰ ਅਤੇ ਗੁਆਟਮਾਲਾ, ਮੈਕਸੀਕੋ ਅਤੇ ਅਮਰੀਕਾ ਦੇ ਵਿਚਕਾਰ ਸਥਿਤ ਦੇਸ਼ਾਂ ਵਿਚੋਂ ਗੁਜ਼ਰਦਾ ਹੈ। ਸੀ.ਐਨ.ਐਨ. ਨੇ ਕਈ ਪਰਿਵਾਰਾਂ ਨਾਲ ਗੱਲ ਕੀਤੀ ਜਿਨ੍ਹਾਂ ਦੇ ਮੈਂਬਰਾਂ ਨੇ ਅਮਰੀਕਾ ਜਾਣ ਦੀ ਕੋਸ਼ਿਸ਼ ਕੀਤੀ ਸੀ। ਡੌਂਕੀ ਰੂਟ ਜ਼ਰੀਏ ਅਮਰੀਕਾ ਜਾਣ ਵਾਲੇ ਸਭ ਤੋਂ ਪਹਿਲਾਂ ਲਾਤੀਨੀ ਅਮਰੀਕੀ ਦੇਸ਼ਾਂ ਵਿੱਚ ਪਹੁੰਚਦੇ ਹਨ ਜਿੱਥੇ ਵੀਜ਼ੇ ਆਸਾਨੀ ਨਾਲ ਮਿਲ ਜਾਂਦੇ ਹਨ। ਉੱਥੇ, ਉਹ ਪ੍ਰਵਾਸੀ ਤਸਕਰਾਂ ਨੂੰ ਮਿਲਦੇ ਹਨ ਜੋ ਉਨ੍ਹਾਂ ਨੂੰ ਖਤਰਨਾਕ ਜੰਗਲਾਂ ਰਾਹੀਂ ਅਮਰੀਕਾ-ਮੈਕਸੀਕੋ ਸਰਹੱਦ ਤੱਕ ਲੈ ਜਾਂਦੇ ਹਨ। ਬਹੁਤ ਸਾਰੇ ਲੋਕ ਇਸ ਡੌਂਕੀ ਰੂਟ ਰਾਹੀਂ ਅਮਰੀਕਾ ਪਹੁੰਚਣ ਦੀ ਲਾਲਸਾ ਵਿੱਚ ਫਸ ਕੇ ਆਪਣੀ ਅਤੇ ਆਪਣੇ ਪਰਿਵਾਰ ਦੀ ਕਮਾਈ ਬਰਬਾਦ ਕਰ ਬੈਠਦੇ ਹਨ। ਇੱਥੇ ਮਾਫੀਆ ਗੈਂਗ ਇਹਨਾਂ ਤੋਂ ਮੋਟੀ ਰਕਮ ਵਸੂਲਦੇ ਹਨ। ਦੋ ਸਾਲਾਂ ਦਾ ਇਹ ਸਫ਼ਰ ਬਹੁਤ ਖ਼ਤਰਨਾਕ ਹੈ। ਕਈ ਅਪਰਾਧਿਕ ਗਿਰੋਹ ਨਾ ਸਿਰਫ਼ ਲੋਕਾਂ ਨੂੰ ਰਸਤੇ ਵਿੱਚ ਲੁੱਟਦੇ ਹਨ ਅਤੇ ਕੁਝ ਨੂੰ ਮਾਰ ਵੀ ਦਿੰਦੇ ਹਨ।



ਇਹ ਇੱਕ ਜੋਖਮ ਭਰੀ ਯਾਤਰਾ ਹੈ, ਇੱਕ ਚਿੰਤਾਜਨਕ ਰੁਝਾਨ ਦਾ ਹਿੱਸਾ ਹੈ। ਅਮਰੀਕਾ ਪਹੁੰਚਣ ਤੋਂ ਬਾਅਦ ਉਹ ਕਸਟਮ ਅਤੇ ਬਾਰਡਰ ਅਧਿਕਾਰੀਆਂ ਦੁਆਰਾ ਫੜੇ ਜਾਣ ਦੀ ਉਡੀਕ ਕਰਦੇ ਹਨ। ਜਦੋਂ ਕਸਟਮ ਅਧਿਕਾਰੀ ਪਹੁੰਚਦਾ ਹੈ, ਤਾਂ ਪਹੁੰਚਣ ਵਾਲੇ ਲੋਕ ਆਪਣੇ ਆਪ ਨੂੰ ਪੀੜਤ ਹੋਣ ਦਾ ਦਾਅਵਾ ਕਰਦੇ ਹਨ ਅਤੇ ਦੇਸ਼ ਵਿੱਚ ਖ਼ਤਰੇ ਵਿੱਚ ਹੋਣ ਦੇ ਬਹਾਨੇ ਸ਼ਰਨ ਮੰਗਦੇ ਹਨ। ਅਧਿਕਾਰੀ ਪਹਿਲਾਂ ਇਹ ਨਿਰਧਾਰਤ ਕਰਦੇ ਹਨ ਕਿ ਕੀ ਵਿਅਕਤੀ ਸਰੀਰਕ ਖ਼ਤਰੇ ਵਿੱਚ ਹੈ ਜਾਂ ਨਹੀਂ। ਇਸ ਤੋਂ ਬਾਅਦ ਉਨ੍ਹਾਂ ਨੂੰ ਪਾਣੀ ਦੀ ਬੋਤਲ ਦਿੱਤੀ ਜਾਂਦੀ ਹੈ। ਅਮਰੀਕੀ ਕਾਨੂੰਨ ਅਨੁਸਾਰ ਜੇਕਰ ਕੋਈ ਵਿਅਕਤੀ ਸ਼ਰਨ ਦਾ ਦਾਅਵਾ ਕਰਦਾ ਹੈ ਤਾਂ ਉਸ ਨੂੰ ਆਪਣਾ ਪੱਖ ਪੇਸ਼ ਕਰਨ ਲਈ ਸੁਣਵਾਈ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ। ਕਸਟਮ ਅਧਿਕਾਰੀ ਆਪਣੀ ਸੁਰੱਖਿਆ ਜਾਂਚ ਕਰਦੇ ਹਨ ਅਤੇ ਪਰਵਾਸੀਆਂ ਦੀ ਇੰਟਰਵਿਊ ਕੀਤੀ ਜਾਂਦੀ ਹੈ। ਜਾਂਚ ਤੋਂ ਬਾਅਦ ਅਧਿਕਾਰੀ ਫ਼ੈਸਲਾ ਕਰਦਾ ਹੈ ਕਿ ਉਨ੍ਹਾਂ ਦੀ ਸ਼ਰਣ ਦੀ ਅਰਜ਼ੀ ’ਤੇ ਵਿਚਾਰ ਕਰਨਾ ਹੈ ਜਾਂ ਨਹੀਂ। (**ਬਾਕੀ ਸਫ਼ਾ** 30 ’ਤੇ)

ਅਮਰੀਕੀ ਰਾਸ਼ਟਰਪਤੀ ਚੋਣਾਂ

# ਰਾਸ਼ਟਰ ਪੱਧਰੀ ਸਰਵੇ 'ਚ ਹੈਰਿਸ ਤੇ ਟਰੰਪ ਵਿਚਾਲੇ ਕਾਂਟੇ ਦੀ ਟੱਕਰ

## ਟਰੰਪ ਵੋਟਾਂ ਦੀ ਮੁਕੰਮਲ ਗਿਣਤੀ ਹੋਣ ਤੋਂ ਪਹਿਲਾਂ ਹੀ ਆਪਣੇ ਆਪ ਨੂੰ ਜੇਤੂ ਐਲਾਨ ਸਕਦੇ ਹਨ : ਹੈਰਿਸ



ਸੈਕਰਾਮੈਂਟੋ,ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਅਮਰੀਕੀ ਰਾਸ਼ਟਰਪਤੀ ਚੋਣਾਂ ਦਾ ਦਿਨ ਜਿਉਂ ਜਿਉਂ ਨੇੜੇ ਆ ਰਿਹਾ ਹੈ ਤਿਉਂ ਤਿਉਂ ਸਥਿਤੀ ਸਾਫ਼ ਹੁੰਦੀ ਜਾ ਰਹੀ ਹੈ। ਇਸ ਵਾਰ ਡੈਮੋਕਰੈਟਿਕ ਉਮੀਦਵਾਰ ਕਮਲਾ ਹੈਰਿਸ ਤੇ ਰਿਪਬਲੀਕਨ ਉਮੀਦਵਾਰ ਡੋਨਾਲਡ ਟਰੰਪ ਵਿਚਾਲੇ 2020 ਦੀਆਂ ਚੋਣਾਂ ਨਾਲੋਂ ਵੀ ਮੁਕਾਬਲਾ ਵਧੇਰੇ ਫ਼ਸਵਾਂ ਬਣਦਾ ਜਾ ਰਿਹਾ ਹੈ। 2020 ਵਿੱਚ ਵੋਟਾਂ ਦੀ ਗਿਣਤੀ ਵਿੱਚ ਧਾਂਦਲੀਆਂ ਦਾ ਦੋਸ਼ ਲਾ ਕੇ ਡੋਨਾਲਡ ਟਰੰਪ ਨੇ ਆਪਣੇ ਸਮਰਥਕਾਂ ਨੂੰ ਬਗਾਵਤ ਕਰਨ ਲਈ ਉਕਸਾਇਆ ਸੀ। ਮੌਜੂਦਾ ਸਥਿਤੀ ਦੇ ਮੱਦੇਨਜ਼ਰ ਕਮਲਾ ਹੈਰਿਸ ਨੇ ਖਦਸ਼ਾ ਪ੍ਰਗਟਾਇਆ ਹੈ ਕਿ ਉਨ੍ਹਾਂ ਦਾ ਵਿਰੋਧੀ ਉਮੀਦਵਾਰ ਟਰੰਪ ਵੋਟਾਂ ਦੀ ਗਿਣਤੀ ਮੁਕੰਮਲ ਹੋਣ ਤੋਂ ਪਹਿਲਾਂ ਹੀ ਆਪਣੀ ਜਿੱਤ ਦਾ ਐਲਾਨ ਕਰ ਸਕਦਾ ਹੈ। ਰਾਈਟਰਜ/ਇਪਸੋਸ ਵੱਲੋਂ ਕੀਤੇ ਤਾਜ਼ਾ ਸਰਵੇ ਅਨੁਸਾਰ ਰਾਸ਼ਟਰੀ ਪੱਧਰ 'ਤੇ ਹੈਰਿਸ ਨੂੰ ਟਰੰਪ ਉਪਰ ਮਾਮੂਲੀ ਬੜਤ ਹਾਸਲ ਹੈ। ਯੂ ਐਸ ਟੂਡੇਅ/ਸੁਫ਼ੋਲਕ ਯੂਨੀਵਰਸਿਟੀ ਦੇ ਵਿਸ਼ੇਸ਼ ਸਰਵੇ, ਜਿਸ ਨੂੰ ਪਿਛਲੇ ਦਿਨੀਂ ਜਾਰੀ ਕੀਤਾ ਗਿਆ ਹੈ, ਅਨੁਸਾਰ ਹੈਰਿਸ ਦੇ ਹੱਕ ਵਿੱਚ 45% ਅਮਰੀਕੀ ਮੱਤਦਾਤਾ ਹਨ ਜਦ ਕਿ 44% ਮੱਤਦਾਤਾ ਟਰੰਪ ਦੇ ਹੱਕ ਵਿੱਚ ਹਨ। ਅਗਸਤ ਵਿੱਚ ਕੀਤੇ ਸਰਵੇ ਦੀ ਤੁਲਨਾ ਵਿੱਚ ਇਸ ਤਾਜ਼ਾ ਸਰਵੇ ਵਿੱਚ ਵਧੇਰੇ ਫ਼ਸਵਾਂ ਮੁਕਾਬਲਾ ਬਣਦਾ ਨਜ਼ਰ

ਆ ਰਿਹਾ ਹੈ। ਹੈਰਿਸ ਦੇ ਇੱਕ ਸਲਾਹਕਾਰ ਨੇ ਕਿਹਾ ਹੈ ਕਿ 7 ਅਹਿਮ ਰਾਜਾਂ ਵਿੱਚ ਕੇਵਲ 1% ਦੇ ਫ਼ਰਕ ਨਾਲ ਫ਼ੈਸਲਾ ਹੋਵੇਗਾ। ਯੂ ਐਸ ਟੂਡੇਅ /ਸੁਫ਼ੋਲਕ ਯੂਨੀਵਰਸਿਟੀ ਦੇ ਸਰਵੇ ਅਨੁਸਾਰ ਟਰੰਪ ਦੀ ਤੁਲਨਾ ਵਿੱਚ 17% ਵਧ ਔਰਤ ਮੱਤਦਾਤਾ ਹੈਰਿਸ ਨੂੰ ਚਾਹੁੰਦੇ ਹਨ ਜਦ ਕਿ ਹੈਰਿਸ ਦੀ ਤੁਲਨਾ ਵਿੱਚ 16% ਵਧ ਮਰਦ ਮੱਤਦਾਤਾ ਟਰੰਪ ਦੇ ਹੱਕ ਵਿੱਚ ਹਨ। ਇਸੇ ਦੌਰਾਨ ਕਮਲਾ ਹੈਰਿਸ ਨੇ ਲਿੰਗ ਅਧਾਰਤ ਪ੍ਰਚਾਰ ਨੂੰ ਰੱਦ ਕਰ ਦਿੱਤਾ ਹੈ ਤੇ ਕਿਹਾ ਹੈ ਕਿ ਇਹ ਉਸ ਲਈ ਨਾਕਾਰਤਮਿਕ ਪਹਿਲੂ ਹੈ। ਉਨ੍ਹਾਂ ਸਰਵੇ ਉਪਰੰਤ ਇੱਕ ਚੈਨਲ 'ਤੇ ਗੱਲਬਾਤ ਕਰਦਿਆਂ ਕਿਹਾ ਕਿ ਮੈਂ ਕਦੀ ਵੀ ਨਹੀਂ ਚਾਹੁੰਦੀ ਕਿ ਸਾਡਾ ਦੇਸ਼ ਲਿੰਗ ਜਾਂ ਨਸਲ ਦੇ ਆਧਾਰ 'ਤੇ ਆਪਣਾ ਆਗੂ ਚੁਣੇ। ਇਸ ਦੀ ਬਜਾਏ ਆਗੂਆਂ ਨੂੰ ਵੋਟਾਂ ਦੇਸ਼ ਦੀ ਵਾਸਤਵਿਕਤਾ ਦੇ ਆਧਾਰ 'ਤੇ ਮੰਗਣੀਆਂ ਚਾਹੀਦੀਆਂ ਹਨ। ਹੈਰਿਸ ਨੇ ਹੋਰ ਕਿਹਾ ਕਿ ਮੇਰਾ ਵਿਸ਼ਵਾਸ਼ ਹੈ ਕਿ ਅਮਰੀਕੀ ਇੱਕ ਔਰਤ ਆਗੂ ਲਈ ਬਿਲਕੁੱਲ ਤਿਆਰ ਹਨ ਤੇ ਇੱਕ ਗੈਰ ਗੋਰੀ ਔਰਤ ਰਾਸ਼ਟਰਪਤੀ ਬਣਨ ਲਈ ਤਿਆਰ ਹੈ। ਉਨ੍ਹਾਂ ਹਸਦਿਆਂ ਹੋਇਆਂ ਕਿਹਾ "ਹਾਂ ਮੈ ਸਪੱਸ਼ਟ ਕਰਦੀ ਹਾਂ ਕਿ ਮੈ ਔਰਤ ਹਾਂ, ਮੈਨੂੰ ਇਸ ਸਬੰਧੀ ਹੋਰ ਕਿਸੇ ਬਾਰੇ ਕੁਝ ਕਹਿਣ ਦੀ ਲੋੜ ਨਹੀਂ ਹੈ।" ਹੈਰਿਸ ਨੇ ਐਨ ਬੀ ਸੀ ਨਿਊਜ਼ ਦੇ ਪ੍ਰਤੀਨਿੱਧ ਹੈਲੀ ਜੈਕਸਨ ਨਾਲ ਗੱਲਬਾਤ ਦੌਰਾਨ ਹੋਰ ਕਿਹਾ ਕਿ ਉਸ ਦੇ ਚੋਣ ਮੁਹਿੰਮ ਸੰਚਾਲਕ ਆਪਣੇ ਆਪ ਨੂੰ ਉਸ ਸੰਭਾਵਨਾ ਦੇ ਮੱਦੇਨਜਰ ਤਿਆਰ ਕਰ ਰਹੇ ਹਨ ਜਿਸ ਸੰਭਾਵਨਾ ਤਹਿਤ ਟਰੰਪ ਵੋਟਾਂ ਦੀ ਗਿਣਤੀ ਮੁਕੰਮਲ ਹੋਣ ਤੋਂ ਪਹਿਲਾਂ ਹੀ ਆਪਣੇ ਆਪ ਨੂੰ ਜੇਤੂ ਐਲਾਨ ਸਕਦੇ ਹਨ। ਉਨ੍ਹਾਂ ਕਿਹਾ ਕਿ ਦੋ ਹਫ਼ਤੇ ਬਾਕੀ ਹਨ ਤੇ ਅਸੀਂ ਮੌਜੂਦਾ ਸਥਿਤੀ ਦੇ ਮੱਦੇਨਜ਼ਰ ਜ਼ਮੀਨੀ ਪੱਧਰ 'ਤੇ ਸੋਚ ਰਹੇ ਹਾਂ। ਅਸੀਂ ਚੋਣ ਵਾਲੀ ਰਾਤ ਤੇ ਅਗਲੇ ਦਿਨਾਂ ਦੌਰਾਨ ਪੈਦਾ ਹੋਣ ਵਾਲੀ ਸਥਿਤੀ ਲਈ ਤਿਆਰ ਹਾਂ। ਸਾਡੇ ਕੋਲ ਸਾਧਨ ਹਨ ਤੇ ਮਾਹਿਰ ਹਨ। ਅਸੀਂ ਸਮੁੱਚੀ ਸਥਿਤੀ ਵੱਲ ਤਵਜੋਂ ਦੇ ਰਹੇ ਹਾਂ।

### ਮੈਂ ਸਮੁੱਚੇ ਅਮਰੀਕੀਆਂ ਦੀ ਆਗੂ ਬਣਕੇ ਅਗਵਾਈ ਕਰਨਾ ਚਾਹੁੰਦੀ ਹਾਂ: ਕਮਲਾ ਹੈਰਿਸ

ਸੈਕਰਾਮੈਂਟੋ,ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਰਾਸ਼ਟਰਪਤੀ ਅਹੁਦੇ ਲਈ ਡੈਮੋਕਰੈਟਿਕ ਉਮੀਦਵਾਰ ਉੱਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਕਿਹਾ ਹੈ ਕਿ ਉਹ ਬਿਨਾਂ ਕਿਸੇ ਭੇਦਭਾਵ ਦੇ ਸਮੁੱਚੇ ਅਮਰੀਕੀਆਂ ਦੀ ਅਗਵਾਈ ਕਰਨ ਵਿੱਚ ਵਿਸ਼ਵਾਸ ਰੱਖਦੀ ਹੈ ਤੇ ਮੇਰੇ ਲਈ ਸਭ ਬਰਾਬਰ ਹਨ। ਉਨ੍ਹਾਂ ਕਿਹਾ ਕਿ ਉਹ ਸਮੁੱਚੇ ਅਮਰੀਕੀਆਂ ਦੀ ਰਾਸ਼ਟਰਪਤੀ ਹੋਵੇਗੀ। ਚੋਣਾਂ ਵਿੱਚ ਕਾਫ਼ੀ ਘੱਟ ਸਮਾਂ ਰਹਿ ਗਿਆ ਹੈ ਤੇ ਆਪਣੇ ਰੁਝੇਵੇਂ ਭਰੇ ਚੋਣ ਦੌਰੇ ਵਿਚੋਂ ਸਮਾਂ ਕੱਢ ਕੇ ਜਾਰਜੀਆ ਲਈ ਰਵਾਨਾ ਹੋਣ ਤੋਂ ਪਹਿਲਾਂ ਫ਼ਿਲਾਡੈਲਫ਼ੀਆ ਵਿੱਚ ਪੱਤਰਕਾਰਾਂ ਦੇ ਇਕ ਸਮੂਹ ਨਾਲ ਗੱਲਬਾਤ ਕਰਦਿਆਂ ਹੈਰਿਸ ਨੇ ਕਿਹਾ ਕਿ ਉਹ ਵੇਖ ਰਹੀ ਹੈ ਕਿ ਔਰਤਾਂ ਤੇ ਮਰਦ ਲੋਕਤੰਤਰ ਦੇ (**ਬਾਕੀ ਸਫ਼ਾ 30 'ਤੇ**)

### ਰਾਸ਼ਟਰਪਤੀ ਅਹੁਦੇ ਦੀ ਚੋਣ ਵਿੱਚ ਇਮੀਗ੍ਰੇਸ਼ਨ ਅਹਿਮ ਮੁੱਦਾ

ਅਟਲਾਂਟਾ/ਏ.ਟੀ.ਨਿਊਜ਼: ਅਮਰੀਕਾ 'ਚ ਰਾਸ਼ਟਰਪਤੀ ਅਹੁਦੇ ਦੀ ਚੋਣ 'ਚ ਇਮੀਗ੍ਰੇਸ਼ਨ ਦਾ ਮੁੱਦਾ ਚੋਣ ਪ੍ਰਚਾਰ 'ਚ ਹਾਵੀ ਹੈ। ਭਾਰਤ ਸਮੇਤ ਵੱਖ- ਵੱਖ ਦੱਖਣ ਏਸ਼ਿਆਈ ਮੁਲਕਾਂ ਦੇ ਪਰਵਾਸੀਆਂ ਨੂੰ ਡਰ ਹੈ ਕਿ ਰਿਪਬਲਿਕਨ ਉਮੀਦਵਾਰ ਡੋਨਲਡ ਟਰੰਪ ਦੇ ਜਿੱਤਣ 'ਤੇ ਉਨ੍ਹਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਦਰਅਸਲ ਟਰੰਪ ਨੇ ਚੋਣ ਪ੍ਰਚਾਰ ਦੌਰਾਨ ਦਿੱਤੇ ਗਏ ਭਾਸ਼ਨਾਂ 'ਚ ਰਾਸ਼ਟਰਪਤੀ ਚੁਣੇ ਜਾਣ 'ਤੇ ਨਾ ਸਿਰਫ਼ ਵਾਸ਼ਿੰਗਟਨ ਦੀਆਂ ਇਮੀਗਰੇਸ਼ਨ ਨੀਤੀਆਂ ਸਖ਼ਤ ਬਣਾਉਣ ਦਾ ਵਾਅਦਾ ਕੀਤਾ ਹੈ ਸਗੋਂ ਅਮਰੀਕੀ ਇਤਿਹਾਸ 'ਚ ਬਿਨਾਂ ਦਸਤਾਵੇਜ਼ ਵਾਲੇ ਪਰਵਾਸੀਆਂ ਖ਼ਿਲਾਫ ਮੁਹਿੰਮ ਚਲਾਉਣ ਅਤੇ ਮੌਜੂਦਾ ਸ਼ਰਨਾਰਥੀ ਪ੍ਰੋਗਰਾਮ ਦੀ ਨਜ਼ਰਸਾਨੀ ਕਰਨ ਦਾ ਅਹਿਦ ਵੀ ਲਿਆ ਹੈ। ਸਾਬਕਾ ਰਾਸ਼ਟਰਪਤੀ ਨੇ ਅਮਰੀਕਾ 'ਚ ਗ਼ੈਰਕਾਨੂੰਨੀ ਢੰਗ ਨਾਲ ਰਹਿਣ ਵਾਲੇ ਪਰਵਾਸੀਆਂ ਦੇ ਬੱਚਿਆਂ ਲਈ ਜਨਮ ਤੋਂ ਹੀ ਨਾਗਰਿਕਤਾ ਦੇ ਪ੍ਰਬੰਧ ਨੂੰ ਖ਼ਤਮ ਕਰਨ ਦਾ ਵੀ ਵਾਅਦਾ ਕੀਤਾ ਹੈ ਜਿਸ ਨਾਲ ਭਾਰਤ, ਬੰਗਲਾਦੇਸ਼ ਅਤੇ ਪਾਕਿਸਤਾਨ ਸਮੇਤ ਵੱਖ ਵੱਖ ਮੁਲਕਾਂ ਦੇ ਪਰਵਾਸੀਆਂ ਦੀਆਂ ਚਿੰਤਾਵਾਂ ਵਧ ਗਈਆਂ ਹਨ। ਪਰਵਾਸੀ ਪੱਖੀ ਗਰੁੱਪਾਂ ਨੇ ਇਮੀਗਰੇਸ਼ਨ ਬਾਰੇ ਬਿਆਨਬਾਜ਼ੀ ਨੂੰ ਲੈ ਕੇ ਟਰੰਪ ਦੀ ਆਲੋਚਨਾ ਕੀਤੀ ਹੈ। ਉਧਰ ਡੈਮੋਕਰੈਟਿਕ ਉਮੀਦਵਾਰ ਅਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਵੀ ਗ਼ੈਰਕਾਨੂੰਨੀ ਇਮੀਗਰੇਸ਼ਨ ਘੱਟ ਕਰਨ ਦੀ ਵਕਾਲਤ ਕੀਤੀ ਹੈ। ਟਰੰਪ ਨੇ ਇਸ ਹਫ਼ਤੇ ਇਕ ਚੋਣ ਰੈਲੀ 'ਚ ਹੈਰਿਸ 'ਤੇ 'ਪਰਵਾਸੀ ਗਿਰੋਹਾਂ ਅਤੇ ਗ਼ੈਰਕਾਨੂੰਨੀ ਵਿਦੇਸ਼ੀ ਅਪਰਾਧੀਆਂ' ਨੂੰ ਅਮਰੀਕਾ 'ਚ ਲਿਆਉਣ ਦਾ ਦੋਸ਼ ਲਾਇਆ ਸੀ।

### ਟਰੰਪ ਨੂੰ ਜਮਹੂਰੀਅਤ ਲਈ ਖ਼ਤਰਾ ਦੱਸਣ ਵਾਲੇ ਅਸਲੀ ਖ਼ਤਰਾ: ਮਸਕ

ਲੈਂਕੈਸਟਰ(ਅਮਰੀਕਾ)/ਏ.ਟੀ.ਨਿਊਜ਼: ਵਿਸ਼ਵ ਦੇ ਸਭ ਤੋਂ ਅਮੀਰ ਕਾਰੋਬਾਰੀ ਐਲਨ ਮਸਕ ਨੇ ਅਮਰੀਕਾ ਵਿੱਚ ਰਾਸ਼ਟਰਪਤੀ ਚੋਣਾਂ 'ਚ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਲਡ ਟਰੰਪ ਦੀ ਹਮਾਇਤ ਕਰਦੇ ਹੋਏ ਕਿਹਾ ਕਿ ਜਿਹੜੇ ਲੋਕ ਸਾਬਕਾ ਰਾਸ਼ਟਰਪਤੀ ਨੂੰ 'ਜਮਹੂਰੀਅਤ ਲਈ ਖ਼ਤਰਾ ਦੱਸਦੇ ਹਨ, ਉਹ ਖ਼ੁਦ ਜਮਹੂਰੀਅਤ ਲਈ ਖ਼ਤਰਾ ਹਨ।"

ਮਸਕ ਨੇ ਪਿਛਲੇ ਦਿਨੀਂ ਪੈਨਸਿਲਵੇਨੀਆ ਵਿੱਚ 'ਟਾਊਨ ਹਾਲ' ਨੂੰ ਸੰਬੋਧਨ ਕਰਦਿਆਂ ਅਮਰੀਕੀ ਸੰਸਦ 'ਯੂ.ਐੱਸ. ਕੈਪੀਟਲ' ਵਿੱਚ 6 ਜਨਵਰੀ 2021 ਨੂੰ ਹੋਏ ਦੰਗਿਆਂ ਦੇ ਹਵਾਲੇ ਨਾਲ ਕਿਹਾ ਕਿ ਇਸ ਘਟਨਾ ਨੂੰ 'ਇੱਕ ਤਰ੍ਹਾਂ ਦਾ ਹਿੰਸਕ ਵਿਦਰੋਹ ਕਿਹਾ ਗਿਆ, ਜਦੋਂਕਿ ਅਜਿਹਾ ਨਹੀਂ ਹੈ।" +

ਕਾਬਿਲੇਗੌਰ ਹੈ ਕਿ ਪਿਛਲੀਆਂ ਰਾਸ਼ਟਰਪਤੀ ਚੋਣਾਂ ਵਿੱਚ ਹਾਰ ਮਗਰੋਂ ਟਰੰਪ ਵੱਲੋਂ ਚੋਣ ਨਤੀਜਿਆਂ ਉੱਤੇ ਸਵਾਲ ਚੁੱਕਣ ਮਗਰੋਂ ਉਨ੍ਹਾਂ ਦੇ ਹਮਾਇਤੀਆਂ ਨੇ 6 ਜਨਵਰੀ 2021 ਨੂੰ ਅਮਰੀਕੀ ਸੰਸਦ ਉੱਤੇ ਹਮਲਾ ਕਰ ਦਿੱਤਾ ਸੀ, ਜਿਸ ਵਿੱਚ ਸੌ ਤੋਂ ਵੱਧ ਸੁਰੱਖਿਆ ਅਧਿਕਾਰੀ ਜ਼ਖ਼ਮੀ ਹੋ ਗਏ ਸਨ। ਮਸਕ ਨੇ ਕਿਹਾ, "ਟਰੰਪ ਨੇ ਅਸਲ ਵਿੱਚ ਲੋਕਾਂ ਨੂੰ ਹਿੰਸਕ ਨਾ ਹੋਣ ਲਈ ਕਿਹਾ ਸੀ ਤੇ ਉਨ੍ਹਾਂ ਆਪਣੇ ਹਮਾਇਤੀਆਂ ਨੂੰ ਸ਼ਾਂਤੀਪੂਰਨ ਤੇ ਦੇਸ਼ਭਗਤੀ ਨੂੰ ਕਾਇਮ ਰੱਖਦਿਆਂ ਵਿਰੋਧ ਪ੍ਰਦਰਸ਼ਨ ਕਰਨ ਲਈ ਕਿਹਾ ਸੀ।" ਦੱਸ ਦੇਈਏ ਕਿ ਟਰੰਪ ਨੇ ਦਾਅਵਾ ਕੀਤਾ ਹੈ ਕਿ ਜੇ ਉਹ ਅਗਾਮੀ ਰਾਸ਼ਟਰਪਤੀ ਚੋਣਾਂ ਵਿੱਚ ਜਿੱਤਦੇ ਹਨ ਤਾਂ ਉਹ ਮਸਕ ਨੂੰ ਆਪਣੇ ਪ੍ਰਸ਼ਾਸਨ ਵਿੱਚ ਅਹਿਮ ਜ਼ਿੰਮੇਵਾਰੀ ਦੇਣਗੇ।

### ਮਿਸ਼ੇਲ ਓਬਾਮਾ ਨੇ ਮਿਸ਼ੀਗਨ 'ਚ ਹੈਰਿਸ ਦੇ ਪੱਖ 'ਚ ਕੀਤੀ ਰੈਲੀ



ਕਲਾਮਾਜ਼ੂ (ਅਮਰੀਕਾ)/ਏ.ਟੀ.ਨਿਊਜ਼: ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੀ ਪਤਨੀ ਮਿਸ਼ੇਲ ਓਬਾਮਾ ਨੇ ਪੁਰਸ਼ਾਂ ਨੂੰ ਅਪੀਲ ਕੀਤੀ ਕਿ ਉਹ ਕਮਲਾ ਹੈਰਿਸ ਨੂੰ ਵੋਟ ਪਾਉਣ ਤਾਂ ਜੋ ਉਹ ਮੁਲਕ ਦੀ ਪਹਿਲੀ ਮਹਿਲਾ ਰਾਸ਼ਟਰਪਤੀ ਬਣ ਸਕੇ। ਡੈਮੋਕਰੈਟਿਕ ਪਾਰਟੀ ਦੀ ਉਮੀਦਵਾਰ ਕਮਲਾ ਹੈਰਿਸ ਦੀ ਹਮਾਇਤ 'ਚ ਮਿਸ਼ੀਗਨ 'ਚ ਪਿਛਲੇ ਦਿਨੀਂ ਰੈਲੀ 'ਚ ਮਿਸ਼ੇਲ ਓਬਾਮਾ ਨੇ ਕਿਹਾ ਕਿ ਜੇ ਡੋਨਲਡ ਟਰੰਪ ਦੁਬਾਰਾ ਰਾਸ਼ਟਰਪਤੀ ਬਣਦੇ ਹਨ ਤਾਂ ਔਰਤਾਂ ਦੀ ਜਾਨ ਖ਼ਤਰੇ 'ਚ ਪੈ ਜਾਵੇਗੀ। ਅਮਰੀਕਾ ਦੀ ਸਾਬਕਾ ਪ੍ਰਥਮ ਮਹਿਲਾ ਨੇ ਗਰਭਪਾਤ ਦੇ ਸੰਵਿਧਾਨਕ ਹੱਕਾਂ ਨੂੰ ਖ਼ਤਮ ਕਰਨ ਦੇ ਮੁੱਦੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਔਰਤਾਂ ਦੀ ਸਿਹਤ ਨਾਲ ਕੋਝਾ ਮਜ਼ਾਕ ਹੈ। ਓਬਾਮਾ ਨੇ ਕਿਹਾ ਕਿ ਕੁਝ ਪੁਰਸ਼ ਵਿਕਾਸ ਦੀ ਹੌਲੀ ਰਫ਼ਤਾਰ ਕਾਰਨ ਗੁੱਸੇ 'ਚ ਟਰੰਪ ਨੂੰ ਵੋਟਾਂ ਪਾ ਸਕਦੇ ਹਨ ਪਰ ਇਸ ਨਾਲ ਹੋਰ ਗੱਲਾਂ 'ਤੇ ਅਸਰ ਪਵੇਗਾ। ਮਿਸ਼ੇਲ ਨੇ ਕਿਹਾ, "ਜੇ ਤੁਸੀਂ ਚੋਣਾਂ 'ਚ ਸਹੀ ਵਿਅਕਤੀ ਨੂੰ ਨਹੀਂ ਚੁਣਦੇ ਹੋ ਤਾਂ ਤੁਹਾਡੇ ਗੁੱਸੇ ਦਾ ਖਮਿਆਜ਼ਾ ਪਤਨੀ, ਧੀ, ਮਾਂ ਅਤੇ ਔਰਤਾਂ ਨੂੰ ਭੁਗਤਣਾ ਪਵੇਗਾ।" ਕਮਲਾ ਹੈਰਿਸ ਨੇ ਲੋਕਾਂ ਨੂੰ ਸੰਬੋਧਨ ਕਰਦਿਆਂ ਵਾਅਦਾ ਕੀਤਾ ਕਿ ਉਹ ਉਨ੍ਹਾਂ ਦੇ ਹਿੱਤਾਂ ਦਾ ਧਿਆਨ ਰਖਣਗੇ। ਉਨ੍ਹਾਂ ਟਰੰਪ 'ਤੇ ਸਿਰਫ਼ ਆਪਣੇ ਬਾਰੇ ਸੋਚਣ ਦਾ ਦੋਸ਼ ਲਾਇਆ। ਡੈਮੋਕਰੈਟਿਕ ਉਮੀਦਵਾਰ ਕਮਲਾ ਹੈਰਿਸ ਅਤੇ ਟਿਮ ਵਾਲਜ਼ ਆਉਂਦੇ ਦਿਨਾਂ 'ਚ ਸੱਤ ਸੂਬਿਆਂ ਦਾ ਦੌਰਾ ਕਰਕੇ ਪ੍ਰਚਾਰ ਕਰਨਗੇ। ਕਮਲਾ ਹੈਰਿਸ ਫਿਲਾਡੇਲਫੀਆ 'ਚ ਚਰਚ ਅਤੇ ਹਜ਼ਾਮ ਦੀ ਦੁਕਾਨ, ਪੁਏਰਤੋ ਰਿਕਨ ਰੈਸਟੋਰੈਂਟ ਅਤੇ ਯੂਥ ਬਾਸਕਿਟਬਾਲ ਕੇਂਦਰ ਦਾ ਵੀ ਦੌਰਾ ਕਰੇਗੀ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

**Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu**

**Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.**

**Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.**

**All legal disputes must be handled in the courts of State of Punjab in India.**

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

### ਐਨਵਾਇਰੌਨਿਕਸ ਸੰਸਥਾ ਦੇ ਸਰਵੇਖਣ ਵਿੱਚ ਹੋਇਆ ਖ਼ੁਲਾਸਾ

# ਕੈਨੇਡਾ 'ਚ ਪਰਵਾਸੀਆਂ ਦੀ ਵੱਧ ਰਹੀ ਗਿਣਤੀ ਤੋਂ ਕੈਨੇਡੀਅਨ ਚਿੰਤਤ

## ਪਰਵਾਸੀਆਂ ਲਈ ਜਨਤਕ ਸਹਿਯੋਗ ਘਟਿਆ

## 43 ਫ਼ੀਸਦੀ ਕੈਨੇਡੀਅਨ ਦਾ ਮੰਨਣਾ ਕਿ ਪਰਵਾਸੀਆਂ 'ਚ ਫ਼ਰਜ਼ੀ ਸ਼ਰਨਾਰਥੀ ਵੀ ਸ਼ਾਮਲ

ਟੋਰਾਂਟੋ/ਏ.ਟੀ.ਨਿਊਜ਼: ਜ਼ਿਆਦਾਤਰ ਕੈਨੇਡਿਆਈ ਨਾਗਰਿਕਾਂ ਦਾ ਮੰਨਣਾ ਹੈ ਕਿ ਦੇਸ਼ ਵਿੱਚ ਕਾਫ਼ੀ ਜ਼ਿਆਦਾ ਪਰਵਾਸੀ ਹਨ। ਐਨਵਾਇਰੌਨਿਕਸ ਸੰਸਥਾ ਦੇ ਇੱਕ ਨਵੇਂ ਸਰਵੇਖਣ ਮੁਤਾਬਕ ਕੈਨੇਡਾ ਵਿੱਚ ਪਰਵਾਸੀਆਂ ਲਈ ਜਨਤਕ ਸਹਿਯੋਗ ਘੱਟ ਰਿਹਾ ਹੈ। 'ਦਿ ਏਸ਼ੀਅਨ ਪੈਸੀਫ਼ਿਕ ਪੋਸਟ' ਦੀ ਖ਼ਬਰ ਮੁਤਾਬਕ ਐਨਵਾਇਰੌਨਿਕਸ ਸੰਸਥਾ ਵੱਲੋਂ ਇਮੀਗ੍ਰੇਸ਼ਨ ਦੇ ਵਿਸ਼ੇ 'ਤੇ ਕਰਵਾਏ ਗਏ ਦੇਸ਼ ਦੇ ਸਭ ਤੋਂ ਲੰਬੇ ਸਰਵੇਖਣ ਮੁਤਾਬਕ ਦਸ ਵਿੱਚੋਂ ਤਕਰੀਬਨ ਛੇ (58 ਫ਼ੀਸਦ) ਕੈਨੇਡਿਆਈ ਨਾਗਰਿਕਾਂ ਦਾ ਮੰਨਣਾ ਹੈ ਕਿ ਦੇਸ਼ ਵਿੱਚ ਕਾਫ਼ੀ ਜ਼ਿਆਦਾ ਪਰਵਾਸੀ ਹੋ ਗਏ ਹਨ। ਐਨਵਾਇਰੌਨਿਕਸ ਸੰਸਥਾ ਵੱਲੋਂ ਇਸੇ ਹਫ਼ਤੇ ਆਪਣੀ ਵੈੱਬਸਾਈਟ 'ਤੇ ਅਪਲੋਡ ਕੀਤੀ ਗਈ ਸਰਵੇਖਣ ਰਿਪੋਰਟ ਮੁਤਾਬਕ, "ਦੇਸ਼ ਵਿੱਚ 2023 ਤੋਂ ਹੁਣ ਤੱਕ ਪਰਵਾਸੀਆਂ ਦੀ ਗਿਣਤੀ ਵਿੱਚ 14 ਫ਼ੀਸਦੀ ਪੁਆਇੰਟ ਦਾ ਵਾਧਾ ਹੋਇਆ ਹੈ ਜੋ ਕਿ ਪਿਛਲੇ ਸਾਲ (2022-23) ਨਾਲੋਂ 17 ਪੁਆਇੰਟ ਜ਼ਿਆਦਾ ਹੈ।" ਸਰਵੇਖਣ ਖੋਜ ਬਾਰੇ ਐਨਵਾਇਰੌਨਿਕਸ ਸੰਸਥਾ ਨੂੰ ਜਨਤਕ ਰਾਏ ਲੈਣ ਅਤੇ ਕੈਨੇਡਾ ਦਾ ਭਵਿੱਖ ਤੈਅ ਕਰਨ ਬਾਰੇ ਮੁੱਦਿਆਂ 'ਤੇ ਸਮਾਜਿਕ ਖੋਜ ਕਰਨ ਲਈ 2006 ਵਿੱਚ ਮਾਈਕਲ ਐਡਮਜ਼ ਨੇ ਸਥਾਪਤ ਕੀਤਾ ਸੀ। ਸੰਸਥਾ ਨੇ ਆਪਣੀ ਵੈੱਬਸਾਈਟ 'ਤੇ ਕਿਹਾ ਹੈ, "ਅਜਿਹੀ ਖੋਜ ਰਾਹੀਂ ਕੈਨੇਡਿਆਈ ਨਾਗਰਿਕ ਆਪਣੇ ਆਪ ਨੂੰ ਅਤੇ ਉਨ੍ਹਾਂ ਦੇ ਬਦਲ ਰਹੇ ਸਮਾਜ ਨੂੰ ਬਿਹਤਰ ਢੰਗ ਨਾਲ ਸਮਝ ਸਕਦੇ




ਹਨ।" ਇਸ ਦੇ ਨਾਲ ਹੀ ਸਰਵੇਖਣ ਵਿੱਚ ਇਹ ਵੀ ਕਿਹਾ ਗਿਆ ਹੈ, "ਪਿਛਲੇ ਇੱਕ ਸਾਲ ਤੋਂ ਅਜਿਹੇ ਕੈਨੇਡਿਆਈ ਨਾਗਰਿਕਾਂ ਦੀ ਗਿਣਤੀ (43 ਫ਼ੀਸਦੀ) ਵਧੀ ਹੈ ਜਿਨ੍ਹਾਂ ਦਾ ਮੰਨਣਾ ਹੈ ਕਿ ਕਈ ਲੋਕ, ਜੋ ਕਿ ਸ਼ਰਨਾਰਥੀ ਹੋਣ ਦਾ ਦਾਅਵਾ ਕਰਦੇ ਹਨ, ਅਸਲੀ ਸ਼ਰਨਾਰਥੀ ਨਹੀਂ ਹਨ ਅਤੇ ਕਾਫ਼ੀ ਜ਼ਿਆਦਾ ਪਰਵਾਸੀ ਕੈਨੇਡਾ ਦੀਆਂ ਕਦਰਾਂ ਕੀਮਤਾਂ ਨਹੀਂ ਅਪਣਾ ਰਹੇ ਹਨ। ਦੋਵੇਂ ਮਾਮਲਿਆਂ ਵਿੱਚ ਚਿੰਤਾਵਾਂ ਵਿੱਚ ਇੱਕ ਜ਼ਿਕਰਯੋਗ ਵਾਧਾ ਹੋਇਆ ਹੈ ਜੋ ਕਿ ਪਿਛਲੇ ਕਈ ਸਾਲਾਂ ਤੋਂ ਸਥਿਰ ਸੀ।

ਸਰਵੇਖਣ ਮੁਤਾਬਕ 1977 ਵਿੱਚ ਫ਼ੋਕਸ ਕੈਨੇਡਾ ਨੇ ਜਦੋਂ ਇਹ ਸਵਾਲ ਪੁੱਛਣਾ ਸ਼ੁਰੂ ਕੀਤਾ ਸੀ, ਉਦੋਂ ਤੋਂ ਪਿਛਲੇ ਦੋ ਸਾਲਾਂ ਵਿੱਚ ਬੜੀ ਤੇਜ਼ੀ ਨਾਲ ਬਦਲਾਅ ਆਇਆ ਹੈ ਜੋ ਕਿ ਇਹ ਦਰਸਾਉਂਦਾ ਹੈ ਕਿ ਜ਼ਿਆਦਾਤਰ ਕੈਨੇਡਿਆਈ ਨਾਗਰਿਕਾਂ ਦਾ ਕਹਿਣਾ ਹੈ ਕਿ 1998 ਤੋਂ ਲੈ ਕੇ ਹੁਣ ਤੱਕ ਇਮੀਗ੍ਰੇਸ਼ਨ ਵਿੱਚ ਕਾਫ਼ੀ ਜ਼ਿਆਦਾ ਵਾਧਾ ਹੋਇਆ ਹੈ।" ਸਰਵੇਖਣ ਮੁਕਾਬਕ, "ਪਿਛਲੇ 25 ਸਾਲਾਂ ਵਿੱਚ ਪਹਿਲੀ ਵਾਰ ਜ਼ਿਆਦਾਤਰ ਕੈਨੇਡਿਆਈ ਨਾਗਰਿਕਾਂ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਦੇਸ਼ ਵਿੱਚ ਕਾਫ਼ੀ ਜ਼ਿਆਦਾ ਪਰਵਾਸੀ ਹੋ ਗਏ ਹਨ ਅਤੇ ਇਹ ਵਿਚਾਰ ਲਗਾਤਾਰ ਦੂਜੇ ਸਾਲ ਵਧ ਰਿਹਾ ਹੈ।" ਇਹ ਰੁਝਾਨ ਦੇਸ਼ ਭਰ ਵਿੱਚ ਦੇਖਣ ਨੂੰ ਮਿਲ ਰਿਹਾ ਹੈ ਪਰ ਸਭ ਤੋਂ ਜ਼ਿਆਦਾ ਕੈਨੇਡਾ ਦੇ ਮੈਦਾਨੀ (ਪ੍ਰੇਅਰੀ) ਸੂਬਿਆਂ ਵਿੱਚ ਦੇਖਣ ਨੂੰ ਮਿਲ ਰਿਹਾ ਹੈ। ਇਨ੍ਹਾਂ ਸੂਬਿਆਂ ਵਿੱਚ ਐਲਬਰਟਾ, ਸਸਕੈਚਵਾਨ ਅਤੇ ਮੈਨੀਟੋਬਾ ਸ਼ਾਮਲ ਹਨ। ਇਸ ਤੋਂ ਇਲਾਵਾ ਇਹ ਰੁਝਾਨ ਸਭ ਤੋਂ ਘੱਟ ਕਿਊਬੈਕ ਵਿੱਚ ਦੇਖਣ ਨੂੰ ਮਿਲ ਰਿਹਾ ਹੈ।

ਰਿਪੋਰਟ ਮੁਤਾਬਕ ਕੰਜ਼ਰਵੇਟਿਵ ਪਾਰਟੀ ਦੇ ਜ਼ਿਆਦਾਤਰ ਸਮਰਥਕਾਂ (ਹੁਣ 80 ਫ਼ੀਸਦੀ) ਦਾ ਮੰਨਣਾ ਹੈ ਕਿ ਦੇਸ਼ ਵਿੱਚ ਕਾਫ਼ੀ ਪਰਵਾਸੀ ਹੋ ਗਏ ਹਨ ਜਦਕਿ ਲਿਬਰਲ ਪਾਰਟੀ ਦੇ 45 ਫ਼ੀਸਦ ਤੇ ਐੱਨ.ਡੀ.ਪੀ. ਦੇ 36 ਫ਼ੀਸਦੀ ਸਮਰਥਕਾਂ ਦਾ ਵੀ ਇਹੀ ਮੰਨਣਾ ਹੈ।

(ਬਾਕੀ ਸਫ਼ਾ 30 'ਤੇ)

# ਕੈਨੇਡਾ ਦੀ ਮੋਸਟ ਵਾਂਟਿਡ ਲਿਸਟ 'ਚੋਂ ਗੋਲਡੀ ਬਰਾੜ ਦਾ ਨਾਮ ਗ਼ਾਇਬ

## ਬਰਾੜ ਦੇ ਕੈਨੇਡੀਅਨ ਏਜੰਸੀਆਂ ਦੀ ਹਿਰਾਸਤ 'ਚ ਹੋਣ ਦੇ ਚਰਚੇ

ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਵਿੱਚ 'ਏ' ਸ਼੍ਰੇਣੀ ਦੇ ਗੈਂਗਸਟਰ ਤੇ ਸਿੱਧੂ ਮੂਸੇਵਾਲਾ ਦੇ ਕਾਤਲ ਗੋਲਡੀ ਬਰਾੜ ਦੇ ਥਹੁ-ਪਤੇ ਨੂੰ ਲੈ ਕੇ ਨਵੇਂ ਸਵਾਲ ਖੜ੍ਹੇ ਹੋ ਗਏ ਹਨ। ਇਹ ਸਵਾਲ ਖੜ੍ਹਾ ਹੋ ਗਿਆ ਹੈ ਕਿ 'ਗੋਲਡੀ ਬਰਾੜ ਕਿੱਥੇ ਹੈ?' ਕੈਨੇਡਾ ਨੇ ਜਿੱਥੇ ਇੱਕ ਪਾਸੇ ਬਰਾੜ ਨੂੰ ਅਤਿ ਲੋੜੀਂਦੇ ਵਿਅਕਤੀਆਂ ਦੀ ਸੂਚੀ 'ਚੋਂ ਲਾਂਭੇ ਕਰ ਦਿੱਤਾ ਹੈ, ਉਥੇ ਦੂਜੇ ਪਾਸੇ ਬਰਾੜ ਤੇ ਲਾਰੈਂਸ ਬਿਸ਼ਨੋਈ ਉੱਤੇ ਭਾਰਤੀ ਏਜੰਟ ਹੋਣ ਦੇ ਦੋਸ਼ ਲਾਏ ਹਨ। ਇਸ ਦੇ ਨਾਲ ਹੀ ਪੰਜਾਬ ਪੁਲਿਸ ਨੇ ਮੂਸੇਵਾਲਾ ਦੇ ਕਤਲ ਮਗਰੋਂ ਪਿਛਲੇ ਦੋ ਸਾਲਾਂ ਦੌਰਾਨ ਕੈਨੇਡੀਅਨ ਸੁਰੱਖਿਆ ਏਜੰਸੀਆਂ ਨਾਲ ਗੈਂਗਸਟਰ (ਬਰਾੜ) ਦੀ ਸੰਭਾਵੀ ਲੋਕੇਸ਼ਨ ਕਈ ਵਾਰ ਸਾਂਝੀ ਕੀਤੀ, ਪਰ ਏਜੰਸੀਆਂ ਨੇ ਕੋਈ ਹੁੰਗਾਰਾ ਨਹੀਂ ਦਿੱਤਾ। ਪੰਜਾਬ ਪੁਲਿਸ ਨੇ ਭਾਰਤ ਸਰਕਾਰ ਜ਼ਰੀਏ ਗੋਲਡੀ ਬਰਾੜ ਦੀ ਕੈਨੇਡਾ ਵਿੱਚ ਅਸਲ ਲੋਕੇਸ਼ਨ ਵੀ ਸਾਂਝੀ ਕੀਤੀ।

ਪੰਜਾਬ ਪੁਲਿਸ ਦੇ ਅਧਿਕਾਰੀਆਂ ਦਰਮਿਆਨ ਇਹ ਚਰਚਾ ਸਿਖਰ 'ਤੇ ਹੈ ਕਿ ਗੋਲਡੀ ਬਰਾੜ ਕੈਨੇਡਾ ਅਧਾਰਿਤ ਏਜੰਸੀ ਜਾਂ ਸਮੂਹ ਦੀ 'ਸੁਰੱਖਿਅਤ' ਕਸਟਡੀ ਵਿੱਚ ਹੈ। ਕੈਨੇਡਾ ਵਿੱਚ ਭਾਰਤ ਦੇ ਸਾਬਕਾ ਹਾਈ ਕਮਿਸ਼ਨਰ ਸੰਜੈ ਵਰਮਾ ਨੇ ਵੀ ਬਰਾੜ ਨੂੰ ਲੈ ਕੇ ਕੁਝ ਸਵਾਲ ਚੁੱਕੇ ਹਨ। ਵਰਮਾ ਨੇ ਲੰਘੇ ਦਿਨ ਖ਼ਬਰ ਏਜੰਸੀ ਪੀਟੀਆਈ ਨੂੰ ਦਿੱਤੀ ਇੰਟਰਵਿਊ ਵਿੱਚ ਪੁਸ਼ਟੀ ਕੀਤੀ ਸੀ ਕਿ ਬਰਾੜ ਕੈਨੇਡਾ ਵਿੱਚ ਸੀ। ਵਰਮਾ ਨੇ ਕਿਹਾ, "ਗੋਲਡੀ ਬਰਾੜ ਕੈਨੇਡਾ ਵਿੱਚ ਰਹਿ



ਰਿਹਾ ਸੀ। ਸਾਡੀ ਗੁਜ਼ਾਰਿਸ਼ ਉੱਤੇ ਉਸ ਨੂੰ ਵਾਂਟਿਡ ਲਿਸਟ ਵਿੱਚ ਪਾਇਆ ਗਿਆ। ਹੁਣ ਅਚਾਨਕ ਉਹ ਉਸ ਸੂਚੀ ਵਿਚੋਂ ਗਾਇਬ ਹੋ ਗਿਆ। ਹੁਣ ਮੈਂ ਇਸ ਦਾ ਕੀ ਮਤਲਬ ਕੱਢਾਂ? ਉਸ ਨੂੰ ਜਾਂ ਤਾਂ ਗ੍ਰਿਫ਼ਤਾਰ ਕਰ ਲਿਆ ਜਾਂ ਫਿਰ ਹੁਣ ਉਹ ਲੋੜੀਂਦਾ ਨਹੀਂ ਹੈ।" ਵਰਮਾ ਨੇ ਕਿਹਾ ਕਿ ਭਾਰਤ ਨੇ ਬਰਾੜ ਤੇ ਬਿਸ਼ਨੋਈ ਦੇ ਨਾਮ ਰੌਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰ.ਸੀ.ਐੱਮ.ਪੀ.) ਨਾਲ ਸਾਂਝੇ ਕੀਤੇ ਸਨ। ਕੂਟਨੀਤਕ ਨੇ ਕਿਹਾ, "ਹੁਣ ਇਹ ਤਾਂ ਨਹੀਂ ਕਿ ਕੈਨੇਡਾ ਜਾਂ ਕੈਨੇਡੀਅਨ ਅਥਾਰਿਟੀਜ਼ ਸੁਪਨੇ 'ਚੋਂ ਜਾਗਣ ਤੇ ਕਹਿਣ ਕਿ ਲਾਰੈਂਸ ਬਿਸ਼ਨੋਈ ਇਥੇ ਹੈ ਤੇ ਗੋਲਡੀ ਬਰਾੜ ਇਥੇ ਹੈ। ਉਨ੍ਹਾਂ ਨੂੰ ਇਨ੍ਹਾਂ ਦੋਵਾਂ ਗੈਂਗਸਟਰਾਂ ਬਾਰੇ ਦੱਸਣ ਵਾਲੀ ਭਾਰਤੀ ਏਜੰਸੀ ਸੀ।" ਪੰਜਾਬ ਪੁਲਿਸ ਦੇ ਅਧਿਕਾਰੀਆਂ ਨੇ ਸਾਬਕਾ ਸਫ਼ੀਰ ਸੰਜੈ ਵਰਮਾ ਦੇ ਦਾਅਵਿਆਂ ਦੀ ਹਮਾਇਤ ਕੀਤੀ ਹੈ। ਮੂਸੇਵਾਲਾ ਕੇਸ ਦੀ ਜਾਂਚ ਤੇ ਬਰਾੜ ਦੀ ਅਪਰਾਧਕ ਜ਼ਿੰਦਗੀ ਤੋਂ ਜਾਣੂ ਇੱਕ ਅਧਿਕਾਰੀ ਨੇ ਆਪਣੀ ਪਛਾਣ ਨਸ਼ਰ ਨਾ ਕੀਤੇ ਜਾਣ ਦੀ ਸ਼ਰਤ 'ਤੇ ਦੱਸਿਆ ਕਿ ਉਹ (ਗੋਲਡੀ ਬਰਾੜ) 29 ਮਈ ਦੀ ਸ਼ਾਮ ਨੂੰ ਕਥਿਤ ਵੀਡੀਓ ਕਾਲ ਉੱਤੇ ਸੰਦੀਪ ਉਰਫ਼ ਕੇਕਰਾ ਤੋਂ ਗਾਇਕ ਸਿੱਧੂ ਮੂਸੇਵਾਲਾ ਦੀ ਮੂਵਮੈਂਟ ਬਾਰੇ ਜਾਣਕਾਰੀ ਲੈ ਰਿਹਾ ਸੀ। ਪੰਜਾਬ ਪੁਲਿਸ ਨੇ ਇਸ ਵੀਡੀਓ ਕਾਲ ਦੇ ਆਈ.ਪੀ. ਐਡਰੈੱਸ ਦੀ ਪੈੜ ਨੱਪੀ ਤਾਂ ਪਤਾ ਲੱਗਾ ਕਿ ਇਹ ਕੈਨੇਡਾ ਤੋਂ ਸੀ। ਉਨ੍ਹਾਂ ਕੈਨੇਡਾ ਨਾਲ ਇਹ ਜਾਣਕਾਰੀ ਵੀ ਸਾਂਝੀ ਕੀਤੀ ਕਿ ਗੋਲਡੀ ਬਰਾੜ 17 ਮਾਰਚ 2017 ਨੂੰ ਵਿਦਿਆਰਥੀ ਵੀਜ਼ੇ 'ਤੇ ਕੈਨੇਡਾ ਵਿੱਚ ਦਾਖ਼ਲ ਹੋਇਆ ਸੀ। ਇੱਕ ਪੁਲਿਸ ਅਧਿਕਾਰੀ ਨੇ ਕਿਹਾ, "ਗੋਲਡੀ ਬਰਾੜ ਆਪਣੇ ਅਸਲ ਪਾਸਪੋਰਟ ਨੰਬਰ ਉੱਤੇ ਸਟੱਡੀ ਵੀਜ਼ੇ 'ਤੇ ਕੈਨੇਡਾ ਵਿੱਚ ਦਾਖ਼ਲ ਹੋਇਆ ਸੀ। ਜੇ ਉਹ ਕੈਨੇਡਾ ਛੱਡ ਕੇ ਕਿਸੇ ਦੂਜੇ ਮੁਲਕ ਗਿਆ ਹੈ ਤਾਂ ਕੈਨੇਡੀਅਨ ਅਥਾਰਿਟੀਜ਼ ਨੂੰ ਇਸ ਤਾਂ ਪਤਾ ਹੋਣਾ ਚਾਹੀਦਾ ਹੈ।" ਇਹ ਗੱਲ ਵੀ ਬਹੁਤ ਦਿਲਚਸਪ ਹੈ ਕਿ ਅਮਰੀਕੀ ਸੰਘੀ ਏਜੰਸੀ ਐੱਫ.ਬੀ.ਆਈ. ਨੇ ਗੋਲਡੀ ਬਰਾੜ ਨੂੰ ਕੈਨੇਡਾ ਵਿੱਚ ਦੇਖੇ ਜਾਣ ਸਬੰਧੀ ਇੱਕ ਰਿਪੋਰਟ ਦੀ ਘੋਖ ਕੀਤੀ ਸੀ। ਮਗਰੋਂ ਏਜੰਸੀ ਨੇ ਭਾਰਤ ਸਰਕਾਰ ਨੂੰ ਦੱਸਿਆ ਕਿ ਇਹ ਝੂਠੀ ਖ਼ਬਰ ਸੀ।

### ਅਮਰੀਕਾ 'ਚ ਚੋਣ ਅਧਿਕਾਰੀਆਂ ਨੂੰ ਡਰਾਉਣ ਧਮਕਾਉਣ ਦਾ ਮਾਮਲਾ

# ਜੋ ਵੀ ਕੋਈ ਚੋਣ ਅਧਿਕਾਰੀਆਂ ਦੇ ਕੰਮ 'ਚ ਵਿਘਨ ਪਾਉਣ ਦੀ ਕੋਸ਼ਿਸ਼ ਕਰੇਗਾ, ਉਸ ਨੂੰ ਸਿੱਟੇ ਭੁਗਤਣੇ ਪੈਣਗੇ : ਅਮਰੀਕੀ ਨਿਆਂ ਵਿਭਾਗ

ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਇਸ ਵਾਰ ਬਹੁਤ ਹੀ ਸੰਵੇਦਨਸ਼ੀਲ ਰਾਜਸੀ ਵਾਤਾਵਰਣ ਦਰਮਿਆਨ ਅਮਰੀਕੀ ਰਾਸ਼ਟਰਪਤੀ ਚੋਣਾਂ ਹੋ ਰਹੀਆਂ ਹਨ। ਚੋਣ ਅਧਿਕਾਰੀਆਂ ਤੇ ਹੋਰ ਸਰਕਾਰੀ ਅਫ਼ਸਰਾਂ ਨੂੰ ਡਰਾਉਣ ਧਮਕਾਉਣ ਦੀਆਂ ਘਟਨਾਵਾਂ ਵਿੱਚ ਵਾਧਾ ਹੋਣ ਦੀਆਂ ਰਿਪੋਰਟਾਂ ਹਨ। ਸਮੁੱਚੀ ਸਥਿੱਤੀ 'ਤੇ ਸੁਰੱਖਿਆ ਏਜੰਸੀਆਂ ਨਜ਼ਰ ਰੱਖ ਰਹੀਆਂ ਹਨ ਤੇ ਸ਼ੱਕੀ ਵਿਅਕਤੀਆਂ ਵਿਰੁੱਧ ਹਰ ਸੰਭਵ ਕਾਰਵਾਈ ਕੀਤੀ ਜਾ ਰਹੀ ਹੈ। ਚੋਣਾਂ ਦੇ ਮੱਦੇਨਜ਼ਰ ਅਮਰੀਕੀ ਨਿਆਂ ਵਿਭਾਗ ਦੀ ਚਿਤਾਵਨੀ / ਪਹੁੰਚ ਬਿਲਕੁਲ ਸਪੱਸ਼ਟ ਹੈ। ਨਿਆਂ ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਜੋ ਵੀ ਕੋਈ ਚੋਣ ਅਮਲ ਵਿੱਚ ਵਿਘਣ ਪਾਉਣ ਦੀ ਕੋਸ਼ਿਸ਼ ਕਰੇਗਾ, ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ। ਅਟਾਰਨੀ ਜਨਰਲ ਮੈਰਿਕ ਗਾਰਲੈਂਡ ਨੇ ਇਸ ਹਫ਼ਤੇ 4 ਮਾਮਲਿਆਂ ਵਿੱਚ ਕਾਰਵਾਈ ਕਰਨ ਦਾ ਐਲਾਨ ਕਰਦਿਆਂ ਕਿਹਾ ਹੈ ਕਿ ਜੋ ਵੀ ਕੋਈ ਚੋਣ ਵਰਕਰ, ਚੋਣ ਅਧਿਕਾਰੀ ਜਾਂ ਚੋਣ ਨਾਲ ਜੁੜੇ ਸਵੈ ਸੇਵਿਕਾਂ ਨੂੰ ਗੈਰ ਕਾਨੂੰਨੀ

ਢੰਗ ਨਾਲ ਧਮਕਾਵੇਗਾ, ਨੂੰ ਹਰ ਹਾਲਤ ਵਿੱਚ ਸਿੱਟੇ ਭੁਗਤਣੇ ਪੈਣਗੇ। ਉਨ੍ਹਾਂ ਕਿਹਾ ਹੈ ਕਿ ਸਾਡੇ ਲਈ ਇਹ ਅਹਿਮ ਹੈ ਕਿ ਲੋਕਤੰਤਰ ਕੰਮ ਕਰੇ ਤੇ ਜੋ ਲੋਕ ਲੋਕਤੰਤਰ ਲਈ ਕੰਮ ਕਰ ਰਹੇ ਹਨ ਉਹ ਆਪਣਾ ਕੰਮ ਬਿਨਾਂ ਕਿਸੇ ਡਰ ਤੇ ਸਹਿਮ ਦੇ ਕਰਨ।

ਸ਼ੱਕੀ ਅਪਰਾਧੀਆਂ ਵਿਰੁੱਧ ਕੀਤੀ ਕਾਰਵਾਈ ਤਹਿਤ ਇਸ ਹਫ਼ਤੇ ਫ਼ਿਲਾਡੈਲਫ਼ੀਆ ਦੇ ਇੱਕ ਸ਼ੱਕੀ ਵਿਅਕਤੀ ਵਿਰੁੱਧ ਇਕ ਸਟੇਟ ਪਾਰਟੀ ਅਧਿਕਾਰੀ ਨੂੰ ਚੋਣ ਦਰਸ਼ਕ ਭਰਤੀ ਕਰਨ ਕਾਰਨ ਮੌਤ ਦੇ ਘਾਟ ਉਤਾਰ ਦੇਣ ਦੀ ਧਮਕੀ ਦੇਣ ਦੇ ਦੋਸ਼ ਦਾਇਰ ਕੀਤੇ ਗਏ ਹਨ। ਇਸੇ ਤਰ੍ਹਾਂ ਅਲਾਬਾਮਾ ਦੇ ਇੱਕ ਵਿਅਕਤੀ




ਵਿਰੁੱਧ ਐਰੀਜ਼ੋਨਾ ਦੇ ਇੱਕ ਚੋਣ ਅਧਿਕਾਰੀ ਨੂੰ ਮਾਰ ਦੇਣ ਦੀ ਧਮਕੀ ਦੇਣ ਦੇ ਮਾਮਲੇ ਵਿੱਚ ਦੋਸ਼ ਦਾਇਰ ਕੀਤੇ ਗਏ ਹਨ। ਇਸ ਤੋਂ ਇਲਾਵਾ ਐਰੀਜ਼ੋਨਾ ਦੇ ਇੱਕ ਵਿਅਕਤੀ ਵਿਰੁੱਧ ਡੈਮੋਕਰੈਟਿਕ ਪਾਰਟੀ ਦੇ ਚੋਣ ਦਫ਼ਤਰ 'ਤੇ ਗੋਲੀਬਾਰੀ ਕਰਨ ਤੇ ਕੈਲੀਫ਼ੋਰਨੀਆ ਦੇ ਇੱਕ ਵਿਅਕਤੀ ਵਿਰੁੱਧ ਅਦਾਲਤ ਵਿੱਚ ਧਮਾਕਾ ਕਰਨ ਦੇ ਮਾਮਲੇ ਵਿੱਚ ਦੋਸ਼ ਦਾਇਰ ਕੀਤੇ ਗਏ ਹਨ। ਫ਼ੋਨਿਕਸ ਨੀਮ ਸ਼ਹਿਰੀ ਖੇਤਰ ਟੈਂਪੇ ਵਿੱਚ ਪੁਲਿਸ ਨੇ ਜੈਫ਼ਰੀ ਮਾਈਕਲ ਕੈਲੀ (60) ਸਾਲਾ ਵਿਅਕਤੀ ਨੂੰ ਗ੍ਰਿਫ਼ਤਾਰ ਕਰਕੇ ਉਸ ਵਿਰੁੱਧ ਡੈਮੋਕਰੈਟਿਕ ਪਾਰਟੀ ਦੇ ਚੋਣ ਦਫ਼ਤਰ 'ਤੇ ਗੋਲੀਬਾਰੀ ਕਰਨ ਦੇ ਮਾਮਲੇ ਵਿੱਚ ਅੱਤਵਾਦੀ ਕਾਰਵਾਈ ਕਰਨ ਦੇ ਦੋਸ਼ ਸਮੇਤ 10 ਦੋਸ਼ ਦਾਇਰ ਕੀਤੇ ਗਏ ਹਨ। ਐਫ਼. ਬੀ. ਆਈ. ਏਜੰਟਾਂ ਨੇ ਉਸ ਦੇ ਘਰ ਵਿਚੋਂ ਮਸ਼ੀਨ ਗੰਨਾਂ ਸਮੇਤ 120 ਹੱਥਿਆਰ ਬਰਾਮਦ ਕੀਤੇ ਹਨ। ਕੈਲੀ ਦੇ ਵਕੀਲ ਨੇ ਇਸ ਬਰਾਮਦਗੀ ਉੱਪਰ ਕੋਈ ਪ੍ਰਤੀਕਰਮ ਦੇਣ ਤੋਂ ਨਾਂਹ ਕਰ ਦਿੱਤੀ ਹੈ। ਦੂਸਰੇ ਮਾਮਲੇ ਵਿੱਚ ਕੈਲੀਫ਼ੋਰਨੀਆ ਦੇ ਨਾਥਨੀਲ ਜੇਮਜ ਮੈਕਗੁਰੇ (20) ਜੋ ਸਾਂਤਾ ਮਾਰੀਆ ਦਾ ਵਸਨੀਕ ਹੈ, ਵਿਰੁੱਧ ਸਾਂਤਾ ਬਰਬਰਾ ਅਦਾਲਤ ਵਿੱਚ ਧਮਾਕਾ ਕਰਨ ਜਿਸ ਵਿੱਚ 5 ਵਿਅਕਤੀ ਜ਼ਖਮੀ ਹੋ ਗਏ ਸਨ, ਵਿਰੁੱਧ ਅਪਰਾਧਕ ਦੋਸ਼ ਦਾਇਰ ਕੀਤੇ ਗਏ ਹਨ। ਅਦਾਲਤੀ ਦਸਤਾਵੇਜ਼ ਅਨੁਸਾਰ ਉਸ ਨੂੰ ਇੱਕ ਸ਼ਾਟਗੰਨ, ਇੱਕ ਰਾਈਫ਼ਲ ਤੇ ਗੋਲੀ ਸਿੱਕੇ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਸੀ। ਜਦੋਂ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਤਾਂ ਉਸ ਨੇ ਅਮਰੀਕੀਆਂ ਨੂੰ ਬਗਾਵਤ ਕਰਨ ਦਾ ਸੱਦਾ ਦਿੱਤਾ ਸੀ। ਕੋਲੋਰਾਡੋ ਵਿੱਚ ਟੀਕ ਬਰਾਕਬੈਂਕ (45) ਵਾਸੀ ਕੋਰਟਜ਼ ਨੇ ਚੋਣ ਅਧਿਕਾਰੀਆਂ ਨੂੰ ਧਮਕੀਆਂ ਦੇਣ ਦੇ ਦੋਸ਼ ਸਵੀਕਾਰ ਕਰ ਲਏ ਹਨ। ਇਸੇ ਤਰ੍ਹਾਂ ਅਲਾਬਾਮਾ ਵਿੱਚ ਬਰੀਅਨ ਜੈਰੀ ਓਗਸਟਡ (60) ਵਾਸੀ ਗੁਲਮੈਨ ਨੂੰ ਮੈਰੀਕੋਪਾ ਕਾਊਂਟੀ ਐਰੀਜ਼ੋਨਾ ਵਿੱਚ ਚੋਣ ਵਰਕਰਾਂ ਨੂੰ ਡਰਾਉਣ ਧਮਕਾਉਣ ਦੇ ਸੁਨੇਹੇ ਭੇਜਣ ਦੇ ਦੋਸ਼ਾਂ ਤਹਿਤ 30 ਮਹੀਨੇ ਦੀ ਕੈਦ ਦੀ ਸਜ਼ਾ

ਸੁਣਾਈ ਗਈ ਹੈ। ਫ਼ਲੋਰਿਡਾ ਵਿੱਚ ਰਿਚਰਡ ਗਲੈਨ ਕਾਂਤਵਿਲ (61) ਟੈਂਪਾ ਵਾਸੀ ਨੂੰ ਇੱਕ ਚੋਣ ਅਧਿਕਾਰੀ ਨੂੰ ਕਥਿਤ ਤੌਰ 'ਤੇ ਤੰਗ-ਪ੍ਰੇਸ਼ਾਨ ਕਰਨ ਦੇ ਮਾਮਲੇ ਵਿੱਚ ਅੰਤਰ ਰਾਜ ਧਮਕੀ ਦੇਣ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪਵੇਗਾ। ਪੈਨਸਿਲਵਾਨੀਆ ਵਿੱਚ ਜੌਹਨ ਪੋਲਾਰਡ (62) ਵਾਸੀ ਫ਼ਿਲਾਡੈਲਫ਼ੀਆ ਵਿਰੁੱਧ ਇੱਕ ਰਾਜਸੀ ਪਾਰਟੀ ਦੇ ਪ੍ਰਤੀਨਿਧ ਜਿਸ ਨੇ ਚੋਣ ਦਰਸ਼ਕਾਂ ਦੀ ਭਰਤੀ ਕੀਤੀ ਸੀ, ਨੂੰ ਕਥਿਤ ਤੌਰ 'ਤੇ ਮਾਰ ਦੇਣ ਦੀ ਧਮਕੀ ਦੇਣ ਦੇ ਦੋਸ਼ ਦਾਇਰ ਕੀਤੇ ਗਏ ਹਨ।

# ਗੁਰਚਰਨ ਸਿੰਘ ਟੌਹੜਾ ਢਾਈ ਦਹਾਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਰਹੇ

## ਮਾਸਟਰ ਤਾਰਾ ਸਿੰਘ 16 ਸਾਲ, ਅਵਤਾਰ ਸਿੰਘ ਮੱਕੜ 11 ਸਾਲ ਅਤੇ ਸੰਤ ਚੰਨਣ ਸਿੰਘ 10 ਸਾਲ ਪ੍ਰਧਾਨ ਰਹੇ

### ਗੋਪਾਲ ਸਿੰਘ ਕੌਮੀ ਰਹੇ ਸਿਰਫ਼ ਇੱਕ ਦਿਨ ਪ੍ਰਧਾਨ

ਪਟਿਆਲਾ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਚੋਣ ਮੌਕੇ ਪਟਿਆਲਾ ਵੀ ਕੇਂਦਰ ਬਿੰਦੂ ਬਣਦਾ ਰਿਹਾ ਹੈ। ਪ੍ਰਧਾਨਗੀ ਦੇ ਇਸ ਵੱਕਾਰੀ ਅਹੁਦੇ ’ਤੇ ਸਭ ਤੋਂ ਵੱਧ ਸਮਾਂ (ਢਾਈ ਦਹਾਕੇ) ਇੱਥੋਂ ਦੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਹੀ ਕਾਬਜ਼ ਰਹੇ ਹਨ। 6 ਜਨਵਰੀ 1973 ਨੂੰ ਪਹਿਲੀ ਵਾਰ ਪ੍ਰਧਾਨ ਬਣੇ ਟੌਹੜਾ 23 ਮਾਰਚ 1986 ਤੱਕ ਲਗਾਤਾਰ 13 ਸਾਲ ਕਾਬਜ਼ ਰਹੇ। ਉਂਝ 31 ਮਾਰਚ 2004 ਨੂੰ ਆਖਰੀ ਸਾਹ ਵੀ ਪ੍ਰਧਾਨ ਵਜੋਂ ਹੀ ਲਿਆ। ਗੋਪਾਲ ਸਿੰਘ ਕੌਮੀ ਅਜਿਹੇ ਸ਼ਖ਼ਸ ਰਹੇ ਹਨ ਜੋ ਕੇਵਲ ਇੱਕ ਦਿਨ (17 ਜੂਨ 1933) ਪ੍ਰਧਾਨ ਰਹੇ।



ਜ਼ਿਕਰਯੋਗ ਹੈ ਕਿ ਗੁਰਚਰਨ ਸਿੰਘ ਟੌਹੜਾ 1960 ਤੋਂ 2004 ਤੱਕ 44 ਸਾਲ ਮੈਂਬਰ ਰਹੇ। ਪ੍ਰਧਾਨਗੀ ਉਨ੍ਹਾਂ ਨੂੰ ਪਹਿਲੀ ਵਾਰ 6 ਜਨਵਰੀ 1973 ਨੂੰ ਮਿਲੀ ਤੇ ਉਹ 23 ਮਾਰਚ 1986 ਤੱਕ ਲਗਾਤਾਰ 13 ਸਾਲ ਪ੍ਰਧਾਨ ਰਹੇ। ਫਿਰ ਭਾਵੇਂ ਕਾਬਲ ਸਿੰਘ ਨੂੰ ਪ੍ਰਧਾਨ ਬਣਾ ਦਿੱਤਾ ਗਿਆ ਪਰ ਨਵੰਬਰ 1986 ’ਚ ਸੱਤ ਮਹੀਨਿਆਂ ਮਗਰੋਂ ਹੀ ਪ੍ਰਧਾਨਗੀ ਮੁੜ ਟੌਹੜਾ ਕੋਲ ਆ ਗਈ ਤੇ ਉਹ 28 ਨਵੰਬਰ 1990 ਤੱਕ ਚਾਰ ਸਾਲ ਫੇਰ ਪ੍ਰਧਾਨ ਰਹੇ। ਇਸ ਮਗਰੋਂ ਬਲਦੇਵ ਸਿੰਘ ਸਿਬੀਆ ਪ੍ਰਧਾਨ ਬਣ ਗਏ ਪਰ ਸਾਲ ਮਗਰੋਂ ਆਈ ਅਗਲੀ ਹੀ ਚੋਣ ’ਚ ਨਵੰਬਰ 1991 ’ਚ ਸ੍ਰੀ ਟੌਹੜਾ ਨੂੰ ਹੀ ਮੁੜ ਪ੍ਰਧਾਨ ਬਣਾਉਣਾ ਪਿਆ ਤੇ ਇਸ ਵਾਰ ਉਹ ਅਕਤੂਬਰ 1996 ਤੱਕ ਪੰਜ ਸਾਲ ਪ੍ਰਧਾਨਗੀ ’ਤੇ ਕਾਬਜ਼ ਰਹੇ।

ਕਾਬਿਲੇਗੌਰ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੀ ਫੁੱਟ ਦੌਰਾਨ 1999 ਵਿੱਚ ਬਾਦਲ ਧੜੇ ਨੇ ਉਨ੍ਹਾਂ ਨੂੰ ਪ੍ਰਧਾਨਗੀ ਤੋਂ ਹਟਾ ਦਿੱਤਾ ਸੀ ਤੇ ਬਾਦਲ ਦਲ ਦੇ ਉਮੀਦਵਾਰ ਵਜੋਂ ਬੀਬੀ ਜਗੀਰ ਕੌਰ ਪਹਿਲੇ ਮਹਿਲਾ ਪ੍ਰਧਾਨ ਬਣੇ ਤੇ ਉਹ ਨਵੰਬਰ 2000 ਤੱਕ 19 ਮਹੀਨੇ ਪ੍ਰਧਾਨ ਰਹੇ। ਉਂਝ ਸ੍ਰੀ ਟੌਹੜਾ ਦੀ ਗੈਰਮੌਜੂਦਗੀ ’ਚ ਨਵੰਬਰ 2001 ਤੱਕ ਇੱਕ ਸਾਲ ਲਈ ਜਗਦੇਵ ਸਿੰਘ ਤਲਵੰਡੀ ਨੂੰ ਵੀ ਪ੍ਰਧਾਨਗੀ ਕਰਨ ਦਾ ਮੌਕਾ ਮਿਲਿਆ। ਫਿਰ 27 ਨਵੰਬਰ 2001 ਅਤੇ 2002 ’ਚ ਦੋ ਵਾਰ ਪ੍ਰੋ. ਕਿਰਪਾਲ ਸਿੰਘ ਬਡੂੰਗਰ ਪ੍ਰਧਾਨ ਬਣਦੇ ਰਹੇ ਪਰ ਉਨ੍ਹਾਂ ਰਾਹੀਂ ਪ੍ਰਧਾਨਗੀ ਅਜਿਹੀ ਪਟਿਆਲੇ ਆਈ ਕਿ ਟੌਹੜਾ ਨੇ ਵਾਪਸ ਨਾ ਪਰਤਣ ਦਿੱਤੀ। ਕਿਉਂਕਿ ਬਾਦਲ-ਟੌਹੜਾ ’ਚ ਸਮਝੌਤੇ ਦੇ ਤਹਿਤ ਪੰਥਕ ਏਕਤਾ ਲਈ ਤਿਆਗ ਕਰਦਿਆਂ ਪ੍ਰੋ. ਬਡੂੰਗਰ ਨੇ 20 ਜੁਲਾਈ 2003 ਨੂੰ ਅਸਤੀਫ਼ਾ ਦੇ ਦਿੱਤਾ ਜਿਨ੍ਹਾਂ ਦੀ ਥਾਂ ਸ੍ਰੀ ਟੌਹੜਾ ਨੂੰ ਮੁੜ ਪ੍ਰਧਾਨ ਚੁਣ ਲਿਆ ਗਿਆ। ਇਹ ਉਨ੍ਹਾਂ ਲਈ ਆਖਰੀ ਗੇੜ ਦੀ ਪ੍ਰਧਾਨਗੀ ਸਾਬਤ ਹੋਈ ਕਿਉਂਕਿ ਅੱਠ ਮਹੀਨਿਆਂ ਮਗਰੋਂ 31 ਮਾਰਚ 2004 ਦੀ ਰਾਤ ਨੂੰ ਪੰਥ ਦੀ ਮਹਾਨ ਸ਼ਖਸੀਅਤ ਟੌਹੜਾ ਦਾ ਦੇਹਾਂਤ ਹੋ ਗਿਆ। ਹੁਣ ਉਨ੍ਹਾਂ ਧੀ ਬੀਬੀ ਕੁਲਦੀਪ ਕੌਰ ਟੌਹੜਾ ਵੀ ਡਕਾਲਾ ਤੋਂ ਮੈਂਬਰ ਹਨ ਪਰ ਟੌਹੜਾ ਦੇ ਹਲਕੇ ਭਾਦਸੋਂ ਤੋਂ ਉਨ੍ਹਾਂ ਦੇ ਕਰੀਬੀ ਰਹੇ ਸਤਵਿੰਦਰ ਸਿੰਘ ਟੌਹੜਾ 2004 ਤੋਂ ਮੈਂਬਰ ਚੱਲੇ ਆ ਰਹੇ ਹਨ।

ਮਾਸਟਰ ਤਾਰਾ ਸਿੰਘ 16 ਸਾਲ ਪ੍ਰਧਾਨਗੀ ’ਤੇ ਰਹੇ ਕਾਬਜ਼


ਸ਼੍ਰੋਮਣੀ ਕਮੇਟੀ ਦਾ ਵੱਧ ਸਮਾਂ ਪ੍ਰਧਾਨ ਰਹਿਣ ਵਾਲਿਆਂ ’ਚੋਂ ਮਾਸਟਰ ਤਾਰਾ ਸਿੰਘ 16 ਸਾਲ, ਅਵਤਾਰ ਸਿੰਘ ਮੱਕੜ 11 ਸਾਲ ਅਤੇ ਸੰਤ ਚੰਨਣ ਸਿੰਘ 10 ਸਾਲ ਪ੍ਰਧਾਨ ਰਹੇ ਹਨ। ਪਹਿਲੇ ਪ੍ਰਧਾਨ ਸੁੰਦਰ ਸਿੰਘ ਮਜੀਠੀਆ ਬਣੇ ਪਰ ਕਮੇਟੀ ਦਾ ਐਕਟ ਬਣਨ ਮਗਰੋਂ ਪਲੇਠੀ ਪ੍ਰਧਾਨਗੀ ਬਾਬਾ ਖੜਕ ਸਿੰਘ ਦੇ ਹਿੱਸੇ ਆਈ ਸੀ।

# ਸਾਬਕਾ ਪੁਲਿਸ ਅਫ਼ਸਰ ਸੈਣੀ ਮਾਮਲੇ ਵਿੱਚ ਹਾਈਕੋਰਟ ਦਾ ਪੰਜਾਬ ਸਰਕਾਰ ਨੂੰ ਨੋਟਿਸ

## ਸੈਣੀ ਨੂੰ ਹੈ ਗ੍ਰਿਫ਼ਤਾਰ ਹੋਣ ਦਾ ਡਰ

ਚੰਡੀਗੜ੍ਹ/ਏ.ਟੀ.ਨਿਊਜ਼: 30 ਸਾਲ ਪੁਰਾਣੇ ਕੇਸ ਵਿੱਚ ਸਾਬਕਾ ਡੀ.ਜੀ.ਪੀ. ਸੁਮੇਧ ਸਿੰਘ ਸੈਣੀ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਦਾ ਦਰਵਾਜ਼ਾ ਖੜਕਾਇਆ ਹੈ। ਇਸ ਮਾਮਲੇ ਵਿੱਚ ਸੈਣੀ ਨੇ ਦਲੀਲ ਦਿੰਦਿਆਂ ਕਿਹਾ ਕਿ ਉਸ ਨੂੰ ਸਿਆਸੀ ਕਾਰਨਾਂ ਕਰਕੇ ਤੰਗ ਪਰੇਸ਼ਾਨ ਕੀਤਾ ਜਾ ਰਿਹਾ ਹੈ। ਪੁਲਿਸ ਉਸ ਨੂੰ ਹਰ ਕੀਮਤ ’ਤੇ ਗ੍ਰਿਫ਼ਤਾਰ ਕਰਨਾ ਚਾਹੁੰਦੀ ਹੈ। ਸਿਰਫ਼ ਤੇ ਸਿਰਫ਼ ਉਨ੍ਹਾਂ ਨੂੰ ਸਿਆਸਤ ਨੂੰ ਲੈ ਕੇ ਤੰਗ ਕੀਤਾ ਜਾ ਰਿਹਾ ਹੈ।

ਇਸੇ ਲਈ 1991 ਦੇ ਕੇਸ ਵਿੱਚ ਤੀਹ ਸਾਲ ਦੀ ਦੇਰੀ ਤੋਂ ਬਾਅਦ 2020 ਵਿੱਚ ਕੇਸ ਦਰਜ ਕੀਤਾ ਗਿਆ ਸੀ। ਉਸ ਨੇ ਐਫ਼.ਆਈ.ਆਰ. ਦਰਜ ਕਰਨ ਦੀ ਮੰਗ ਕੀਤੀ ਹੈ। ਅਦਾਲਤ ਨੇ ਹੁਣ ਇਸ ਮਾਮਲੇ ਵਿੱਚ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ। ਮਾਮਲੇ ਦੀ ਅਗਲੀ ਸੁਣਵਾਈ 25 ਨਵੰਬਰ ਲਈ ਤੈਅ ਕੀਤੀ ਗਈ ਹੈ।



ਕੀ ਹੈ ਪੂਰਾ ਮਾਮਲਾ ?

ਬਲਵੰਤ ਸਿੰਘ ਮੁਲਤਾਨੀ ਦੇ ਭਰਾ ਪਲਵਿੰਦਰ ਸਿੰਘ ਮੁਲਤਾਨੀ ਵਲੋਂ ਕੀਤੀ ਗਈ ਸ਼ਿਕਾਇਤ ਅਨੁਸਾਰ, ਉਨ੍ਹਾਂ ਨੂੰ 11 ਦਸੰਬਰ 1991 ਨੂੰ ਤੜਕੇ 4 ਵਜੇ ਦੇ ਕਰੀਬ ਉਨ੍ਹਾਂ ਦੇ ਮੋਹਾਲੀ ਸਥਿਤ ਆਵਾਸ ਤੋਂ ਪੁਲਿਸ ਨੇ ਹਿਰਾਸਤ ਵਿੱਚ ਲਿਆ ਗਿਆ ਸੀ। ਉਸ ਵੇਲੇ ਕੁਝ ਹੋਰ ਲੋਕਾਂ ਨੂੰ ਵੀ ਹਿਰਾਸਤ ਵਿੱਚ ਲਿਆ ਗਿਆ ਸੀ। ਸ਼ਿਕਾਇਤ ਮੁਤਾਬਕ ਇਲਜ਼ਾਮ ਹੈ ਕਿ ਚੰਡੀਗੜ੍ਹ ਪੁਲਿਸ ਨੇ ਦੋ ਦਿਨ ਟਾਰਚਰ ਕਰਨ ਤੋਂ ਬਾਅਦ 13 ਦਸੰਬਰ ਨੂੰ ਐੱਫ.ਆਈ.ਆਰ. ਦਰਜ ਕਰ ਲਈ ਸੀ, ਜਿਸ ਵਿੱਚ ਉਸ ਵੇਲੇ ਦੇ ਚੰਡੀਗੜ੍ਹ ਦੇ ਐੱਸ.ਐੱਸ.ਪੀ. ਸੁਮੇਧ ਸਿੰਘ ਸੈਣੀ ’ਤੇ ਹੋਏ ਹਮਲੇ ਵਿੱਚ ਉਸ ਦਾ ਹੱਥ ਦੱਸਿਆ ਗਿਆ ਸੀ।

ਚੰਡੀਗੜ੍ਹ ਪੁਲਿਸ ਦੀ ਹਿਰਾਸਤ ਵਿੱਚ ਕੁਲ 7 ਦਿਨਾਂ ਤੱਕ ਟਾਰਚਰ ਕਰਨ ਤੋਂ ਬਾਅਦ ਬਲਵੰਤ ਨੂੰ ਕਾਦੀਆਂ (ਗੁਰਦਾਸਪੁਰ) ਥਾਣੇ ਲੈ ਜਾਇਆ ਗਿਆ ਅਤੇ ਉੱਥੇ ਉਸ ਨੂੰ ਫ਼ਰਾਰ ਘੋਸ਼ਿਤ ਕਰਕੇ ਉਸ ਖ਼ਿਲਾਫ਼ ਇੱਕ ਹੋਰ ਐਫ਼.ਆਈ.ਆਰ. ਦਰਜ ਕੀਤੀ ਗਈ ਸੀ।

ਦਸੰਬਰ 1991 ਵਿੱਚ ਬਲਵੰਤ ਦੇ ਪਿਤਾ ਅਤੇ ਆਈ.ਏ.ਐੱਸ. ਅਫ਼ਸਰ ਦਰਸ਼ਨ ਸਿੰਘ ਮੁਲਤਾਨੀ ਨੇ ਹਾਈਕੋਰਟ ਵਿੱਚ ਪਟੀਸ਼ਨ ਦਾਇਰ ਕਰਦਿਆਂ ਉਨ੍ਹਾਂ ਦੇ ਬੇਟੇ ਬਲਵੰਤ ਨੂੰ ਅਦਾਲਤ ਵਿੱਚ ਪੁਲਿਸ ਵਲੋਂ ਪੇਸ਼ ਕਰਾਉਣ ਲਈ ਕਿਹਾ।

ਪਰ ਅਦਾਲਤ ਨੇ ਇਸ ਦਾਅਵੇ ਦੇ ਆਧਾਰ ’ਤੇ ਪਟੀਸ਼ਨ ਖਾਰਿਜ ਕਰ ਦਿੱਤੀ ਕਿ ਬਲਵੰਤ ਪੁਲਿਸ ਹਿਰਾਸਤ ਤੋਂ ਭੱਜ ਗਿਆ ਸੀ ਅਤੇ ਉਸ ਦੇ ਠਿਕਾਨੇ ਬਾਰੇ ਹੁਣ ਕਿਸੇ ਨੂੰ ਨਹੀਂ ਪਤਾ। ਪਰਿਵਾਰ ਦਾ ਕਹਿਣਾ ਸੀ ਕਿ ਬਲਵੰਤ ਦੀ ਪੁਲਿਸ ਤਸ਼ੱਦਦ ਦੌਰਾਨ ਮੌਤ ਹੋਈ ਹੈ। ਹਾਈਕੋਰਟ ਦੇ ਹੁਕਮਾਂ ਤੋਂ ਬਾਅਦ ਸਾਲ 2007 ਵਿੱਚ ਇਹ ਕੇਸ ਸੀ.ਬੀ.ਆਈ. ਨੂੰ ਸੌਂਪ ਦਿੱਤਾ ਗਿਆ। 2008 ਵਿੱਚ ਸੀ.ਬੀ.ਆਈ. ਨੇ ਸੁਪਰੀਮ ਕੋਰਟ ’ਚ ਆਪਣਾ ਹਲਫ਼ਨਾਮਾ ਸੌਂਪਿਆ ।

ਸੁਪਰੀਮ ਕੋਰਟ ਵਿੱਚ ਉਸ ਵੇਲੇ ਦੀ ਅਕਾਲੀ ਸਰਕਾਰ ਨੇ ਸੈਣੀ ਦੇ ਹੱਕ ਵਿੱਚ ਆਪਣਾ ਪੱਖ ਰਖਦਿਆਂ ਕਿਹਾ ਕਿ ਸੈਣੀ ਵਰਗੇ ਇਮਾਨਦਾਰ ਪੁਲਿਸ ਅਧਿਕਾਰੀ ਨੇ ਪੰਜਾਬ ਤੋਂ ਖਾੜਕੂਵਾਦ ਖ਼ਤਮ ਕਰਨ ਦੀ ਹਮੇਸ਼ਾ ਕੋਸ਼ਿਸ਼ ਕੀਤੀ ਹੈ।

ਦਸੰਬਰ 2011 ਵਿੱਚ ਸੁਪਰੀਮ ਕੋਰਟ ਨੇ ਸੂਬਾ ਸਰਕਾਰ ਦੀ ਅਪੀਲ ਨੂੰ ਮੰਜ਼ੂਰੀ ਦਿੱਤੀ ਅਤੇ ਹਾਈਕੋਰਟ ਦੇ ਆਦੇਸ਼ਾਂ ਨੂੰ (ਬਾਕੀ ਸਫ਼ਾ 30 ’ਤੇ)

# ਫ਼ੌਜ ਨੇ ਰਾਜੌਰੀ ’ਚ ਬਾਬਾ ਬੰਦਾ ਸਿੰਘ ਬਹਾਦਰ ਦਾ ਬੁੱਤ ਸਥਾਪਤ ਕੀਤਾ

## ‘ਬਾਬਾ ਬੰਦਾ ਸਿੰਘ ਬਹਾਦਰ ਮੋੜ’ ਦੇ ਨਾਂ ਨਾਲ ਜਾਣਿਆ ਜਾਵੇਗਾ ਨਾਰੀਆਂ ’ਚ ਸਥਿਤ ਸਥਾਨ




ਜੰਮੂ/ਏ.ਟੀ.ਨਿਊਜ਼ : ਭਾਰਤੀ ਫੌਜ ਨੇ ਰਾਜੌਰੀ ਜ਼ਿਲ੍ਹੇ ’ਚ ਜੰਮੂ-ਪੁੰਛ ਨੈਸ਼ਨਲ ਹਾਈਵੇ ’ਤੇ ਨਾਰੀਆਂ ਵਿਖੇ ਮਹਾਨ ਸਿੱਖ ਯੋਧੇ ਬਾਬਾ ਬੰਦਾ ਸਿੰਘ ਬਹਾਦਰ ਦੀ 355ਵੀਂ ਜਯੰਤੀ ਨੂੰ ਮਨਾਉਂਦਿਆਂ ਉਨ੍ਹਾਂ ਦੇ ਬੁੱਤ ਦਾ ਉਦਘਾਟਨ ਕੀਤਾ। 25 ਇਨਫੈਂਟਰੀ ਡਿਵੀਜ਼ਨ ਦੇ ਜਨਰਲ ਅਫਸਰ ਕਮਾਂਡਿੰਗ ਮੇਜਰ ਜਨਰਲ ਗੌਰਵ ਰਿਸ਼ੀ ਨੇ ਇਸ ਬੁੱਤ ਦਾ ਉਦਘਾਟਨ ਇਨਫੈਂਟਰੀ ਦਿਵਸ ਦੇ ਮੌਕੇ ’ਤੇ ਕੀਤਾ। ਉਦਘਾਟਨ ਤੋਂ ਬਾਅਦ ਰੱਖਿਆ ਬੁਲਾਰੇ ਨੇ ਕਿਹਾ ਕਿ ਇਸ ਸਥਾਨ ਨੂੰ ‘ਬਾਬਾ ਬੰਦਾ ਸਿੰਘ ਬਹਾਦਰ ਮੋੜ’ ਦੇ ਨਾਂ ਨਾਲ ਜਾਣਿਆ ਜਾਵੇਗਾ। ਉਨ੍ਹਾਂ ਕਿਹਾ ਕਿ ਬਹਾਦਰ ਇਕ ਮਹਾਨ ਯੋਧੇ ਹੋਣ ਦੇ ਨਾਤੇ ਰਾਜੌਰੀ ਦੇ ਲੋਕਾਂ ਨੂੰ ਪ੍ਰੇਰਿਤ ਕਰਦੇ ਰਹਿਣਗੇ ਅਤੇ ਹਾਈਵੇਅ ’ਤੇ ਚੱਲਣ ਵਾਲੇ ਨਾਗਰਿਕਾਂ ਅਤੇ ਸਥਾਨਕ ਲੋਕਾਂ ਵਿਚ ਮਾਣ ਦੀ ਭਾਵਨਾ ਪੈਦਾ ਕਰਨਗੇ। 27 ਅਕਤੂਬਰ, 1670 ਨੂੰ ਰਾਜੌਰੀ ’ਚ ਰਾਮਦੇਵ ਦੇ ਇਕ ਕਿਸਾਨ ਪਰਿਵਾਰ ’ਚ ਲਕਸ਼ਮਣ ਦੇਵ ਮਨਹਾਸ ਵਜੋਂ ਜਨਮੇ ਬਹਾਦੁਰ ਨੇ ਪੰਦਰਾਂ ਸਾਲ ਦੀ ਉਮਰ ’ਚ ਇਕ ਤਪੱਸਵੀ ਬਣਨ ਲਈ ਘਰ ਛੱਡ ਦਿਤਾ ਅਤੇ ਮਾਧਵ ਦਾਸ ਬੈਰਾਗੀ ਵਜੋਂ ਜਾਣੇ ਜਾਣ ਲੱਗੇ।

# ਹਰੇਕ ਭਾਈਚਾਰੇ ਨੂੰ ਆਪਣੇ ਜੀਵਨ ਵਿੱਚ ਸ.ਫਲ ਹੋਣ ਦੇ ਮੌਕੇ ਦਿੰਦਾ ਹੈ ਅਮਰੀਕਾ ਦਾ ਲੋਕਤੰਤਰ : ਬਾਇਡੇਨ

## ਵ੍ਹਾਈਟ ਹਾਊਸ ਵਿਖੇ ਦਿਵਾਲੀ ਦਾ ਤਿਉਹਾਰ ਮਨਾਇਆ ਗਿਆ

ਵਾਸ਼ਿਗਟਨ/ਏ.ਟੀ.ਨਿਊਜ਼: ਵ੍ਹਾਈਟ ਹਾਊਸ ਵਿਖੇ ਦਿਵਾਲੀ ਦਾ ਤਿਉਹਾਰ ਸ਼ਾਨੋ-ਸ਼ੌਕਤ ਨਾਲ ਮਨਾਇਆ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡੇਨ ਨੇ ਕਿਹਾ ਕਿ ਅਮਰੀਕਾ ਦਾ ਲੋਕਤੰਤਰ ਹਰੇਕ ਭਾਈਚਾਰੇ ਨੂੰ ਆਪਣੇ ਜੀਵਨ ਵਿੱਚ ਸਫ਼ਲ ਹੋਣ ਦੇ ਮੌਕੇ ਦਿੰਦਾ ਹੈ। ਉਹਨਾਂ ਦੇਸ਼ ਦੇ ਵਿਕਾਸ ਅਤੇ ਆਰਥਿਕਤਾ ਨੂੰ ਮਜ਼ਬੂਤ ਕਰਨ ਵਿੱਚ ਕਿਸਾਨਾਂ ਦੇ ਯੋਗਦਾਨ ਦਾ ਹਵਾਲਾ ਦਿੱਤਾ ਅਤੇ ਕਿਹਾ ਕਿ ਹਰ ਸਰਕਾਰ ਨੂੰ ਕਿਸਾਨਾਂ ਦਾ ਸਨਮਾਨ ਕਰਨਾ ਚਾਹੀਦਾ ਹੈ। ਕੌਮ ਲਈ ਉਨ੍ਹਾਂ ਦਾ



ਯੋਗਦਾਨ ਹਮੇਸ਼ਾ ਬਹੁਮੁੱਲਾ ਰਿਹਾ ਹੈ। ਜੋਅ ਬਾਇਡੇਨ ਨੇ ਸਾਰੇ ਭਾਈਚਾਰਿਆਂ ਵਿੱਚ ਤਿਉਹਾਰ ਦੀ ਮਹੱਤਤਾ ਦੀ ਪੁਸ਼ਟੀ ਕਰਦੇ ਹੋਏ, ਸਾਰਿਆਂ ਨੂੰ ਦਿਵਾਲੀ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ। ਬਾਇਡੇਨ ਨੇ ਉਪ-ਰਾਸ਼ਟਰਪਤੀ ਕਮਲਾ ਹੈਰਿਸ ਲਈ ਉੱਚ ਸਤਿਕਾਰ ਦਾ ਪ੍ਰਗਟਾਵਾ ਕੀਤਾ, ਉਸ ਦੀ ਬੁੱਧੀ, ਉਤਸ਼ਾਹ ਅਤੇ ਸਾਰੇ ਭਾਈਚਾਰਿਆਂ ਦੀ ਸੇਵਾ ਕਰਨ ਦੀ ਵਚਨਬੱਧਤਾ ਦੇ ਕਾਰਨ ਉਸ ਨੂੰ ‘ਅਮਰੀਕੀ ਰਾਸ਼ਟਰਪਤੀ ਦੇ ਅਹੁਦੇ



ਲਈ ਚੋਟੀ ਦੀ ਚੋਣ’ ਦੱਸਿਆ।

ਇਸ ਮੌਕੇ ਸੰਯੁਕਤ ਰਾਜ ਅਮਰੀਕਾ ਭਰ ਤੋਂ 500 ਤੋਂ ਵੱਧ ਮਹਿਮਾਨ, ਸੈਨੇਟਰ, ਕਾਂਗਰਸਮੈਨ ਅਤੇ ਪ੍ਰਸਿੱਧ ਸ਼ਖਸੀਅਤਾਂ ਸ਼ਾਮਲ ਸਨ।

(ਬਾਕੀ ਸਫ਼ਾ 30 ’ਤੇ)

# ਇਰਾਨ- ਇਜ਼ਰਾਇਲ ਵਿੱਚ ਛਿੜ ਸਕਦੈ ਮਹਾਂਸੰਗਰਾਮ

## ਅਮਰੀਕਾ ਦੀ ਚਿਤਾਵਨੀ ਦੇ ਬਾਵਜੂਦ ਇਰਾਨ ਇਜ਼ਰਾਇਲ ਉੱਪਰ ਹਮਲੇ ਲਈ ਉਤਾਰੂ



ਇਰਾਨ ’ਤੇ ਇਜ਼ਰਾਇਲ ਦੇ ਹਮਲੇ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਵਿਵਾਦ ਇੱਕ ਵਾਰ ਫ਼ਿਰ ਵਧ ਗਿਆ ਹੈ। ਇਜ਼ਰਾਇਲ ਨੇ 25 ਅਕਤੂਬਰ ਨੂੰ ਕਈ ਇਰਾਨੀ ਫ਼ੌਜੀ ਟਿਕਾਣਿਆਂ ਤੇ ਮਿਜ਼ਾਈਲ ਨਿਰਮਾਣ ਕੇਂਦਰਾਂ ਨੂੰ ਨਿਸ਼ਾਨਾ ਬਣਾਇਆ ਸੀ। ਇਸ ਦੇ ਕਈ ਠਿਕਾਣਿਆਂ ਨੂੰ ਤਬਾਹ ਕਰ ਦਿੱਤਾ ਸੀ। ਇਰਾਨ ਦੀ ਰਾਜਧਾਨੀ ਦੇ ਦੱਖਣ-ਪੂਰਬ ਵਿੱਚ ਇੱਕ ਗੁਪਤ ਫ਼ੌਜੀ ਅੱਡੇ ਨੂੰ ਵੀ ਨਿਸ਼ਾਨਾ ਬਣਾਇਆ ਸੀ। ਇਜ਼ਰਾਇਲੀ ਸੂਤਰਾਂ ਨੇ ਇਹ ਵੀ ਕਿਹਾ ਕਿ ਚਾਰ ਐਸ-300 ਏਅਰ ਡਿਫ਼ੈਂਸ ਬੈਟਰੀਆਂ, ਜੋ ਰਣਨੀਤਕ ਸਥਾਨਾਂ ’ਤੇ ਸਨ, ’ਤੇ ਹਮਲਾ ਕੀਤਾ ਗਿਆ ਸੀ।ਦੂਜੇ ਪਾਸੇ, ਇਰਾਨ ਦੀ ਫ਼ੌਜ ਨੇ ਕਿਹਾ ਕਿ ਇਜ਼ਰਾਇਲ ਦੇ ਲੜਾਕੂ ਜਹਾਜ਼ਾਂ ਨੇ ਇਲਾਮ, ਖੁਜ਼ੇਸਤਾਨ ਤੇ ਤਹਿਰਾਨ ਦੇ ਆਲੇ-ਦੁਆਲੇ ਦੇ ਪ੍ਰਾਂਤਾਂ ਵਿੱਚ ਸਰਹੱਦੀ ਰਾਡਾਰ ਪ੍ਰਣਾਲੀਆਂ ’ਤੇ ਹਮਲਾ ਕਰਨ ਲਈ ‘ਬਹੁਤ ਹਲਕੇ ਹਥਿਆਰਾਂ’ ਦੀ ਵਰਤੋਂ ਕੀਤੀ, ਜਿਸ ਨਾਲ ਜ਼ਿਆਦਾ ਨੁਕਸਾਨ ਨਹੀਂ ਹੋਇਆ।

ਦੂਜੇ ਪਾਸੇ ਇਜ਼ਰਾਇਲੀ ਹਵਾਈ ਹਮਲੇ ਤੋਂ ਬਾਅਦ ਕੁਝ ਸੈਟੇਲਾਈਟ ਤਸਵੀਰਾਂ ਵੀ ਸਾਹਮਣੇ ਆਈਆਂ ਹਨ। ਇੱਕ ਅਮਰੀਕੀ ਖੋਜਕਰਤਾ ਨੇ ਕਿਹਾ ਸੀ ਕਿ ਹਮਲੇ ਵਿੱਚ ਇਰਾਨ ਦੀ ਇਮਾਰਤ ਨੂੰ ਨਿਸ਼ਾਨਾ ਬਣਾਇਆ ਗਿਆ ਸੀ ਜੋ ਕਿ ਉਸਦੇ ਪ੍ਰਮਾਣੂ ਹਥਿਆਰਾਂ ਦੇ ਵਿਕਾਸ ਪ੍ਰੋਗਰਾਮ ਦਾ ਹਿੱਸਾ ਸੀ।ਦੂਸਰੇ ਰਿਸਰਚਰ ਨੇ ਦੱਸਿਆ ਕਿ ਉਨ੍ਹਾਂ ਇਮਾਰਤਾਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਜਿੱਥੇ ਇਰਾਨ ਬੈਲਿਸਟਿਕ ਮਿਜ਼ਾਈਲਾਂ ਲਈ ਸੌਲਿਡ ਫ਼ਿਊਲ ਮਿਲਾਉਣ ਲਈ ਇਸਤੇਮਾਲ ਕਰਦਾ ਹੈ। ਉਨ੍ਹਾਂ ਰਾਇਟਰਜ਼ ਨੂੰ ਦੱਸਿਆ ਕਿ ਇਜ਼ਰਾਇਲ ਦੇ ਤਹਿਰਾਨ ਨੇੜੇ ਇੱਕ ਵਿਸ਼ਾਲ ਫ਼ੌਜੀ ਕੰਪਲੈਕਸ ਵਿੱਚ ਇਮਾਰਤਾਂ ’ਤੇ ਹਮਲਾ ਕੀਤਾ ਹੈ।

ਸੈਟੇਲਾਈਟ ਫ਼ੋਟੋਆਂ ਵਿੱਚ ਨੁਕਸਾਨੀਆਂ ਗਈਆਂ ਇਮਾਰਤਾਂ ਨੂੰ ਦੇਖਿਆ ਜਾ ਸਕਦਾ ਹੈ। ਇਨ੍ਹਾਂ ਇਮਾਰਤਾਂ ਵਿੱਚ ਇਰਾਨ ਦਾ ਪਾਰਚਿਨ ਮਿਲਟਰੀ ਬੇਸ ਨਜ਼ਰ ਆਉਂਦਾ ਹੈ। ਜਿੱਥੇ ਅੰਤਰਰਾਸ਼ਟਰੀ ਪਰਮਾਣੂ ਊਰਜਾ ਏਜੰਸੀ ਨੂੰ ਸ਼ੱਕ ਹੈ ਕਿ ਇਰਾਨ ਨੇ ਪਹਿਲਾਂ ਉੱਚ ਵਿਸਫ਼ੋਟਕਾਂ ਦਾ ਪ੍ਰੀਖਣ ਕੀਤਾ ਸੀ, ਜੋ ਪ੍ਰਮਾਣੂ ਹਥਿਆਰ ਨੂੰ ਚਾਲੂ ਕਰ ਸਕਦਾ ਹੈ।ਹੋਰ ਨੁਕਸਾਨ ਨੇੜਲੇ ਮਿਲਟਰੀ ਬੇਸ ’ਤੇ ਦੇਖਿਆ ਜਾ ਸਕਦਾ ਹੈ, ਜਿਸ ਬਾਰੇ ਵਿਸ਼ਲੇਸ਼ਕ ਮੰਨਦੇ ਹਨ ਕਿ ਇੱਕ ਭੂਮੀਗਤ ਸੁਰੰਗ ਪ੍ਰਣਾਲੀ ਹੈ ਅਤੇ ਮਿਜ਼ਾਈਲ ਉਤਪਾਦਨ ਸਾਈਟਾਂ ਨੂੰ ਲੁਕਾਉਂਦੀ ਹੈ। ਕਈ ਇਰਾਨੀ ਫ਼ੌਜੀ ਅਫ਼ਸਰਾਂ ਦੇ ਮਾਰੇ ਜਾਣ ਦੀ ਵੀ ਖ਼ਬਰ ਹੈ।

ਇਰਾਨ ਲੰਬੇ ਸਮੇਂ ਤੋਂ ਜ਼ੋਰ ਦੇ ਰਿਹਾ ਸੀ ਕਿ ਉਸਦਾ ਪਰਮਾਣੂ ਪ੍ਰੋਗਰਾਮ ਸ਼ਾਂਤੀਪੂਰਨ ਹੈ, ਹਾਲਾਂਕਿ ਇਜ਼ਰਾਇਲ, ਪੱਛਮੀ ਖੁਫ਼ੀਆ ਏਜੰਸੀਆਂ ਅਤੇ ਹੋਰਾਂ ਦਾ ਕਹਿਣਾ ਹੈ ਕਿ ਤਹਿਰਾਨ ਦਾ 2003 ਤੱਕ ਇੱਕ ਸਰਗਰਮ ਪ੍ਰਮਾਣੂ ਹਥਿਆਰ ਪ੍ਰੋਗਰਾਮ ਸੀ।

ਇਰਾਨ ’ਤੇ ਹਮਲੇ ਤੋਂ ਬਾਅਦ ਇਜ਼ਰਾਇਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਦਾਅਵਾ ਕੀਤਾ ਸੀ ਕਿ ਇਜ਼ਰਾਇਲ ਦੇ ਹਮਲਿਆਂ ਨਾਲ ਇਰਾਨ ਨੂੰ ‘ਗੰਭੀਰ ਨੁਕਸਾਨ’ ਹੋਇਆ ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਇਰਾਨ ’ਤੇ ਹੋਏ ਇਸ ਹਮਲੇ ਨਾਲ ਇਜ਼ਰਾਇਲ ਦੇ ਸਾਰੇ ਟੀਚੇ ਹਾਸਲ ਹੋ ਗਏ ਹਨ। ਇਜ਼ਰਾਇਲੀ ਫ਼ੌਜ ਨੇ ਕਿਹਾ ਕਿ ਉਸ ਦੇ ਸਾਰੇ ਲੜਾਕੂ ਜਹਾਜ਼ ਇਰਾਨ ’ਤੇ ਹਮਲੇ ਦੀ ਕਾਰਵਾਈ ਨੂੰ ਅੰਜਾਮ ਦੇਣ ਤੋਂ ਬਾਅਦ ਸੁਰੱਖਿਅਤ ਵਾਪਸ ਪਰਤ ਗਏ ਹਨ। ਜੇਕਰ ਇਰਾਨ ਦੁਬਾਰਾ ਕੋਈ ਜਵਾਬੀ ਕਾਰਵਾਈ ਕਰਦਾ ਹੈ ਤਾਂ ਉਹ ਇਸਦੇ ਲਈ ਤਿਆਰ ਹਨ। ਹਾਲਾਂਕਿ ਹੁਣ ਅਲੀ ਖਾਮੇਨੇਈ ਨੇ ਜਵਾਬੀ ਕਾਰਵਾਈ ਕਰਨ ਤੋਂ ਗੁਰੇਜ਼ ਕੀਤਾ ਹੈ।

ਤੁਹਾਨੂੰ ਦੱਸ ਦੇਈਏ ਕਿ ਇਸ ਮਹੀਨੇ ਦੀ ਸ਼ੁਰੂਆਤ ’ਚ 1 ਅਕਤੂਬਰ ਨੂੰ ਇਰਾਨ ਨੇ ਇੱਕੋ ਸਮੇਂ 18 ਬੈਲਿਸਟਿਕ ਮਿਜ਼ਾਈਲਾਂ ਨਾਲ ਹਮਲਾ ਕੀਤਾ ਸੀ। ਇਸ ਨਾਲ ਤੇਲ ਅਵੀਵ ਵਿੱਚ ਹੰਗਾਮਾ ਹੋ ਗਿਆ ਸੀ। ਉਦੋਂ ਤੋਂ, ਇਜ਼ਰਾਇਲ ਨੇ ਇਰਾਨ ਤੋਂ ਹਮਲੇ ਦਾ ਬਦਲਾ ਲੈਣ ਦੀ ਸਹੁੰ ਖਾਧੀ ਸੀ।

**ਕੀ ਮਹਾਂਯੁਧ ਦੀ ਸੰਭਾਵਨਾ ਹੈ ?**

ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦਾ ਭਾਵੇਂ ਦਾਅਵਾ ਹੈ ਕਿ ਹਮਲੇ ਨੇ ‘ਮਿੱਥੇ ਸਾਰੇ ਟੀਚੇ ਪੂਰੇ ਕੀਤੇ ਹਨ’ ਪਰ ਉਨ੍ਹਾਂ ਦਾ ਇਹ ਮੰਨ ਲੈਣਾ ਕਿ ਤਹਿਰਾਨ ਦੇਰ-ਸਵੇਰ ਫ਼ੌਜੀ ਰੂਪ ਵਿੱਚ ਇਸ ਦਾ ਜਵਾਬ ਨਹੀਂ ਦੇਵੇਗਾ, ਇੱਕ ਕਿਸਮ ਦੀ ਨਾਦਾਨੀ ਹੈ। ਤਹਿਰਾਨ ਦੇ ਮਿਜ਼ਾਈਲ ਹੱਲਿਆਂ ਤੋਂ ਕਰੀਬ ਤਿੰਨ ਹਫ਼ਤੇ ਬਾਅਦ ਕੀਤਾ ਹਮਲਾ ਸੰਕੇਤ ਕਰਦਾ ਹੈ ਕਿ ਤਲ ਅਵੀਵ ਨੇ ਕੋਈ ਵੀ ਕਦਮ ਚੁੱਕਣ ਤੋਂ ਪਹਿਲਾਂ ਇੰਤਜ਼ਾਰ ਅਤੇ ਵਿਚਾਰ ਕੀਤਾ ਹੈ। ਫ਼ਿਰ ਵੀ ਇਹ ਬਹੁਤ ਭੜਕਾਊ ਕਾਰਵਾਈ ਹੈ ਜੋ ਪੱਛਮ ਏਸ਼ੀਆ ਨੂੰ ਹੋਰ ਉਲਝਾ ਸਕਦੀ ਹੈ। ਇਜ਼ਰਾਇਲ ਵੱਲੋਂ ਗਾਜ਼ਾ ਵਿੱਚ ਕੀਤੀ ਜਾ ਰਹੀ ਕਾਰਵਾਈ ਨਾਲ ਪਹਿਲਾਂ ਹੀ ਖੇਤਰ ਉਥਲ-ਪੁਥਲ ਦਾ ਸ਼ਿਕਾਰ ਹੈ। ਮਗਰੋਂ ਇਜ਼ਰਾਇਲ ਨੇ ਲਿਬਨਾਨ ਵਿੱਚ ਵੀ ਸੈਨਿਕ ਕਾਰਵਾਈ ਕੀਤੀ ਹੈ ਜਿਸ ਨਾਲ ਟਕਰਾਅ ਦਾ ਘੇਰਾ ਵਧਣ ਦੇ ਆਸਾਰ ਬਣੇ ਹੋਏ ਹਨ।

ਇਜ਼ਰਾਇਲ ਨੇ ਉਨ੍ਹਾਂ ਰਿਪੋਰਟਾਂ ਨੂੰ ਖਾਰਜ ਕੀਤਾ ਹੈ ਕਿ ਇਸ ਨੇ ਅਮਰੀਕੀ ਦਬਾਅ ਹੇਠ ਇਰਾਨੀ ਤੇਲ ਤੇ ਗੈਸ ਸੋਮਿਆਂ ਉੱਤੇ ਹੱਲਾ ਬੋਲਣ ਤੋਂ ਪਰਹੇਜ਼ ਕੀਤਾ ਹੈ ਪਰ ਇਹ ਸਪੱਸ਼ਟ ਹੈ ਕਿ ਤਲ ਅਵੀਵ ਇਰਾਨ ਵਿਰੁੱਧ ਮੁਕੰਮਲ ਜੰਗ ਛੇੜਨ ਤੋਂ ਝਿਜਕ ਰਿਹਾ ਹੈ। ਇਸ ਲਈ ਸੀਮਤ ਜਿਹੀ ਕਾਰਵਾਈ ਹੀ ਕੀਤੀ ਹੈ। ਪਹਿਲਾਂ ਹੀ ਹਮਾਸ ਅਤੇ ਹਿਜ਼ਬੁੱਲ੍ਹਾ ਨਾਲ ਉਲਝ ਰਹੇ ਇਜ਼ਰਾਇਲ ਦਾ ਮਕਸਦ ਇਰਾਨ ਦੇ ਸੁਪਰੀਮ ਲੀਡਰ ਤੇ ਫ਼ੌਜੀ ਕਮਾਂਡਰਾਂ ਨੂੰ ਸਖ਼ਤ ਸੰਦੇਸ਼ ਦੇਣਾ ਹੈ ਹਾਲਾਂਕਿ ਇਹ ਸੀਮਤ ਇਜ਼ਰਾਇਲੀ ਕਾਰਵਾਈ ਵੀ ਇਰਾਨ ਨੂੰ ਭੜਕਾਉਣ ਲਈ ਕਾਫ਼ੀ ਹੈ। ਜੇ ਇਜ਼ਰਾਇਲ ਕੋਲ ਆਤਮ-ਰੱਖਿਆ ਦਾ ਹੱਕ ਹੈ ਤਾਂ ਇਰਾਨ ਕੋਲ ਵੀ ਹੈ। ਜੇਕਰ ਬਦਲਾਖੋਰੀ ਦੀ ਇਹ ਕਾਰਵਾਈ ਇੰਝ ਹੀ ਜਾਰੀ ਰਹੀ ਤਾਂ ਬੇਸ਼ੱਕ, ਖੇਤਰੀ ਤਣਾਅ ਵਧਦਾ ਹੀ ਜਾਏਗਾ। ਇਸ ਦੇ ਸਿੱਟੇ ਪੂਰੀ ਦੁਨੀਆ ਨੂੰ ਭੁਗਤਣੇ ਪੈ ਸਕਦੇ ਹਨ। ਅਮਰੀਕੀ ਰਾਸ਼ਟਰਪਤੀ ਜੋਅ ਬਾਇਡੇਨ ਨੂੰ ਆਸ ਹੈ ਕਿ ਇਜ਼ਰਾਇਲੀ ਹੱਲੇ ਤੋਂ ਬਾਅਦ ਇਸ ਆਪਸੀ ਟਕਰਾਅ ਦਾ ਅੰਤ ਹੋ ਜਾਵੇਗਾ।ਇਜ਼ਰਾਇਲੀ ਹਮਲੇ ਤੋਂ ਬਾਅਦ ਅਮਰੀਕਾ ਨੇ ਇਰਾਨ (ਇਰਾਨ ਇਜ਼ਰਾਈਲ ਯੁੱਧ) ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਇਜ਼ਰਾਇਲ ਤੋਂ ਬਦਲਾ ਲੈਣ ਬਾਰੇ ਨਾ ਸੋਚੇ । ਅਮਰੀਕੀ ਰੱਖਿਆ ਮੰਤਰੀ ਲੋਇਡ ਜੇ ਔਸਟਿਨ ਨੇ ਚਿਤਾਵਨੀ ਦਿੱਤੀ ਕਿ ਇਰਾਨ ਨੂੰ ਇਜ਼ਰਾਇਲ ਦੇ ਹਮਲਿਆਂ ਦਾ ਜਵਾਬ ਦੇਣ ਤੋਂ ਬਚਣਾ ਚਾਹੀਦਾ ਹੈ ਕਿਉਂਕਿ ਇਹ ਇੱਕ ਵੱਡੀ ਗਲਤੀ ਸਾਬਤ ਹੋਵੇਗਾ। ਅਮਰੀਕਾ ਨੇ ਕਿਹਾ ਕਿ ਇਸ ਨਾਲ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਹੋਰ ਵਧੇਗਾ।

ਹਾਲਾਂਕਿ ਅਮਰੀਕਾ ਗ਼ਲਤ ਉਮੀਦ ਲਾਈ ਬੈਠਾ ਹੈ, ਕਿਉਂਕਿ ਇਰਾਨ ਇਜ਼ਰਾਇਲ ਨੂੰ ਲਗਾਤਾਰ ਸਿੱਧੇ ਜਾਂ ਅਸਿੱਧੇ ਤੌਰ ’ਤੇ ਪੱਬਾਂ ਭਾਰ ਰੱਖਣਾ ਚਾਹੁੰਦਾ ਹੈ। ਉਹ ਪਹਿਲਾਂ ਹੀ ਹੋਰ ਸੰਗਠਨਾਂ ਨੂੰ ਮੂਹਰੇ ਕਰ ਕੇ ਲੜਾਈ ਲੜ ਰਿਹਾ ਹੈ। ਇਰਾਨ ਬਦਲਾ ਲੈਣ ’ਤੇ ਅੜਿਆ ਹੋਇਆ ਹੈ। ਇਰਾਨ ਨੇ ਹੁਣੇ ਜਿਹੇ ਕਿਹਾ ਹੈ ਕਿ ਉਹ ਆਪਣੀ ਸੁਰੱਖਿਆ ਲਈ ਜ਼ਰੂਰੀ ਕਦਮ ਚੁੱਕਦਾ ਰਹੇਗਾ।ਇਰਾਨ ਦੇ ਸੁਪਰੀਮ ਲੀਡਰ ਖਾਮੇਨੇਈ ਨੇ ਕਿਹਾ ਕਿ ਯਹੂਦੀ (ਇਜ਼ਰਾਈਲੀ) ਇਰਾਨ ਨੂੰ ਲੈ ਕੇ ਗਲਤ ਧਾਰਨਾਵਾਂ ਬਣਾ ਰਹੇ ਹਨ, ਉਹ ਇਰਾਨ ਨੂੰ ਨਹੀਂ ਜਾਣਦੇ।

**(ਬਾਕੀ ਸਫ਼ਾ 30 ’ਤੇ)**

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ

ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ । ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ’ਤੇ ਡੂੰਘੇ ਅਸਰ ਪਏ ਹਨ । ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ । ਆਸ ਹੈ ਕਿ ਕੌਮੀ ਤੌਰ ’ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ । ਇਸ ਸੰਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

**ਈ ਮੇਲ : asrtimes@gmail.com**









# ਦਲਿਤ ਤੋਂ ਸਿੱਖ ਬਣੀ ਅੰਮ੍ਰਿਤਧਾਰੀ ਬੀਬੀ ਸੀਤਾ ਕੌਰ ਪ੍ਰਿਅੰਕਾ ਗਾਂਧੀ ਨੂੰ ਦੇਵੇਗੀ ਟੱਕਰ

## ਬਹੁਜਨ ਦ੍ਰਵਿੜ ਪਾਰਟੀ ਨੇ ਵਾਇਨਾਡ ਲੋਕ ਸਭਾ ਹਲਕੇ ਤੋਂ ਦਿੱਤੀ ਟਿਕਟ

ਨਵੀਂ ਦਿੱਲੀ/ਏ.ਟੀ.ਨਿਊਜ਼ : ਵਾਇਨਾਡ ਲੋਕ ਸਭਾ ਦੀ ਜ਼ਿਮਨੀ ਚੋਣ ਦੌਰਾਨ ਕਾਂਗਰਸ ਦੀ ਉਮੀਦਵਾਰ ਪ੍ਰਿਅੰਕਾ ਗਾਂਧੀ ਵਾਡਰਾ ਨੂੰ ਇੱਕ ਸਿੱਖ ਬੀਬੀ ਸੀਤਾ ਕੌਰ ਟੱਕਰ ਦੇਵੇਗੀ। ਬਹੁਜਨ ਦ੍ਰਵਿੜ ਪਾਰਟੀ ਨੇ ਉਸ ਨੂੰ ਟਿਕਟ ਦਿੱਤੀ ਹੈ। ਚੋਣ ਪ੍ਰਚਾਰ ਦੌਰਾਨ ਉਹ ਨੀਲੀ ਦਸਤਾਰ ਬੰਨ੍ਹੀ ਤੇ ਮੋਢੇ 'ਤੇ ਕਿਰਪਾਨ ਰੱਖੀ ਨਜ਼ਰ ਆਵੇਗੀ।



ਸੀਤਾ ਕੌਰ ਦਲਿਤਾਂ, ਆਦਿਵਾਸੀਆਂ ਅਤੇ ਹੋਰ ਦੱਬੇ-ਕੁਚਲੇ ਭਾਈਚਾਰਿਆਂ ਨੂੰ ਉੱਚਾ ਚੁੱਕਣ ਦੇ ਮਿਸ਼ਨ ਦੇ ਨਾਲ ਬਹੁਜਨ ਦ੍ਰਵਿੜ ਪਾਰਟੀ (ਬੀ.ਡੀ.ਪੀ.) ਦੀ ਉਮੀਦਵਾਰ ਹੈ, ਜੋ ਜ਼ਿਆਦਾਤਰ ਤਾਮਿਲ ਸਿੱਖਾਂ ਦੀ ਇੱਕ ਜਥੇਬੰਦੀ ਹੈ, ਜੋ ਸਮਾਜ ਸੁਧਾਰਕ ਪੇਰੀਆਰ ਅਤੇ ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਕਾਂਸ਼ੀ ਰਾਮ ਦੀ ਪਾਲਣਾ ਕਰਦੀ ਹੈ।

ਇਸ ਸਾਲ ਦੇ ਸ਼ੁਰੂ ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿੱਚ, ਬਹੁਜਨ ਦ੍ਰਵਿੜ ਪਾਰਟੀ ਨੇ ਤਾਮਿਲਨਾਡੂ ਵਿੱਚ ਸੱਤ ਤਾਮਿਲ ਸਿੱਖ ਉਮੀਦਵਾਰ ਖੜ੍ਹੇ ਕੀਤੇ ਸਨ। ਸੀਤਾ ਕੌਰ ਨੇ ਟੇਨਕਾਸੀ ਤੋਂ ਚੋਣ ਲੜੀ ਸੀ, ਜਦਕਿ ਉਸ ਦਾ ਪਤੀ ਰਾਜਨ ਸਿੰਘ ਕੰਨਿਆਕੁਮਾਰੀ ਤੋਂ ਚੋਣ ਲੜਿਆ ਸੀ। ਪਾਰਟੀ ਨੇ ਤਾਮਿਲਨਾਡੂ ਤੋਂ ਬਾਹਰਲੇ ਹਲਕਿਆਂ ਵਿੱਚ 40 ਹੋਰ ਉਮੀਦਵਾਰ ਖੜ੍ਹੇ ਕੀਤੇ, ਜਿਨ੍ਹਾਂ ਵਿਚ ਜ਼ਿਆਦਾਤਰ ਸਿੱਖ ਧਰਮ ਅਪਣਾਉਣ ਦੇ ਚਾਹਵਾਨ ਸਨ।

ਉਹ ਸ਼ੁਰੂ ਵਿੱਚ 2020-2021 ਦੇ ਕਿਸਾਨ ਸੰਘਰਸ਼ ਦੌਰਾਨ ਸਿੱਖ ਧਰਮ ਦੀ ਜਾਤ-ਰਹਿਤ ਵਿਚਾਰਧਾਰਾ ਵੱਲ ਖਿੱਚੇ ਗਏ ਸਨ। ਉਨ੍ਹਾਂ 2023 ਵਿੱਚ ਸਿੱਖ ਧਰਮ ਗ੍ਰਹਿਣ ਕੀਤਾ।

ਜ਼ਿਕਰਯੋਗ ਹੈ ਕਿ ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਜੂਨ ਵਿੱਚ ਦੋ ਸੀਟਾਂ ਰਾਇਬਰੇਲੀ ਤੇ ਵਾਇਨਾਡ ਤੋਂ ਜਿੱਤ ਪ੍ਰਾਪਤ ਕੀਤੀ ਸੀ। ਬਾਅਦ ਵਿੱਚ ਉਨ੍ਹਾਂ ਨੇ ਵਾਇਨਾਡ ਸੀਟ ਤੋਂ ਅਸਤੀਫ਼ਾ ਦੇ ਦਿੱਤਾ ਸੀ, ਜਿੱਥੇ ਹੁਣ ਜ਼ਿਮਨੀ ਚੋਣ ਹੋ ਰਹੀ ਹੈ।

# ਲਾਰੈਂਸ ਦੇ ਭਰਾ ਦੀ ਗ੍ਰਿਫ਼ਤਾਰੀ 'ਤੇ 10 ਲੱਖ ਦਾ ਇਨਾਮ

ਨਵੀਂ ਦਿੱਲੀ/ਏ.ਟੀ.ਨਿਊਜ਼: ਕੌਮੀ ਜਾਂਚ ਏਜੰਸੀ (ਐੱਨ.ਆਈ.ਏ.) ਨੇ ਜੇਲ੍ਹ ਵਿੱਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਛੋਟੇ ਭਰਾ ਅਨਮੋਲ ਬਿਸ਼ਨੋਈ ਦੀ ਗ੍ਰਿਫ਼ਤਾਰੀ ਲਈ 10 ਲੱਖ ਰੁਪਏ ਦਾ ਇਨਾਮ ਐਲਾਨਿਆ ਹੈ। ਅਨਮੋਲ ਬਿਸ਼ਨੋਈ ਅਦਾਕਾਰ ਸਲਮਾਨ ਖ਼ਾਨ ਦੀ ਮੁੰਬਈ ਸਥਿਤ ਰਿਹਾਇਸ਼ ਦੇ ਬਾਹਰ ਅਪਰੈਲ ਵਿੱਚ ਹੋਈ ਫਾਇਰਿੰਗ ਮਾਮਲੇ ਵਿੱਚ ਕਥਿਤ ਸ਼ਮੂਲੀਅਤ ਲਈ ਐੱਨ.ਆਈ.ਏ. ਦੀ ਰਡਾਰ ਉੱਤੇ ਹੈ। ਅਧਿਕਾਰੀਆਂ ਨੇ ਕਿਹਾ ਕਿ ਅਨਮੋਲ ਬਿਸ਼ਨੋਈ ਨੂੰ ਅਤਿਵਾਦ ਵਿਰੋਧੀ ਏਜੰਸੀ ਦੀ ਅਤਿ ਲੋੜੀਂਦੇ ਵਿਅਕਤੀਆਂ ਦੀ ਸੂਚੀ ਵਿੱਚ ਰੱਖਿਆ ਗਿਆ ਹੈ।



ਉਨ੍ਹਾਂ ਕਿਹਾ ਕਿ ਅਨਮੋਲ ਬਿਸ਼ਨੋਈ ਉਰਫ਼ ਭਾਨੂ, ਜਿਸ ਬਾਰੇ ਮੰਨਿਆ ਜਾਂਦਾ ਹੈ ਕਿ ਉਹ ਕੈਨੇਡਾ ਵਿੱਚ ਰਹਿ ਰਿਹਾ ਹੈ ਤੇ ਉਹ ਅਕਸਰ ਅਮਰੀਕਾ ਜਾਂਦਾ ਹੈ, ਦੇ ਸਿਰ ਉੱਤੇ ਇਨਾਮ ਪਿਛਲੇ ਮਹੀਨੇ ਐਲਾਨਿਆ ਗਿਆ ਸੀ। ਮਹਾਰਾਸ਼ਟਰ ਦੇ ਸਾਬਕਾ ਮੰਤਰੀ ਬਾਬਾ ਸਿੱਦੀਕੀ ਦੇ 12 ਅਕਤੂਬਰ ਨੂੰ ਮੁੰਬਈ ਦੇ ਬਾਂਦਰਾ ਵਿੱਚ ਹੋਏ ਕਤਲ ਪਿੱਛੇ ਵੀ ਅਨਮੋਲ ਬਿਸ਼ਨੋਈ ਦਾ ਹੱਥ ਦੱਸਿਆ ਜਾਂਦਾ ਹੈ। ਅਨਮੋਲ ਬਿਸ਼ਨੋਈ ਤੇ ਲਾਰੈਂਸ ਬਿਸ਼ਨੋਈ, ਜੋ ਪੰਜਾਬ ਦੇ ਫ਼ਾਜ਼ਿਲਕਾ ਨਾਲ ਸਬੰਧਿਤ ਹਨ, ਨੂੰ ਕੇਸ ਵਿੱਚ ਲੋੜੀਂਦੇ ਮੁਲਜ਼ਮ ਵਜੋਂ ਦਿਖਾਇਆ ਗਿਆ ਹੈ।

# 1984 ਨਸਲਕੁਸ਼ੀ ਮਾਮਲੇ 'ਚ ਮੁਲਜ਼ਮਾਂ ਦੀ ਰਿਹਾਈ ਖਿਲਾਫ਼ ਦਾਇਰ ਪਟੀਸ਼ਨਾਂ ਹਾਈ ਕੋਰਟ ਵੱਲੋਂ ਰੱਦ




ਨਵੀਂ ਦਿੱਲੀ/ਏ.ਟੀ.ਨਿਊਜ਼: ਦਿੱਲੀ ਹਾਈ ਕੋਰਟ ਨੇ 1984 ਦੇ ਸਿੱਖ ਨਸਲਕੁਸ਼ੀ ਨਾਲ ਸਬੰਧਿਤ ਕੇਸ ਵਿੱਚ ਤਿੰਨ ਮੁਲਜ਼ਮਾਂ ਦੀ ਰਿਹਾਈ ਨੂੰ ਚੁਣੌਤੀ ਦਿੰਦੀਆਂ ਪਟੀਸ਼ਨਾਂ ਖਾਰਜ ਕਰ ਦਿੱਤੀਆਂ ਹਨ। ਹਾਈ ਕੋਰਟ ਨੇ ਕਿਹਾ ਕਿ ਇਹ ਪਟੀਸ਼ਨਾਂ ਮੁਲਜ਼ਮਾਂ ਨੂੰ ਰਿਹਾਅ ਕੀਤੇ ਜਾਣ ਤੋਂ 27 ਤੋਂ 36 ਸਾਲ ਬਾਅਦ ਦਾਇਰ ਕੀਤੀਆਂ ਗਈਆਂ ਹਨ। ਹਾਈ ਕੋਰਟ ਨੇ ਕਿਹਾ ਕਿ ਜੇ ਇਨ੍ਹਾਂ ਪਟੀਸ਼ਨਾਂ 'ਤੇ ਸੁਣਵਾਈ ਕੀਤੀ ਗਈ ਤਾਂ ਇਹ ਘੱਟੋ-ਘੱਟ ਦਸ ਹੋਰਨਾਂ ਕੇਸਾਂ ਲਈ ਮਿਸਾਲ ਬਣ ਜਾਵੇਗੀ। ਜਸਟਿਸ ਪ੍ਰਤਿਭਾ ਐੱਮ.ਸਿੰਘ ਤੇ ਜਸਟਿਸ ਅਮ੍ਰਿਤਾ ਸਿੰਘ ਨੇ 21 ਅਕਤੂਬਰ ਨੂੰ ਪਟੀਸ਼ਨ ਦਾ ਨੋਟਿਸ ਲੈਂਦਿਆਂ ਕਿਹਾ ਸੀ ਕਿ ਉਹ ਇਨ੍ਹਾਂ ਦੰਗਿਆਂ ਦੌਰਾਨ ਵੱਡੇ ਪੱਧਰ 'ਤੇ ਹੋਏ ਜਾਨੀ-ਮਾਲੀ ਨੁਕਸਾਨ ਤੋਂ ਜਾਣੂ ਹਨ, ਪਰ ਉਹ ਇਸਤਗਾਸਾ ਧਿਰ ਵੱਲੋਂ ਅਪੀਲ ਦਾਇਰ ਕਰਨ ਵਿੱਚ ਕੀਤੀ 'ਲੰਮੀ ਦੇਰੀ' ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੇ। ਬੈਂਚ ਨੇ ਪਟੀਸ਼ਨ ਖਾਰਜ ਕਰਦਿਆਂ ਕਿਹਾ, "ਲੰਮੀ ਦੇਰੀ ਤੇ ਮਿਲਦੇ ਜੁਲਦੇ ਕੇਸਾਂ ਵਿੱਚ ਸਹਾਇਕ ਬੈਂਚਾਂ ਵੱਲੋਂ ਸੁਣਾਏ ਫ਼ੈਸਲਿਆਂ, ਜਿਨ੍ਹਾਂ ਨੂੰ ਸੁਪਰੀਮ ਕੋਰਟ ਨੇ ਬਰਕਰਾਰ ਰੱਖਿਆ, ਨੂੰ ਧਿਆਨ ਵਿੱਚ ਰੱਖਦਿਆਂ ਦੇਰੀ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।"

# ਪੰਜਾਬ ਦੀ ਰੇਚਲ ਗੁਪਤਾ ਨੇ ਜਿੱਤਿਆ 'ਮਿਸ ਗ੍ਰੈਂਡ ਇੰਟਰਨੈਸ਼ਨਲ 2024' ਦਾ ਤਾਜ

ਬੈਂਕਾਕ/ਏ.ਟੀ.ਨਿਊਜ਼: ਪੰਜਾਬ ਦੇ ਜਲੰਧਰ ਦੀ ਰਹਿਣ ਵਾਲੀ ਰੇਚਲ ਗੁਪਤਾ ਨੇ ਭਾਰਤ ਲਈ ਇਤਿਹਾਸ ਰਚ ਦਿੱਤਾ ਹੈ। ਰੇਚਲ ਗੁਪਤਾ ਨੇ ਪਿਛਲੇ ਦਿਨੀਂ ਥਾਈਲੈਂਡ ਦੇ ਬੈਂਕਾਕ 'ਚ ਮਿਸ ਗ੍ਰੈਂਡ ਇੰਟਰਨੈਸ਼ਨਲ ਦਾ ਖਿਤਾਬ ਜਿੱਤ ਕੇ ਪੂਰੇ ਭਾਰਤ ਦਾ ਨਾਂ ਰੌਸ਼ਨ ਕੀਤਾ ਹੈ। ਪੇਰੂ ਦੀ ਲੂਸੀਆਨਾ ਫੁਸਟਰ ਨੇ ਐਮ.ਜੀ.ਆਈ. ਹਾਲ ਵਿੱਚ ਵਿਸ਼ਵ ਫਾਈਨਲ ਦੌਰਾਨ ਭਾਰਤੀ ਮਹਿਲਾ ਰੇਚਲ ਗੁਪਤਾ ਨੂੰ ਤਾਜ ਪਹਿਨਾਇਆ।



ਰੇਚਲ ਭਾਰਤ ਲਈ ਇਹ ਖਿਤਾਬ ਲਿਆਉਣ ਵਾਲੀ ਪਹਿਲੀ ਭਾਰਤੀ ਬਣ ਗਈ ਹੈ। ਇਸ ਪ੍ਰੋਗਰਾਮ ਵਿੱਚ ਫਿਲੀਪੀਨਜ਼ ਦੀ ਕ੍ਰਿਸਟੀਨ ਜੂਲੀਅਨ ਓਪੀਜ਼ਾ ਪਹਿਲੀ ਰਨਰ-ਅੱਪ ਰਹੀ। ਉਸ ਤੋਂ ਬਾਅਦ ਮਿਆਂਮਾਰ ਦੀ ਥਾਈ ਸੂ ਨਈਨ, ਫਰਾਂਸ ਦੀ ਸਫੀਤੋ ਕਾਬੇਂਗਲੇ ਅਤੇ ਬ੍ਰਾਜ਼ੀਲ ਦੀ ਤਾਲਿਤਾ ਹਾਰਟਮੈਨ ਦਾ ਨੰਬਰ ਆਉਂਦਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਜਲੰਧਰ ਵਿੱਚ ਵੱਡੀ ਹੋਈ ਰੇਚਲ ਗੁਪਤਾ ਦਾ ਕੱਦ ਕਰੀਬ 5.10 ਫੁੱਟ ਹੈ। ਜਿਸ ਦੀ ਉਮਰ ਸਿਰਫ਼ 20 ਸਾਲ ਹੈ। ਉਹ ਮਾਡਲਿੰਗ ਅਤੇ ਐਕਟਿੰਗ ਵਿੱਚ ਆਪਣਾ ਕੈਰੀਅਰ ਬਣਾ ਰਹੀ ਹੈ।

ਖਿਤਾਬ ਜਿੱਤਣ ਤੋਂ ਬਾਅਦ ਰੇਚਲ ਨੇ ਕਿਹਾ ਕਿ ਮੈਂ ਭਾਰਤ ਵਰਗੇ ਦੇਸ਼ ਤੋਂ ਆਈ ਹਾਂ, ਜਿੱਥੇ ਹਰ ਕਿਸੇ ਨੂੰ ਭੋਜਨ, ਪਾਣੀ, ਸਿੱਖਿਆ ਅਤੇ ਬੁਨਿਆਦੀ ਸਹੂਲਤਾਂ ਨਹੀਂ ਹਨ ਅਤੇ ਇਹ ਦੁਨੀਆਂ ਦੇ ਜ਼ਿਆਦਾਤਰ ਹਿੱਸਿਆਂ ਲਈ ਸੱਚ ਹੈ। ਇਹ ਸਮਾਂ ਆ ਗਿਆ ਹੈ ਕਿ ਅਸੀਂ ਇੱਕ ਦੂਜੇ ਨਾਲ ਲੜਨਾ ਬੰਦ ਕਰੀਏ ਅਤੇ ਇੱਕ ਦੂਜੇ ਦਾ ਆਦਰ ਕਰਨਾ ਸ਼ੁਰੂ ਕਰੀਏ ਅਤੇ ਇਹ ਸੁਨਿਸ਼ਚਿਤ ਕਰੀਏ ਕਿ ਇਸ ਧਰਤੀ 'ਤੇ ਹਰੇਕ ਲਈ ਲੋੜੀਂਦੇ ਸਰੋਤ ਹਨ।

# ਦੇਸ਼ ਦੇ ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ 'ਚ ਚੌਥੇ ਸਥਾਨ 'ਤੇ ਰਿਹਾ ਪੰਜਾਬ ਦਾ ਅੰਮ੍ਰਿਤਸਰ ਸ਼ਹਿਰ

ਨਵੀਂ ਦਿੱਲੀ/ਏ.ਟੀ.ਨਿਊਜ਼: ਰਾਜਧਾਨੀ ਦਿੱਲੀ ਅਤੇ ਐਨ.ਸੀ.ਆਰ. ਦੇ ਲੋਕ ਦੇਸ਼ ਵਿੱਚ ਸਭ ਤੋਂ ਵੱਧ ਪ੍ਰਦੂਸ਼ਣ ਝੱਲਣ ਲਈ ਮਜਬੂਰ ਹਨ। ਦੇਸ਼ ਦੇ ਪੰਜ ਸ਼ਹਿਰਾਂ ਦੀ ਹਵਾ ਦੀ ਗੁਣਵੱਤਾ ਐਤਵਾਰ ਨੂੰ ਬੇਹੱਦ ਖ਼ਰਾਬ ਸ਼੍ਰੇਣੀ ਵਿੱਚ ਰਹੀ ਅਤੇ ਇਨ੍ਹਾਂ ਵਿੱਚੋਂ ਚਾਰ ਸ਼ਹਿਰ ਦਿੱਲੀ-ਐਨ.ਸੀ.ਆਰ. ਵਿੱਚ ਹਨ। ਦੇਸ਼ ਵਿੱਚ ਸਭ ਤੋਂ ਖ਼ਰਾਬ ਹਵਾ ਕੌਮੀ ਰਾਜਧਾਨੀ ਦਿੱਲੀ ਵਿੱਚ ਰਹੀ, ਜਿੱਥੇ ਹਵਾ ਗੁਣਵੱਤਾ ਸੂਚਕ ਅੰਕ (ਏ.ਕਿਊ.ਆਈ.) 356 ਦਰਜ ਕੀਤਾ ਗਿਆ। ਤਿਉਹਾਰਾਂ ਤੋਂ ਪਹਿਲਾਂ ਹੀ ਹਵਾ ਪ੍ਰਦੂਸ਼ਣ ਇੰਨਾ ਵਧਣ ਕਾਰਨ ਦਿਵਾਲੀ ਤੱਕ ਇਸ ਦੇ ਗੰਭੀਰ ਪੱਧਰ ਤੱਕ ਪਹੁੰਚਣ ਦੀ ਉਮੀਦ ਹੈ। ਦਿੱਲੀ ਤੋਂ ਬਾਅਦ ਗਾਜ਼ੀਆਬਾਦ ਦੂਜਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਸੀ, ਜਿੱਥੇ ਏ.ਕਿਊ.ਆਈ.324 ਤੱਕ ਪਹੁੰਚ ਗਿਆ ਸੀ। (ਬਾਕੀ ਸਫ਼ਾ 30 'ਤੇ)

# ਭਾਰਤ 'ਚ ਹਰ ਦੂਜਾ ਬਜ਼ੁਰਗ ਦੋ ਜਾਂ ਦੋ ਤੋਂ ਵੱਧ ਬਿਮਾਰੀਆਂ ਨਾਲ ਹੈ ਪੀੜ੍ਹਤ

## 54 ਫ਼ੀਸਦੀ ਬਜ਼ੁਰਗਾਂ ਦੀ ਹੋਈ ਪੁਸ਼ਟੀ

## ਸਰਵੇਖਣ 'ਚ 20 ਫ਼ੀਸਦੀ ਬਜ਼ੁਰਗਾਂ ਨੂੰ ਬਿਮਾਰੀਆਂ ਬਾਰੇ ਪਤਾ ਹੀ ਨਹੀਂ

ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤ ਵਿੱਚ ਹਰ ਦੂਜਾ ਬਜ਼ੁਰਗ ਵਿਅਕਤੀ ਦੋ ਜਾਂ ਦੋ ਤੋਂ ਵੱਧ ਬਿਮਾਰੀਆਂ ਤੋਂ ਪੀੜਤ ਹੈ। ਗੈਰ-ਸੰਚਾਰੀ ਰੋਗਾਂ ਬਾਰੇ ਹੈਲਪਏਜ ਇੰਡੀਆ ਦੇ ਇਸ ਸਰਵੇਖਣ ਅਨੁਸਾਰ 54 ਫ਼ੀਸਦੀ ਬਜ਼ੁਰਗਾਂ ਦੇ ਦੋ ਤੋਂ ਵੱਧ ਗੈਰ-ਸੰਚਾਰੀ ਬਿਮਾਰੀਆਂ ਤੋਂ ਪੀੜਤ ਹੋਣ ਦੀ ਪੁਸ਼ਟੀ ਹੋਈ ਹੈ।

ਦੇਸ਼ ਦੇ ਲਗਭਗ 26 ਪ੍ਰਤੀਸ਼ਤ ਬਜ਼ੁਰਗ, ਜਾਂ ਚਾਰ ਵਿੱਚੋਂ ਇੱਕ, ਘੱਟੋ-ਘੱਟ ਇੱਕ ਗੈਰ-ਸੰਚਾਰੀ ਬਿਮਾਰੀ ਤੋਂ ਪੀੜਤ ਹੈ, ਜਿਸ ਵਿੱਚ ਸ਼ੂਗਰ, ਹਾਈ ਬਲੱਡ ਪ੍ਰੈਸ਼ਰ ਆਦਿ ਸਮੇਤ ਕਈ ਬਿਮਾਰੀਆਂ ਸ਼ਾਮਲ ਹਨ। ਸਰਵੇਖਣ ਦੌਰਾਨ ਕਰੀਬ 20 ਫ਼ੀਸਦੀ ਬਜ਼ੁਰਗਾਂ ਨੇ ਆਪਣੀ ਬਿਮਾਰੀ ਬਾਰੇ ਜਾਣਕਾਰੀ ਨਾ ਹੋਣ ਦਾ ਹਵਾਲਾ ਦਿੱਤਾ। ਸਰਵੇਖਣ ਰਿਪੋਰਟ ਅਨੁਸਾਰ 80 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਜ਼ਿਆਦਾਤਰ ਬਜ਼ੁਰਗ ਦੋ ਜਾਂ ਦੋ ਤੋਂ ਵੱਧ ਗੈਰ-ਸੰਚਾਰੀ ਬਿਮਾਰੀਆਂ ਤੋਂ ਪੀੜਤ ਪਾਏ ਗਏ। ਸਰਵੇਖਣ ਲਈ 10 ਰਾਜਾਂ ਦੇ 20 ਸ਼ਹਿਰਾਂ ਦੇ ਪੰਜ ਹਜ਼ਾਰ ਤੋਂ ਵੱਧ ਬਜ਼ੁਰਗਾਂ ਨਾਲ ਗੱਲਬਾਤ ਕਰਨ ਤੋਂ ਇਲਾਵਾ 1300 ਡਾਕਟਰਾਂ ਤੋਂ ਵੀ ਜਾਣਕਾਰੀ ਲਈ ਗਈ, ਜਿਨ੍ਹਾਂ ਕੋਲ ਬਜ਼ੁਰਗ ਮਰੀਜ਼ ਇਲਾਜ ਲਈ ਆ ਰਹੇ ਹਨ। ਅਧਿਐਨ ਵਿੱਚ ਪਾਇਆ ਗਿਆ ਕਿ ਪਿਛਲੇ ਇੱਕ ਸਾਲ ਵਿੱਚ, ਜ਼ਿਆਦਾਤਰ ਬਜ਼ੁਰਗ (79%) ਇਲਾਜ ਲਈ ਸਰਕਾਰੀ ਹਸਪਤਾਲਾਂ ਜਾਂ ਕਲੀਨਿਕਾਂ ਵਿੱਚ ਗਏ ਹਨ, ਜਦੋਂ ਕਿ ਬਾਕੀ ਨੇ ਨਿੱਜੀ ਹਸਪਤਾਲਾਂ ਵਿੱਚ ਡਾਕਟਰੀ ਜਾਂਚ ਅਤੇ ਸਲਾਹ ਲਈ ਹੈ। ਰਿਪੋਰਟ ਮੁਤਾਬਕ 39 ਫ਼ੀਸਦੀ ਬਜ਼ੁਰਗਾਂ ਕੋਲ ਸਮਾਰਟ ਫ਼ੋਨ ਤੋਂ ਇਲਾਵਾ ਡਿਜੀਟਲ ਡਿਵਾਈਸ ਹੈ ਜਦੋਂ ਕਿ 59 ਫ਼ੀਸਦੀ ਕਿਸੇ ਵੀ ਡਿਜੀਟਲ ਡਿਵਾਈਸ ਦੀ ਵਰਤੋਂ ਨਹੀਂ ਕਰਦੇ। ਜਦਕਿ ਸਮਾਰਟ ਫ਼ੋਨ ਦਾ ਉਪਯੋਗ ਪੁਰਸ਼ (47 ਫ਼ੀਸਦੀ) ਅਤੇ ਸਭ ਤੋਂ ਘੱਟ ਉਮਰ ਵਰਗ 60-69 ਸਾਲ (43%) ਦੇ ਕੋਲ ਜਿਆਦਾ ਹੈ।





### 39 ਫ਼ੀਸਦੀ ਬਜ਼ੁਰਗਾਂ ਕੋਲ ਸਮਾਰਟ ਫ਼ੋਨ

ਲਗਭਗ 12% ਲੋਕਾਂ ਨੇ ਬਿਜਲੀ ਦੇ ਬਿੱਲਾਂ ਜਾਂ ਇੰਟਰਨੈਟ ਬੈਂਕਿੰਗ ਦਾ ਭੁਗਤਾਨ ਕਰਨ ਲਈ ਡਿਜੀਟਲ ਮਾਧਿਅਮ ਦੀ ਵਰਤੋਂ ਕੀਤੀ ਅਤੇ 8% ਨੇ ਇਸਦੀ ਵਰਤੋਂ ਸਿਹਤ ਨਾਲ ਸਬੰਧਤ ਵਰਤੋਂ ਲਈ ਕੀਤੀ।

### ਬਲੱਡ ਪ੍ਰੈਸ਼ਰ, ਸ਼ੂਗਰ ਸਭ ਤੋਂ ਜ਼ਿਆਦਾ

48 ਪ੍ਰਤੀਸ਼ਤ ਬਜ਼ੁਰਗ ਹਾਈ ਬਲੱਡ ਪ੍ਰੈਸ਼ਰ ਜਾਂ ਹਾਈਪਰਟੈਨਸ਼ਨ ਤੋਂ ਪੀੜਤ ਹਨ ਅਤੇ ਲਗਭਗ ਉਸੇ ਅਨੁਪਾਤ 43 ਪ੍ਰਤੀਸ਼ਤ ਸ਼ੂਗਰ ਤੋਂ ਪੀੜਤ ਹਨ। ਇਨ੍ਹਾਂ ਤੋਂ ਇਲਾਵਾ ਇੱਕ ਤਿਹਾਈ (35%) ਤੋਂ ਵੱਧ ਗਠੀਆ, ਓਸਟੀਓਪੋਰੋਸਿਸ ਜਾਂ ਹੱਡੀਆਂ ਅਤੇ ਜੋੜਾਂ ਨਾਲ ਸਬੰਧਤ ਹੋਰ ਬਿਮਾਰੀਆਂ ਹਨ। 19% ਨੇ ਉੱਚ ਕੋਲੇਸਟ੍ਰੋਲ ਦੀ ਸਮੱਸਿਆ ਦੀ ਰਿਪੋਰਟ ਕੀਤੀ।

### 29 ਪ੍ਰਤੀਸ਼ਤ ਦੇ ਕੋਲ ਸਮੇਂ ਨਾਲ ਪਹੁੰਚ ਰਹੀ ਹੈ ਪੈਨਸ਼ਨ

ਸਰਵੇਖਣ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਸਿਰਫ਼ 29 ਪ੍ਰਤੀਸ਼ਤ ਬਜ਼ੁਰਗ ਹੀ ਸਮਾਜਿਕ ਸੁਰੱਖਿਆ ਸਕੀਮਾਂ ਜਿਵੇਂ ਕਿ ਬੁਢਾਪਾ ਪੈਨਸ਼ਨ/ਕੰਟਰੀਬਿਊਟਰੀ ਪੈਨਸ਼ਨ/ਪ੍ਰੋਵੀਡੈਂਟ ਫ਼ੰਡ ਦੀਆਂ ਸੇਵਾਵਾਂ ਸਮੇਂ ਸਿਰ ਪ੍ਰਾਪਤ ਕਰ ਰਹੇ ਹਨ। ਇਸ ਮਾਮਲੇ ਵਿੱਚ ਵੱਡੇ ਜਾਂ ਛੋਟੇ ਸ਼ਹਿਰਾਂ ਦੇ ਬਜ਼ੁਰਗਾਂ ਵਿੱਚ ਕੋਈ ਖਾਸ ਫ਼ਰਕ ਨਹੀਂ ਪਾਇਆ ਗਿਆ ਹੈ। ਹਰ ਤਿੰਨ ਵਿੱਚੋਂ ਇੱਕ ਬਜ਼ੁਰਗ ਨੇ ਮੰਨਿਆ ਹੈ ਕਿ ਪਿਛਲੇ ਇੱਕ ਸਾਲ ਤੋਂ ਉਨ੍ਹਾਂ ਦੀ ਕੋਈ ਆਮਦਨ ਨਹੀਂ ਹੈ। ਇਹਨਾਂ ਵਿੱਚ 60 ਤੋਂ 69 ਸਾਲ ਦੀ ਉਮਰ ਦੇ 31% ਬਜ਼ੁਰਗ, 71-79 ਸਾਲ ਦੀ ਉਮਰ ਦੇ 36% ਅਤੇ 80 ਅਤੇ ਇਸ ਤੋਂ ਵੱਧ ਉਮਰ ਦੇ 37% ਬਜ਼ੁਰਗ ਸ਼ਾਮਲ ਹਨ।

**ਦਰਪਣ ਝੂਠ ਨਹੀਂ ਬੋਲਦਾ**

# ਭਗਵਿਆਂ ਦਾ ਡੀ. ਐੱਨ. ਏ. ਹਿੰਸਾ ਤੇ ਨਫ਼ਰਤ ਵਾਲਾ

## ਯੂ.ਪੀ. ਦੇ ਮੁੱਖ ਮੰਤਰੀ ਯੋਗੀ ਨੇ ਦਿੱਤਾ ਨਾਰ੍ਹਾ 'ਬਟੇਂਗੇ ਤੋ ਕਟੇਂਗੇ', ਸੰਘ ਵੱਲੋਂ ਸਮਰਥਨ

## ਕੇਂਦਰੀ ਮੰਤਰੀ ਗਿਰੀਰਾਜ ਦੀ ਬਿਹਾਰ ਵਿੱਚ 'ਹਿੰਦੂ ਸਵਾਭਿਮਾਨ' ਯਾਤਰਾ ਦਾ ਹਿੰਸਕ ਨੈਰਟਿਵ ਜਾਰੀ



ਰਾਸ਼ਟਰੀ ਸੋਇਮ ਸੇਵਕ ਸੰਘ (ਆਰ.ਐੱਸ.ਐੱਸ.) ਨੇ ਯੂ. ਪੀ. ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਦੇ 'ਬਟੇਂਗੇ ਤੋ ਕਟੇਂਗੇ' ਦੇ ਨਾਅਰੇ ਦੀ ਤਾਈਦ ਕਰਕੇ ਸਾਬਤ ਕਰ ਦਿੱਤਾ ਹੈ ਕਿ ਆਪਣੀ ਸਥਾਪਨਾ ਦੇ ਸੌ ਸਾਲ ਬਾਅਦ ਵੀ ਬਿਲਕੁਲ ਨਹੀਂ ਬਦਲਿਆ ਹੈ। ਉਸ ਦਾ ਡੀ.ਐੱਨ.ਏ. ਹਿੰਸਾ ਤੇ ਨਫ਼ਰਤ ਵਾਲਾ ਹੀ ਹੈ ਤੇ ਉਹ ਉਸੇ ਭਾਸ਼ਾ ਵਿੱਚ ਸੋਚਦਾ ਹੈ। ਹਾਲਾਂਕਿ, ਬਾਅਦ ਵਿੱਚ ਉਹ ਉਸ ਨੂੰ ਸੱਭਿਆ, ਮਰਿਆਦਾ, ਸ਼ਾਂਤੀ ਤੇ ਸਦਭਾਵਨਾ ਦਾ ਜਾਮਾ ਪਹਿਨਾਉਣ ਦੀ ਕੋਸ਼ਿਸ਼ ਕਰਦਾ ਹੈ। ਯੋਗੀ ਨੇ ਪਹਿਲਾਂ ਉਪਰੋਕਤ ਨਾਅਰਾ ਬੰਗਲਾਦੇਸ਼ ਦੇ ਸੰਦਰਭ ਵਿੱਚ ਦਿੱਤਾ ਸੀ। ਉੱਥੇ ਸ਼ੇਖ ਹਸੀਨਾ ਦੇ ਸੱਤਾ ਤੋਂ ਬੇਦਖਲ ਹੋਣ ਤੋਂ ਬਾਅਦ ਹਿੰਦੂ ਧਾਰਮਿਕ ਸਥਾਨਾਂ 'ਤੇ ਹਮਲੇ ਹੋਏ ਸਨ ਤੇ ਕਈ ਹਿੰਦੂ ਬਸਤੀਆਂ 'ਚ ਭੰਨਤੋੜ ਹੋਈ ਸੀ। ਯੋਗੀ ਆਦਿਤਿਆਨਾਥ ਦਾ ਪੂਰਾ ਨਾਅਰਾ ਹੈ ਬਟੇਂਗੇ ਤੋ ਕਟੇਂਗੇ, ਏਕ ਰਹੇਂਗੇ ਤੋ ਨੇਕ ਰਹੇਂਗੇ, ਸੁਰੱਖਸ਼ਿਤ ਰਹੇਂਗੇ। ਮਹਾਰਾਸ਼ਟਰ, ਜਿੱਥੇ ਅਗਲੇ ਮਹੀਨੇ ਅਸੰਬਲੀ ਚੋਣਾਂ ਹਨ, ਵਿੱਚ ਅੱਜਕੱਲ੍ਹ ਇਸ ਨਾਅਰੇ ਵਾਲੇ ਪੋਸਟਰਾਂ ਦੀ ਭਰਮਾਰ ਹੈ।

ਦਿਲਚਸਪ ਗੱਲ ਇਹ ਵੀ ਹੈ ਕਿ 'ਬਟੇਂਗੇ ਤੋ ਕਟੇਂਗੇ' ਨੂੰ ਮੋਟੇ ਅੱਖਰਾਂ ਵਿੱਚ ਲਿਖਿਆ ਗਿਆ ਹੈ, ਜਦਕਿ ਨਾਅਰੇ ਦੇ ਅਗਲੇ ਸ਼ਬਦ ਪੜ੍ਹਨ ਲਈ ਖੁਰਦਬੀਨ ਦੀ ਮਦਦ ਲੈਣੀ ਪੈਂਦੀ ਹੈ। ਸੰਘ ਦੇ ਅਹੁਦੇਦਾਰ ਆਮ ਤੌਰ 'ਤੇ ਸ਼ਾਲੀਨ ਭਾਸ਼ਾ ਵਰਤਣ ਦਾ ਦਾਅਵਾ ਕਰਦੇ ਹਨ ਪਰ ਇਸ ਦੇ ਜਨਰਲ ਸਕੱਤਰ ਦੱਤਾਤ੍ਰੇਯ ਹੋਸਬੋਲੇ ਨੇ ਜਿਸ ਤਰ੍ਹਾਂ ਇਸ ਨਾਅਰੇ ਦੀ ਤਾਈਦ ਕੀਤੀ ਹੈ, ਉਹ ਸੰਘ ਦੇ ਇਰਾਦੇ ਸਪੱਸ਼ਟ ਕਰ ਦਿੰਦੀ ਹੈ।

ਮਥੁਰਾ ਵਿੱਚ ਸੰਘ ਦੇ ਦੋ ਦਿਨਾ ਸੰਮੇਲਨ ਵਿੱਚ ਹੋਸਬੋਲੇ ਨੇ ਕਿਹਾ ਕਿ ਹਿੰਦੂ ਸਮਾਜ ਵਿੱਚ ਏਕਤਾ ਨਹੀਂ ਰਹੇਗੀ ਤਾਂ ਅੱਜਕੱਲ੍ਹ ਦੀ ਭਾਸ਼ਾ ਵਿੱਚ ਬਟੇਂਗੇ ਤੋ ਕਟੇਂਗੇ ਹੋ ਸਕਦਾ ਹੈ। ਉਨ੍ਹਾਂ ਦਾ ਇਹ ਵੀ ਕਹਿਣਾ ਸੀ ਕਿ ਹਿੰਦੂ ਸਮਾਜ ਵਿੱਚ ਜਾਤੀ ਦੇ ਆਧਾਰ 'ਤੇ ਵੰਡ ਪਾਉਣ ਦਾ ਯਤਨ ਇੱਕ ਸਾਜ਼ਿਸ਼ ਹੈ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨੇ ਮਹਾਰਾਸ਼ਟਰ ਦੇ ਠਾਣੇ ਵਿੱਚ ਇੱਕ ਰੈਲੀ 'ਚ ਕਿਹਾ ਸੀ ਕਿ ਅਗਰ ਹਮ ਬਟੇਂਗੇ ਤੋ ਬਾਂਟਨੇ ਵਾਲੇ ਮਹਿਫ਼ਿਲ ਸਜਾਏਂਗੇ। ਅਗਲੇ ਦਿਨ ਸੰਘ ਦੇ ਮੁਖੀ ਮੋਹਨ ਭਾਗਵਤ ਨੇ ਕਿਹਾ ਕਿ ਹਿੰਦੂ ਏਕਤਾ ਹੋਣੀ ਚਾਹੀਦੀ ਹੈ। ਇਲਾਕਾਈ, ਭਾਸ਼ਾਈ ਤੇ ਜਾਤ ਦੇ ਆਧਾਰ 'ਤੇ ਵੰਡ ਖਤਮ ਹੋਣੀ ਚਾਹੀਦੀ ਹੈ। ਭਾਰਤ ਇੱਕ ਹਿੰਦੂ ਰਾਸ਼ਟਰ ਹੈ।

ਦਰਅਸਲ ਸੰਘ ਤੇ ਭਾਜਪਾ ਦੇ ਆਗੂ ਬਟੇਂਗੇ ਤੋ ਕਟੇਂਗੇ ਦਾ ਨਾਅਰਾ ਜਾਤੀ ਜਨਗਣਨਾ ਦੀ ਮੰਗ ਨਾਲ ਇੰਡੀਆ ਗੱਠਜੋੜ ਤੇ ਅਖਿਲੇਸ਼ ਯਾਦਵ ਦੇ ਪੀ ਡੀ ਏ (ਪੱਛੜੇ, ਦਲਿਤ ਤੇ ਘੱਟਗਿਣਤੀ) ਨੇ ਲੋਕ ਸਭਾ ਚੋਣਾਂ ਵਿੱਚ ਯੂ ਪੀ ਵਿੱਚ ਭਾਜਪਾ ਨੂੰ ਜਿਹੜੀ ਮਾਰ ਮਾਰੀ ਹੈ, ਉਸ ਵਿਚੋਂ ਬਾਹਰ ਨਿਕਲਣ ਲਈ ਮਾਰ ਰਹੇ ਹਨ। ਉਹ ਫ਼ਿਰਕੂ ਧਰੁਵੀਕਰਨ ਕਰਕੇ ਹਿੰਦੂਆਂ ਨੂੰ ਮੁਸਲਮਾਨਾਂ ਤੋਂ ਡਰਾ ਰਹੇ ਹਨ।

ਕੇਂਦਰੀ ਮੰਤਰੀ ਗਿਰੀਰਾਜ ਸਿੰਘ ਇਸ ਸਮੇਂ ਬਿਹਾਰ ਵਿੱਚ 'ਹਿੰਦੂ ਸਵਾਭਿਮਾਨ' ਯਾਤਰਾ ਕਰ ਰਹੇ ਹਨ। ਆਪਣੀ ਇਸ ਯਾਤਰਾ ਦੌਰਾਨ ਉਹ ਸ਼ਰੇਆਮ ਭੜਕਾਊ ਭਾਸ਼ਨ ਦੇ ਰਹੇ ਹਨ। ਯਾਤਰਾ ਸ਼ੁਰੂ ਕਰਦੇ ਹੋਏ ਉਨ੍ਹਾਂ ਨੇ ਇਸ ਗੱਲ 'ਤੇ ਅਫ਼ਸੋਸ ਜਤਾਇਆ ਕਿ ਉਨ੍ਹਾਂ ਨੂੰ ਹੁਣ ਤੱਕ ਜਾਤੀ ਸਮੀਕਰਨ ਦੇਖ ਕੇ ਚੋਣਾਂ ਲੜਨ ਲਈ ਹੀ ਕਿਹਾ ਜਾਂਦਾ ਸੀ, ਜਦੋਂ ਕਿ ਉਹ ਹਿੰਦੂ ਹੋ ਕੇ ਚੋਣਾਂ ਲੜਨਾ ਚਾਹੁੰਦੇ ਸਨ। ਉਨ੍ਹਾਂ ਕਿਹਾ ਕਿ ਉਹ ਚਾਹੁੰਦੇ ਸਨ ਕਿ ਉਹ ਕਿਸ਼ਨਗੰਜ ਤੋਂ ਚੋਣ ਲੜਨ, ਭਾਵੇਂ ਹੀ ਉਹ ਹਾਰ ਜਾਣ।

# ਝੋਨੇ ਦਾ ਸੰਕਟ ਕਿਸਾਨਾਂ ਦੀ ਆਰਥਿਕਤਾ ਨੂੰ ਬਰਬਾਦ ਕਰੇਗਾ

## ਕਿਸਾਨਾਂ ਤੋਂ ਝੋਨੇ ਦਾ ਦਾਣਾ-ਦਾਣਾ ਖਰੀਦਿਆ ਜਾਵੇਗਾ: ਪ੍ਰਹਿਲਾਦ ਜੋਸ਼ੀ

ਝੋਨਾ ਪੰਜਾਬ 'ਚ ਖ਼ਰੀਫ਼ ਦੇ ਮੌਸਮ ਦੀ ਮੁੱਖ ਫ਼ਸਲ ਹੈ, ਜੋ ਤਕਰੀਬਨ 31 ਲੱਖ ਹੈਕਟੇਅਰ ਰਕਬੇ 'ਤੇ ਬੀਜੀ ਜਾਂਦੀ ਹੈ। ਭਰਪੂਰ ਫ਼ਸਲ ਹੋਣ ਦੇ ਬਾਵਜੂਦ ਕਿਸਾਨ ਮਾਯੂਸ ਹਨ। ਮੰਡੀਆਂ 'ਚ ਝੋਨੇ ਦੇ ਅੰਬਾਰ ਲੱਗੇ ਪਏ ਹਨ ਪਰ ਚੁਕਾਈ ਨਹੀਂ ਹੋ ਰਹੀ। ਕਿਸਾਨਾਂ ਨੂੰ ਆਪਣੀ ਫ਼ਸਲ ਦੀ ਰਾਖੀ ਲਈ ਰਾਤਾਂ ਮੰਡੀਆਂ 'ਚ ਕੱਟਣੀਆਂ ਪੈ ਰਹੀਆਂ ਹਨ। ਗੰਭੀਰ ਸੰਕਟ ਹੈ। ਮਿੱਲਾਂ ਵਾਲੇ ਝੋਨੇ ਨੂੰ ਸਟੋਰ ਕਰਨ ਲਈ ਤਿਆਰ ਨਹੀਂ, ਭਾਵੇਂ ਹਾਲ ਵਿੱਚ ਸਮਝੌਤਾ ਕੀਤਾ ਗਿਆ ਹੈ ਕਿ ਉਹ ਫ਼ਸਲ ਮਿੱਲਾਂ ਵਿਚ ਰਖਵਾ ਲੈਣ। ਕਈ ਮੰਡੀਆਂ 'ਚ ਬਾਰਦਾਨੇ ਦੀ ਵੀ ਘਾਟ ਹੈ। ਚੌਲ ਮਿੱਲਾਂ ਵਾਲੇ ਇਸ ਦੀ ਛੜਾਈ ਕਰਨ ਨੂੰ ਤਿਆਰ ਨਹੀਂ, ਕਿਉਂਕਿ ਬਹੁਤੀ ਫ਼ਸਲ ਪੀ.ਆਰ.-126 ਕਿਸਮ ਅਤੇ ਝੋਨੇ ਦੀਆਂ ਹਾਈਬ੍ਰਿਡ ਕਿਸਮਾਂ @ਤੇ ਆਧਾਰਿਤ ਹੈ, ਜਿਸ 'ਚੋਂ ਉਨ੍ਹਾਂ ਨੂੰ ਚੌਲਾਂ ਦੀ ਵਸੂਲੀ 62-63 ਪ੍ਰਤੀਸ਼ਤ ਹੁੰਦੀ ਹੈ, ਜਦੋਂ ਕਿ ਫ਼ੂਡ ਕਾਰਪੋਰੇਸ਼ਨ ਆਫ਼ ਇੰਡੀਆ (ਐੱਫ਼.ਸੀ.ਆਈ.) ਤੇ ਸਰਕਾਰ ਉਨ੍ਹਾਂ ਤੋਂ 67 ਪ੍ਰਤੀਸ਼ਤ ਚੌਲ ਲੈਂਦੇ ਹਨ। ਇਸ ਤਰ੍ਹਾਂ ਮਿੱਲਾਂ ਵਾਲਿਆਂ ਨੂੰ ਘਾਟਾ ਪੈਂਦਾ ਹੈ।



ਇਸ ਸਾਲ ਬਹੁਤੇ ਰਕਬੇ 'ਤੇ ਪੀ.ਆਰ.-126 ਕਿਸਮ ਹੀ ਬੀਜੀ ਹੋਈ ਹੈ, ਜੋ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ (ਪੀ.ਏ.ਯੂ.) ਵਲੋਂ ਵਿਕਸਿਤ ਕੀਤੀ ਗਈ ਹੈ। ਇਹ ਥੋੜ੍ਹੇ ਸਮੇਂ 'ਚ ਪੱਕਣ ਵਾਲੀ ਕਿਸਮ ਹੈ, ਜੋ ਪਾਣੀ ਦੀ ਬੱਚਤ ਕਰਦੀ ਹੈ ਅਤੇ ਅੱਗਾਂ ਲਗਾਉਣ ਦੀ ਸਮੱਸਿਆ ਤੋਂ ਨਿਜਾਤ ਦਿਵਾਉਂਦੀ ਹੈ। ਇਹ ਕਿਸਮ ਪੀ.ਏ.ਯੂ. ਤੇ ਪੰਜਾਬ ਸਰਕਾਰ ਨੇ ਕਿਸਾਨਾਂ ਨੂੰ ਸਿਫ਼ਾਰਸ਼ ਕਰਕੇ ਅਤੇ ਜ਼ੋਰ ਪਾ ਕੇ ਬਹੁਤੇ ਰਕਬੇ 'ਤੇ ਬਿਜਵਾਈ। ਸਰਕਾਰੀ ਹਲਕਿਆਂ ਦਾ ਕਹਿਣਾ ਹੈ ਕਿ ਪੀ.ਆਰ.-126 ਕਿਸਮ 'ਚ ਹਾਈਬ੍ਰਿਡ ਕਿਸਮਾਂ ਦੀ ਮਿਲਾਵਟ ਹੈ। ਪੰਜਾਬ ਵਿੱਚ ਹਾਈਬ੍ਰਿਡ ਕਿਸਮਾਂ ਦੇ ਬੀਜ ਵੇਚ ਕੇ ਨਿੱਜੀ ਕੰਪਨੀਆਂ ਕਰੋੜਾਂ ਰੁਪਏ ਕਮਾ ਕੇ ਰਾਜ 'ਚੋਂ ਚਲੀਆਂ ਗਈਆਂ। ਕਿਸੇ ਸਰਕਾਰੀ ਏਜੰਸੀ ਵਲੋਂ ਹਾਈਬ੍ਰਿਡ ਕਿਸਮਾਂ ਵਿਕਣ 'ਤੇ ਰੋਕ ਨਹੀਂ ਲਗਾਈ ਗਈ। ਮਿੱਲਾਂ ਵਲੋਂ ਕਿਹਾ ਜਾ ਰਿਹਾ ਹੈ ਕਿ ਪੀ.ਆਰ.-126 ਕਿਸਮ ਦੀ ਪਰਖ ਚੌਲਾਂ ਦੀ ਵਸੂਲੀ ਪੱਖੋਂ ਉਪਰਲੇ ਪੱਧਰ @ਤੇ ਕਰਵਾਈ ਜਾਵੇ। ਇਹ ਵੀ ਮੰਗ ਕੀਤੀ ਗਈ ਹੈ ਕਿ ਕੇਂਦਰ ਸਰਕਾਰ ਚੌਲਾਂ ਦੀ 67 ਪ੍ਰਤੀਸ਼ਤ ਵਸੂਲੀ ਦੀ ਸ਼ਰਤ ਨੂੰ ਮੁੜ ਤੋਂ ਵਿਚਾਰੇ, ਕਿਉਂਕਿ ਪੂਸਾ-44 ਜਿਹੀਆਂ ਤੇ ਹੋਰ ਰਵਾਇਤੀ ਕਿਸਮਾਂ ਜਿਨ੍ਹਾਂ ਤੋਂ ਪੂਰੇ 67 ਪ੍ਰਤੀਸ਼ਤ ਚੌਲ ਨਿਕਲਦੇ ਹਨ, ਕਾਸ਼ਤ ਵਿਚੋਂ ਤੇਜ਼ੀ ਨਾਲ ਬਾਹਰ ਹੋ ਰਹੀਆਂ ਹਨ।

ਕੁਝ ਅਨਸਰਾਂ ਵੱਲੋਂ ਇਹ ਵੀ ਕਿਹਾ ਜਾ ਰਿਹਾ ਹੈ ਕਿ ਪੰਜਾਬ ਦੀ 'ਆਪ' ਦੀ ਸਰਕਾਰ ਪਾਰਲੀਮੈਂਟ ਦੀਆਂ ਚੋਣਾਂ ਵਿੱਚ ਹਾਰ ਦੀ ਵਜ੍ਹਾ ਨਾਲ ਅਤੇ ਕੇਂਦਰ ਸਰਕਾਰ ਕਿਸਾਨਾਂ ਵਲੋਂ ਜੋ ਤਿੰਨ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਲਈ ਅੰਦੋਲਨ ਕੀਤੇ ਗਏ ਸਨ, ਉਨ੍ਹਾਂ ਦਾ ਬਦਲਾ ਲੈਣ ਲਈ ਕਿਸਾਨਾਂ ਦੀ ਮੁੱਖ ਫ਼ਸਲ ਤੋਂ ਹੋਣ ਵਾਲੀ ਵੱਟਤ ਨੂੰ ਢਿੱਲਾ ਪਾ ਕੇ ਉਨ੍ਹਾਂ ਨੂੰ ਪਰੇਸ਼ਾਨ ਕਰ ਰਹੀਆਂ ਹਨ।

(ਬਾਕੀ ਸਫ਼ਾ 30 'ਤੇ)

# ਸਟੇਟ ਗੈਸਟ' ਵਰਗੀਆਂ ਸਹੂਲਤਾਂ ਮਿਲ ਰਹੀਆਂ ਸਨ ਗੈਂਗਸਟਰ ਲਾਰੈਂਸ ਨੂੰ

## ਹਾਈਕੋਰਟ ਨੇ ਪੰਜਾਬ ਸਰਕਾਰ ਨੂੰ ਪਾਈਆਂ ਝਾੜਾਂ

ਚੰਡੀਗੜ੍ਹ/ਏ.ਟੀ.ਨਿਊਜ਼ :-ਪੰਜਾਬ ਦੇ ਖਰੜ ਵਿਖੇ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਇੰਟਰਵਿਊ ਮਾਮਲੇ ਵਿਚ ਸਿਰਫ਼ ਹੇਠਲੇ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਕਰਨ ਅਤੇ ਮੁਹਾਲੀ ਦੇ ਤਤਕਾਲੀ ਐੱਸ.ਐੱਸ.ਪੀ. ਅਤੇ ਤਤਕਾਲੀ ਐੱਸ.ਪੀ. ਖ਼ਿਲਾਫ਼ ਕੋਈ ਕਾਰਵਾਈ ਨਾ ਕਰਨ 'ਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਸਖ਼ਤ ਫਟਕਾਰ ਲਗਾਈ ਹੈ । ਹਾਈ ਕੋਰਟ ਨੇ ਕਿਹਾ ਕਿ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਹਿਰਾਸਤ ਸਿਰਫ਼ ਨਾ-ਮਾਤਰ ਹੀ ਸੀ, ਅਸਲ ਵਿਚ ਪੰਜਾਬ ਵਿਚ ਉਸ ਨੂੰ 'ਸਟੇਟ ਗੈਸਟ' ਵਰਗੀਆਂ ਸਹੂਲਤਾਂ ਮਿਲ ਰਹੀਆਂ ਸਨ । ਬੀਤੇ ਦਿਨੀਂ ਮਾਮਲੇ ਦੀ ਸੁਣਵਾਈ ਸ਼ੁਰੂ ਹੁੰਦੇ ਹੀ ਅਦਾਲਤ ਨੇ ਪੁੱਛਿਆ ਕਿ ਦੋਸ਼ੀ ਪੁਲਿਸ ਅਧਿਕਾਰੀਆਂ ਖ਼ਿਲਾਫ਼ ਕੀ ਕਾਰਵਾਈ ਕੀਤੀ ਗਈ ? ਹਾਈ ਕੋਰਟ ਨੂੰ ਦੱਸਿਆ ਗਿਆ ਕਿ ਡੀ.ਐੱਸ.ਪੀ. ਤੋਂ ਲੈ ਕੇ ਕਾਂਸਟੇਬਲ ਤੱਕ ਖ਼ਿਲਾਫ਼ ਕਾਰਵਾਈ ਕੀਤੀ ਗਈ ਹੈ ।ਹਾਈ ਕੋਰਟ ਨੇ ਪੁੱਛਿਆ ਕਿ ਮੁਹਾਲੀ ਦੇ ਤਤਕਾਲੀ ਐੱਸ.ਐੱਸ.ਪੀ. ਅਤੇ ਐੱਸ.ਪੀ. ਖ਼ਿਲਾਫ਼ ਕਾਰਵਾਈ ਕਿਉਂ ਨਹੀਂ ਕੀਤੀ ਗਈ ?ਪੰਜਾਬ ਦੇ ਏ.ਜੀ. ਨੇ ਕਿਹਾ ਕਿ ਐੱਸ.ਐੱਸ.ਪੀ. ਨੂੰ ਇਸ ਦੀ ਜਾਣਕਾਰੀ ਨਹੀਂ ਸੀ । ਹਾਈ ਕੋਰਟ ਨੇ ਕਿਹਾ ਕਿ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਨਾਲ ਏਨਾ ਵੱਡਾ ਕਾਫ਼ਲਾ ਚੱਲਦਾ ਹੈ, ਇਹ ਕਿਵੇਂ ਹੋ ਸਕਦਾ ਹੈ ਕਿ ਐੱਸ.ਐੱਸ.ਪੀ. ਨੂੰ ਇਸ ਦੀ ਜਾਣਕਾਰੀ ਨਾ ਹੋਵੇ ।

ਹਾਈ ਕੋਰਟ ਨੇ ਹੁਣ ਪੰਜਾਬ ਸਰਕਾਰ ਨੂੰ ਹੁਕਮ ਦਿੱਤੇ ਹਨ ਕਿ ਉਹ ਐੱਸ.ਆਈ.ਟੀ. ਦੀ ਰਿਪੋਰਟ ਦੇਖਣ ਤੋਂ ਬਾਅਦ ਐੱਸ.ਐੱਸ.ਪੀ. ਅਤੇ ਐੱਸ.ਪੀ. ਖ਼ਿਲਾਫ਼ ਉਚਿਤ ਕਾਰਵਾਈ ਕਰੇ ।



ਜੇਕਰ ਅਜਿਹਾ ਨਹੀਂ ਹੁੰਦਾ ਤਾਂ ਹਾਈ ਕੋਰਟ ਹੁਕਮ ਜਾਰੀ ਕਰੇਗੀ ।ਅਦਾਲਤ ਨੇ ਸਵਾਲ ਉਠਾਉਂਦਿਆਂ ਕਿਹਾ ਕਿ ਕਿਉਂ ਉਨ੍ਹਾਂ ਦਿਨਾਂ ਵਿਚ ਲਾਰੈਂਸ ਬਿਸ਼ਨੋਈ ਨੂੰ ਵਾਰ-ਵਾਰ ਪੰਜਾਬ ਲਿਆਂਦਾ ਜਾ ਰਿਹਾ ਸੀ ।ਲਾਰੈਂਸ ਬਿਸ਼ਨੋਈ ਦੀ ਇੰਟਰਵਿਊ ਪਿੱਛੇ ਕਾਰਨ ਕੀ ਸੀ, ਇਹ ਪਤਾ ਲਗਾਉਣਾ ਜ਼ਰੂਰੀ ਹੈ । ਮਾਮਲੇ ਦੀ ਜਾਂਚ ਕਰ ਰਹੇ ਆਈ.ਪੀ.ਐਸ. ਅਧਿਕਾਰੀ ਵਿਸ਼ੇਸ਼ ਡੀ. ਜੀ. ਪੀ. (ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ) ਪ੍ਰਬੋਧ ਕੁਮਾਰ ਦੀ ਐੱਸ.ਆਈ.ਟੀ. ਨੂੰ ਹਾਈ ਕੋਰਟ ਨੇ ਇਹ ਪਤਾ ਲਗਾਉਣ ਦੇ ਹੁਕਮ ਦਿੱਤੇ ਹਨ ।ਨਾਲ ਹੀ ਇਸ ਮਾਮਲੇ ਵਿਚ ਅਪਰਾਧਿਕ ਸਾਜਿਸ਼ ਤੇ ਭਿ ?ਸ਼ਟਾਚਾਰ ਦੇ ਪਹਿਲੂ ਦੀ ਜਾਂਚ ਕਰਨ ਦੇ ਵੀ ਹੁਕਮ ਦਿੱਤੇ ਗਏ ਹਨ । ਹਾਈ ਕੋਰਟ ਨੇ ਕਿਹਾ ਕਿ ਇਸ ਮਾਮਲੇ ਦੀ ਜਾਂਚ 'ਤੇ ਜੇਕਰ ਹਾਈ ਕੋਰਟ ਨੂੰ ਸ਼ੱਕ ਹੋਇਆ ਤਾਂ ਜਾਂਚ ਕਿਸੇ ਸੁਤੰਤਰ ਏਜੰਸੀ ਨੂੰ ਸੌਂਪ ਦਿੱਤੀ ਜਾਵੇਗੀ ।ਹਾਈ ਕੋਰਟ ਨੇ ਕਿਹਾ ਕਿ ਡੀ.ਜੀ.ਪੀ. ਨੇ ਕਿਹਾ ਸੀ ਕਿ ਇੰਟਰਵਿਊ ਪੰਜਾਬ ਵਿਚ ਨਹੀਂ ਹੋਈ ਸੀ, ਹੁਣ ਉਹ ਇਹ ਹਲਫ਼ਨਾਮਾ

(ਬਾਕੀ ਸਫ਼ਾ 30 'ਤੇ)

# ਸ਼੍ਰੋਮਣੀ ਅਕਾਲੀ ਦਲ ਵੱਲੋਂ ਚੋਣ ਨਾ ਲੜਨ ਦਾ ਫ਼ੈਸਲਾ ਆਤਮਘਾਤੀ

## ਬਾਦਲ ਦਲ ਦੀ ਨੀਤੀ ਕਾਰਨ ਅਕਾਲੀ ਵਰਕਰਾਂ ਵਿੱਚ ਭਾਰੀ ਨਮੋਸ਼ੀ

## ਕਿਵੇਂ ਹੋ ਸਕਦੀ ਹੈ ਸ਼ਕਤੀਸ਼ਾਲੀ ਅਕਾਲੀ ਦਲ ਦੀ ਸਿਰਜਣਾ?





ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916







ਸਿਆਸੀ ਤੌਰ 'ਤੇ ਹਾਸ਼ੀਏ 'ਤੇ ਚੱਲ ਰਹੇ ਸ਼੍ਰੋਮਣੀ ਅਕਾਲੀ ਦਲ ਨੇ 13 ਨਵੰਬਰ ਨੂੰ ਹੋਣ ਵਾਲੀਆਂ ਚਾਰ ਵਿਧਾਨ ਸਭਾ ਸੀਟਾਂ 'ਤੇ ਜ਼ਿਮਨੀ ਚੋਣ ਨਾ ਲੜ੍ਹਨ ਦਾ ਫ਼ੈਸਲਾ ਕੀਤਾ ਹੈ। ਅਕਾਲੀ ਦਲ ਦਾ ਇਹ ਫ਼ੈਸਲਾ ਆਤਮਘਾਤੀ ਸਮਝਿਆ ਜਾ ਰਿਹਾ ਹੈ। ਸਾਬਕਾ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਬਾਦਲ ਦਲ ਨੂੰ ਨਮੋਸ਼ੀ ਤੋਂ ਬਚਾਉਂਦਿਆਂ ਇਹ ਕੋਰਾ ਝੂਠ ਬੋਲਿਆ ਸੀ ਕਿ ਅਕਾਲ ਤਖ਼ਤ ਸਾਹਿਬ ਦਾ ਤਨਖਾਹੀਆ ਕਰਾਰ ਦੇਣ ਦਾ ਫ਼ੈਸਲਾ ਇਕੱਲੇ ਸੁਖਬੀਰ ਸਿੰਘ ਬਾਦਲ ਲਈ ਨਹੀਂ ਆਇਆ ਹੈ ਉਹ ਸਾਰੇ ਅਕਾਲੀ ਦਲ ਲਈ ਆਇਆ ਹੈ, ਇਸ ਕਰਕੇ ਅਸੀਂ ਮੀਟਿੰਗ ਵਿੱਚ ਜ਼ਿਮਨੀ ਚੋਣਾਂ ਨਾ ਲੜਨ ਦਾ ਫ਼ੈਸਲਾ ਕੀਤਾ ਹੈ।

ਦੂਜੇ ਪਾਸੇ ਅਕਾਲੀ ਦਲ ਦੇ ਇਸ ਫ਼ੈਸਲੇ ਤੋਂ ਤੁਰੰਤ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਡਾ. ਚੀਮਾ ਦੇ ਬਿਆਨ ਨੂੰ ਰੱਦ ਕਰਦਿਆਂ ਕਿਹਾ ਹੈ ਕਿ ਜ਼ਿਮਨੀ ਚੋਣਾਂ ਅਕਾਲੀ ਦਲ ਲੜ ਸਕਦਾ ਹੈ ਅਤੇ ਕਿਸੇ ਵੀ ਪ੍ਰਕਾਰ ਦੀ ਅਕਾਲ ਤਖ਼ਤ ਸਾਹਿਬ ਵੱਲੋਂ ਉਨ੍ਹਾਂ 'ਤੇ ਪਾਬੰਦੀ ਨਹੀਂ ਲਗਾਈ ਹੈ ਪਰ ਸੁਖਬੀਰ ਸਿੰਘ ਬਾਦਲ ਨੂੰ ਇਸ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ, ਕਿਉਂਕਿ ਉਨ੍ਹਾਂ ਦਾ ਮਾਮਲਾ ਅਜੇ ਵੀ ਅਕਾਲ ਤਖ਼ਤ ਸਾਹਿਬ 'ਤੇ ਵਿਚਾਰ ਅਧੀਨ ਹੈ।

ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਚੋਣ ਮੈਦਾਨ ਵਿੱਚ ਹਟ ਜਾਣਾ ਇਸ ਗੱਲ ਦਾ ਸੰਕੇਤ ਹੈ ਕਿ ਪਾਰਟੀ ਲੀਡਰਸ਼ਿਪ ਨੇ ਇਹ ਮੰਨ ਲਿਆ ਹੈ ਕਿ ਸਿੱਖ ਪੰਥ ਵੱਲੋਂ ਅਕਾਲੀ ਦਲ ਬਾਦਲ ਵਿਰੁੱਧ ਬੇਅਦਬੀਆਂ ਤੇ ਸੌਦਾ ਸਾਧ ਨੂੰ ਲੈਕੇ ਖਾਸਾ ਵਿਰੋਧ ਹੈ, ਜਿਸਦਾ ਸਾਹਮਣਾ ਕਰਨ ਲਈ ਬਾਦਲ ਅਕਾਲੀ ਦਲ ਦੀ ਲੀਡਰਸ਼ਿਪ ਤਿਆਰ ਨਹੀਂ ਹੈ।

ਹਾਲਾਂਕਿ ਪਾਰਟੀ ਦੇ ਸੀਨੀਅਰ ਲੀਡਰ ਬਿਕਰਮ ਸਿੰਘ ਮਜੀਠੀਆ ਨੇ ਪਾਰਟੀ ਨੂੰ ਚੋਣ ਲੜਨ ਦੀ ਸਲਾਹ ਦਿੱਤੀ ਸੀ ਪਰ ਪਾਰਟੀ ਨੇ ਉਨ੍ਹਾਂ ਦੇ ਉਲਟ ਜਾ ਕੇ ਚੋਣਾਂ ਨਾ ਲੜਨ ਦਾ ਫ਼ੈਸਲਾ ਕੀਤਾ ਹੈ।

ਇਸ ਤੋਂ ਬਾਅਦ ਹੁਣ ਅਕਾਲ ਤਖ਼ਤ ਸਾਹਿਬ ਤੋਂ ਅਸ਼ਲੀਲ ਵੀਡੀਓ ਕਾਂਡ ਲਈ ਮਾਫ਼ ਕੀਤੇ ਸੁੱਚਾ ਸਿੰਘ ਲੰਗਾਹ ਨੇ ਛੁਰਲੀ ਬਾਦਲ ਪਰਿਵਾਰ ਦੇ ਹੱਕ ਵਿੱਚ ਛੱਡ ਦਿੱਤੀ ਕਿ ਇਸ ਫ਼ੈਸਲੇ ਵਿੱਚ ਅਕਾਲ ਤਖ਼ਤ ਸਾਹਿਬ ਤੋਂ ਦੇਰੀ ਸੁਖਬੀਰ ਸਿੰਘ ਬਾਦਲ ਦੀ ਸਿਆਸੀ ਹੱਤਿਆ ਹੈ।

ਇਤਿਹਾਸਕਾਰ ਪ੍ਰੋ. ਗੁਰਦਰਸ਼ਨ ਸਿੰਘ ਢਿੱਲੋਂ ਨੇ ਅਕਾਲੀ ਦਲ ਦੇ ਫ਼ੈਸਲੇ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਅਕਾਲੀ ਦਲ ਨੂੰ ਚੋਣ ਲੜਨੀ ਚਾਹੀਦੀ ਸੀ। ਸਿੱਖ ਗੁਰੂ ਸਾਹਿਬਾਨ ਨੇ ਸਾਨੂੰ ਜੰਗ ਦੇ ਮੈਦਾਨ ਵਿੱਚ ਜੂਝਣਾ ਸਿਖਾਇਆ ਹੈ, ਭੱਜਣਾ ਨਹੀਂ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਵੀ ਅੰਤ ਤੱਕ ਮੈਦਾਨ ਵਿੱਚ ਲੜੇ ਹਨ। ਇਸ ਲਈ ਅਕਾਲੀ ਦਲ ਨੂੰ ਮੈਦਾਨ ਤੋਂ ਭੱਜਣਾ ਨਹੀਂ ਚਾਹੀਦਾ ਸੀ। ਇਸ ਨਾਲ ਅਕਾਲੀ ਕਾਡਰ ਨਿਰਾਸ਼ ਹੋਵੇਗਾ ਅਤੇ ਕਾਡਰ ਨੂੰ ਵਾਪਸ ਮੋੜਨਾ ਬਹੁਤ ਔਖਾ ਹੋ ਜਾਂਦਾ ਹੈ। ਉਨ੍ਹਾਂ ਕਿਹਾ ਕਿ ਜਿੱਤ ਹਾਰ ਦਾ ਕੋਈ ਬਹੁਤਾ ਫ਼ਰਕ ਨਹੀ ਪੈਂਦਾ। ਪਹਿਲਾਂ ਵੀ ਅਕਾਲੀ ਦਲ ਕਈ ਚੋਣਾਂ ਹਾਰ ਚੁੱਕਾ ਹੈ, ਪਰ ਮੈਦਾਨ ਵਿਚੋਂ ਪਿੱਛੇ ਹਟਣ ਨਾਲ ਮਨੋਬਲ ਡਿੱਗਦਾ ਹੈ ।ਇਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਦਾ ਕਹਿਣਾ ਹੈ ਕਿ ਅਕਾਲੀ ਦਲ ਨੇ ਚੋਣ ਲੜਨ ਤੋਂ ਪਹਿਲਾਂ ਹੀ ਹਾਰ ਕਬੂਲ ਲਈ ਹੈ। ਇਹ ਅਕਾਲੀ ਦਲ ਦਾ ਆਤਮਘਾਤੀ ਫ਼ੈਸਲਾ ਹੈ। ਬੀਬੀ ਜਗੀਰ ਕੌਰ ਨੇ ਕਿਹਾ ਹੈ ਕਿ ਕਾਂਗਰਸ ਨੂੰ ਛੱਡ ਕੇ ਅਕਾਲੀ ਦਲ ਸਭ ਤੋਂ ਪੁਰਾਣੀ ਪਾਰਟੀ ਹੈ ਅਤੇ ਜੇਕਰ ਪਾਰਟੀ ਦੇ ਅੱਜ ਇਹ ਹਾਲਾਤ ਬਣ ਜਾਣ ਕਿ ਪਾਰਟੀ ਚੋਣ ਮੈਦਾਨ ਵਿਚੋਂ ਭੱਜ ਜਾਵੇ ਤਾਂ ਇਹ ਸਾਡੇ ਲਈ ਬਹੁਤ ਹੀ ਨਮੋਸ਼ੀ ਵਾਲਾ ਅਤੇ ਮੰਦਭਾਗਾ ਸਮਾਂ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੇ ਜਲੰਧਰ ਜ਼ਿਮਨੀ ਚੋਣ ਦੌਰਾਨ ਵੀ ਇਹੀ ਕੁੱਝ ਕੀਤਾ ਸੀ ਅਤੇ ਅਸੀਂ ਇਕੱਲੇ ਮੈਦਾਨ ਵਿੱਚ ਖੜ੍ਹੇ ਰਹੇ ਸੀ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀਆਂ ਐੱਮ. ਪੀ. ਚੋਣਾਂ ਵੇਲੇ ਜ਼ਮਾਨਤਾਂ ਜ਼ਬਤ ਹੋਈਆਂ ਹਨ, ਉਦੋਂ ਵੀ ਤਾਂ ਚੋਣ ਲੜੀ ਸੀ ਅਤੇ ਉਦੋਂ ਚੋਣਾਂ ਦਾ ਬਾਈਕਾਟ ਕਿਉਂ ਨਹੀਂ ਕੀਤਾ? ਬੀਬੀ ਜਗੀਰ ਕੌਰ ਨੇ ਸੁਖਬੀਰ ਬਾਦਲ ਨੂੰ ਸਲਾਹ ਦਿੰਦਿਆਂ ਕਿਹਾ ਕਿ ਪਾਰਟੀ ਨੂੰ ਜੇਕਰ ਬਚਾਉਣਾ ਹੈ ਤਾਂ ਸਭ ਨੂੰ ਫ਼ਰੀ ਹੈਂਡ ਕੰਮ ਕਰਨ ਦਿਓ।

ਅਕਾਲੀ ਦਲ ਦੇ ਅੰਦਰੂਨੀ ਸੂਤਰਾਂ ਤੋਂ ਪਤਾ ਲੱਗਿਆ ਹੈ ਕਿ ਅਕਾਲੀ ਲੀਡਰਸ਼ਿਪ ਨੇ ਇਹ ਫ਼ੈਸਲਾ 2027 ਦੀਆਂ ਚੋਣਾਂ ਨੂੰ ਧਿਆਨ ਵਿੱਚ ਰੱਖਕੇ ਲਿਆ ਹੈ ਕਿ ਜੇਕਰ ਪਾਰਟੀ ਹਾਰ ਜਾਂਦੀ ਹੈ ਤਾਂ ਇਸਦਾ ਅਸਰ ਬੁਰਾ ਪੈਣਾ ਸੀ। ਅਕਾਲੀ ਦਲ ਦਾ ਇੱਕ ਸੰਸਦ ਮੈਂਬਰ ਤੇ ਤਿੰਨ ਵਿਧਾਇਕ ਹਨ, ਜਿਨ੍ਹਾਂ ਵਿੱਚ ਇੱਕ ਆਪ ਵਿੱਚ ਸ਼ਾਮਲ ਹੋ ਗਿਆ ਹੈ ਤੇ ਮਨਪ੍ਰੀਤ ਸਿੰਘ ਇਯਾਲੀ ਨਾਰਾਜ਼ ਚੱਲ ਰਿਹਾ ਹੈ। ਇੱਥੇ ਦੱਸਿਆ ਜਾਂਦਾ ਹੈ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਗਿੱਦੜਬਾਹਾ ਸੀਟ ਤੋਂ ਪੰਜ ਵਾਰ ਚੋਣ ਜਿੱਤ ਚੁੱਕੇ ਹਨ। ਇਸੇ ਤਰ੍ਹਾਂ 1995 ਵਿੱਚ ਗਿੱਦੜਬਾਹਾ ਦੀ ਜ਼ਿਮਨੀ ਚੋਣ ਜਿੱਤਕੇ ਅਕਾਲੀ ਦਲ ਨੇ ਜੇਤੂ ਰੱਥ ਅੱਗੇ ਤੋਰਿਆ ਸੀ, ਪਰ ਹੁਣ ਜ਼ਿਮਨੀ ਚੋਣ ਤੋਂ ਪਾਰਟੀ ਪਿੱਛੇ ਹਟ ਗਈ ਹੈ। ਅਕਾਲੀ ਦਲ ਦੇ ਇਸ ਫ਼ੈਸਲੇ ਨੇ ਲੀਡਰਸ਼ਿਪ ਤੇ ਪਾਰਟੀ ਦੇ ਭਵਿੱਖ 'ਤੇ ਸਵਾਲ ਖੜ੍ਹਾ ਕਰ ਦਿੱਤਾ ਹੈ। ਪਾਰਟੀ ਵਰਕਰਾਂ ਤੇ ਲੀਡਰਾਂ ਵਿੱਚ ਨਿਰਾਸ਼ਾ ਦੇਖਣ ਨੂੰ ਮਿਲ ਰਹੀ ਹੈ। ਇਹ ਇਤਿਹਾਸ ਵਿੱਚ ਪਹਿਲੀ ਵਾਰ ਹੈ ਕਿ ਅਕਾਲੀ ਦਲ ਨੇ ਚੋਣ ਜੰਗ ਵਿੱਚ ਕੁੱਦਣ ਤੋਂ ਪਹਿਲਾਂ ਹਾਰ ਕਬੂਲ ਲਈ ਹੋਵੇ।

### ਕੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਹੋ ਸਕੇਗੀ?

ਬਾਦਲ ਅਕਾਲੀ ਦਲ ਦੇ ਮਹਾਂਰਥੀ ਇਹ ਬਿਆਨਬਾਜੀ ਕਰ ਰਹੇ ਹਨ ਕਿ ਅਕਾਲ ਤਖ਼ਤ ਸਾਹਿਬ ਨੂੰ ਅਕਾਲੀ ਦਲ ਵਿੱਚ ਦਖਲਅੰਦਾਜ਼ੀ ਨਹੀਂ ਦੇਣੀ ਚਾਹੀਦੀ ਨਹੀਂ ਤਾਂ ਚੋਣ ਕਮਿਸ਼ਨ ਅਕਾਲੀ ਦਲ ਦੀ ਰਜਿਸਟਰੇਸ਼ਨ ਕੈਂਸਲ ਕਰ ਸਕਦਾ ਹੈ। ਇਹ ਇੱਕ ਝੂਠ ਦਾ ਨੈਰਟਿਵ ਹੈ ਤੇ ਜੇ ਇਹ ਸੱਚ ਹੈ ਤਾਂ ਅਕਾਲੀ ਦਲ ਸ਼੍ਰੋਮਣੀ ਕਮੇਟੀ ਵਿੱਚ ਦਖਲਅੰਦਾਜ਼ੀ ਕਿਵੇਂ ਕਰ ਸਕਦਾ ਹੈ? ਦੂਸਰਾ ਸੰਘ ਪਰਿਵਾਰ ਵੀ ਭਾਜਪਾ ਨੂੰ ਸਲਾਹ ਦਿੰਦਾ ਹੈ। ਕੀ ਭਾਜਪਾ ਨੇ ਹਿੰਦੂ ਧਰਮ ਛੱਡ ਦਿੱਤਾ ਹੈ ਜਾਂ ਆਪਣੀ ਧਾਰਮਿਕ ਜਮਾਤ ਸੰਘ ਪਰਿਵਾਰ? ਕੀ ਚੋਣ ਕਮਿਸ਼ਨ ਨੇ ਭਾਜਪਾ ਉੱਪਰ ਇਤਰਾਜ਼ ਕੀਤਾ ਹੈ?

ਸਿੱਖ ਚਿੰਤਕਾਂ ਦਾ ਮੰਨਣਾ ਹੈ ਕਿ ਅਕਾਲ ਤਖ਼ਤ ਸਾਹਿਬ ਵੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਪੰਥਕ ਤਾਲਮੇਲ ਕਮੇਟੀ ਬਣਾ ਸਕਦਾ ਹੈ। ਭਾਵੇਂ ਸਿੱਧਾ ਦਖਲ ਨਾ ਦੇਵੇ ਪਰ ਦਿਸ਼ਾ ਨਿਰਦੇਸ਼ ਦੇ ਸਕਦਾ ਹੈ।

ਸ੍. ਗੁਰਤੇਜ ਸਿੰਘ ਆਈ.ਏ.ਐਸ. ਦਾ ਕਹਿਣਾ ਹੈ ਕਿ ਅਕਾਲੀ ਲੀਡਰਸ਼ਿਪ ਨੇ ਇਹ ਫ਼ੈਸਲਾ ਲੈ ਕੇ ਸਦੀਵੀ ਹਾਰ ਮੰਨ ਲਈ ਹੈ। ਇਹ ਅਕਾਲੀ ਦਲ ਦੇ ਖਾਤਮੇ ਦੀ ਨਿਸ਼ਾਨੀ ਹੈ।

ਉਨ੍ਹਾਂ ਕਿਹਾ ਕਿ ਚਾਹੀਦਾ ਇਹ ਸੀ ਕਿ ਬਾਦਲ ਦਲ ਦੇ ਸਾਰੇ ਲੀਡਰ ਕਾਮਰੇਡ, ਲਿਬਰਲਾਂ ਸਲਾਹਕਾਰਾਂ ਦੇ ਘੇਰੇ ਵਿਚੋਂ ਨਿਕਲਕੇ ਅਕਾਲ ਤਖ਼ਤ ਨੂੰ ਅਸਤੀਫ਼ੇ ਸੌਂਪ ਦੇਣ ਕਿ ਸਾਨੂੰ ਪੰਥ ਦੀ ਸੋਚ ਅਨੁਸਾਰ ਦਿਸ਼ਾ ਨਿਰਦੇਸ਼ ਦੇਵੋ, ਖ਼ਾਲਸਾ ਪੰਥ ਸਾਡੇ ਗੁਨਾਹ ਮਾਫ਼ ਕਰੇ ਤੇ ਸ਼੍ਰੋਮਣੀ ਅਕਾਲੀ ਦਲ ਮਜਬੂਤ ਕਿਵੇਂ ਹੋਵੇ? ਇਸ ਬਾਰੇ ਨੁਮਾਇੰਦਾ ਇਕੱਠ ਸਦਿਆ ਜਾਵੇ ਤਾਂ ਜੋ ਸਮੁਚੀਆਂ ਪੰਥਕ ਧਿਰਾਂ ਅਕਾਲੀ ਦਲ ਦੀ ਪੁਨਰ ਉਸਾਰੀ ਵਿੱਚ ਯੋਗਦਾਨ ਪਾਉਣ। ਅਕਾਲੀ ਦਲ ਵਿੱਚ ਨਵੀਂ ਭਰਤੀ ਹੋਵੇ ਤੇ ਨਵੀਂ ਲੀਡਰਸ਼ਿਪ ਦੀ ਚੋਣ ਹੋਵੇ। ਉਨ੍ਹਾਂ ਕਿਹਾ ਕਿ ਸਿੱਖ ਪੰਥ ਦੇ ਮਨੋਂ ਲੱਥੀ ਅਕਾਲੀ ਲੀਡਰਸ਼ਿਪ ਕਦੇ ਸਿੱਖ ਪੰਥ ਦੀ ਅਗਵਾਈ ਨਹੀਂ ਕਰ ਸਕੀ। ਕੀ ਕਦੇ ਸੰਤ ਫ਼ਤਹਿ ਸਿੰਘ, ਬਰਨਾਲੇ ਦੀ ਹੋਂਦ ਜਿਉਂਦੀ ਹੋਈ? ਕੀ ਸਿਮਰਨਜੀਤ ਸਿੰਘ ਮਾਨ ਅਕਾਲੀ ਦਲ ਜਿਉਂਦਾ ਕਰ ਸਕੇ? ਠੀਕ ਹੈ ਉਹ ਆਪਣਾ ਧੜਾ ਚਲਾ ਰਹੇ ਹਨ। ਸਿੱਖ ਪੰਥ ਦਾ ਇਤਿਹਾਸ ਰਿਹਾ ਜੋ ਲੀਡਰ ਲੀਹੋਂ ਲਹਿ ਗਿਆ ਮੁੜਕੇ ਉਹ ਖ਼ਾਲਸਾ ਪੰਥ ਦਾ ਸਿਰਮੌਰ ਲੀਡਰ ਨਹੀਂ ਬਣ ਸਕਿਆ।

ਸਿੱਖ ਬੁੱਧੀਜੀਵੀ ਭਾਈ ਹਰਸਿਮਰਨ ਸਿੰਘ ਅਨੰਦਪੁਰ ਸਾਹਿਬ ਦਾ ਕਹਿਣਾ ਹੈ ਕਿ ਜੇ ਅਕਾਲੀ ਦਲ ਪੁਨਰ ਸੁਰਜੀਤ ਨਾ ਹੋਇਆ ਤਾਂ ਬਾਦਲ ਅਕਾਲੀ ਦਲ ਦੇ ਮਹਾਂਰਥੀਆਂ ਕੋਲ ਕਿਹੜਾ ਰਾਹ ਹੈ ਕਿ ਉਹ ਆਪਣੀ ਸਿਆਸੀ ਹੋਂਦ ਬਚਾ ਲੈਣਗੇ। ਚੰਗਾ ਇਹੀ ਹੈ ਕਿ ਉਹ ਸਿੰਘ ਸਾਹਿਬਾਨ ਨੂੰ ਅਪੀਲ ਕਰਨ ਕਿ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਦਿਸ਼ਾ ਨਿਰਦੇਸ਼ ਦਿੱਤੇ ਜਾਣ। ਉਨ੍ਹਾਂ ਕਿਹਾ ਕਿ ਸਿੰਘ ਸਾਹਿਬਾਨ ਦਾ ਇਤਿਹਾਸਕ ਫ਼ਰਜ ਹੈ ਕਿ ਉਹ ਅਠਾਰਵੀਂ ਸਦੀ ਦੇ ਪੁਰਾਤਨ ਜਥੇਦਾਰਾਂ ਜਥੇਦਾਰ ਦਰਬਾਰਾ ਸਿੰਘ, ਜਥੇਦਾਰ ਕਪੂਰ ਸਿੰਘ, ਜਥੇਦਾਰ ਬਾਬਾ ਜੱਸਾ ਸਿੰਘ ਆਹਲੂਵਾਲੀਆ, ਜਥੇਦਾਰ ਬਾਬਾ ਸਾਹਿਬ ਸਿੰਘ ਬੇਦੀ ਵਾਂਗ ਪੰਥਕ ਸੰਗਠਨ ਅਕਾਲੀ ਦਲ ਦੇ ਰੂਪ ਵਿੱਚ ਉਸਾਰਨ। ਦਿਵਾਲੀ ਤੋਂ ਬਾਅਦ ਪੰਥਕ ਨੁਮਾਇੰਦਾ ਇਕਠ ਬੁਲਾਉਣਾ ਅਤਿਅੰਤ ਜਰੂਰੀ ਹੈ। ਪੁਰਾਤਨ ਪਰੰਪਰਾਵਾਂ ਨੂੰ ਬਹਾਲ ਕਰਨਾ ਆਪਣੇ ਪੁਰਖਿਆਂ ਦੀਆਂ ਪੈੜਾਂ ਉੱਪਰ ਚਲਣਾ ਬਹੁਤ ਜ਼ਰੂਰੀ ਹੈ।

---

**ਗਿੱਦੜਬਾਹਾ ਤੋਂ ਗਿੱਦੜਬਾਹਾ ਤੱਕ...**

# ਸ਼੍ਰੋਮਣੀ ਅਕਾਲੀ ਦਲ ਤੋਂ ਅਕਾਲੀ ਦਲ ਬਾਦਲ ਤੱਕ ਦਾ 30 ਸਾਲਾ ਸਫ਼ਰ

ਚੰਡੀਗੜ੍ਹ/ਏ.ਟੀ.ਨਿਊਜ਼: ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਕਰਾਰ ਦੇਣ ਤੋਂ ਬਾਅਦ ਪੰਥਕ ਹਲਕਿਆਂ ਵਿੱਚ ਛਿੜੇ ਵਿਵਾਦ ਦਾ ਜੇਕਰ ਜ਼ਿਕਰ ਨਾ ਵੀ ਕਰਨਾ ਹੋਵੇ ਤਾਂ ਗਿੱਦੜਬਾਹਾ ਤੋਂ ਗਿੱਦੜਬਾਹਾ ਤੱਕ ਦਾ 30 ਸਾਲ ਦੇ ਉਸ ਸਫ਼ਰ ਦਾ ਜ਼ਿਕਰ ਕਰਨਾ ਜ਼ਰੂਰੀ ਹੋ ਜਾਂਦਾ ਹੈ, ਕਿਉਂਕਿ ਮਹਿਜ਼ 30 ਸਾਲਾਂ ਅੰਦਰ ਸ਼੍ਰੋਮਣੀ ਅਕਾਲੀ ਦਲ ਤੋਂ ਬਾਦਲ ਅਕਾਲੀ ਦਲ ਬਣੀ ਇਸ ਪਾਰਟੀ ਨੇ ਸਮੁੱਚੇ ਅਕਾਲੀਆਂ ਨੂੰ ਹੀ ਹਾਸ਼ੀਏ 'ਤੇ ਸੁੱਟ ਦਿਤਾ।

ਪੰਥਕ ਹਲਕੇ ਮਹਿਸੂਸ ਕਰਦੇ ਹਨ ਕਿ ਸਾਲ 1975 ਦੀ ਐਮਰਜੈਂਸੀ ਦੌਰਾਨ ਅਕਾਲੀ ਦਲ ਨੇ ਦੇਸ਼ ਭਰ ਵਿਚੋਂ ਮੋਹਰੀ ਰੋਲ ਨਿਭਾਉਂਦਿਆਂ ਵਿਰੋਧ ਕੀਤਾ ਤਾਂ ਅਕਾਲੀ ਦਲ ਦੀ ਸ਼ਾਖ ਵਧਣੀ ਸੁਭਾਵਕ ਸੀ, ਅਕਾਲੀ ਦਲ ਦੇ ਸੰਘਰਸ਼ ਦੀ ਪ੍ਰਸ਼ੰਸਾ ਦੁਨੀਆਂ ਦੇ ਕੋਨੇ ਕੋਨੇ ਵਿਚ ਬੈਠੇ ਪੰਜਾਬੀਆਂ ਨੇ ਕੀਤੀ, ਉਸ ਤੋਂ ਬਾਅਦ ਬਾਦਲ-ਟੌਹੜਾ-ਤਲਵੰਡੀ, ਬਾਦਲ-ਟੌਹੜਾ-ਲੌਂਗੋਵਾਲ, ਬਾਦਲ-ਟੌਹੜਾ-ਬਰਨਾਲਾ ਆਦਿ ਅਕਾਲੀ ਆਗੂਆਂ ਦੀਆਂ ਖ਼ਬਰਾਂ ਮੀਡੀਆ ਦੀਆਂ ਸੁਰਖ਼ੀਆਂ ਬਣਦੀਆਂ ਰਹੀਆਂ ਪਰ ਹੁਣ ਅਕਾਲੀਆਂ ਨੇ ਸੁਖਬੀਰ ਸਿੰਘ ਬਾਦਲ ਨੂੰ ਪਾਰਟੀ ਦਾ ਜਰਨੈਲ ਆਖ ਕੇ ਪੰਜਾਬ ਵਿੱਚ ਹੋਣ ਜਾ ਰਹੀਆਂ ਚਾਰ ਜ਼ਿਮਨੀ ਚੋਣਾਂ ਲੜਨ ਤੋਂ ਕਿਨਾਰਾਕਸ਼ੀ ਕਰ ਲਈ ਹੈ।

ਬਾਦਲ ਦਲ ਦੇ ਆਗੂ ਸੁਖਬੀਰ ਨੂੰ ਹੀ ਅਕਾਲੀ ਦਲ ਦਰਸਾ ਰਹੇ ਹਨ ਪਰ ਵਿਰੋਧੀਆਂ ਨੇ ਵਿਅੰਗ ਕਸਿਆ ਹੈ ਕਿ 105 ਸਾਲ ਪੁਰਾਣੀ ਪਾਰਟੀ ਅਜੇ ਤੱਕ ਦੂਜਾ ਜਰਨੈਲ ਵੀ ਪੈਦਾ ਨਹੀਂ ਕਰ ਸਕੀ ਤਾਂ ਇਸ ਵਿੱਚ ਆਖਰ ਕਸੂਰਵਾਰ ਕੌਣ ਹੈ? ਅੱਜ ਤੋਂ ਕਰੀਬ 30 ਸਾਲਾਂ ਪਹਿਲਾਂ 1995 ਵਿੱਚ ਗਿੱਦੜਬਾਹਾ ਵਿਧਾਨ ਸਭਾ ਹਲਕੇ ਦੀ 'ਜ਼ਿਮਨੀ ਚੋਣ' ਵਿੱਚ ਕਾਂਗਰਸ ਦੇ ਮੁੱਖ ਮੰਤਰੀ ਬੇਅੰਤ ਸਿੰਘ ਅਤੇ ਅਕਾਲੀ ਦਲ ਦੇ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਦਾ ਅੱਡੀ ਚੋਟੀ ਦਾ ਜ਼ੋਰ ਲੱਗਾ ਹੋਇਆ ਸੀ, ਸਾਰੀ ਸਰਕਾਰੀ ਮਸ਼ੀਨਰੀ ਗਿੱਦੜਬਾਹਾ ਵਿਖੇ ਮੌਜੂਦ ਰਹੀ, ਚੰਡੀਗੜ੍ਹ ਵਾਲਾ ਮੁੱਖ ਮੰਤਰੀ ਦਾ ਆਰਜ਼ੀ ਦਫ਼ਤਰ ਗਿੱਦੜਬਾਹਾ ਵਿਖੇ ਬਣਾ ਦਿੱਤਾ ਗਿਆ।

ਫ਼ਸਵੀਂ ਟੱਕਰ ਵਿੱਚ ਮਨਪ੍ਰੀਤ ਸਿੰਘ ਬਾਦਲ ਜਿੱਤ ਗਿਆ, ਪੰਜਾਬ ਵਿੱਚ ਅਕਾਲੀ ਦਲ ਅਤੇ ਬਾਦਲ ਪ੍ਰਵਾਰ ਦੀ ਤੂਤੀ ਵੱਜਣ ਲੱਗ ਪਈ, ਉਸ ਚੋਣ ਮਗਰੋਂ 1997, 2007, 2012 ਵਿੱਚ ਤਿੰਨ ਵਾਰ ਬਾਦਲ ਸਰਕਾਰ ਹੋਂਦ ਵਿੱਚ ਆਈ ਪਰ ਅੱਜ ਲਗਭਗ 30 ਸਾਲ ਬਾਅਦ ਡੇਰਾ ਬਾਬਾ ਨਾਨਕ, ਚੱਬੇਵਾਲ, ਬਰਨਾਲਾ ਦੇ ਨਾਲ ਉਹੀ 'ਗਿੱਦੜਬਾਹਾ' ਦੀ ਜ਼ਿਮਨੀ ਚੋਣ ਆਉਂਦੀ ਹੈ ਤਾਂ ਬਾਦਲ ਪ੍ਰਵਾਰ ਦੀ ਅਗਵਾਈ ਵਾਲਾ ਅਕਾਲੀ ਦਲ ਗਿੱਦੜਬਾਹਾ ਸਮੇਤ ਬਾਕੀ ਦੀਆਂ ਸਾਰੀਆਂ ਸੀਟਾਂ 'ਤੇ ਚੋਣ ਲੜਨ ਤੋਂ ਜਵਾਬ ਦੇ ਜਾਂਦਾ ਹੈ, ਲਗਭਗ 30 ਸਾਲ ਪਹਿਲਾਂ ਦੇ ਸਮੇਂ ਅਕਾਲੀ ਦਲ ਦੀ ਚੜ੍ਹਾਈ ਦਾ ਜਾਮਨ ਬਣਿਆ ਗਿੱਦੜਬਾਹਾ ਅੱਜ ਅਕਾਲੀ ਦਲ ਦੀ ਖੋਖਲੀ ਸਾਖ਼ ਦੀ ਗਵਾਹੀ ਭਰਦਾ ਨਜ਼ਰ ਆ ਰਿਹਾ ਹੈ। ਮਨਪ੍ਰੀਤ ਸਿੰਘ ਬਾਦਲ ਹੁਣ ਭਾਜਪਾ ਦਾ ਉਮੀਦਵਾਰ ਹੈ ਅਤੇ ਅਪਣੇ ਤਾਏ ਪ੍ਰਕਾਸ਼ ਸਿੰਘ ਬਾਦਲ ਦੀ ਵੱਖ-ਵੱਖ ਮੰਚਾਂ 'ਤੇ ਹਾਜ਼ਰੀ ਲਵਾ ਰਿਹਾ ਹੈ ਪਰ ਬਾਦਲ ਪਰਿਵਾਰ ਨੇ ਗਿੱਦੜਬਾਹਾ ਤੋਂ ਦੂਰੀ ਬਣਾ ਕੇ ਅਜੇ ਭੇਦਭਰੀ ਚੁੱਪੀ ਧਾਰੀ ਹੋਈ ਹੈ।

# ਕੇਂਦਰੀ ਸਿੱਖ ਅਜਾਇਬ ਘਰ 'ਚ ਚਾਰ ਸ਼ਖ਼ਸੀਅਤਾਂ ਦੀਆਂ ਤਸਵੀਰਾਂ ਸਥਾਪਤ



ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਸਮੂਹ ਸਥਿਤ ਕੇਂਦਰੀ ਸਿੱਖ ਅਜਾਇਬ ਘਰ 'ਚ ਬੀਤੇ ਦਿਨੀਂ ਚਾਰ ਸਿੱਖ ਸ਼ਖ਼ਸੀਅਤਾਂ ਦੀਆਂ ਤਸਵੀਰਾਂ ਸਥਾਪਿਤ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚ ਕਵੀਸ਼ਰ ਗਿਆਨੀ ਸਰੂਪ ਸਿੰਘ ਸੂਰਵਿੰਡ, ਸ਼ਹੀਦ ਬੰਤਾ ਸਿੰਘ ਬਰਨਾਲਾ, ਬਾਬਾ ਲਖਬੀਰ ਸਿੰਘ ਤੇ ਗਿਆਨੀ ਨਾਹਰ ਸਿੰਘ ਗੁੱਜਰਵਾਲ ਦੀਆਂ ਤਸਵੀਰਾਂ ਸ਼ਾਮਲ ਹਨ। ਤਸਵੀਰਾਂ ਤੋਂ ਪਰਦਾ ਹਟਾਉਣ ਦੀ ਰਸਮ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਗਿਆਨੀ ਅਮਰਜੀਤ ਸਿੰਘ, ਗ੍ਰੰਥੀ ਗਿਆਨੀ ਪਰਵਿੰਦਰਪਾਲ ਸਿੰਘ, ਦਲ ਬਾਬਾ ਬਿਧੀ ਚੰਦ ਸੰਪ੍ਰਦਾ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ, ਸ਼੍ਰੋਮਣੀ ਕਮੇਟੀ ਦੇ ਮੈਂਬਰ ਪਰਮਜੀਤ ਸਿੰਘ ਖ਼ਾਲਸਾ ਤੇ ਸਕੱਤਰ ਪ੍ਰਤਾਪ ਸਿੰਘ ਨੇ ਨਿਭਾਈ।

ਇਸ ਮੌਕੇ ਬੁਲਾਰਿਆ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੌਮ ਲਈ ਘਾਲਣਾ ਘਾਲਣ ਵਾਲੀਆਂ ਸ਼ਖ਼ਸੀਅਤਾਂ ਦਾ ਸਤਿਕਾਰ ਕਰਦਿਆਂ ਸਿੱਖ ਸੰਸਥਾ ਵੱਲੋਂ ਉਨ੍ਹਾਂ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਸੁਸ਼ੋਭਿਤ ਕੀਤੀਆਂ ਜਾਂਦੀਆਂ ਹਨ। ਇਸ ਮੌਕੇ ਚਾਰਾਂ ਸ਼ਖ਼ਸੀਅਤਾਂ ਦੇ ਪਰਿਵਾਰਕ ਮੈਂਬਰਾਂ ਅਤੇ ਪੁੱਜੀਆਂ ਸ਼ਖ਼ਸੀਅਤਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਗੁਰਿੰਦਰ ਸਿੰਘ ਮਥਰੇਵਾਲ, ਮੀਤ ਸਕੱਤਰ ਸੁਖਬੀਰ ਸਿੰਘ, ਸਮੇਤ ਤਸਵੀਰਾਂ ਲੱਗਣ ਵਾਲੀਆਂ ਸ਼ਖ਼ਸੀਅਤਾਂ ਦੇ ਪਰਿਵਾਰਕ ਮੈਂਬਰਾਂ ਵਿੱਚੋਂ ਭਗਵੰਤ ਭਗਵਾਨ ਸਿੰਘ ਸੂਰਵਿੰਡ, ਗਿਆਨੀ ਗੁਰਿੰਦਰਪਾਲ ਸਿੰਘ ਬੈਂਕਾਂ, ਗਿਆਨੀ ਮੱਸਾ ਸਿੰਘ, ਗਿਆਨੀ ਪ੍ਰਤਾਪ ਸਿੰਘ, ਜਸਬੀਰ ਸਿੰਘ, ਸਤਨਾਮ ਸਿੰਘ, ਬੀਬੀ ਮਨਜੀਤ ਕੌਰ, ਰਾਜਦੀਪ ਕੌਰ, ਗੁਰਤੇਜ ਸਿੰਘ, ਬਲਜੀਤ ਸਿੰਘ, ਡਾ. ਹਰਦਿਆਲ ਸਿੰਘ, ਕਰਨੈਲ ਸਿੰਘ ਆਦਿ ਮੌਜੂਦ ਸਨ।

# ਰਾਜਾ ਵੜਿੰਗ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਭੇਜਿਆ ਆਪਣਾ ਸਪਸ਼ਟੀਕਰਨ, ਮੰਗੀ ਮੁਆਫ਼ੀ

## ਇਤਰਾਜ਼ਯੋਗ ਟਿੱਪਣੀਆਂ ਬਾਰੇ ਦਿੱਤਾ ਸਪੱਸ਼ਟੀਕਰਨ



ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਪੱਤਰ ਲਿਖ ਕੇ ਇਤਰਾਜ਼ਯੋਗ ਟਿੱਪਣੀਆਂ ਬਾਰੇ ਸਪੱਸ਼ਟੀਕਰਨ ਦਿੱਤਾ ਹੈ।

ਪੱਤਰ ਵਿੱਚ ਉਨ੍ਹਾਂ ਲਿਖਿਆ, 'ਸਾਹਿਬ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਉੱਥੋਂ ਦੇ ਜਥੇਦਾਰ ਸਾਹਿਬ ਮੇਰੇ ਲਈ ਅਤਿ ਸਤਿਕਾਰਯੋਗ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਰੇ ਨਿਯਮਾਂ ਨੂੰ ਮੈਂ ਇੱਕ ਨਿਮਾਣੇ ਸਿੱਖ ਵਜੋਂ ਹਮੇਸ਼ਾ ਮੰਨਦਾ ਆਇਆ ਹਾਂ ਤੇ ਸਮੁੱਚੇ ਜੀਵਨ ਮੰਨਦਾ ਰਹਾਂਗਾ। ਆਪ ਜੀ ਜਿਸ ਅਸਥਾਨ ਉੱਤੇ ਬਿਰਾਜਮਾਨ ਹੋ, ਮੈਂ ਉਸ ਬਾਰੇ ਕਦੇ ਵੀ ਇਤਰਾਜ਼ਯੋਗ ਟਿੱਪਣੀ ਕਰਨ ਬਾਰੇ ਸੋਚ ਵੀ ਨਹੀਂ ਸਕਦਾ। ਮੈਂ ਸਿੱਖ ਮਰਿਆਦਾ ਵਿੱਚ ਰਹਿਣ ਵਾਲਾ ਸਿੱਖ ਹਾਂ ਤੇ ਮੇਰੇ ਵੱਲੋਂ ਪਿਛਲੇ ਦਿਨੀਂ ਕੀਤੀਆਂ ਟਿੱਪਣੀਆਂ ਕਿਸੇ ਹੋਰ ਸਿਆਸੀ ਪਾਰਟੀ ਸੰਬੰਧੀ ਸਨ। ਫਿਰ ਵੀ ਜੇਕਰ ਅਣਜਾਣੇ ਵਿੱਚ ਮੈਥੋਂ ਜੋ ਇਸ ਮਹਾਨ ਸੰਸਥਾ ਦੀ ਸ਼ਾਨ ਤੇ ਅਜ਼ਮਤ ਨੂੰ ਠੇਸ ਪਹੁੰਚੀ ਹੈ ਤਾਂ ਮੈਂ ਖਿਮਾਂ ਦਾ ਜਾਚਕ ਹਾਂ। ਮੈਂ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਸਾਹਮਣੇ ਸਿਰ ਝੁਕਾਉਂਦਾ ਹੋਇਆ ਜਥੇਦਾਰ ਸਾਹਿਬ ਜੀ ਪਾਸੋਂ ਮਾਫ਼ੀ ਦਾ ਤਲਬਗਾਰ ਹਾਂ।

ਰਾਜਾ ਵੜਿੰਗ ਨੇ ਲਿਖਿਆ ਕਿ ਸਾਹਿਬ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਉੱਥੋਂ ਦੇ ਜਥੇਦਾਰ ਸਾਹਿਬ ਮੇਰੇ ਲਈ ਅਤਿ ਸਤਿਕਾਰਯੋਗ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਰੇ ਨਿਯਮਾਂ ਨੂੰ ਮੈਂ ਇੱਕ ਨਿਮਾਣੇ ਸਿੱਖ ਵਜੋਂ ਹਮੇਸ਼ਾਂ ਮੰਨਦਾ ਆਇਆ ਹਾਂ ਤੇ ਸਮੁੱਚੇ ਜੀਵਨ ਮੰਨਦਾ ਰਹਾਂਗਾ।

# 1984 ਸਿੱਖ ਨਸਲਕੁਸ਼ੀ ਮਾਮਲੇ 'ਚ ਸੱਜਣ ਕੁਮਾਰ ਵਿਰੁੱਧ ਹਾਈ ਕੋਰਟ ਕਰੇਗਾ ਸੁਣਵਾਈ

ਨਵੀਂ ਦਿੱਲੀ/ਏ.ਟੀ.ਨਿਊਜ਼ : ਦਿੱਲੀ ਵਿੱਚ ਸਿੱਖ ਵਿਰੋਧੀ ਦੰਗਿਆਂ ਕਾਰਨ ਸੱਜਣ ਕੁਮਾਰ ਦੀਆਂ ਮੁਸ਼ਕਿਲਾਂ ਵਧਣ ਵਾਲੀਆਂ ਹਨ। ਦਿੱਲੀ ਹਾਈ ਕੋਰਟ ਨੇ 1984 ਦੇ ਸਿੱਖ ਕਤਲੇਆਮ ਨਾਲ ਸਬੰਧਿਤ ਕਤਲ ਅਤੇ ਦੰਗਿਆਂ ਦੇ ਇੱਕ ਕੇਸ ਵਿੱਚ ਸਾਬਕਾ ਕਾਂਗਰਸੀ ਸੰਸਦ ਮੈਂਬਰ ਸੱਜਣ ਕੁਮਾਰ ਅਤੇ ਹੋਰਾਂ ਨੂੰ ਬਰੀ ਕੀਤੇ ਜਾਣ ਖ਼ਿਲਾਫ਼ ਸੀ.ਬੀ.ਆਈ. ਦੀ ਅਪੀਲ ਨੂੰ ਸਵੀਕਾਰ ਕਰ ਲਿਆ ਹੈ।



ਦਿੱਲੀ ਹਾਈ ਕੋਰਟ ਦੀ ਜਸਟਿਸ ਪ੍ਰਤਿਭਾ ਐੱਮ. ਸਿੰਘ ਅਤੇ ਜਸਟਿਸ ਅਮਿਤ ਸ਼ਰਮਾ ਦੇ ਬੈਂਚ ਨੇ 21 ਅਕਤੂਬਰ ਨੂੰ ਦਿੱਤੇ ਇੱਕ ਹੁਕਮ ਵਿੱਚ ਕੇਂਦਰੀ ਜਾਂਚ ਏਜੰਸੀ ਨੂੰ ਹੇਠਲੀ ਅਦਾਲਤ ਦੇ 20 ਸਤੰਬਰ 2023 ਦੇ ਹੁਕਮਾਂ ਵਿਰੁੱਧ ਅਪੀਲ ਕਰਨ ਦੀ ਇਜਾਜ਼ਤ ਦਿੱਤੀ ਅਤੇ ਮਾਮਲੇ ਦੀ ਸੁਣਵਾਈ ਅੱਗੇ ਪਾ ਦਿੱਤੀ। ਦਸੰਬਰ ਵਿੱਚ ਸੁਣਵਾਈ ਦਾ ਫੈਸਲਾ ਕੀਤਾ ਹੈ। 'ਅਪੀਲ ਦੀ ਇਜਾਜ਼ਤ' ਇੱਕ ਅਦਾਲਤ ਦੁਆਰਾ ਇੱਕ ਪਾਰਟੀ ਨੂੰ ਉੱਚ ਅਦਾਲਤ ਵਿੱਚ ਫੈਸਲੇ ਨੂੰ ਚੁਣੌਤੀ ਦੇਣ ਲਈ ਦਿੱਤੀ ਗਈ ਰਸਮੀ ਇਜਾਜ਼ਤ ਹੈ।

ਅਦਾਲਤ ਨੇ ਹੁਕਮਾਂ ਵਿੱਚ ਕਿਹਾ ਕਿ ਇਸ ਅਦਾਲਤ ਦੀ ਰਾਏ ਵਿੱਚ ਸੀ.ਬੀ.ਆਈ. ਨੂੰ ਅਪੀਲ ਕਰਨ ਦੀ ਇਜਾਜ਼ਤ ਹੈ। ਉਸ ਦੀ ਅਪੀਲ ਪ੍ਰਵਾਨ ਹੋ ਗਈ ਹੈ। ਅਦਾਲਤ ਨੇ ਇਸ ਕੇਸ ਵਿੱਚ ਬਰੀ ਕੀਤੇ ਜਾਣ ਦੇ ਹੁਕਮਾਂ ਵਿਰੁੱਧ ਪੀੜਤ ਸ਼ੀਲਾ ਕੌਰ ਦੀ (ਬਾਕੀ ਸਫ਼ਾ 30 'ਤੇ)

# ਸਿੱਖ ਵਿਰੋਧੀ ਤਾਕਤਾਂ ਦਾ ਟਾਕਰਾ ਬਾਣੀ ਨਾਲ ਜੁੜ ਕੇ ਸੰਭਵ: ਬਾਬਾ ਬਲਬੀਰ ਸਿੰਘ



ਤਲਵੰਡੀ ਸਾਬੋ/ਏ.ਟੀ.ਨਿਊਜ਼: ਬ੍ਰਹਮ ਗਿਆਨੀ ਸੰਤ ਅਤਰ ਸਿੰਘ ਵੱਲੋਂ ਇੱਥੇ ਸਥਾਪਿਤ ਪ੍ਰਸਿੱਧ ਧਾਰਮਿਕ ਸੰਸਥਾ ਲੰਗਰ ਬੁੰਗਾ ਮਸਤੂਆਣਾ ਧਾਰਮਿਕ ਮਹਾਂ ਵਿਦਿਆਲਾ ਵਿੱਚ ਪਿਛਲੇ ਕਰੀਬ ਇੱਕ ਮਹੀਨੇ ਤੋਂ ਆਰੰਭਿਆ ਸ੍ਰੀ ਦਸਮ ਗ੍ਰੰਥ ਸਾਹਿਬ ਦਾ ਸ਼ੁੱਧ ਪਾਠ ਬੋਧ ਸਮਾਗਮ ਗੁਰ ਮਰਿਆਦਾ ਅਨੁਸਾਰ ਸੰਪੂਰਨ ਹੋ ਗਿਆ। ਸਮਾਗਮ 'ਚ ਸੰਪਰਦਾ ਭਿੰਡਰਾਂ ਦੇ ਮੁਖੀ ਗਿਆਨੀ ਹਰਭਜਨ ਸਿੰਘ ਢੁੱਡੀਕੇ ਅਤੇ ਹੋਰ ਵਿਦਵਾਨਾਂ ਨੇ ਸੰਗਤ ਨੂੰ ਕਰੀਬ ਇੱਕ ਮਹੀਨੇ ਤੱਕ ਸ੍ਰੀ ਦਸਮ ਗ੍ਰੰਥ ਸਾਹਿਬ ਦੀ ਸੰਥਿਆ ਕਰਵਾਈ। ਸਮਾਪਤੀ ਸਮਾਗਮਾਂ ਵਿੱਚ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ 96 ਕਰੋੜੀ (ਨਿਹੰਗ ਸਿੰਘਾਂ) ਦੇ ਮੁਖੀ ਬਾਬਾ ਬਲਬੀਰ ਸਿੰਘ ਨੇ ਵਿਸ਼ੇਸ ਤੌਰ 'ਤੇ ਸ਼ਮੂਲੀਅਤ ਕੀਤੀ। ਜਿੱਥੇ ਉਨ੍ਹਾਂ ਅਜਿਹੇ ਮਹਾਨ ਗੁਰਮਤਿ ਸਮਾਗਮ ਕਰਵਾਉਣ ਲਈ ਸੰਪਰਦਾ ਮਸਤੂਆਣਾ ਦੇ ਮੁਖੀ ਬਾਬਾ ਟੇਕ ਸਿੰਘ ਧਨੌਲਾ ਅਤੇ ਗੁਰਦੁਆਰਾ ਬੁੰਗਾ ਮਸਤੂਆਣਾ ਦੇ ਮੁਖੀ ਬਾਬਾ ਕਾਕਾ ਸਿੰਘ ਸਮੇਤ ਸਮੁੱਚੀ ਪ੍ਰਬੰਧਕ ਕਮੇਟੀ ਦੀ ਸ਼ਲਾਘਾ ਕੀਤੀ, ਉੱਥੇ ਸੰਗਤ ਨੂੰ ਅਪੀਲ ਕੀਤੀ ਕਿ ਉਹ ਹੋਰਨਾਂ ਬਾਣੀਆਂ ਦੇ ਨਾਲ-ਨਾਲ ਦਸਮ ਗ੍ਰੰਥ ਦੀ ਬਾਣੀ ਦੀ ਵੀ ਸੰਥਿਆ ਲੈਣ। ਬਾਬਾ ਬਲਬੀਰ ਸਿੰਘ ਨੇ ਮੌਜੂਦਾ ਸਮੇਂ ਕੁੱਝ ਸਿੱਖ ਵਿਰੋਧੀ ਤਾਕਤਾਂ ਵੱਲੋਂ ਬਾਣੀ ਅਤੇ ਬਾਣੇ 'ਤੇ ਲਗਾਤਾਰ ਕੀਤੇ ਜਾ ਰਹੇ ਵਿਚਾਰਕ ਹਮਲਿਆਂ 'ਤੇ ਚਿੰਤਾ ਪ੍ਰਗਟਾਈ। ਉਨ੍ਹਾਂ ਕਿਹਾ ਕਿ ਸਿੱਖ ਵਿਰੋਧੀਆਂ ਨੂੰ ਇਸ ਦਾ ਮੂੰਹ ਤੋੜਵਾਂ ਜਵਾਬ ਵੱਡੇ ਪੱਧਰ 'ਤੇ ਬਾਣੀ ਨਾਲ ਜੁੜ ਕੇ ਹੀ ਦਿੱਤਾ ਜਾ ਸਕਦਾ ਹੈ। ਸੰਪਰਦਾ ਮਸਤੂਆਣਾ ਮੁਖੀ ਬਾਬਾ ਟੇਕ ਸਿੰਘ ਨੇ ਸਮੁੱਚੀ ਸੰਸਥਾਵਾਂ ਦਾ ਧੰਨਵਾਦ ਕੀਤਾ। ਬਾਬਾ ਈਸ਼ਰ ਸਿੰਘ ਹੈਦਰਾਬਾਦ ਵਾਲਿਆਂ ਸਮੇਤ ਸਮੁੱਚੇ ਮਸਤੂਆਣਾ ਪ੍ਰਬੰਧਕਾਂ ਵੱਲੋਂ ਬਾਬਾ ਬਲਬੀਰ ਸਿੰਘ ਦਾ ਸਨਮਾਨ ਵੀ ਕੀਤਾ ਗਿਆ।

# ਗਲੋਬਲ ਸਿੱਖ ਕੌਂਸਲ ਵੱਲੋਂ ਇਤਿਹਾਸਕ ਤਖ਼ਤਾਂ ਦੇ ਪ੍ਰਬੰਧ 'ਚ ਸਰਕਾਰੀ ਦਖ਼ਲਅੰਦਾਜ਼ੀ ਖ਼ਤਮ ਕਰਨ ਦੀ ਮੰਗ

## ਈਸਟ ਇੰਡੀਆ ਯੁੱਗ ਦੇ ਕਾਨੂੰਨ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਮੁਤਾਬਕ ਸੋਧੇ ਜਾਣ : ਕੰਵਲਜੀਤ ਕੌਰ



ਚੰਡੀਗੜ੍ਹ/ਏ.ਟੀ.ਨਿਊਜ਼: ਵਿਸ਼ਵ ਭਰ ਦੀਆਂ 31 ਰਾਸ਼ਟਰ ਪੱਧਰੀ ਸਿੱਖ ਸੰਸਥਾਵਾਂ ਦੀ ਨੁਮਾਇੰਦਾ ਸੰਸਥਾ, ਗਲੋਬਲ ਸਿੱਖ ਕੌਂਸਲ (ਜੀ.ਐਸ.ਸੀ.) ਨੇ ਸਰਬਸੰਮਤੀ ਨਾਲ ਸਿੱਖਾਂ ਦੇ ਦੋ ਇਤਿਹਾਸਕ ਤਖ਼ਤ ਸਾਹਿਬਾਨ - ਤਖ਼ਤ ਸ੍ਰੀ ਪਟਨਾ ਸਾਹਿਬ, ਬਿਹਾਰ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ, ਮਹਾਰਾਸ਼ਟਰ ਨੂੰ ਸਥਾਨਕ ਸਿੱਖ ਸੰਗਤ ਅਤੇ ਗੁਰਦੁਆਰਾ ਕਮੇਟੀਆਂ ਦੇ ਸਰਗਰਮ ਸਹਿਯੋਗ ਨਾਲ ਸਰਕਾਰੀ ਕੰਟਰੋਲ ਤੋਂ ਮੁਕਤ ਕਰਵਾਉਣ ਦਾ ਫੈਸਲਾ ਲਿਆ ਹੈ।

ਇਹ ਮਤਾ ਲੇਡੀ ਸਿੰਘ ਕੰਵਲਜੀਤ ਕੌਰ, ਓ.ਬੀ.ਈ., ਦੀ ਪ੍ਰਧਾਨਗੀ ਹੇਠ ਲੰਦਨ ਵਿਖੇ ਹੋਈ ਜੀ.ਐਸ.ਸੀ. ਦੀ ਸਾਲਾਨਾ ਜਨਰਲ ਮੀਟਿੰਗ ਦੌਰਾਨ ਪਾਸ ਕੀਤਾ ਗਿਆ।

'ਸਿੱਖ ਮਰਿਯਾਦਾ' ਦੀਆਂ ਕਮੀਆਂ ਨੂੰ ਉਜਾਗਰ ਕਰਦੇ ਹੋਏ, ਜੀ.ਐਸ.ਸੀ. ਦੀ ਪ੍ਰਧਾਨ ਨੇ ਦੱਸਿਆ ਕਿ ਦੋਵਾਂ ਤਖ਼ਤਾਂ 'ਤੇ ਨਿਭਾਈਆਂ ਜਾ ਰਹੀਆਂ ਮੌਜੂਦਾ ਧਾਰਮਿਕ ਪ੍ਰੰਪਰਾਵਾਂ ਬੁਨਿਆਦੀ ਸਿੱਖ ਸਿਧਾਂਤਾਂ ਦੀ ਉਲੰਘਣਾ ਕਰਦੀਆਂ ਹਨ। ਇਸ ਤੋਂ ਇਲਾਵਾ, ਦੋਵੇਂ ਤਖ਼ਤ ਸਾਹਿਬਾਨ ਦੇ ਪ੍ਰਬੰਧਾਂ ਲਈ ਕਮੇਟੀਆਂ ਅਤੇ ਬੋਰਡਾਂ ਵਿੱਚ ਨਾਮਜ਼ਦ ਕੀਤੇ ਮੈਂਬਰਾਂ ਕੋਲ ਇਨ੍ਹਾਂ ਗੁਰਦੁਆਰਾ ਸਾਹਿਬਾਨ ਦੇ ਸੰਚਾਲਨ ਅਤੇ ਧਾਰਮਿਕ ਰਹੁ-ਰੀਤਾਂ ਨਿਭਾਉਣ ਪ੍ਰਤੀ ਨਾ-ਮਾਤਰ ਅਧਿਕਾਰ ਹਨ।

ਜੀ.ਐਸ.ਸੀ. ਦੇ ਕਾਨੂੰਨੀ ਮਾਮਲਿਆਂ ਬਾਰੇ ਕਮੇਟੀ ਦੇ ਚੇਅਰਮੈਨ ਜਗੀਰ ਸਿੰਘ ਮਲੇਸ਼ੀਆ ਨੇ ਆਪਣਾ ਖੋਜ ਪਰਚਾ ਪੇਸ਼ ਕਰਦੇ ਹੋਏ ਦੱਸਿਆ ਕਿ ਉਪਰੋਕਤ ਦੋਵੇਂ ਤਖਤ ਇਸ ਸਮੇਂ 70 ਸਾਲ ਪੁਰਾਣੇ ਕਾਨੂੰਨਾਂ - ਪਟਨਾ ਸਾਹਿਬ ਦਾ ਸੰਵਿਧਾਨ ਤੇ ਉਪ-ਨਿਯਮ-1957 ਵਿੱਚ ਅਤੇ ਨੰਦੇੜ ਸਿੱਖ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਅਪਚਲਨਗਰ ਸਾਹਿਬ ਐਕਟ-1956, ਰਾਹੀਂ ਕੰਟਰੋਲ ਕੀਤੇ ਜਾ ਰਹੇ ਹਨ। ਇਹ ਕਾਨੂੰਨ ਇੰਨਾਂ ਤਖ਼ਤਾਂ ਦੇ ਧਾਰਮਿਕ ਅਤੇ ਪ੍ਰਬੰਧਕੀ ਮਾਮਲਿਆਂ ਵਿੱਚ ਬਹੁਤ ਜ਼ਿਆਦਾ ਸਰਕਾਰੀ ਦਖ਼ਲਅੰਦਾਜ਼ੀ ਦੀ ਇਜਾਜ਼ਤ ਦਿੰਦੇ ਹਨ। ਸਿੱਖ ਸੰਗਤਾਂ ਦੀਆਂ ਭਾਵਨਾਵਾਂ ਅਨੁਸਾਰ ਇਨ੍ਹਾਂ ਪੁਰਾਣੇ ਕਾਨੂੰਨਾਂ ਨੂੰ ਤੁਰੰਤ ਸੋਧਣ 'ਤੇ ਜ਼ੋਰ ਦਿੰਦਿਆਂ, ਉਨ੍ਹਾਂ ਦੱਸਿਆ ਕਿ 1716 ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਇਹ ਦੋਵੇਂ ਤਖ਼ਤ ਕਦੇ ਵੀ ਸਿੱਖਾਂ ਦੇ ਕਬਜ਼ੇ ਵਿੱਚ ਨਹੀਂ ਰਹੇ ਅਤੇ ਇਨ੍ਹਾਂ ਪੁਰਾਣੇ ਕਾਨੂੰਨਾਂ ਅਤੇ ਘਿਨਾਉਣੀਆਂ ਧਾਰਾਵਾਂ ਪਵਿੱਤਰ ਗੁਰਦੁਆਰਿਆਂ ਦਾ ਪ੍ਰਬੰਧ ਚਲਾਉਣ ਸਬੰਧੀ ਸਿੱਖਾਂ ਸੰਗਤਾਂ ਦੀ ਅਜ਼ਾਦੀ ਨੂੰ ਵੀ ਕਮਜ਼ੋਰ ਕਰਦੀਆਂ ਹਨ ਉਨ੍ਹਾਂ ਸਪੱਸ਼ਟ ਤੌਰ 'ਤੇ ਕਿਹਾ ਕਿ ਇਨ੍ਹਾਂ ਧਾਰਮਿਕ ਸੰਸਥਾਵਾਂ ਦੇ ਪ੍ਰਸ਼ਾਸਨ ਵਿੱਚ ਸਰਕਾਰੀ ਦਖਲਅੰਦਾਜ਼ੀ ਨਾ ਸਿਰਫ ਲੋਕਤੰਤਰੀ ਪ੍ਰਕਿਰਿਆ ਵਿੱਚ ਰੁਕਾਵਟ ਬਣੀ ਹੋਈ ਹੈ ਬਲਕਿ ਗੁਰਦੁਆਰਾ ਸਾਹਿਬਾਨ ਦੀ ਖੁਦਮੁਖਤਿਆਰੀ 'ਤੇ ਵੀ ਸਵਾਲ ਖੜ੍ਹੇ ਹੋਏ ਪਏ ਹਨ।ਕੌਂਸਲ ਨੇ ਕਿਸੇ ਵੀ ਪ੍ਰਸਤਾਵਿਤ ਆਲ ਇੰਡੀਆ ਸਿੱਖ ਗੁਰਦੁਆਰਾ ਕਾਨੂੰਨ ਨੂੰ ਰੱਦ ਕਰਦਿਆਂ ਕਿਹਾ ਕਿ ਅਜਿਹਾ ਕੇਂਦਰੀ ਕਾਨੂੰਨ ਬਣਾਉਣ ਦੀ ਬਜਾਏ ਪ੍ਰਚਲਿਤ ਗੁਰਦੁਆਰਾ ਕਾਨੂੰਨਾਂ ਵਿੱਚ ਸੁਧਾਰ ਕਰਨ ਦੀ ਲੋੜ ਹੈ ਤਾਂ ਜੋ ਪੁਰਾਤਨ ਸਿੱਖ ਸਿਧਾਂਤਾਂ ਦਾ ਸਤਿਕਾਰ ਹੋ ਸਕੇ ਅਤੇ ਸਥਾਨਕ ਸਿੱਖ ਸੰਗਤਾਂ ਆਪਣੀਆਂ ਧਾਰਮਿਕ ਸੰਸਥਾਵਾਂ ਦੇ ਪ੍ਰਸ਼ਾਸਨ ਬਿਨਾਂ ਕਿਸੇ ਸਰਕਾਰੀ ਦਖਲ ਤੋਂ ਚਲਾਉਣ ਦੇ ਸਮਰੱਥ ਹੋ ਸਕਣ।

ਜੀ.ਐਸ.ਸੀ. ਨੇ ਦੁਨੀਆਂ ਭਰ ਦੇ ਸਿੱਖਾਂ ਨੂੰ ਗੁਰਦੁਆਰਾ ਪ੍ਰਬੰਧਾਂ ਵਿੱਚ ਸਰਕਾਰੀ ਦਖਲਅੰਦਾਜ਼ੀ ਦਾ ਵਿਰੋਧ ਕਰਨ ਅਤੇ ਈਸਟ ਇੰਡੀਆ ਯੁੱਗ ਦੇ ਕਾਨੂੰਨਾਂ ਵਿੱਚ ਸੋਧਾਂ ਕਰਾਉਣ ਲਈ ਜ਼ੋਰਦਾਰ ਮੁਹਿੰਮ ਚਲਾਉਣ ਦੀ ਅਪੀਲ ਕੀਤੀ ਹੈ ਤਾਂ ਜੋ ਭਾਰਤੀ ਸੰਵਿਧਾਨ ਦੇ ਆਰਟੀਕਲ 26 ਵਿੱਚ ਦਰਜ ਮਨੋਰਥ ਅਨੁਸਾਰ ਸਿੱਖ ਮਾਮਲਿਆਂ ਦਾ ਪੂਰਾ ਕੰਟਰੋਲ ਸਿੱਖ ਭਾਈਚਾਰੇ ਨੂੰ ਵਾਪਸ ਮਿਲ ਸਕੇ।

ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਕੌਂਸਲ ਦੇ ਸਲਾਹਕਾਰ ਲਾਰਡ ਇੰਦਰਜੀਤ ਸਿੰਘ ਵਿੰਬਲਡਨ, ਮੈਂਬਰ ਹਾਊਸ ਆਫ ਲਾਰਡਜ਼, ਇੰਡੋਨੇਸ਼ੀਆ ਤੋਂ ਡਾ: ਕਰਮਿੰਦਰ ਸਿੰਘ ਢਿੱਲੋਂ, ਪਰਮਜੀਤ ਸਿੰਘ ਬੇਦੀ ਯੂ.ਐਸ.ਏ., ਆਇਰਲੈਂਡ ਤੋਂ ਡਾ: ਜਸਬੀਰ ਸਿੰਘ ਪੁਰੀ, ਭਾਰਤ ਤੋਂ ਰਾਮ ਸਿੰਘ ਰਾਠੌਰ, ਹਰਸ਼ਰਨ ਸਿੰਘ ਅਤੇ ਹਰਜੀਤ ਸਿੰਘ ਗਰੇਵਾਲ, ਯੂ.ਕੇ. ਤੋਂ ਸਤਨਾਮ ਸਿੰਘ ਪੂਨੀਆ ਅਤੇ ਨੇਪਾਲ ਤੋਂ ਕਿਰਨਦੀਪ ਕੌਰ ਸੰਧੂ ਵੀ ਹਾਜ਼ਰ ਸਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

## ਸ਼੍ਰੋਮਣੀ ਕਮੇਟੀ ਉੱਪਰ ਬਾਦਲ ਦਲ ਦੀ ਜਿੱਤ ਤੇ ਅਕਾਲੀ ਦਲ ਲਈ ਚਿੰਤਨ ਦਾ ਵੇਲਾ

ਸੁਖਬੀਰ ਬਾਦਲ ਦੇ ਸਮਰਥਨ ਵਿੱਚ ਹਰਜਿੰਦਰ ਸਿੰਘ ਧਾਮੀ ਦੀ ਜਿੱਤ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਹੀ ਨਹੀਂ ਸਗੋਂ ਸੁਖਬੀਰ ਬਾਦਲ ਨੂੰ ਵੀ ਵੱਡੀ ਰਾਹਤ ਦਿੱਤੀ ਹੈ। ਇਸ ਵਾਰ ਉਨ੍ਹਾਂ ਦੀਆਂ ਵਿਰੋਧੀ ਪਾਰਟੀਆਂ ਨੇ ਵੀ ਹਰਜਿੰਦਰ ਸਿੰਘ ਧਾਮੀ ਨੂੰ ਚੋਣਾਂ ਵਿੱਚ ਹਰਾਉਣ ਅਤੇ ਅਕਾਲੀ ਦਲ ਨੂੰ ਹੋਰ ਕਮਜ਼ੋਰ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਸੀ ਪਰ ਸੁਖਬੀਰ ਬਾਦਲ ਨੇ ਪਰਦੇ ਪਿੱਛੇ ਸਥਿਤੀ ਬਦਲ ਦਿੱਤੀ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਦੇ ਤਨਖ਼ਾਹੀਆ ਹੋਣ ਦੇ ਕਾਰਨ ਤੇ ਉਨ੍ਹਾਂ ਦੇ ਬੇਹੱਦ ਕਰੀਬੀ ਰਹੇ ਵਿਰਸਾ ਸਿੰਘ ਵਲਟੋਹਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਜ਼ਾ ਪ੍ਰਾਪਤ ਕਰਨ ਤੋਂ ਬਾਅਦ ਜਿਸ ਤਰ੍ਹਾਂ ਤਖ਼ਤਾਂ ਦੇ ਜਥੇਦਾਰਾਂ ਵਿਰੁੱਧ ਅਪਮਾਨਜਨਕ ਭਾਸ਼ਾ ਦੀ ਵਰਤੋਂ ਕੀਤੀ, ਉਸ ਤੋਂ ਜਾਪਦਾ ਸੀ ਕਿ ਇਸ ਵਾਰ ਬਾਦਲ ਦਲ ਦੇ ਉਮੀਦਵਾਰ ਦਾ ਮੁਕਾਬਲਾ ਕਰਨਾ ਔਖਾ ਹੋਵੇਗਾ। ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਅਹੁਦੇ ਲਈ ਜਿੱਤ ਪ੍ਰਾਪਤ ਕਰਨੀ ਸੌਖੀ ਨਹੀਂ ਹੋਵੇਗੀ ਪਰ ਜਿਸ ਤਰ੍ਹਾਂ ਸੁਖਬੀਰ ਸਿੰਘ ਬਾਦਲ ਨੇ ਪਰਦੇ ਪਿੱਛੇ ਰਹਿ ਕੇ ਆਪਣੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਕਾਇਮ ਰੱਖਿਆ, ਉਸ ਨਾਲ ਹਰਜਿੰਦਰ ਸਿੰਘ ਧਾਮੀ ਦਾ ਚੌਥੀ ਵਾਰ ਪ੍ਰਧਾਨ ਬਣਨਾ ਆਸਾਨ ਹੋ ਗਿਆ।

ਸ਼੍ਰੋਮਣੀ ਅਕਾਲੀ ਦਲ ਦੇ ਸੁਧਾਰ ਲਈ ਬਣੇ ਵੱਖਰੇ ਧੜੇ ਨੂੰ ਬੀਬੀ ਜਗੀਰ ਕੌਰ ਦੀ ਹਾਰ ਕਾਰਨ ਵੱਡਾ ਝਟਕਾ ਲੱਗਾ ਹੈ, ਕਿਉਂਕਿ ਇਸ ਵਾਰ ਬੀਬੀ ਜਗੀਰ ਕੌਰ ਨੂੰ ਪਿਛਲੇ ਸਾਲ ਨਾਲੋਂ ਨੌਂ ਘੱਟ ਵੋਟਾਂ ਮਿਲੀਆਂ ਹਨ। ਹਾਲਾਂਕਿ ਕਈ ਮਹਾਂਰਥੀ ਅਕਾਲੀ ਆਗੂ ਬੀਬੀ ਜਗੀਰ ਕੌਰ ਦੇ ਸਮਰਥਨ ਵਿੱਚ ਸਨ ਪਰ ਉਹ ਬੀਬੀ ਜਗੀਰ ਕੌਰ ਨੂੰ ਜਿਤਾਉਣ ਵਿੱਚ ਕਾਮਯਾਬ ਨਾ ਹੋ ਸਕੇ। ਹਾਰ ਤੋਂ ਬਾਅਦ ਜਿਸ ਤਰ੍ਹਾਂ ਬੀਬੀ ਜਾਗੀਰ ਕੌਰ ਨੇ ਧਾਮੀ ਪੱਖੀ ਮੈਂਬਰਾਂ ਨੂੰ ਮਰੀ ਹੋਈ ਜ਼ਮੀਰ ਵਾਲਾ ਦੱਸਿਆ ਹੈ, ਉਸ ਤੋਂ ਸਪੱਸ਼ਟ ਹੈ ਕਿ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਗਰੁੱਪ ਇਸ ਹਾਰ ਤੋਂ ਕਾਫ਼ੀ ਨਿਰਾਸ਼ ਹੈ।

ਸੁਖਬੀਰ ਸਿੰਘ ਬਾਦਲ ਦੇ ਸਮਰਥਨ ਵਿੱਚ ਹਰਜਿੰਦਰ ਸਿੰਘ ਧਾਮੀ ਦੀ ਜਿੱਤ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਹੀ ਨਹੀਂ ਸਗੋਂ ਸੁਖਬੀਰ ਬਾਦਲ ਨੂੰ ਵੀ ਵੱਡੀ ਰਾਹਤ ਦਿੱਤੀ ਹੈ। ਇਸ ਵਾਰ ਉਨ੍ਹਾਂ ਦੀਆਂ ਬਾਗੀਆਂ ਨੇ ਵੀ ਹਰਜਿੰਦਰ ਸਿੰਘ ਧਾਮੀ ਨੂੰ ਚੋਣਾਂ ਵਿੱਚ ਹਰਾਉਣ ਅਤੇ ਅਕਾਲੀ ਦਲ ਨੂੰ ਹੋਰ ਕਮਜ਼ੋਰ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਸੀ ਪਰ ਕਾਮਯਾਬ ਨਹੀਂ ਹੋ ਸਕੇ।

ਯਾਦ ਰਹੇ ਕਿ ਬਾਦਲ ਅਕਾਲੀ ਦਲ ਨੇ ਚਾਰ ਵਿਧਾਨ ਸਭਾ ਸੀਟਾਂ ਲਈ ਚੋਣ ਮੈਦਾਨ ਤੋਂ ਦੂਰੀ ਬਣਾ ਲਈ ਸੀ ਕਿਉਂਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਅਹੁਦੇ ਦੀ ਚੋਣ ਉਸ ਲਈ ਇਨ੍ਹਾਂ ਚਾਰ ਸੀਟਾਂ ਨਾਲੋਂ ਵੀ ਵੱਧ ਅਹਿਮ ਹੈ। ਸੁਖਬੀਰ ਬਾਦਲ ਇਸ ਪੱਖੋਂ ਕਾਮਯਾਬ ਰਹੇ ਹਨ, ਕਿਉਂਕਿ ਸਿੱਖ ਭਾਈਚਾਰੇ ਦੇ ਵਿਰੋਧ ਦੇ ਬਾਵਜੂਦ ਬਾਦਲ ਦਲ ਪੱਖੀ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਆਪਣਾ ਫ਼ੈਸਲਾ ਨਹੀਂ ਬਦਲਿਆ। ਸੁਖਬੀਰ ਦੀ ਇਸ ਜਿੱਤ ਦਾ ਸਿੰਘ ਸਾਹਿਬਾਨ ਦੇ ਫ਼ੈਸਲਿਆਂ ਉੱਪਰ ਵੀ ਪ੍ਰਭਾਵ ਪਵੇਗਾ। ਸ਼੍ਰੋਮਣੀ ਕਮੇਟੀ ਵੱਲੋਂ ਸਲਾਹਕਾਰ ਬੋਰਡ ਬਣਾਉਣ ਦੇ ਬਾਅਦ ਤਨਖ਼ਾਹੀਆ ਸੁਖਬੀਰ ਸਿੰਘ ਬਾਦਲ ਨੂੰ ਹੁਣ ਜਥੇਦਾਰ ਆਪਣੇ ਵਿਵੇਕ ਨਾਲ ਕੋਈ ਤਨਖ਼ਾਹ ਨਹੀਂ ਲਗਾ ਸਕਣਗੇ, ਜਦਕਿ ਸੰਗਤਾਂ ਵੱਲੋਂ ਮੰਗ ਕੀਤੀ ਜਾ ਰਹੀ ਸੀ ਕਿ ਸੁਖਬੀਰ ਸਿੰਘ ਬਾਦਲ ਨੇ ਉਹ ਬੱਜਰ ਗੁਨਾਹ ਕੀਤੇ ਹਨ, ਇਸ ਲਈ ਉਸ ਨੂੰ ਸਿਆਸੀ ਤਨਖ਼ਾਹ ਲਗਾਈ ਜਾਵੇ। ਹੋ ਸਕਦਾ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਬਣਾਏ ਜਾ ਰਹੇ ਅਕਾਲ ਤਖ਼ਤ ਸਾਹਿਬ ਦੇ ਸਲਾਹਕਾਰ ਬੋਰਡ ਪਿੱਛੇ ਇਹੀ ਆਧਾਰ ਹੋਵੇ। ਇਹ ਵੀ ਸੰਭਵ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਨੂੰ ਬਾਹਰ ਦਾ ਰਸਤਾ ਵਿਖਾਇਆ ਜਾ ਸਕਦਾ ਹੈ ਕਿਉਂਕਿ ਵਿਰਸਾ ਸਿੰਘ ਵਲਟੋਹਾ ਨੇ ਦੁਬਾਰਾ ਗਿਆਨੀ ਹਰਪ੍ਰੀਤ ਸਿੰਘ ਖ਼ਿਲਾਫ਼ ਮੋਰਚਾ ਖੋਲ ਦਿੱਤਾ ਹੈ ਪਰ ਅਕਾਲ ਤਖ਼ਤ ਸਾਹਿਬ ਦੇ ਕਾਰਜਾਂ ਵਿੱਚ ਦਖ਼ਲ-ਅੰਦਾਜ਼ੀ ਬਾਦਲ ਦਲ ਤੇ ਸ਼੍ਰੋਮਣੀ ਕਮੇਟੀ ਨੂੰ ਸਿਆਸੀ ਤੌਰ ਉੱਪਰ ਮਹਿੰਗੀ ਪੈ ਸਕਦੀ ਹੈ।

ਖੈਰ, ਇਸ ਜਿੱਤ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਹੀ ਨਹੀਂ ਸਗੋਂ ਸੁਖਬੀਰ ਬਾਦਲ ਨੂੰ ਵੀ ਵੱਡੀ ਰਾਹਤ ਦਿੱਤੀ ਹੈ। ਸੁਖਬੀਰ ਸਿੰਘ ਬਾਦਲ ਵੱਲੋਂ ਹਰਜਿੰਦਰ ਸਿੰਘ ਧਾਮੀ ਦੀ ਚੋਣ ਪੰਥਕ ਧਿਰਾਂ ਵਿੱਚ ਰਾਸ ਆਈ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਿਦਕ ਵਾਲੇ ਅਤੇ ਸਮਰਪਿਤ ਸ਼ਖ਼ਸੀਅਤ ਹਨ। ਪਿਛਲੇ 3 ਸਾਲ ਤੋਂ ਉਹ ਇਸ ਅਹੁਦੇ ’ਤੇ ਰਹਿੰਦਿਆਂ ਵੀ ਵੱਡੀ ਹੱਦ ਤੱਕ ਨਿਰਵਿਵਾਦ ਸ਼ਖ਼ਸੀਅਤ ਬਣੇ ਰਹੇ ਹਨ ਜਿਸ ਕਰਕੇ ਪੰਥਕ ਸਫ਼ਾਂ ਵਿੱਚ ਉਨ੍ਹਾਂ ਦੇ ਪ੍ਰਭਾਵ ਨੂੰ ਮੰਨਿਆ ਜਾਂਦਾ ਰਿਹਾ ਹੈ। ਚਾਹੇ ਚੌਥੀ ਵਾਰ ਉਨ੍ਹਾਂ ਦੀ ਇਸ ਚੋਣ ਨੂੰ ਇਸ ਲਈ ਵੀ ਆਖ਼ਰੀ ਮੰਨਿਆ ਜਾ ਰਿਹਾ ਹੈ ਕਿਉਂਕਿ ਸ਼੍ਰੋਮਣੀ ਕਮੇਟੀ ਦੇ ਇਸ ਸਦਨ ਦਾ ਕਾਰਜਕਾਲ ਕਾਫ਼ੀ ਸਮਾਂ ਪਹਿਲਾਂ ਖ਼ਤਮ ਹੋ ਚੁੱਕਾ ਹੈ। ਲਗਾਤਾਰ ਇਥੇ ਪੈਦਾ ਹੁੰਦੇ ਰਹੇ ਹਾਲਾਤ ਕਾਰਨ ਅਤੇ ਸਮੇਂ ਦੀਆਂ ਕੇਂਦਰੀ ਸਰਕਾਰਾਂ ਦੀਆਂ ਆਪੋ-ਆਪਣੀਆਂ ਤਰਜੀਹਾਂ ਕਾਰਨ ਇਹ ਚੋਣਾਂ ਨਹੀਂ ਸਨ ਕਰਵਾਈਆਂ ਜਾ ਸਕੀਆਂ। ਇਸ ਲਈ ਆਪਣਾ ਸਮਾਂ ਪੂਰਾ ਕਰ ਚੁੱਕੇ ਸਦਨ ਵਿਚੋਂ ਹੀ ਸ਼੍ਰੋਮਣੀ ਕਮੇਟੀ ਦੇ ਵਿਧਾਨ ਅਨੁਸਾਰ ਹਰ ਸਾਲ ਨਵੇਂ ਅਹੁਦੇਦਾਰ ਚੁਣ ਕੇ ਕੰਮਕਾਰ ਚਲਾਇਆ ਜਾਂਦਾ ਰਿਹਾ ਹੈ। ਪਰ ਇਸ ਦੇ ਨਾਲ ਹੀ ਅਕਾਲੀ ਦਲ ਨੇ ਸੁਧਾਰ ਲਹਿਰ ਦੇ ਆਗੂਆਂ ਨੂੰ ਹੋਰ ਮਿਹਨਤ ਕਰਨ ਦਾ ਸੁਨੇਹਾ ਦਿੱਤਾ ਹੈ।

ਸੁਆਲ ਇਹ ਵੀ ਸਮੇਂ ਦੇ ਗਰਭ ਵਿੱਚ ਹੈ ਕਿ ਕੀ ਸੁਖਬੀਰ ਸਿੰਘ ਬਾਦਲ ਪੰਥਕ ਮਾਨਸਿਕਤਾ ਨੂੰ ਜਿੱਤ ਸਕਣਗੇ ਤੇ ਆਪਣਾ ਸਿਆਸੀ ਆਧਾਰ ਕਾਇਮ ਕਰ ਸਕਣਗੇ? ਬਾਦਲ ਅਕਾਲੀ ਦਲ ਨੂੰ ਗੰਭੀਰਤਾ ਨਾਲ ਇਸ ਸੰਬੰਧੀ ਚਿੰਤਨ ਕਰਨ ਦੀ ਵੀ ਲੋੜ ਹੈ। ਇਸ ਦੇ ਨਵੇਂ ਰੂਪ ਵਿੱਚ ਉਭਾਰ ਤੇ ਪੰਥ ਤੇ ਪੰਜਾਬ ਹਿਤੂ ਨੀਤੀਆਂ ਸਿਰਜਣ ਤੇ ਅਪਨਾਉਣ ਨਾਲ ਹੀ ਇਸ ਨੂੰ ਮੁੜ ਸਿੱਖ ਪੰਥ ਅਤੇ ਸਮੂਹ ਪੰਜਾਬੀਆਂ ਦਾ ਵੱਡਾ ਹੁੰਗਾਰਾ ਮਿਲਣ ਦੀ ਆਸ ਕੀਤੀ ਜਾ ਸਕਦੀ ਹੈ।

# ਅਜੋਕੇ ਅਕਾਲੀ ਸੰਕਟ ਦਾ ਹੱਲ ਭਾਲਣ ਦੀ ਲੋੜ



ਸਤਨਾਮ ਸਿੰਘ ਮਾਣਕ



ਅੱਜ ਸਿੱਖ ਪੰਥ ਦੀ ਸ਼੍ਰੋਮਣੀ ਜਥੇਬੰਦੀ, ਭਾਵ ਸ਼੍ਰੋਮਣੀ ਅਕਾਲੀ ਦਲ ਸੰਕਟ ਵਿੱਚ ਫਸਿਆ ਨਜ਼ਰ ਆ ਰਿਹਾ ਹੈ। ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਸਿੱਖ ਗੁਰਧਾਮਾਂ ਦੀ ਆਨ ਤੇ ਸ਼ਾਨ ਨੂੰ ਬਹਾਲ ਕਰਾਉਣ ਅਤੇ ਭਵਿੱਖ ਵਿੱਚ ਸਿੱਖ ਪੰਥ ਦੇ ਹੱਕਾਂ-ਹਿਤਾਂ ਦੀ ਰਾਖੀ ਕਰਨ ਲਈ ਵੱਖ-ਵੱਖ ਸਿੱਖ ਜਥਿਆਂ ਨੇ 1920 ਵਿੱਚ ਇਕੱਠੇ ਹੋ ਕੇ ਇਸ ਸੰਗਠਨ ਨੂੰ ਹੋਂਦ ਵਿੱਚ ਲਿਆਂਦਾ ਸੀ। ਸਿੱਖ ਗੁਰੂਧਾਮਾਂ ਨੂੰ ਅੰਗਰੇਜ਼ਾਂ ਦੇ ਪਿੱਠੂ ਅਤੇ ਭ੍ਰਿਸ਼ਟ ਮਹੰਤਾਂ ਤੋਂ ਆਜ਼ਾਦ ਕਰਵਾਉਣ ਲਈ ਇਸ ਸੰਗਠਨ ਵਲੋਂ ਅਹਿਮ ਭੂਮਿਕਾ ਨਿਭਾਈ ਗਈ ਸੀ। ਆਜ਼ਾਦੀ ਤੋਂ ਬਾਅਦ ਵੀ ਪੰਥ ਤੇ ਪੰਜਾਬ ਦੇ ਹਿਤਾਂ ਲਈ ਸ਼੍ਰੋਮਣੀ ਅਕਾਲੀ ਦਲ ਨੇ ਵੱਡੇ ਸੰਘਰਸ਼ ਲੜੇ। ਉਸ ਸਮੇਂ ਸਿੱਖ ਇਤਿਹਾਸ ਤੇ ਗੁਰਬਾਣੀ ਹੀ ਇਸ ਲਈ ਪ੍ਰੇਰਨਾ ਦਾ ਸਰੋਤ ਸਨ। ਇਸ ਦੇ ਵਰਕਰ ਹਰ ਸਥਿਤੀ ਵਿੱਚ ਨਿਰਭੈ ਰਹਿੰਦੇ ਸਨ। ਇਸ ਸੰਦਰਭ ਵਿੱਚ ਪੰਜਾਬੀ ਸੂਬੇ ਦੇ ਮੋਰਚੇ, ਐਮਰਜੈਂਸੀ ਵਿਰੋਧੀ ਮੋਰਚੇ ਅਤੇ ਧਰਮ ਯੁੱਧ ਮੋਰਚੇ ਦਾ ਵਿਸ਼ੇਸ਼ ਤੌਰ ’ਤੇ ਜ਼ਿਕਰ ਕੀਤਾ ਜਾ ਸਕਦਾ ਹੈ। ਇਥੇ ਅਸੀਂ ਸੰਖੇਪ ਵਿੱਚ ਐਮਰਜੈਂਸੀ ਵਿਰੋਧੀ ਮੋਰਚੇ ਅਤੇ ਧਰਮ ਯੁੱਧ ਮੋਰਚੇ ਦਾ ਹੀ ਜ਼ਿਕਰ ਕਰਨਾ ਚਾਹਾਂਗੇ।

1975 ਵਿੱਚ ਸ੍ਰੀਮਤੀ ਇੰਦਰਾ ਗਾਂਧੀ ਵਲੋਂ ਲਗਾਈ ਗਈ ਐਮਰਜੈਂਸੀ ਦੇ ਖ਼ਿਲਾਫ਼ ਦੇਸ਼ ਭਰ ਵਿੱਚ ਜੇ ਕਿਸੇ ਸਿਆਸੀ ਸੰਗਠਨ ਨੇ ਨਿਰੰਤਰ 19 ਮਹੀਨੇ ਤੱਕ ਮੋਰਚਾ ਚਲਾਇਆ ਅਤੇ ਜਨਤਾ ਪਾਰਟੀ ਦੇ ਗਠਨ ਵਿੱਚ ਵੀ ਅਹਿਮ ਰੋਲ ਅਦਾ ਕੀਤਾ, ਤਾਂ ਉਹ ਸ਼੍ਰੋਮਣੀ ਅਕਾਲੀ ਦਲ ਹੀ ਸੀ। ਇਸੇ ਕਰਕੇ ਐਮਰਜੈਂਸੀ ਵਿਰੋਧੀ ਇਸ ਸੰਘਰਸ਼ ਵਿਚੋਂ ਅਕਾਲੀ ਨਾਇਕ ਬਣ ਕੇ ਉੱਭਰੇ ਸਨ। ਸਿੱਖ ਪੰਥ ਤੇ ਪੰਜਾਬ ਦੀਆਂ ਮੰਗਾਂ ਲਈ ਅਤੇ ਦਰਿਆਈ ਪਾਣੀਆਂ ਦੀ ਰਾਖੀ ਲਈ ਧਰਮ ਯੁੱਧ ਮੋਰਚਾ ਵੀ ਸ਼੍ਰੋਮਣੀ ਅਕਾਲੀ ਦਲ ਵਲੋਂ ਹੀ 1982 ਵਿੱਚ ਆਰੰਭ ਕੀਤਾ ਗਿਆ ਸੀ ਅਤੇ ਇਸ ਵਿੱਚ ਸ਼ਿਰਕਤ ਕਰਦਿਆਂ ਵੱਡੀ ਗਿਣਤੀ ਵਿੱਚ ਅਕਾਲੀ ਵਰਕਰਾਂ ਤੇ ਹੋਰ ਪੰਜਾਬੀਆਂ ਨੇ ਜੇਲ੍ਹਾਂ ਕੱਟੀਆਂ ਸਨ। ਇਹ ਵੱਖਰੀ ਗੱਲ ਹੈ ਕਿ ਸਮੇਂ ਦੀ ਕੇਂਦਰੀ ਸਰਕਾਰ ਵਲੋਂ ਇਸ ਮੋਰਚੇ ਦੀਆਂ ਮੰਗਾਂ ਪ੍ਰਤੀ ਨਾਂਹ ਪੱਖੀ ਰੁਖ਼ ਅਖ਼ਤਿਆਰ ਕਰਦਿਆਂ ਇਸ ਨੂੰ ਲਮਕਣ ਦਿੱਤਾ ਅਤੇ ਇਹ ਬਾਅਦ ਵਿੱਚ ਇਹ ਹਿੰਸਕ ਰੂਪ ਅਖ਼ਤਿਆਰ ਕਰ ਗਿਆ, ਜਿਸ ਕਾਰਨ ਘਲੂਘਾਰਾ ਜੂਨ 84 ਅਤੇ ਨਵੰਬਰ 84 ਦਾ ਸਿੱਖ ਕਤਲੇਆਮ ਵਰਗੀਆਂ ਦੁਖਦਾਈ ਅਤੇ ਭਿਆਨਕ ਘਟਨਾਵਾਂ ਵੀ ਵਾਪਰੀਆਂ। ਬਿਨਾਂ ਸ਼ੱਕ ਧਰਮ ਯੁੱਧ ਮੋਰਚੇ ਦੌਰਾਨ ਕੁਝ ਗ਼ਲਤੀਆਂ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਤੋਂ ਵੀ ਹੋਈਆਂ। ਇਹ ਸਭ ਕੁਝ ਹੁਣ ਇਤਿਹਾਸ ਦਾ ਹਿੱਸਾ ਹੈ। ਪਰ ਇਸ ਗੱਲ ਬਾਰੇ ਕੋਈ ਦੋ ਰਾਵਾਂ ਨਹੀਂ ਹਨ ਕਿ ਪੰਥ ਅਤੇ ਪੰਜਾਬ ਦੇ ਹੱਕਾਂ-ਹਿਤਾਂ ਦੀ ਰਾਖੀ ਲਈ, ਦੇਸ਼ ਦੀ ਆਜ਼ਾਦੀ ਅਤੇ ਦੇਸ਼ ਦੀ ਆਜ਼ਾਦੀ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਹਮੇਸ਼ਾਂ ਆਪਣੇ ਵਿੱਤ ਤੋਂ ਵੀ ਬਾਹਰ ਜਾ ਕੇ ਵੱਡੀਆਂ ਲੜਾਈਆਂ ਲੜਦਾ ਰਿਹਾ ਹੈ।

ਪਰ 1997 ਤੋਂ 2002 ਤੱਕ ਅਤੇ 2007 ਤੋਂ ਲੈ ਕੇ 2017 ਤੱਕ ਜਦੋਂ ਪੰਜਾਬ ਵਿੱਚ ਅਕਾਲੀ ਦਲ ਨੇ ਭਾਜਪਾ ਨਾਲ ਮਿਲ ਕੇ ਸਰਕਾਰਾਂ ਚਲਾਈਆਂ ਤਾਂ ਉਸ ਸਮੇਂ ਭਾਵੇਂ ਪੰਜਾਬ ਦੇ ਬੁਨਿਆਦੀ ਢਾਂਚੇ ਦੇ ਵਿਕਾਸ, ਕਈ ਇਤਿਹਾਸਕ ਅਤੇ ਧਾਰਮਿਕ ਸਥਾਨਾਂ ਦੀ ਨਵਉਸਾਰੀ ਸਮੇਤ ਅਨੇਕਾਂ ਵਿਕਾਸ ਦੇ ਕਾਰਜ ਹੋਏ ਪਰ ਪੰਜਾਬ ਦੇ ਚਿਰਾਂ ਤੋਂ ਲਟਕਦੇ ਆ ਰਹੇ ਮਸਲੇ, ਜਿਨ੍ਹਾਂ ਵਿੱਚ ਚੰਡੀਗੜ੍ਹ ਸਮੇਤ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਸ਼ਾਮਿਲ ਕਰਵਾਉਣਾ, ਦਰਿਆਈ ਪਾਣੀਆਂ ਸੰਬੰਧੀ ਇਨਸਾਫ਼ ਲੈਣਾ ਅਤੇ ਪੰਜਾਬੀਆਂ ਦੀ ਅਗਲੀ ਪੀੜ੍ਹੀ ਲਈ ਰੁਜ਼ਗਾਰ ਦੇ ਅਵਸਰ ਸਿਰਜਣ ਲਈ ਰਾਜ ਵਿੱਚ ਵੱਡੀ ਪੱਧਰ ’ਤੇ ਖੇਤੀ ਆਧਾਰਿਤ ਸਨਅਤਾਂ ਲਗਵਾਉਣਾ ਆਦਿ ਸੰਬੰਧੀ ਅਕਾਲੀ ਦਲ ਦੀ ਉਸ ਸਮੇਂ ਦੀ ਲੀਡਰਸ਼ਿਪ ਕੋਈ ਵੱਡੀਆਂ ਪ੍ਰਾਪਤੀਆਂ ਹਾਸਿਲ ਨਾ ਕਰ ਸਕੀ। ਇਹ ਲੀਡਰਸ਼ਿਪ ਭ੍ਰਿਸ਼ਟਾਚਾਰ, ਨਸ਼ਾ ਤਸਕਰੀ, ਰੇਤ ਦੀ ਨਾਜਾਇਜ਼ ਮਾਈਨਿੰਗ ਅਤੇ ਅਨੇਕਾਂ ਤਰ੍ਹਾਂ ਦੇ ਹੋਰ ਉੱਭਰੇ ਮਾਫ਼ੀਆ ਨੂੰ ਵੀ ਕੰਟਰੋਲ ਕਰਨ ਵਿੱਚ ਅਸਫ਼ਲ ਰਹੀ। ਗੈਂਗਸਟਰਵਾਦ ਦਾ ਸਿਲਸਿਲਾ ਵੀ ਉਦੋਂ ਹੀ ਆਰੰਭ ਹੋਇਆ ਸੀ। ਇਸ ਤੋਂ ਵੀ ਅਗਲੀ ਗੱਲ ਇਹ ਕਿ ਜਦੋਂ ਕੇਂਦਰ ਵਿੱਚ ਭਾਜਪਾ ਦੀਆਂ ਸਰਕਾਰਾਂ ਬਣੀਆਂ ਅਤੇ ਉਨ੍ਹਾਂ ਵਲੋਂ ਘੱਟ ਗਿਣਤੀਆਂ ਦੇ ਵਿਰੁੱਧ ਦਮਨਕਾਰੀ ਨੀਤੀਆਂ ਅਖ਼ਤਿਆਰ ਕੀਤੀਆਂ ਗਈਆਂ, ਦੇਸ਼ ਭਰ ਵਿੱਚ ਮਨੁੱਖੀ ਅਧਿਕਾਰਾਂ ਦੀ ਵੀ ਘੋਰ ਉਲੰਘਣਾ ਹੋਣੀ ਆਰੰਭ ਹੋਈ, ਤਾਂ ਵੀ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਇਨ੍ਹਾਂ ਮੁੱਦਿਆਂ ’ਤੇ ਭਾਜਪਾ ਨੂੰ ਰੋਕਣ ਤੇ ਟੋਕਣ ਦੇ ਮਾਮਲੇ ਵਿੱਚ ਅਸਫ਼ਲ ਰਹੀ। ਉਹ ਚੁੱਪ ਰਹਿ ਕੇ ਇਕ ਤਰ੍ਹਾਂ ਨਾਲ ਭਾਜਪਾ ਦੀਆਂ ਅਜਿਹੀਆਂ ਨੀਤੀਆਂ ਦਾ ਸਮਰਥਨ ਕਰਦੀ ਰਹੀ। ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਵਲੋਂ ਖੇਤੀ ਦੇ ਖੇਤਰ ਵਿੱਚ ਕਾਰਪੋਰੇਟਰਾਂ ਨੂੰ ਉਤਾਰਨ ਲਈ ਬਣਾਏ ਗਏ ਤਿੰਨ ਖੇਤੀ ਕਾਨੂੰਨਾਂ ਸੰਬੰਧੀ ਵੀ ਇਹ ਸਮੇਂ ਸਿਰ ਕੋਈ ਫ਼ੈਸਲਾ ਨਾ ਲੈ ਸਕੀ। ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀ ਦੀਆਂ ਹੋਈਆਂ ਘਟਨਾਵਾਂ ਅਤੇ ਇਨ੍ਹਾਂ ਲਈ ਜ਼ਿੰਮੇਵਾਰ ਲੋਕਾਂ ਨੂੰ ਨਿਆਂ ਦੇ ਕਟਹਿਰੇ ਵਿੱਚ ਖੜ੍ਹਾ ਕਰਨ ਦੇ ਮੁੱਦੇ ’ਤੇ ਵੀ ਉਸ ਸਮੇਂ ਦੀ ਅਕਾਲੀ ਲੀਡਰਸ਼ਿਪ ਕੋਈ ਪ੍ਰਭਾਵਸ਼ਾਲੀ ਕਾਰਵਾਈ ਨਾ ਕਰ ਸਕੀ। ਇਸ ਸਭ ਕੁਝ ਦੇ ਸਿੱਟੇ ਵਜੋਂ ਹੀ 2017 ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਲਗਾਤਾਰ ਨਿਵਾਣਾ ਵੱਲ ਜਾ ਰਿਹਾ ਹੈ ਅਤੇ ਇੱਕ ਤੋਂ ਬਾਅਦ ਇੱਕ ਲਗਾਤਾਰ ਇਸ ਨੇ ਲੋਕ ਸਭਾ ਅਤੇ ਪੰਜਾਬ ਵਿਧਾਨ ਸਭਾ ਦੀਆਂ ਕਈ ਚੋਣਾਂ ਹਾਰੀਆਂ ਹਨ। ਇਸੇ ਕਾਰਨ ਹੀ ਇਸ ਦੀ ਹਾਲਤ ਅੱਜ ਪਾਣੀਓਂ ਪਤਲੀ ਹੋਈ ਪਈ ਹੈ।

ਇਹ ਸਭ ਕੁਝ ਹੋਣ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਨੇ ਆਪਣੇ ਅੰਦਰ ਝਾਤੀ ਮਾਰ ਕੇ ਆਪਣੀਆਂ ਗ਼ਲਤੀਆਂ ਨੂੰ ਜਨਤਕ ਤੌਰ ’ਤੇ ਸਵੀਕਾਰ ਨਹੀਂ ਕੀਤਾ ਤੇ ਨਾ ਹੀ ਅਕਾਲੀ ਦਲ ਦੀਆਂ ਨੀਤੀਆਂ ਵਿੱਚ ਵੱਡੀਆਂ ਤਬਦੀਲੀਆਂ ਕੀਤੀਆਂ। ਸੀਨੀਅਰ ਲੀਡਰਸ਼ਿਪ ਨੇ ਆਪਣੇ ਹੱਥੋਂ ਹੋਈਆਂ ਗ਼ਲਤੀਆਂ ਦੀ ਜ਼ਿੰਮੇਵਾਰੀ ਲੈਂਦਿਆਂ ਤਿਆਗ ਅਤੇ ਕੁਰਬਾਨੀ ਦੀ ਭਾਵਨਾ ਦਿਖਾਉਂਦਿਆਂ ਖ਼ੁਦ ਪਾਸੇ ਹੋ ਕੇ ਨਵੀਂ ਲੀਡਰਸ਼ਿਪ ਨੂੰ ਅੱਗੇ ਆਉਣ ਦਾ ਅਵਸਰ ਵੀ ਨਹੀਂ ਦਿੱਤਾ। ਇਸ ਕਾਰਨ ਹੀ ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਇਸ ਦੀ ਅਗਵਾਈ ਵਾਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਭਾਵ ਸਿੱਖ ਪੰਥ ਅਤੇ ਪੰਜਾਬ ਦੇ ਦੋਵੇਂ ਵੱਡੇ ਸੰਸਥਾਨ ਅਤੇ ਸੰਗਠਨ ਵੱਡੇ ਸੰਕਟ ਦਾ ਸਾਹਮਣਾ ਕਰ ਰਹੇ ਹਨ। ਇਸ ਸੰਬੰਧੀ ਕਈ ਮਾਮਲੇ ਸਿੰਘ ਸਾਹਿਬ ਦੇ ਵਿਚਾਰਨ ਲਈ ਅੱਜ ਕੱਲ੍ਹ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਪੁੱਜੇ ਹੋਏ ਹਨ।

ਸਵਾਲਾਂ ਦਾ ਸਵਾਲ ਇਹ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਅਜੋਕੇ ਸੰਕਟ ਵਿਚੋਂ ਕਿਵੇਂ ਉਭਾਰਿਆ ਜਾਵੇ? ਇਸ ਦਾ ਸਪੱਸ਼ਟ ਜਵਾਬ ਇਹ ਹੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਚਾਹੇ ਉਹ ਕਿਸੇ ਵੀ ਧੜੇ ਨਾਲ ਸੰਬੰਧਿਤ ਹੋਣ ਆਪਣੇ ਅੰਦਰ ਝਾਤੀ ਮਾਰਦਿਆਂ ਆਪਣੀਆਂ ਗ਼ਲਤੀਆਂ ਨੂੰ ਖੁੱਲ੍ਹੇਆਮ ਤਸਲੀਮ ਕਰਨ ਅਤੇ ਕੁਰਬਾਨੀ ਤੇ ਤਿਆਗ ਦੀ ਭਾਵਨਾ ਤੋਂ ਕੰਮ ਲੈਂਦਿਆਂ ਆਪਣੇ ਅੰਦਰੋਂ ਅਜਿਹੀ ਲੀਡਰਸ਼ਿਪ ਨੂੰ ਅੱਗੇ ਆਉਣ ਦਾ ਅਵਸਰ ਦੇਣ, ਜਿਸ ਨੂੰ ਪੰਥ ਅਤੇ ਪੰਜਾਬ ਦੇ ਲੋਕਾਂ ਦੇ ਵੱਡੇ ਵਰਗਾਂ ਦਾ ਵਿਸ਼ਵਾਸ ਪ੍ਰਾਪਤ ਹੋਵੇ। ਅਜਿਹੀ ਸੰਭਾਵਿਤ ਲੀਡਰਸ਼ਿਪ ਨੂੰ ਜਿਥੇ ਸਿੱਖ ਪੰਥ ਦੇ ਧਾਰਮਿਕ ਸਰੋਕਾਰਾਂ ਲਈ ਡੱਟ ਕੇ ਖੜ੍ਹੇ ਹੋਣਾ ਪਵੇਗਾ, ਉਥੇ ਪੰਜਾਬ ਦੇ ਰਾਜਨੀਤਕ, ਆਰਥਿਕ ਅਤੇ ਸੱਭਿਆਚਾਰਕ ਹਿੱਤਾਂ ਦੀ ਰਾਖੀ ਵੀ ਕਰਨੀ ਹੋਵੇਗੀ। ਸਰਬੱਤ ਦੇ ਭਲੇ ਦੇ ਸੰਕਲਪ ’ਤੇ ਪਹਿਰਾ ਦਿੰਦਿਆਂ ਦੇਸ਼ ਦੀ ਅਜੋਕੀ ਰਾਜਨੀਤੀ ਵਿਚ ਜਮਹੂਰੀਅਤ, ਧਰਮ ਨਿਰਪੱਖਤਾ ਅਤੇ ਸੰਘੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਵੀ ਆਉਣ ਵਾਲੇ ਸਮੇਂ ਵਿਚ ਆਪਣਾ ਇਤਿਹਾਸਕ ਰੋਲ ਅਦਾ ਕਰਨ ਲਈ ਆਪਣੇ-ਆਪ ਨੂੰ ਤਿਆਰ ਕਰਨਾ ਹੋਵੇਗਾ। ਇਹ ਵੀ ਦੇਖਣਾ ਹੋਵੇਗਾ ਕਿ ਰਾਜ ਵਿੱਚ ਰੁਜ਼ਗਾਰ ਦੇ ਮੌਕੇ ਘਟਣ ਕਾਰਨ ਨਵੀਂ ਪੀੜ੍ਹੀ ਦੇ ਤੇਜ਼ੀ ਨਾਲ ਇਥੋਂ ਵਿਦੇਸ਼ਾਂ ਨੂੰ ਰੁਖ਼ਸਤ ਹੋਣ ਨਾਲ ਜੋ ਪੰਜਾਬ ਨੂੰ ਖੋਰਾ ਲੱਗ ਰਿਹਾ ਹੈ, ਉਸ ਵੱਡੀ ਚੁਣੌਤੀ ਦਾ ਕਿਵੇਂ ਮੁਕਾਬਲਾ ਕਰਨਾ ਹੈ ਅਤੇ ਰਾਜ ਵਿੱਚ ਖੇਤੀ ਤੋਂ ਇਲਾਵਾ ਖੇਤੀ ਅਧਾਰਿਤ ਸਨਅਤਾਂ ਅਤੇ ਹੋਰ ਕੰਮ ਧੰਦਿਆਂ ਦਾ ਵਿਕਾਸ ਕਰਕੇ ਉਨ੍ਹਾਂ ਲਈ ਇਥੇ ਰੁਜ਼ਗਾਰ ਦੇ ਅਵਸਰ ਕਿਵੇਂ ਸਿਰਜਣੇ ਹਨ।

ਪੰਥ ਤੇ ਪੰਜਾਬ ਹਿੱਤਾਂ ਲਈ ਕਰਨ ਵਾਲੇ ਕੰਮ ਤਾਂ ਅਨੇਕਾਂ ਹਨ। ਪਰ ਇਹ ਕੰਮ ਪੰਥ ਤੇ ਪੰਜਾਬ ਲਈ ਕੋਈ ਪ੍ਰਤੀਬੱਧ ਲੀਡਰਸ਼ਿਪ ਹੀ ਪੂਰੇ ਕਰ ਸਕਦੀ ਹੈ। ਹੁਣ ਇਹ ਦੇਖਣਾ ਬੇਹੱਦ ਦਿਲਚਸਪ ਹੋਵੇਗਾ ਕਿ ਸ਼੍ਰੋਮਣੀ ਅਕਾਲੀ ਦਲ ਸਿੱਖ ਇਤਿਹਾਸ ਅਤੇ ਗੁਰਬਾਣੀ ਦੀ ਰੌਸ਼ਨੀ ਵਿੱਚ ਆਪਣੇ ਸੰਕਟ ’ਤੇ ਕਾਬੂ ਪਾਉਣ ਵਿੱਚ ਕਾਮਯਾਬ ਹੁੰਦਾ ਹੈ ਜਾਂ ਨਹੀਂ, ਫ਼ਰੀਦ ਸਾਹਿਬ ਕਹਿੰਦੇ ਹਨ

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ॥
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ॥

ਫ਼ਰੀਦ ਸਾਹਿਬ ਇਹ ਵੀ ਕਹਿੰਦੇ ਹਨ

ਸੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ॥
ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ॥

ਸਿੱਖ ਇਤਿਹਾਸ ਤੇ ਗੁਰਬਾਣੀ ਦੀ ਰੌਸ਼ਨੀ ਵਿੱਚ ਹੀ ਸ਼੍ਰੋਮਣੀ ਅਕਾਲੀ ਦਲ ਦੇ ਸੰਕਟ ਦਾ ਕੋਈ ਠੋਸ ਹੱਲ ਕੱਢਿਆ ਜਾ ਸਕਦਾ ਹੈ।

# ਭਾਰਤ-ਕੈਨੇਡਾ ਵਿਵਾਦ ਕਾਰਨ ਕੱਚੇ ਪ੍ਰਵਾਸੀਆਂ ਦੀਆਂ ਵਧੀਆਂ ਮੁਸ਼ਕਿਲਾਂ



ਡਾ. ਸੁੱਚਾ ਸਿੰਘ ਗਿੱਲ

ਭਾਰਤ ਅਤੇ ਕੈਨੇਡਾ ਵਿਚਾਲੇ ਕੂਟਨੀਤਕ ਜੰਗ ਅਕਤੂਬਰ ਦੇ ਦੂਜੇ ਹਫ਼ਤੇ ਉਸ ਵਕਤ ਸਿਖ਼ਰ ’ਤੇ ਪਹੁੰਚ ਗਈ, ਜਦੋਂ ਦੋਵਾਂ ਦੇਸ਼ਾਂ ਵਲੋਂ ਮੂਹਰਲੀ ਕਤਾਰ ਦੇ 6-6 ਸਫ਼ਾਰਤੀ ਅਧਿਕਾਰੀਆਂ ਨੂੰ ਦੇਸ਼ ਛੱਡਣ ਦੇ ਹੁਕਮ ਦੇ ਦਿੱਤੇ ਗਏ ਸਨ। ਇਸ ਨਾਲ ਦੋਵਾਂ ਦੇਸ਼ਾਂ ਦੇ ਹਾਈ ਕਮਿਸ਼ਨਰ ਆਪੋ-ਆਪਣੇ ਦੇਸ਼ਾਂ ਨੂੰ ਪਰਤ ਜਾਣਗੇ। ਇਸ ਕਾਰਵਾਈ ਨਾਲ ਦੋਵਾਂ ਦੇਸ਼ਾਂ ’ਚ ਗੱਲਬਾਤ ਬੰਦ ਹੋ ਗਈ ਨਜ਼ਰ ਆਉਂਦੀ ਹੈ। ਫ਼ੌਰੀ ਤੌਰ ’ਤੇ ਇਹ ਝਗੜਾ ਕੈਨੇਡਾ ਨਿਵਾਸੀ ਹਰਦੀਪ ਸਿੰਘ ਨਿੱਝਰ ਦੇ ਕਤਲ ਤੋਂ ਬਾਅਦ ਪੈਦਾ ਹੋਇਆ ਸੀ। ਇਹ ਕਤਲ ਜੂਨ 2023 ਨੂੰ ਹੋਇਆ ਸੀ। ਇਸ ਤੋਂ ਬਾਅਦ ਸਤੰਬਰ 2023 ’ਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਭਾਰਤ ਸਰਕਾਰ ਦੇ ਏਜੰਟਾਂ ’ਤੇ ਇਸ ਕਤਲ ’ਚ ਸ਼ਾਮਿਲ ਹੋਣ ਦਾ ਦੋਸ਼ ਲਾਇਆ ਸੀ। ਇਸ ਨਾਲ ਦੋਵਾਂ ਮੁਲਕਾਂ ਦੇ ਕੂਟਨੀਤਕ ਸੰਬੰਧਾਂ ਵਿੱਚ ਤਰੇੜਾਂ ਪੈਦਾ ਹੋ ਗਈਆਂ ਅਤੇ ਰਿਸ਼ਤਿਆਂ ’ਚ ਖਟਾਸ ਆ ਗਈ ਸੀ। ਇਸ ਕਾਰਨ ਦੋਵਾਂ ਦੇਸ਼ਾਂ ਦੇ ਕਈ ਅਧਿਕਾਰੀ ਵਾਪਸ ਬੁਲਾ ਲਏ ਗਏ ਸਨ ਪਰ ਪਿਛਲੇ ਦਿਨਾਂ ’ਚ ਜਿਸ ਗੱਲ ਨੇ ਦੋਵਾਂ ਦੇਸ਼ਾਂ ’ਚ ਕੂਟਨੀਤਕ ਜੰਗ ਹੋਰ ਤੇਜ਼ ਕਰ ਦਿੱਤੀ ਹੈ, ਉਹ ਹਰਦੀਪ ਸਿੰਘ ਨਿੱਝਰ ਦੇ ਕਤਲ ਸੰਬੰਧੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋਂ ਦਿੱਤੇ ਬਿਆਨ ਅਨੁਸਾਰ, ਕੈਨੇਡੀਅਨ ਪੁਲਿਸ ਕੋਲ ਇਸ ਕਿਸਮ ਦੇ ਮੰਨਣ ਯੋਗ ਸਬੂਤ ਹਨ ਕਿ ਓਟਾਵਾ ਸਥਿਤ ਭਾਰਤ ਦੇ ਅਧਿਕਾਰੀਆਂ ਦੇ ਹਾਈ ਕਮਿਸ਼ਨਰ ਸਮੇਤ ਨਿੱਝਰ ਦੇ ਕਤਲ ਨਾਲ ਤਾਰ ਜੁੜਦੇ ਹਨ। ਇਸ ਕਰਕੇ ਇਹ ਮੰਗ ਕੀਤੀ ਗਈ ਕਿ ਇਨ੍ਹਾਂ ਅਧਿਕਾਰੀਆਂ ਦੀ ਕੂਟਨੀਤਕ ਛੋਟ ਨੂੰ ਰੱਦ ਕਰਕੇ ਪੁਲਿਸ ਦੁਆਰਾ ਉਨ੍ਹਾਂ ਤੋਂ ਪੁੱਛਗਿੱਛ ਕਰਨ ਦੀ ਭਾਰਤ ਸਰਕਾਰ ਇਜਾਜ਼ਤ ਦੇਵੇ। ਇਸ ਸੰਬੰਧ ’ਚ ਅਮਰੀਕਾ ਤੋਂ ਛਪਦੇ ਵਾਸ਼ਿੰਗਟਨ ਪੋਸਟ ਅਖ਼ਬਾਰ ’ਚ ਇਹ ਵਿਸਥਾਰ ਨਾਲ ਖ਼ਬਰ ਦਿੱਤੀ ਗਈ ਹੈ ਕਿ ਭਾਰਤ ਦੇ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਦੀ ਅਗਵਾਈ ’ਚ ਉੱਚ ਅਧਿਕਾਰੀਆਂ ਦੀ ਇੱਕ ਟੀਮ ਦੀ ਮੀਟਿੰਗ ਕੈਨੇਡਾ ਦੇ ਸੁਰੱਖਿਆ ਸਲਾਹਕਾਰ ਦੀ ਅਗਵਾਈ ਵਾਲੀ ਟੀਮ ਨਾਲ ਸਿੰਗਾਪੁਰ ਵਿਖੇ 12 ਅਕਤੂਬਰ 2024 ਨੂੰ ਹੋਈ ਸੀ। ਇਸ ਮੀਟਿੰਗ ’ਚ ਕੈਨੇਡਾ ਦੀ ਟੀਮ ਨੇ ਭਾਰਤ ਦੀਆਂ ਖ਼ੁਫ਼ੀਆ ਏਜੰਸੀਆਂ ਦੇ ਇਸ ਕਤਲ ’ਚ ਸ਼ਾਮਿਲ ਹੋਣ ਬਾਰੇ ਸਬੂਤ ਪੇਸ਼ ਕੀਤੇ ਸਨ। ਇਸ ’ਚ ਦੇਸ਼ ਦੇ ਗ੍ਰਹਿ ਮੰਤਰਾਲੇ ਅਤੇ ਜੇਲ੍ਹ ’ਚ ਬੰਦ ਗੈਂਗਸਟਰ, ਲਾਰੈਂਸ ਬਿਸ਼ਨੋਈ ਦਾ ਨਾਂਅ ਵੀ ਲਿਆ ਗਿਆ ਸੀ। ਇਹ ਵੀ ਇਲਜ਼ਾਮ ਲਾਇਆ ਗਿਆ ਕਿ ਇਸ ’ਚ ਭਾਰਤ ਦੀਆਂ ਖ਼ੁਫ਼ੀਆ ਏਜੰਸੀਆਂ ਵਲੋਂ ਕਤਲ ਕਰਨ, ਫ਼ਿਰੌਤੀਆਂ ਮੰਗਣ ਅਤੇ ਕੈਨੇਡੀਅਨ ਨਾਗਰਿਕਾਂ ਨੂੰ ਡਰਾਉਣ ਲਈ ਗੈਂਗਸਟਰਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਇਸ ’ਤੇ ਭਾਰਤ ਸਰਕਾਰ ਵਲੋਂ ਸਖ਼ਤ ਇਤਰਾਜ਼ ਜਤਾਇਆ ਗਿਆ ਹੈ। ਭਾਰਤ ਦੇ ਅਧਿਕਾਰੀਆਂ ਨੇ ਇਸ ਮਾਮਲੇ ’ਚ ਆਪਣੀ ਸ਼ਮੂਲੀਅਤ ਤੋਂ ਇਨਕਾਰ ਹੀ ਨਹੀਂ ਕੀਤਾ, ਸਗੋਂ ਕੈਨੇਡਾ ਦੀ ਸਰਕਾਰ ’ਤੇ ਖ਼ਾਲਿਸਤਾਨੀਆਂ ਨੂੰ ਸ਼ਹਿ ਦੇ ਕੇ ਭਾਰਤ ਦੀ ਏਕਤਾ ਅਤੇ ਅਖੰਡਤਾ ’ਤੇ ਵਾਰ ਕਰਨ ਦਾ ਦੋਸ਼ ਵੀ ਲਾਇਆ ਹੈ। ਖ਼ਾਲਿਸਤਾਨੀਆਂ ਵਲੋਂ ਭਾਰਤੀ ਹਾਈ ਕਮਿਸ਼ਨ ਦੇ ਅਧਿਕਾਰੀਆਂ ਨੂੰ ਧਮਕੀਆਂ ਅਤੇ ਹਿੰਦੂਆਂ ਨੂੰ ਕੈਨੇਡਾ ਛੱਡਣ ਬਾਰੇ ਕਹੇ ਜਾਣ ਸੰਬੰਧੀ ਬਿਆਨ ਮੀਡੀਆ ’ਚ ਛਪ ਚੁੱਕੇ ਹਨ। ਭਾਰਤ ਸਰਕਾਰ ਨੂੰ ਇਹ ਵੀ ਇਤਰਾਜ਼ ਹੈ ਕਿ ਕੈਨੇਡਾ ’ਚ ਵਸੇ ਹੋਏ ਭਾਰਤੀ ਮੂਲ ਦੇ ਕੈਨੇਡੀਅਨ ਜਿਨ੍ਹਾਂ ਖ਼ਿਲਾਫ਼ ਭਾਰਤ ’ਚ ਸੰਗੀਨ ਜੁਰਮਾਂ ਤਹਿਤ ਕੇਸ ਦਰਜ ਹਨ, ਉਨ੍ਹਾਂ ਨੂੰ ਕੈਨੇਡਾ ਸਰਕਾਰ ਨੇ ਸ਼ਰਨ ਦਿੱਤੀ ਹੋਈ ਹੈ। ਇਸ ਤਰ੍ਹਾਂ ਕੈਨੇਡਾ ਅਤੇ ਭਾਰਤ ਦੇ ਸੰਬੰਧ ਵਿਗਾੜਨ ’ਚ ਕੈਨੇਡਾ ਵਸੇ ਕੁਝ ਅਨਸਰਾਂ ਦੀ ਭੂਮਿਕਾ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ।


ਵਿਗੜਦੇ ਸੰਬੰਧਾਂ ਨਾਲ ਦੋਵਾਂ ਦੇਸ਼ਾਂ ਨੂੰ ਆਰਥਿਕ ਅਤੇ ਕੂਟਨੀਤਕ ਨੁਕਸਾਨ ਭੁਗਤਣੇ ਪੈਣਗੇ। ਆਰਥਿਕ ਪੱਧਰ ’ਤੇ ਵਪਾਰੀਆਂ ਨੂੰ ਵੀਜ਼ਿਆਂ ’ਚ ਮੁਸ਼ਕਿਲਾਂ ਆਉਣ ਨਾਲ ਵਪਾਰ ਦਾ ਮੌਜੂਦਾ ਪੱਧਰ ਘਟ ਸਕਦਾ ਹੈ। ਸਰਮਾਏ ਦੇ ਅਦਾਨ-ਪ੍ਰਦਾਨ ’ਚ ਕਟੌਤੀ ਹੋ ਸਕਦੀ ਹੈ। ਵੀਜ਼ਿਆਂ ’ਚ ਮੁਸ਼ਕਿਲਾਂ ਕਾਰਨ ਭਾਰਤੀ ਮੂਲ ਦੇ ਕੈਨੇਡੀਅਨ ਨਾਗਰਿਕਾਂ ਨੂੰ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ, ਵਿਆਹਾਂ-ਸ਼ਾਦੀਆਂ, ਹੋਰ ਖ਼ੁਸ਼ੀ ਗਮੀ ਦੇ ਸਮਾਗਮਾਂ ’ਚ ਸ਼ਾਮਿਲ ਹੋਣਾ ਮੁਸ਼ਕਿਲ ਹੋ ਜਾਵੇਗਾ। ਇਸ ਨਾਲ ਹਵਾਈ ਜਹਾਜ਼ਾਂ ਦੀਆਂ ਕੰਪਨੀਆਂ ਦੇ ਕਾਰੋਬਾਰ ਨੂੰ ਵੀ ਸੱਟ ਵੱਜ ਸਕਦੀ ਹੈ। ਇਹ ਅਨੁਮਾਨ ਹੈ ਕਿ ਦੋਵਾਂ ਦੇਸ਼ਾਂ ’ਚ ਮੌਜੂਦਾ ਵਪਾਰ ਨੂੰ ਹੋਰ 50 ਫ਼ੀਸਦੀ ਵਧਾਉਣ ਦੀਆਂ ਸੰਭਾਵਨਾਵਾਂ ਹਨ। ਇਸ ਨੂੰ ਪ੍ਰਾਪਤ ਕਰਨ ਦੀ ਬਜਾਏ ਵਪਾਰ ਘੱਟ ਜਾਣ ਦੀ ਸੰਭਾਵਨਾ ਹੈ ਪਰ ਇਸ ਕੂਟਨੀਤਕ ਜੰਗ ਕਾਰਨ ਸਭ ਤੋਂ ਵੱਧ ਮੁਸ਼ਕਿਲਾਂ ਕੈਨੇਡਾ ’ਚ ਭਾਰਤ ਦੇ ਲੱਖਾਂ ਨੌਜਵਾਨਾਂ ਨੂੰ ਪੇਸ਼ ਆਉਣ ਦਾ ਖ਼ਤਰਾ ਕਾਫ਼ੀ ਵਧ ਗਿਆ ਹੈ। ਇਹ ਉਹ ਨੌਜਵਾਨ ਹਨ, ਜਿਨ੍ਹਾਂ ਨੂੰ ਕੈਨੇਡਾ ’ਚ ਆਰਜ਼ੀ/ਕੱਚੀ ਰਿਹਾਇਸ਼ ਦੀ ਪ੍ਰਵਾਨਗੀ ਮਿਲੀ ਹੋਈ ਹੈ। ਇਹ ਨੌਜਵਾਨ ਪੱਕੀ ਰਿਹਾਇਸ਼ ਦੀ ਪ੍ਰਵਾਨਗੀ ਦੀ ਉਡੀਕ ਕਰ ਰਹੇ ਹਨ।

ਆਰਜ਼ੀ/ਕੱਚੀ ਰਿਹਾਇਸ਼ ਵਾਲੇ ਨੌਜਵਾਨ ਉਹ ਹਨ, ਜਿਹੜੇ ਪੱਕੀ ਰਿਹਾਇਸ਼ ਦੀਆਂ ਸ਼ਰਤਾਂ ਪੂਰੀਆਂ ਕਰਨ ਦੀ ਉਡੀਕ ’ਚ ਹਨ। ਇਨ੍ਹਾਂ ਨੌਜਵਾਨਾਂ ਨੂੰ ਤਿੰਨ ਭਾਗਾਂ ’ਚ ਵੰਡਿਆ ਜਾ ਸਕਦਾ ਹੈ। (1) ਇਨ੍ਹਾਂ ’ਚੋਂ ਕਾਫ਼ੀ ਵਿਦਿਆਰਥੀ ਉਹ ਹਨ, ਜਿਨ੍ਹਾਂ ਵਲੋਂ ਕੈਨੇਡਾ ਵਿਖੇ ਆ ਕੇ ਆਪਣੀ ਡਿਗਰੀ/ਡਿਪਲੋਮਾ ਹਾਸਿਲ ਕਰ ਲਿਆ ਗਿਆ ਹੈ। ਇਨ੍ਹਾਂ ’ਚੋਂ ਕਈ ਵਿਦਿਆਰਥੀ ਚਾਰ-ਪੰਜ ਸਾਲਾਂ ਤੋਂ ਕੈਨੇਡਾ ’ਚ ਰਹਿ ਰਹੇ ਹਨ। ਇਨ੍ਹਾਂ ਨੂੰ ਪੁਰਾਣੇ ਨਿਯਮਾਂ ਤਹਿਤ ਆਰਜ਼ੀ ਜਾਂ ਕੱਚੀ ਰਿਹਾਇਸ਼ ਦੀ ਪ੍ਰਵਾਨਗੀ ਮਿਲੀ ਹੋਈ ਹੈ ਅਤੇ ਕਈਆਂ ਦੀ ਪ੍ਰਵਾਨਗੀ ਖ਼ਤਮ ਹੋਣ ਵਾਲੀ ਹੈ। ਇਨ੍ਹਾਂ ਵਿਦਿਆਰਥੀਆਂ ਵਲੋਂ ਕੈਨੇਡਾ ਵਿਖੇ ਪੱਕੇ ਵਸਣ ਵਾਸਤੇ ਕਈ ਲੱਖ ਰੁਪਏ ਆਪਣੀਆਂ ਫ਼ੀਸਾਂ ਅਤੇ ਰਹਿਣ ਵਾਸਤੇ ਖਰਚ ਕੀਤੇ ਹੋਏ ਹਨ। (2) ਦੂਜੇ ਉਹ ਆਰਜ਼ੀ/ਕੱਚੀ ਰਿਹਾਇਸ਼ ਵਾਲੇ ਨੌਜਵਾਨ ਹਨ, ਜਿਨ੍ਹਾਂ ਨੂੰ ਕਿਸੇ ਕਾਰੋਬਾਰੀ ਜਾਂ ਕੰਪਨੀ ਵਲੋਂ ਰੁਜ਼ਗਾਰ ਵਾਸਤੇ ਕੈਨੇਡਾ ਬੁਲਾਇਆ ਗਿਆ ਸੀ ਪਰ ਰੁਜ਼ਗਾਰ ਦੀ ਮਿਆਦ ਖਤਮ ਹੋ ਗਈ ਹੈ। ਇਨ੍ਹਾਂ ਨੌਜਵਾਨਾਂ ਨੂੰ ਕੈਨੇਡਾ ਵਲੋਂ ਹੋਰ ਜਾਂ ਪੱਕਾ ਰੁਜ਼ਗਾਰ ਲੱਭਣ ਲਈ ਕੱਚੀ ਰਿਹਾਇਸ਼ ਦੀ ਪ੍ਰਵਾਨਗੀ ਮਿਲੀ ਹੋਈ ਹੈ। (3) ਤੀਜੀ ਕਿਸਮ ਦੇ ਉਹ ਨੌਜਵਾਨ ਹਨ, ਜਿਨ੍ਹਾਂ ਨੇ ਵਿਜ਼ਟਰ ਵੀਜ਼ਾ @ਤੇ ਪਹੁੰਚ ਕੇ ਪਨਾਹ ਲੈਣ ( ਵਾਸਤੇ ਦਰਖ਼ਾਸਤ ਲਗਾਈ ਹੋਈ ਹੈ। ਉਨ੍ਹਾਂ ਨੂੰ ਕੱਚੀ ਰਿਹਾਇਸ਼ ਦੀ ਪ੍ਰਵਾਨਗੀ ਮਿਲੀ ਹੋਈ ਹੈ। ਭਾਵੇਂ ਇਸ ਕਿਸਮ ਦੇ ਨੌਜਵਾਨਾਂ ਦੀ ਗਿਣਤੀ ਕਾਫ਼ੀ ਘੱਟ ਹੈ।

ਅਮਰੀਕਾ ਤੋਂ ਛਪਦੇ ਨਿਊਯਾਰਕ ਟਾਈਮਜ਼ ਅਖ਼ਬਾਰ ’ਚ ਬਰੈਂਪਟਨ ਤੋਂ ਇੱਕ ਰਿਪੋਰਟ 13 ਅਕਤੂਬਰ 2024 ਨੂੰ ਛਾਪੀ ਗਈ ਹੈ। ਇਸ ਰਿਪੋਰਟ ਅਨੁਸਾਰ ਕੈਨੇਡਾ ’ਚ ਇਸ ਸਮੇਂ 28 ਲੱਖ ਦੇ ਕਰੀਬ ਨੌਜਵਾਨ ਆਰਜ਼ੀ/ਕੱਚੀ ਰਿਹਾਇਸ਼ ਦੀ ਪ੍ਰਵਾਨਗੀ ਨਾਲ ਰਹਿ ਰਹੇ ਹਨ। ਇਨ੍ਹਾਂ ’ਚੋਂ 22 ਲੱਖ ਦੇ ਕਰੀਬ 2020-22 ਦੇ ਦੋ ਸਾਲਾਂ ਵਿੱਚ ਕੈਨੇਡਾ ਪਹੁੰਚੇ ਹਨ। ਆਰਜ਼ੀ ਰਿਹਾਇਸ਼ ਵਾਲੇ ਨੌਜਵਾਨ ਕੈਨੇਡਾ ਦੀ ਕੁੱਲ ਆਬਾਦੀ ਦਾ 6.8 ਫ਼ੀਸਦੀ ਬਣਦੇ ਹਨ। ਇਹ ਨੌਜਵਾਨ ਦੁਨੀਆ ਦੇ ਕਈ ਦੇਸ਼ਾਂ ਤੋਂ ਆਏ ਹੋਏ ਹਨ। ਇਨ੍ਹਾਂ ’ਚੋਂ ਦੋ ਦੇਸ਼ਾਂ ਤੋਂ ਆਏ ਵਿਅਕਤੀਆਂ ਦਾ ਖ਼ਾਸ ਜ਼ਿਕਰ ਕੀਤਾ ਗਿਆ ਹੈ। ਇੱਕ ਦੇਸ਼ ਦਾ ਨਾਂਅ ਯੂਕਰੇਨ ਹੈ, ਜੋ ਰੂਸ ਨਾਲ ਜੰਗ ’ਚ ਫ਼ਸਿਆ ਹੋਇਆ ਹੈ। ਕੈਨੇਡਾ ਵਲੋਂ ਇੱਥੋਂ ਦੇ 10 ਲੱਖ ਵਿਆਕਤੀਆਂ ਨੂੰ ਕੱਚੀ ਰਿਹਾਇਸ਼ ਦੀ ਪ੍ਰਵਾਨਗੀ ਦਿੱਤੀ ਹੋਈ ਹੈ ਪਰ ਹੁਣ ਤੱਕ ਇੱਥੋਂ 1.85 ਲੱਖ ਵਿਅਕਤੀ ਹੀ ਕੈਨੇਡਾ ਆ ਸਕੇ ਹਨ। ਇਸ ਕਰਕੇ ਯੂਕਰੇਨੀ ਆਰਜ਼ੀ ਰਿਹਾਇਸ਼ ਵਾਲਿਆਂ ਨੂੰ ਕੈਨੇਡਾ ਤੋਂ ਬਾਹਰ ਕੱਢੇ ਜਾਣ ਦਾ ਕੋਈ ਖ਼ਤਰਾ ਨਹੀਂ ਹੈ। ਦੂਜਾ ਭਾਰਤ ਦੇਸ਼ ਦਾ ਜ਼ਿਕਰ ਕੀਤਾ ਗਿਆ ਹੈ। ਸਾਡੇ ਦੇਸ਼, ਖ਼ਾਸ ਕਰਕੇ ਪੰਜਾਬ, ਹਰਿਆਣਾ ਤੋਂ ਵੱਡੀ ਗਿਣਤੀ ’ਚ ਪਿਛਲੇ ਸਾਲਾਂ ਤੋਂ ਵਿਦਿਆਰਥੀ ਕੈਨੇਡਾ ਪੜ੍ਹਨ ਅਤੇ ਉੱਥੇ ਵਸਣ ਦੇ ਮੰਤਵ ਨਾਲ ਗਏ ਹੋਏ ਹਨ। ਇਨ੍ਹਾਂ ’ਚੋਂ ਬਹੁਤਿਆਂ ਕੋਲ ਆਰਜ਼ੀ ਰਿਹਾਇਸ਼ ਦੀ ਪ੍ਰਵਾਨਗੀ ਹੈ। ਇਨ੍ਹਾਂ ’ਚੋਂ ਲੱਖਾਂ ਦੀ ਗਿਣਤੀ ਉਨ੍ਹਾਂ ਨੌਜਵਾਨਾਂ ਦੀ ਹੈ, ਜਿਨ੍ਹਾਂ ਨੇ ਪੜ੍ਹਾਈ ਖ਼ਤਮ ਕਰਕੇ ਡਿਗਰੀ ਜਾਂ ਡਿਪਲੋਮਾ ਪਾਸ ਕੀਤਾ ਹੋਇਆ ਹੈ। ਕੈਨੇਡਾ ਦੇ ਪੁਰਾਣੇ ਨਿਯਮਾਂ ਤਹਿਤ ਇਨ੍ਹਾਂ ਨੂੰ ਆਰਜ਼ੀ ਤੌਰ ’ਤੇ ਰਹਿਣ ਦੀ ਪ੍ਰਵਾਨਗੀ ਮਿਲੀ ਹੋਈ ਹੈ ਅਤੇ ਕਈਆਂ ਦੀ ਪ੍ਰਵਾਨਗੀ ਖ਼ਤਮ ਹੋਣ ਵਾਲੀ ਹੈ। ਹੁਣ ਕੈਨੇਡਾ ਵਲੋਂ ਨਵੇਂ ਨਿਯਮ ਲਾਗੂ ਕੀਤੇ ਜਾ ਰਹੇ ਹਨ। ਇਨ੍ਹਾਂ ਨਿਯਮਾਂ ਅਨੁਸਾਰ ਵਿਦਿਆਰਥੀਆਂ ਨੂੰ ਪੜ੍ਹਾਈ ਖ਼ਤਮ ਕਰਕੇ ਵਾਪਸ ਆਪਣੇ ਦੇਸ਼ ਪਰਤਣਾ ਪਵੇਗਾ। ਲੋੜਾਂ ਅਨੁਸਾਰ ਕੁਝ ਨੌਜਵਾਨਾਂ ਦੀ ਆਰਜ਼ੀ ਰਿਹਾਇਸ਼ ਵਧਾਈ ਜਾਵੇਗੀ। ਕੈਨੇਡਾ ਦੇ ਵਿਦੇਸ਼ ਮੰਤਰੀ ਮੇਲਾਨੀ ਜੌਲੀ ਦਾ ਵਿਚਾਰ ਹੈ ਕਿ ਪ੍ਰਵਾਸੀਆਂ ਦੇ ਕਾਫ਼ੀ ਵੱਡੀ ਗਿਣਤੀ ’ਚ ਆਉਣ ਨਾਲ ਦੇਸ਼ ’ਚ ਕਈ ਸਮੱਸਿਆਵਾਂ ਪੈਦਾ ਹੋ ਗਈਆਂ ਹਨ। ਇਨ੍ਹਾਂ ਕਰਕੇ ਰਿਹਾਇਸ਼ੀ ਘਰਾਂ ਦੀ ਘਾਟ ਪੈਦਾ ਹੋ ਗਈ ਹੈ, ਸਿਹਤ ਸੇਵਾਵਾਂ ’ਤੇ ਬੋਝ ਵਧ ਗਿਆ ਅਤੇ ਬੇਰੁਜ਼ਗਾਰੀ ਵਧ ਗਈ ਹੈ। ਇਸ ਕਰਕੇ ਸਰਕਾਰ ਵਲੋਂ 2024 ਦੇਸ਼ੁਰੂ ’ਚ ਫ਼ੈਸਲਾ ਕੀਤਾ ਗਿਆ ਹੈ ਕਿ ਪ੍ਰਵਾਸ ਨੂੰ ਸੀਮਤ ਕੀਤਾ ਜਾਵੇ। ਜਿਨ੍ਹਾਂ ਪ੍ਰਵਾਸੀਆਂ ਦੀ ਕੱਚੀ ਰਿਹਾਇਸ਼ ਦੀ ਮਿਆਦ ਖਤਮ ਹੋ ਗਈ ਹੈ ਜਾਂ ਖਤਮ ਹੋ ਰਹੀ ਹੈ, ਉਸ ਨੂੰ ਨਵਿਆਇਆ ਨਹੀਂ ਜਾਵੇਗਾ। ਇਸ ਕਾਰਨ ਇਨ੍ਹਾਂ ਵਿਦਿਆਰਥੀਆਂ ਦਾ ਭਵਿੱਖ ਦਾਅ ’ਤੇ ਲੱਗ ਗਿਆ ਹੈ। ਇਸ ਰਿਪੋਰਟ ਅਨੁਸਾਰ ਐਸੇ ਨੌਜਵਾਨਾਂ ਦੀ ਸਥਿਤੀ ਹਵਾ ’ਚ ਲਟਕੇ ਤ੍ਰਿਸ਼ੰਕੂ ਦੀ ਤਰ੍ਹਾਂ ਹੈ।

(ਬਾਕੀ ਸਫ਼ਾ 31 ’ਤੇ)

# ਈ.ਵੀ.ਐਮ. ਸ਼ੱਕ ਦੇ ਘੇਰੇ ਵਿੱਚ ਕਿਉਂ ?



ਅਭੈ ਕੁਮਾਰ ਦੂਬੇ

ਭਾਰਤ ’ਚ ਆਜ਼ਾਦ ਤੇ ਨਿਰਪੱਖ ਚੋਣਾਂ ਕਰਵਾਉਣਾ ਹੁਣ ਟੇਢੀ ਖੀਰ ਬਣ ਚੁੱਕੀ ਹੈ। ਚੋਣ ਕਮਿਸ਼ਨਰਾਂ ਦੀ ਨਿਯੁਕਤੀ ਤੋਂ ਲੈ ਕੇ ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ ਡੇਰਾ ਮੁਖੀ ਰਾਮ ਰਹੀਮ ਵਰਗੇ ਸਜ਼ਾਯਾਫ਼ਤਾ ਕੈਦੀਆਂ ਨੂੰ ਵਾਰ-ਵਾਰ ਪੈਰੋਲ ਦੇਣ ਦੇ ਫ਼ੈਸਲਿਆਂ ਨੇ ਪੂਰੀ ਪ੍ਰਕਿਰਿਆ ਨੂੰ ਸ਼ੱਕ ਦੇ ਘੇਰੇ ਵਿੱਚ ਲਿਆ ਦਿੱਤਾ ਹੈ। ਚੋਣ ਜ਼ਾਬਤਾ ਦੀ ਇਮਾਨਦਾਰੀ ਨਾਲ ਪਾਲਣਾ ਕਰਨਾ ਬੀਤੇ ਜ਼ਮਾਨੇ ਦੀ ਗੱਲ ਬਣ ਚੁੱਕੀ ਹੈ। ਕਮਿਸ਼ਨ ਪੂਰੀ ਤਰ੍ਹਾਂ ਨਾਲ ਹਰ ਵਾਰ ਸੱਤਾਧਾਰੀ ਪਾਰਟੀ (ਭਾਜਪਾ) ਦੀ ਖੁੱਲ੍ਹੇਆਮ ਤਰਫ਼ਦਾਰੀ ਕਰਦਾ ਹੋਇਆ ਦਿਖਾਈ ਦਿੰਦਾ ਹੈ। ਪਤਾ ਨਹੀਂ ਇਸ ਹਾਲਾਤ ’ਚ ਸਾਡੇ ਲੋਕਤੰਤਰ ਦਾ ਭਵਿੱਖ ਕੀ ਹੋਵੇਗਾ ?

ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਨੇ ਮਹਾਰਾਸ਼ਟਰ ਅਤੇ ਝਾਰਖੰਡ ਦੀਆਂ ਵਿਧਾਨ ਸਭਾ ਚੋਣਾਂ ਦਾ ਪ੍ਰੋਗਰਾਮ ਐਲਾਨਦਿਆਂ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੇ ਕਮਿਸ਼ਨ ਨੇ ਆਜ਼ਾਦ ਤੇ ਨਿਰਪੱਖ ਚੋਣਾਂ ਕਰਵਾਉਣ ਦੇ ਮਾਮਲੇ ਵਿੱਚ ‘ਗੋਲਡ ਸਟੈਂਡਰਡ’ ਦੀ ਸਥਾਪਨਾ ਕਰ ਦਿੱਤੀ ਹੈ। ਰਾਜੀਵ ਕੁਮਾਰ ਦੇ ਸ਼ਬਦਾਂ ’ਚ ‘ਕੁਛ ਤੋ ਲੋਕ ਕਹੇਂਗੇ, ਲੋਗੋਂ ਕਾ ਕਾਮ ਹੈ ਕਹਿਨਾ’ ਦੀ ਤਰਜ਼ ’ਤੇ ਕਮਿਸ਼ਨ ਦੀਆਂ ਆਲੋਚਨਾਵਾਂ ਨੂੰ ਨਜ਼ਰਅੰਦਾਜ਼ ਕਰ ਦੇਣਾ ਚਾਹੀਦਾ ਹੈ। ਭਾਵ, ਭਾਰਤ ’ਚ ਚੋਣ ਪ੍ਰਣਾਲੀ ਸੋਨੇ ਵਾਂਗ ਖਰੀ ਹੈ ਅਤੇ ਚੋਣ ਕਮਿਸ਼ਨਰ ਦਾ ਇਹ ਦਾਅਵਾ ਸ਼ੱਕ ਤੋਂ ਦੂਰ ਹੈ। ਰਾਜੀਵ ਕੁਮਾਰ ਦੀ ਇਹ ਗੱਲ ਸਹੀ ਮੰਨੀ ਜਾ ਸਕਦੀ ਹੈ, ਪਰ ਸਿਰਫ਼ ਇਤਿਹਾਸਕ ਨਜ਼ਰੀਏ ਨਾਲ। 1990-96 ਦੌਰਾਨ ਮੁੱਖ ਚੋਣ ਕਮਿਸ਼ਨਰ ਰਹੇ ਟੀ.ਐੱਨ. ਸੇਸ਼ਨ ਨੇ ਆਪਣੀ ਨਿਰਪੱਖਤਾ ਅਤੇ ਨਿਯਮਬੱਧਤਾ ਦੇ ਦਮ ’ਤੇ ਚੋਣ ਜ਼ਾਬਤੇ ਨੂੰ ਮਿਸਾਲ ਬਣਾਉਂਦਿਆਂ ਜੋ ਸ਼ਾਨਦਾਰ ਪਰੰਪਰਾ ਸਥਾਪਿਤ ਕੀਤੀ ਸੀ, ਉਸ ਨੇ ਸਾਰੀ ਦੁਨੀਆਂ ਵਿੱਚ ਭਾਰਤੀ ਚੋਣ ਕਮਿਸ਼ਨ ਦਾ ਲੋਹਾ ਮੰਨਵਾ ਦਿੱਤਾ ਸੀ।

ਕਮਿਸ਼ਨ ਦੀਆਂ ਟੀਮਾਂ ਦੂਜੇ ਦੇਸ਼ਾਂ ਦੀ ਬੇਨਤੀ ’ਤੇ ਉੱਥੇ ਜਾ ਕੇ ਉਨ੍ਹਾਂ ਨੂੰ ਚੋਣਾਂ ਦਾ ਸੰਚਾਲਨ ਕਰਨਾ ਸਿਖਾਉਂਦੀਆਂ ਸਨ ਪਰ ਅੱਜ ਸਥਿਤੀ ਬਦਲ ਚੁੱਕੀ ਹੈ। ਪਿਛਲੇ ਪੰਜ ਸਾਲ ਤੋਂ ਜਿਸ ਤਰ੍ਹਾਂ ਚੋਣਾਂ ਕਰਵਾਈਆਂ ਜਾ ਰਹੀਆਂ ਹਨ, ਉਸ ਕਾਰਨ ਕਮਿਸ਼ਨ ਦੀਆਂ ਸੈਸ਼ਨਕਾਲ ਦੀਆਂ ਉਪਲਬਧੀਆਂ ਧੁੰਦਲੀਆਂ ਪੈ ਚੁੱਕੀਆਂ ਹਨ। ਸੋਨੇ ਵਾਂਗ ਖਰੀ ਹੋਣਾ ਤਾਂ ਦੂਰ, ਸਾਡੀ ਚੋਣ ਪ੍ਰਣਾਲੀ ਕਈ ਤਰ੍ਹਾਂ ਦੇ ਸ਼ੰਕਿਆਂ ਅਤੇ ਸਵਾਲਾਂ ’ਚ ਘਿਰ ਚੁੱਕੀ ਹੈ। ਪੂਰੇ ਸੋਸ਼ਲ ਮੀਡੀਆ, ਸਮਾਚਾਰ-ਪੱਤਰਾਂ ਦੇ ਕਾਲਮਾਂ, ਨਾਗਰਿਕ ਸਮਾਜ ਦੀ ਚਰਚਾ ਅਤੇ ਰਾਜਨੀਤਕ ਦਾਇਰਿਆਂ ਵਿੱਚ ਬਹੁਤ ਸਾਰੇ ਸਵਾਲਾਂ ਦੀ ਗੂੰਜ ਹੈ। ਇਸ ਵਿਵਾਦ ਨੂੰ ਸਮਝਣ ਲਈ ਇਨ੍ਹਾਂ ’ਚੋਂ ਸਿਰਫ਼ ਦੋ ਸਵਾਲ ਇੱਥੇ ਸੰਖੇਪ ’ਚ ਪੇਸ਼ ਕੀਤੇ ਜਾ ਰਹੇ ਹਨ।



ਪਹਿਲਾ ਸਵਾਲ ਇਹ ਹੈ ਕਿ, ਕੀ ਈ.ਵੀ.ਐੱਮ. ਵਿੱਚ ਪੈ ਚੁੱਕੀਆਂ ਵੋਟਾਂ ਦੀ ਗਿਣਤੀ ਕੁਝ ਘੰਟਿਆਂ ਬਾਅਦ ਜਾਂ ਕੁਝ ਦਿਨਾਂ ਬਾਅਦ ਆਪਣੇ-ਆਪ ਵਧ ਸਕਦੀ ਹੈ ? ਕਿਸੇ ਵੀ ਪੋਲਿੰਗ ਬੂਥ ’ਤੇ ਪੂਰੇ ਦਿਨ ਦੀਆਂ ਵੋਟਾਂ ਪੈਣ ਤੋਂ ਬਾਅਦ ਅਖੀਰ ’ਚ ਈ.ਵੀ.ਐੱਮ. ਮਸ਼ੀਨ ਅਧਿਕਾਰਤ ਤੌਰ ’ਤੇ ਸੀਲ ਕਰ ਦਿੱਤੀ ਜਾਂਦੀ ਹੈ। ਕਾਇਦੇ ਮੁਤਾਬਿਕ ਉਸ ’ਚ ਪਾਈਆਂ ਗਈਆਂ ਜਾਂ ਨਾ ਪਾਈਆਂ ਗਈਆਂ ਵੋਟਾਂ ਦੀ ਗਿਣਤੀ ਫ਼ਾਰਮ 17-ਸੀ ’ਚ ਦਰਜ ਕਰਕੇ ਪੋਲਿੰਗ ਬੂਥ ਦੇ ਪ੍ਰੀਜ਼ਾਈਡਿੰਗ ਅਫ਼ਸਰ ਅਤੇ ਵੱਖ-ਵੱਖ ਪਾਰਟੀਆਂ ਦੇ ਪੋਲਿੰਗ ਏਜੰਟਾਂ ਦੇ ਦਸਤਖ਼ਤ ਕਰਵਾ ਲਏ ਜਾਂਦੇ ਹਨ। ਆਖ਼ਰ ਉਹ ਕਿਹੜੇ ਹਾਲਾਤ ਹਨ, ਜਿਨ੍ਹਾਂ ਤਹਿਤ ਈ.ਵੀ.ਐੱਮ. ’ਚ ਪੈ ਚੁੱਕੀਆਂ ਵੋਟਾਂ ਦੀ ਗਿਣਤੀ ਵਧ ਜਾਂਦੀ ਹੈ, ਜਿਸ ਦਾ ਐਲਾਨ ਚੋਣ ਕਮਿਸ਼ਨ ਵਧੇ ਹੋਏ ਵੋਟ ਪ੍ਰਤੀਸ਼ਤ ਦੇ ਰੂਪ ’ਚ ਇੱਕ ਤੋਂ ਵਧੇਰੇ ਵਾਰ ਕਰਦਾ ਹੈ ? ਇਹ ਹਾਲਾਤ ਤਰਕਸੰਗਤ ਅਤੇ ਸੁਭਾਵਿਕ ਹਨ ਜਾਂ ਸ਼ੱਕੀ ਅਤੇ ਬਨਾਉਟੀ ? ਸਾਲ 2019 ਦੀਆਂ ਲੋਕ ਸਭਾ ਚੋਣਾਂ ਤੋਂ ਲੈ ਕੇ ਹਾਲ ਹੀ ’ਚ ਹੋਈਆਂ ਹਰਿਆਣਾ ਦੀਆਂ ਵਿਧਾਨ ਸਭਾ ਚੋਣਾਂ ਤੱਕ ਅਜਿਹਾ ਲਗਾਤਾਰ ਕਿਉਂ ਵਾਪਰ ਰਿਹਾ ਹੈ ? ਅਤੇ ਵਧੀਆਂ ਹੋਈਆਂ ਵੋਟਾਂ ਦਾ ਲਾਭ ਲਗਭਗ ਹਮੇਸ਼ਾ ਹੀ ਸੱਤਾਧਾਰੀ ਪਾਰਟੀ ਦੇ ਹੀ ਪੱਖ ’ਚ ਕਿਉਂ ਜਾਂਦਾ ਹੈ ? ਸ਼ੁਰੂ ’ਚ ਅਤੇ ਬਾਅਦ ’ਚ ਐਲਾਨੇ ਪ੍ਰਤੀਸ਼ਤ ’ਚ ਕੋਈ ਵਖਰੇਵਾਂ ਨਹੀਂ ਹੋਣਾ ਚਾਹੀਦਾ ਅਤੇ ਜੇਕਰ ਕਿਸੇ ਅਸਧਾਰਨ ਹਾਲਤ ’ਚ ਹੋਵੇ ਵੀ, ਤਾਂ ਇੱਕ ਪ੍ਰਤੀਸ਼ਤ ਤੋਂ ਵਧੇਰੇ ਦਾ ਤਾਂ ਕਿਸੇ ਕੀਮਤ ’ਤੇ ਨਹੀਂ ਹੋਣਾ ਚਾਹੀਦਾ।

ਉਦਾਹਰਨ ਦੇ ਲਈ 2024 ਵਿੱਚ ਹੀ ਹੋਈਆਂ ਲੋਕ ਸਭਾ ਚੋਣਾਂ ਅਤੇ ਹਰਿਆਣਾ ਚੋਣਾਂ ’ਤੇ ਗੌਰ ਕੀਤਾ ਜਾ ਸਕਦਾ ਹੈ। ਅਸੀਂ ਜਾਣਦੇ ਹਾਂ ਕਿ ਹਰਿਆਣਾ ’ਚ 22 ਜ਼ਿਲ੍ਹੇ ਅਤੇ 90 ਚੋਣ ਹਲਕੇ ਹਨ। 5 ਅਕਤੂਬਰ ਨੂੰ ਜਦੋਂ ਵੋਟਾਂ ਪਈਆਂ ਤਾਂ 7 ਵਜੇ ਤੱਕ ਸਾਰੇ ਜ਼ਿਲ੍ਹਿਆਂ ’ਚ ਈ.ਵੀ.ਐੱਮ. ਸੀਲ ਹੋ ਚੁੱਕੀ ਸੀ ਅਤੇ ਫਾਰਮ 17-ਸੀ ’ਤੇ ਪ੍ਰੀਜ਼ਾਈਡਿੰਗ ਅਫ਼ਸਰ ਤੇ ਪੋਲਿੰਗ ਏਜੰਟਾਂ ਦੇ ਦਸਤਖ਼ਤ ਹੋ ਚੁੱਕੇ ਸਨ। ਕਮਿਸ਼ਨ ਨੇ 7 ਵਜੇ ਤੱਕ ਸਾਰੇ ਜ਼ਿਲ੍ਹਿਆਂ ਦਾ ਵੋਟ ਪ੍ਰਤੀਸ਼ਤ ਵੀ ਐਲਾਨ ਦਿੱਤਾ ਪਰ ਇਸ ਦੇ ਪੌਣੇ ਪੰਜ ਘੰਟੇ ਭਾਵ ਪੌਣੇ ਬਾਰ੍ਹਾਂ ਵਜੇ ਇਸ ਪ੍ਰਤੀਸ਼ਤ ਨੂੰ ਵੱਡੇ ਪੱਧਰ ’ਤੇ ਵਧਾ ਕੇ ਐਲਾਨਿਆ ਗਿਆ। ਇਸ ਦਾ ਨਤੀਜਾ 0.81 ਤੋਂ ਲੈ ਕੇ 7.83 ਫ਼ੀਸਦੀ ਤੱਕ ਦੇ ਵਾਧੇ ’ਚ ਨਿਕਲਿਆ। ਸਿਰਫ਼ ਦੋ ਜ਼ਿਲ੍ਹਿਆਂ (ਪੰਚਕੂਲਾ ਅਤੇ ਚਰਖੀ) ’ਚ ਪ੍ਰਤੀਸ਼ਤ ਨਹੀਂ ਵਧਿਆ। ਇਹ ਪ੍ਰਕਿਰਿਆ ਇੱਥੇ ਹੀ ਨਹੀਂ ਰੁਕੀ। ਦੋ ਦਿਨ ਬਾਅਦ 7 ਅਕਤੂਬਰ (ਵੋਟਾਂ ਦੀ ਗਿਣਤੀ ਤੋਂ ਇੱਕ ਦਿਨ ਪਹਿਲਾਂ) ਰਾਤ ਨੂੰ ਪੌਣੇ 9 ਵਜੇ ਇੱਕ ਹੋਰ ਵਾਧੇ ਦਾ ਐਲਾਨ ਕੀਤਾ ਗਿਆ। ਇਸ ’ਚ ਜ਼ਿਲ੍ਹਾਵਾਰ 0.15 ਤੋਂ 11.48 ਪ੍ਰਤੀਸ਼ਤ ਦਾ ਵਾਧਾ ਹੋਇਆ। ਸਿਰਫ਼ ਮੇਵਾਤ ਜ਼ਿਲ੍ਹੇ ’ਚ ਪ੍ਰਤੀਸ਼ਤ 0.02 ਪ੍ਰਤੀਸ਼ਤ ਘਟਿਆ। ਜਦੋਂ 5 ਅਕਤੂਬਰ ਨੂੰ ਪ੍ਰਤੀਸ਼ਤ ਵਧਾਇਆ ਗਿਆ ਤਾਂ ਵੋਟਾਂ ਦੀ ਗਿਣਤੀ ਦੇ ਲਿਹਾਜ਼ ਹਰੇਕ ਚੋਣ ਹਲਕੇ ’ਚ 1566 ਤੋਂ 29196 ਦਰਮਿਆਨ ਵੋਟਾਂ ਦਾ ਵਾਧਾ ਹੋ ਗਿਆ ਸੀ। ਦੂਜੀ ਵਾਰ ਜਦੋਂ ਪ੍ਰਤੀਸ਼ਤ ਵਧਾਈ ਗਈ ਤਾਂ ਪ੍ਰਤੀ ਚੋਣ ਖੇਤਰ 308 ਤੋਂ 23322 ਦਰਮਿਆਨ ਵੋਟਾਂ ਦਾ ਵਾਧਾ ਦਿਖਾਈ ਦਿੱਤਾ। ਕੀ ਇਹ ਹੈਰਾਨੀਜਨਕ ਵਾਧਾ ਸ਼ੱਕ ਅਤੇ ਸਵਾਲਾਂ ਨੂੰ ਜਨਮ ਦੇਣ ਲਈ ਕਾਫ਼ੀ ਨਹੀਂ ਹੈ ?

(ਬਾਕੀ ਸਫ਼ਾ 31 ’ਤੇ)

# ਲੋਕਾਂ ਦੀ ਖ਼ੁਸ਼ੀ ਦੇ ਪੱਖ ਤੋਂ ਭਾਰਤ ਦੀ ਸਥਿਤੀ ਕੀ ਹੈ ?



ਡਾ. ਅਮਨਪ੍ਰੀਤ ਸਿੰਘ ਬਰਾੜ

ਅਕਸਰ ਲੋਕਾਂ ਨੂੰ ਇਹ ਵਿਸ਼ਵਾਸ ਦਿਵਾਇਆ ਜਾਂਦਾ ਹੈ ਕਿ ਸਾਡਾ ਦੇਸ਼ ਬਹੁਤ ਤਰੱਕੀ ਕਰ ਰਿਹਾ ਹੈ। ਇਹ 5ਵੀਂ ਵੱਡੀ ਅਰਥਵਿਵਸਥਾ ਬਣ ਚੁੱਕਾ ਹੈ, ਪਰ ਫ਼ਿਰ ਵੀ ਇਸ ਦੇ ਬਹੁਤੇ ਬਾਸ਼ਿੰਦਿਆਂ ਦੇ ਚਿਹਰਿਆਂ 'ਤੇ ਚਿੰਤਾ ਦੀਆਂ ਲਕੀਰਾਂ ਕਿਉਂ ਨਜ਼ਰ ਆਉਂਦੀਆਂ ਹਨ? ਅੱਜ ਵੀ 80 ਕਰੋੜ ਲੋਕਾਂ ਨੂੰ ਮੁਫ਼ਤ 5 ਕਿੱਲੋ ਅਨਾਜ ਦੇਣਾ ਸਰਕਾਰ ਦੀ ਮਜਬੂਰੀ ਹੈ ਤਾਂ ਕਿ ਇਹ ਲੋਕ ਸਹਿਕਦੇ ਰਹਿਣ, ਪਰ ਦੂਜੇ ਪਾਸੇ ਰਾਜਨੇਤਾ ਇਹ ਦਾਅਵਾ ਕਰਦੇ ਹਨ ਕਿ ਲੋਕ ਸਾਡੇ ਕੀਤੇ ਕੰਮਾਂ ਤੋਂ ਖ਼ੁਸ਼ ਹਨ, ਇਸੇ ਲਈ ਸਾਨੂੰ ਵੋਟਾਂ ਪਾ ਕੇ ਜਿਤਾਉਂਦੇ ਹਨ। ਜਦੋਂ ਅੰਤਰਰਾਸ਼ਟਰੀ ਪੱਧਰ 'ਤੇ ਮੁਲਾਂਕਣ ਦੀਆਂ ਰਿਪੋਰਟਾਂ ਆਉਂਦੀਆਂ ਹਨ ਤਾਂ ਅੰਕੜੇ ਰਾਜ ਨੇਤਾਵਾਂ ਦੇ ਬਿਆਨਾਂ ਦਾ ਸਾਥ ਦਿੰਦੇ ਨਜ਼ਰ ਨਹੀਂ ਆਉਂਦੇ। ਸ਼ਾਇਦ ਇਹ ਅੰਕੜੇ ਰਿਪੋਰਟਾਂ ਤੇ ਬੁੱਧੀਜੀਵੀਆਂ ਦੇ ਲੇਖਾਂ 'ਚ ਹੀ ਸੀਮਤ ਹੋ ਕੇ ਰਹਿ ਜਾਂਦੇ ਹਨ। ਆਮ ਲੋਕ ਤਾਂ ਦੋ ਵੇਲੇ ਦੀ ਰੋਟੀ ਪੂਰੀ ਕਰਨ 'ਚ ਹੀ ਉਲਝੇ ਰਹਿੰਦੇ ਹਨ। ਉਹ ਇਹ ਅੰਕੜੇ ਪੜ੍ਹਨ ਅਤੇ ਘੋਖਣ ਦੇ ਕਾਬਿਲ ਹੀ ਨਹੀਂ ਹੋਏ। ਇਨ੍ਹਾਂ ਹਾਲਤਾਂ 'ਚ ਖ਼ੁਸ਼ੀ ਭਰੇ ਚਿਹਰੇ ਕਿੱਥੋਂ ਦਿਸਣ। ਭਾਰਤ ਦੇ ਲੋਕਾਂ ਦੀ ਇਸੇ ਖ਼ੁਸ਼ੀ ਦੇ ਮੁਲਾਂਕਣ ਨੂੰ ਦਰਸਾਉਂਦੀ ਸੰਯੁਕਤ ਰਾਸ਼ਟਰ ਦੀ 'ਵਿਸ਼ਵ ਖ਼ੁਸ਼ਹਾਲੀ ਰਿਪੋਰਟ 2024', 20 ਮਾਰਚ, 2024 ਨੂੰ ਜਾਰੀ ਹੋਈ ਸੀ, ਜਿਸ ਦਿਨ ਦੁਨੀਆ ਭਰ 'ਚ ਖ਼ੁਸ਼ੀ ਦਾ ਦਿਨ (ਵਰਲਡ ਹੈਪੀਨੈੱਸ ਡੇਅ) ਮਨਾਇਆ ਜਾਂਦਾ ਹੈ, ਇਸ ਰਿਪੋਰਟ ਮੁਤਾਬਿਕ 143 ਦੇਸ਼ਾਂ 'ਚੋਂ ਭਾਰਤ ਦਾ 126ਵਾਂ ਸਥਾਨ ਹੈ।

ਖ਼ੁਸ਼ੀ ਆਪਣੇ-ਆਪਣੇ ਮਨ ਦਾ ਅਹਿਸਾਸ ਅਤੇ ਅਵਸਥਾ ਹੈ। ਕਿਸੇ ਨੂੰ ਘਰ ਪਰਿਵਾਰ 'ਚ ਬੈਠ ਕੇ ਖ਼ੁਸ਼ੀ ਮਿਲਦੀ ਹੈ, ਕਿਸੇ ਨੂੰ ਪੈਸੇ ਨਾਲ, ਕਿਸੇ ਨੂੰ ਸਮਾਜਿਕ ਰੁਤਬੇ ਨਾਲ, ਕਿਸੇ ਨੂੰ ਆਪਣੇ-ਆਪ 'ਚ ਮਸਤ ਰਹਿਣ ਨਾਲ, ਪਰ ਮੈਂ ਅੱਜ ਇੱਥੇ ਉਸ ਖ਼ੁਸ਼ੀ ਦੀ ਗੱਲ ਕਰਾਂਗਾ, ਜੋ ਖ਼ੁਸ਼ੀ ਸੂਚੀ ਵਰਲਡ ਹੈਪੀਨੈੱਸ ਰਿਪੋਰਟ ਦਾ ਅਧਾਰ ਬਣਾਈ ਗਈ ਜਾਂ ਦੁਨੀਆਂ ਜਿਹੜੇ ਮਾਪਦੰਡਾਂ ਨਾਲ ਖ਼ੁਸ਼ੀ ਨਾਪਦੀ ਹੈ। ਖ਼ੁਸ਼ੀ ਨਾਪਣ ਦਾ ਖ਼ਿਆਲ ਪਹਿਲਾਂ ਭੂਟਾਨ ਦੇ ਰਾਜਾ ਜਿਗਮੇ ਸਿੰਗਮੇ ਵਾਂਗਚੁਕ ਨੇ 1972 'ਚ ਲਿਆਂਦਾ ਸੀ ਅਤੇ ਉਸ ਨੇ ਇਸ ਨੂੰ ਨਾਂਅ ਦਿੱਤਾ ਸੀ 'ਗਰੌਸ ਨੈਸ਼ਨਲ ਹੈਪੀਨੈੱਸ', ਜਿਸ ਦਾ ਭਾਵ ਸੀ ਰਾਜ ਦੀ ਆਰਥਿਕਤਾ ਅਤੇ ਆਮ ਲੋਕਾਂ ਦੀ ਖ਼ੁਸ਼ਹਾਲੀ ਦੋਹਾਂ ਨੂੰ ਜੋੜ ਕੇ ਵੇਖਣਾ ਚਾਹੀਦਾ ਹੈ, ਭਾਵ ਇਕੱਲੇ ਸਾਧਨ ਹੀ ਨਹੀਂ, ਬਲਕਿ ਉਨ੍ਹਾਂ ਸਾਧਨਾਂ ਦਾ ਅਸਰ ਕੀ ਹੋਇਆ? 1980 ਵਿੱਚ ਬੰਗਲਾਦੇਸ਼ ਨੇ ਖ਼ੁਸ਼ੀ ਨਾਪਣੀ ਸ਼ੁਰੂ ਕੀਤੀ ਅਤੇ ਇਸ ਲਈ ਚਾਰ ਪੈਰਾਮੀਟਰ ਲਏ ਸਨ, ਜਿਵੇਂ ਸ਼ਾਸਨ, ਟਿਕਾਊ ਵਿਕਾਸ, ਸੱਭਿਆਚਾਰ ਅਤੇ ਵਾਤਾਵਰਨ ਦੀ ਸੰਭਾਲ ਅਤੇ ਪ੍ਰਚਾਰ ਤੇ ਅਗਾਂਹਵਧੂ ਜੀਵਨ ਪੱਧਰ। ਸੰਯੁਕਤ ਰਾਸ਼ਟਰ ਨੇ ਵਰਲਡ ਹੈਪੀਨੈੱਸ ਰਿਪੋਰਟ ਪਹਿਲੀ ਵਾਰ 2012 'ਚ ਜਾਰੀ ਕੀਤੀ ਸੀ। ਸੰਯੁਕਤ ਰਾਸ਼ਟਰ ਨੇ ਉਪਰੋਕਤ ਚਾਰ ਮਾਪਦੰਡਾਂ ਨੂੰ ਅੱਗੇ 9 ਹੋਰ ਹਿੱਸਿਆਂ 'ਚ ਵੰਡਿਆ ਹੈ, ਜਿਵੇਂ ਕਿ ਰਹਿਣ-ਸਹਿਣ, ਭ੍ਰਿਸ਼ਟਾਚਾਰ, ਮਨੁੱਖੀ ਅਧਿਕਾਰ, ਸਮਾਜਿਕ ਸੰਬੰਧ, ਦਿਮਾਗ਼ੀ ਸਿਹਤ, ਜ਼ਿੰਦਗੀ ਤੋਂ ਸੰਤੁਸ਼ਟੀ, ਰੁਹਾਨੀਅਤ, ਸਰਕਾਰਾਂ ਦੀ ਕਾਰਗੁਜ਼ਾਰੀ, ਇਨਸਾਫ਼ ਅਤੇ ਟਾਈਮ ਮੈਨੇਜਮੈਂਟ ਆਦਿ। ਸੰਯੁਕਤ ਰਾਸ਼ਟਰ ਆਪਣੀ ਰਿਪੋਰਟ ਬਣਾਉਣ ਲਈ ਡਾਟੇ ਦੀ ਵਰਤੋਂ ਕਰਦਾ ਹੈ। ਇਸ ਨੂੰ ਕੈਨਟਰਿਲ ਪੌੜੀ ਦੀ ਵਰਤੋਂ ਨਾਲ 0-10 ਰੈਂਕ ਦਿੱਤੇ ਜਾਂਦੇ ਹਨ। ਜਿਹੜੇ ਦੇਸ਼ 7 ਤੋਂ 10 ਤੱਕ ਦਰਜਾ ਹਾਸਿਲ ਕਰਦੇ ਹਨ, ਉਨ੍ਹਾਂ ਨੂੰ ਪ੍ਰਫੁੱਲਿਤ ਜਾਂ ਖ਼ੁਸ਼ਹਾਲ ਦਾ ਨਾਂਅ ਦਿੱਤਾ ਜਾਂਦਾ ਹੈ, ਜਿਹੜੇ 4 ਤੋਂ 7 'ਚ ਆਉਂਦੇ ਹਨ, ਉਨ੍ਹਾਂ ਨੂੰ ਸੰਘਰਸ਼ੀ ਕਿਹਾ ਜਾਂਦਾ ਹੈ। 0-4 ਵਾਲਿਆਂ ਨੂੰ ਦੁਖੀ ਕਿਹਾ ਜਾਂਦਾ ਹੈ। ਇਸ ਵਕਤ ਭਾਰਤ ਸਭ ਤੋਂ ਹੇਠਲੇ ਵਰਗ 'ਚ ਹੈ, ਜਿਸ 'ਚ ਅਫ਼ਗਾਨਿਸਤਾਨ, ਲਿਬਨਾਨ, ਜ਼ਿੰਬਾਬਵੇ, ਬੋਤਸਵਾਨਾ ਆਦਿ ਆਉਂਦੇ ਹਨ, ਜਦਕਿ ਸਾਡੇ ਗੁਆਂਢੀ ਮੁਲਕ ਚੀਨ (60ਵੇਂ ਨੰਬਰ) ਪਾਕਿਸਤਾਨ (108ਵੇਂ ਨੰਬਰ), ਦੂਜੇ ਵਰਗ 'ਚ ਆਉਂਦੇ ਹਨ।

ਹੁਣ ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਜਿਹੜੇ ਦੇਸ਼ਾਂ ਨੂੰ ਅਸੀਂ ਮਾੜਾ ਕਹਿੰਦੇ ਰਹੇ, ਉਹ ਆਪਣੀ ਆਵਾਮ ਲਈ ਸਾਡੇ ਨਾਲੋਂ ਚੰਗੇ ਨਿਕਲੇ। ਛੋਟੇ ਦੇਸ਼ ਜਿਵੇਂ ਫ਼ਿਨਲੈਂਡ ਪਿਛਲੇ ਸੱਤ ਸਾਲ ਤੋਂ ਨੰਬਰ 1 'ਤੇ ਹੈ ਅਤੇ ਉਸ ਦੇ ਨਾਲ ਹਨ ਡੈਨਮਾਰਕ, ਆਇਰਲੈਂਡ, ਸਵਿਟਜ਼ਰਲੈਂਡ, ਸਵੀਡਨ ਤੇ ਜਰਮਨੀ ਆਦਿ। ਇਹ ਉਹ ਦੇਸ਼ ਹਨ, ਜਿਨ੍ਹਾਂ ਨੇ ਨੋਰਡਿਕ ਮਾਡਲ ਅਪਣਾਇਆ ਹੈ, ਭਾਵ ਕਿ ਕੈਪਿਟਲਿਸਟ ਇਕੌਨਮੀ (ਪੂੰਜੀਕਰਨ), ਮਾਰਕੀਟ ਕੁਸ਼ਲਤਾ ਅਤੇ ਸਮਾਜ ਭਲਾਈ ਦਾ ਮਿਸ਼ਰਨ, ਭਾਵ ਸਾਰੇ ਵਰਗਾਂ ਦੀ ਆਮਦਨ ਨੂੰ ਵੀ ਧਿਆਨ ਵਿੱਚ ਰੱਖਿਆ ਗਿਆ ਹੈ ਅੱਜ ਇਸ ਸੰਦਰਭ ਵਿੱਚ ਭਾਰਤ ਦੀ ਸਮੀਖਿਆ ਕਰਦੇ ਹਾਂ, ਜੋ ਕਿ ਕੁਝ ਸਾਲ ਪਹਿਲਾਂ ਵਿਕਸਿਤ ਦੇਸ਼ਾਂ ਦੀ ਗਿਣਤੀ 'ਚ ਸ਼ਾਮਿਲ ਹੋਣ ਲਈ ਅੱਗੇ ਵਧ ਰਿਹਾ ਸੀ। ਜਿਸ ਨੂੰ ਲੋਕ ਆਉਣ ਵਾਲੇ ਸਮੇਂ ਦੀ 'ਸੁਪਰ ਪਾਵਰ' ਵਜੋਂ ਵੇਖਣ ਲੱਗੇ ਸਨ। ਇਹ ਦੇਖਣ ਦੀ ਲੋੜ ਹੈ ਕਿ ਮੁਲਕ ਕਿੱਥੇ ਪਛੜ ਗਿਆ ਕਿ ਹਰ ਸਾਲ ਇਸ ਦੀ ਖ਼ੁਸ਼ੀ ਦਾ ਮੁਲਾਂਕਣ ਡਿਗਣ ਲੱਗਾ ਹੈ ਅਤੇ ਇਹ ਸਭ ਤੋਂ ਪਛੜੇ ਦੇਸ਼ਾਂ ਦੀ ਸੂਚੀ 'ਚ ਸ਼ਾਮਿਲ ਹੋ ਗਿਆ ਹੈ।

**ਜੀ.ਡੀ.ਪੀ.:**-ਪਿਛਲੇ ਕੁਝ ਸਾਲਾਂ ਤੋਂ ਸਾਡੀ ਅਰਥਵਿਵਸਥਾ ਭਾਵ ਜੀ.ਡੀ.ਪੀ. ਤਾਂ ਵਧ ਰਹੀ ਹੈ ਪਰ ਵਧੀ ਆਰਥਿਕਤਾ ਕੁਝ ਹੱਥਾਂ 'ਚ ਹੀ ਸੀਮਤ ਹੋਣ ਨਾਲ ਆਮ ਲੋਕਾਂ ਦੇ ਹੱਥਾਂ 'ਚ ਪੈਸਾ ਨਹੀਂ ਪਹੁੰਚਿਆ। ਪਿਛਲੇ ਸਾਲ ਦੀ ਜੀ.ਡੀ.ਪੀ. 7.8 ਫ਼ੀਸਦੀ ਦੇ ਨੇੜੇ ਹੈ, ਪਰ ਕਾਰਪੋਰੇਟ ਘਰਾਣਿਆਂ ਦੀ ਆਮਦਨ 'ਚ 30-35 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਕਹਿਣ ਦਾ ਭਾਵ ਹੈ ਕਿ ਜੇ ਦੇਸ਼ ਦੀ ਆਮਦਨ ਵਧਦੀ ਵੀ ਹੈ ਤਾਂ ਉਸ ਦਾ ਅਸਰ ਉੱਪਰ ਹੀ ਰਹਿ ਜਾਂਦਾ ਹੈ, ਹੇਠਾਂ ਤੱਕ ਨਹੀਂ ਪਹੁੰਚਦਾ। ਇਸ ਨਾਲ ਸਾਡੀ ਪ੍ਰਤੀ ਘਰ ਆਮਦਨ ਵੀ ਘਟੀ ਹੈ ਅਤੇ ਸਾਡੀ ਬੱਚਤ ਜੋ 2019 'ਚ ਜੀ.ਡੀ.ਪੀ. ਦੀ 11 ਪ੍ਰਤੀਸ਼ਤ ਸੀ, ਉਹ ਹੁਣ ਘਟ ਕੇ 5.2 ਪ੍ਰਤੀਸ਼ਤ 'ਤੇ ਆ ਗਈ ਹੈ। ਵਿੱਤੀ ਸਾਲ 2023-24 'ਚ ਦੇਸ਼ ਦੇ ਲੋਕਾਂ ਸਿਰ ਕਰਜ਼ਾ ਵਧ ਕੇ ਜੀ.ਡੀ.ਪੀ. ਦਾ 57 ਫ਼ੀਸਦੀ ਹੋ ਗਿਆ ਹੈ।

**ਵਧਦੀ ਬੇਰੁਜ਼ਗਾਰੀ:**-ਲੋਕਾਂ 'ਚ ਤਣਾਅ ਦੇ ਮਾਹੌਲ ਦਾ ਮੁੱਖ ਕਾਰਨ ਹੈ ਵਧਦੀ ਬੇਰੁਜ਼ਗਾਰੀ, ਬੇਰੁਜ਼ਗਾਰੀ ਕਾਰਨ ਲੋਕਾਂ ਦੇ ਹੱਥ 'ਚ ਪੈਸਾ ਨਹੀਂ ਅਤੇ ਬਿਨਾਂ ਪੈਸੇ ਘਰ ਨਹੀਂ ਚਲਦੇ। ਇਸ ਸਾਲ ਜੂਨ 2024 ਵਿੱਚ ਬੇਰੁਜ਼ਗਾਰੀ ਦੀ ਦਰ 9 ਫ਼ੀਸਦੀ 'ਤੇ ਪਹੁੰਚ ਚੁੱਕੀ ਸੀ ਅਤੇ ਇਸ ਦੇ ਜ਼ਿਆਦਾ ਘਟਣ ਦੀ ਉਮੀਦ ਨਜ਼ਰ ਨਹੀਂ ਆਉਂਦੀ। ਜਿਹੜੇ ਲੋਕ ਨੌਕਰੀਆਂ 'ਤੇ ਹਨ, ਉਨ੍ਹਾਂ ਦੀ ਆਮਦਨ ਵੀ ਘਟੀ ਹੈ, ਭਾਵ ਉਨ੍ਹਾਂ ਦੀਆਂ ਤਨਖ਼ਾਹਾਂ ਵੀ ਇਕ ਤਰ੍ਹਾਂ ਨਾਲ ਘਟੀਆਂ ਹੀ ਹਨ ਅਤੇ ਜਿਨ੍ਹਾਂ ਦੀਆਂ ਬਰਾਬਰ ਵੀ ਹਨ, ਉਨ੍ਹਾਂ ਦੀ ਖ਼ਰੀਦ ਸ਼ਕਤੀ ਮਹਿੰਗਾਈ ਕਾਰਨ ਘਟ ਗਈ ਹੈ। ਸਰਕਾਰਾਂ ਕੰਮ ਦੇਣ ਦੀ ਬਜਾਏ ਅੰਨ ਦੇਣ ਨੂੰ ਤਰਜੀਹ ਦਿੰਦੀਆਂ ਹਨ। ਵੋਟਾਂ ਲੈਣ ਲਈ ਗੈਸ ਮੁਫ਼ਤ, ਬਿਜਲੀ ਮੁਫ਼ਤ, ਬੱਸਾਂ 'ਚ ਸਫ਼ਰ ਮੁਫ਼ਤ, ਪਰ ਲੋਕਾਂ ਨੂੰ ਨੌਕਰੀ ਨਹੀਂ ਦੇਣੀ ਤਾਂ ਕਿ ਉਹ ਆਪਣੇ ਪੈਰਾਂ 'ਤੇ ਨਾ ਖੜ੍ਹੇ ਹੋ ਸਕਣ।

**ਭ੍ਰਿਸ਼ਟਾਚਾਰ:**- ਆਜ਼ਾਦੀ ਤੋਂ ਬਾਅਦ ਭ੍ਰਿਸ਼ਟਾਚਾਰ ਵਧਦਾ ਹੀ ਗਿਆ ਹੈ। ਨੋਟਬੰਦੀ ਇਸ ਕਰਕੇ ਕੀਤੀ ਗਈ ਸੀ ਕਿ ਕਾਲਾ ਧਨ ਜ਼ਬਤ ਹੋਵੇਗਾ ਅਤੇ ਭ੍ਰਿਸ਼ਟਾਚਾਰ ਨੂੰ ਨੱਥ ਪਵੇਗੀ। ਨੋਟਬੰਦੀ ਤੋਂ ਬਾਅਦ ਵੀ ਭ੍ਰਿਸ਼ਟਾਚਾਰ ਵਧਿਆ ਹੀ ਹੈ। ਨੋਟਬੰਦੀ 'ਚ ਜਿਨ੍ਹਾਂ ਦਾ ਕਾਲਾ ਧਨ ਬੈਂਕਾਂ 'ਚ ਜਮ੍ਹਾਂ ਹੋ ਗਿਆ, ਉਨ੍ਹਾਂ 'ਚ ਹੋਰ ਧਨ ਇਕੱਠਾ ਕਰਨ ਦੀ ਹੋੜ ਮਚ ਗਈ। ਭ੍ਰਿਸ਼ਟਾਚਾਰ ਧਾਰਨਾ ਸੂਚੀ ਦੇ ਆਧਾਰ 'ਤੇ ਭਾਰਤ ਨੂੰ 100 ਵਿਚੋਂ 39 ਅੰਕ ਮਿਲੇ ਹਨ ਅਤੇ ਇਹ 180 ਦੇਸ਼ਾਂ 'ਚੋਂ 93ਵੇਂ ਸਥਾਨ 'ਤੇ ਰਿਹਾ। ਗਲੋਬਲ ਕੁਰੱਪਸ਼ਨ ਬੈਰੋਮੀਟਰ, ਏਸ਼ੀਆ ਦੇ ਸਰਵੇਖਣ ਮੁਤਾਬਿਕ ਭਾਰਤ 'ਚ ਸਭ ਤੋਂ ਜ਼ਿਆਦਾ ਰਿਸ਼ਵਤਖ਼ੋਰੀ ਹੈ, ਭਾਵ 39 ਫ਼ੀਸਦੀ ਕੰਮ ਰਿਸ਼ਵਤ ਨਾਲ ਹੁੰਦੇ ਹਨ ਅਤੇ 46 ਫ਼ੀਸਦੀ ਨਿੱਜੀ ਸੰਪਰਕ ਨਾਲ। ਨੋਟਬੰਦੀ ਵੇਲੇ ਤਕਰੀਬਨ 18 ਲੱਖ ਕਰੋੜ ਦੀ ਕਰੰਸੀ ਸਰਕੂਲੇਸ਼ਨ 'ਚ ਸੀ, ਜੋ ਇਸ ਵਕਤ 35.15 ਲੱਖ ਕਰੋੜ 'ਤੇ ਪਹੁੰਚ ਚੁੱਕੀ ਹੈ, ਫ਼ਿਰ ਵੀ ਆਮ ਲੋਕਾਂ ਦੇ ਹੱਥ 'ਚ ਲੋੜੀਂਦੀਆਂ ਵਸਤੂਆਂ ਖ਼ਰੀਦਣ ਲਈ ਪੈਸਾ ਨਹੀਂ ਹੈ।

**ਸਮਾਜਿਕ ਸਹਾਇਤਾ:**-ਜਿਹੜੇ ਦੇਸ਼ ਖ਼ੁਸ਼ੀ ਦੀ ਸੂਚੀ 'ਚ ਉੱਪਰ ਆਏ ਹਨ, ਉਨ੍ਹਾਂ ਦੇਸ਼ਾਂ ਦੇ ਲੋਕਾਂ 'ਚ ਆਪਣੇ ਮੁਲਕ ਲਈ ਅਪਣੱਤ ਦੀ ਭਾਵਨਾ ਜ਼ਿਆਦਾ ਹੈ। ਸਰਕਾਰ ਅਤੇ ਜਨਤਾ 'ਚ ਵਿਸ਼ਵਾਸ ਵੀ ਜ਼ਿਆਦਾ ਹੈ। ਭਾਰਤ 'ਚ ਦੋਹਾਂ ਪਾਸਿਆਂ ਵਲੋਂ ਇਸ ਗੱਲ ਨੂੰ ਸੁਧਾਰਨ ਦੀ ਲੋੜ ਹੈ। (**ਬਾਕੀ ਸਫ਼ਾ 31 'ਤੇ**)



# ਸਿਆਸੀ ਦਖ਼ਲਅੰਦਾਜ਼ੀ ਤੋਂ ਪੀੜ੍ਹਤ ਵਿੱਦਿਅਕ ਅਦਾਰੇ

**ਪ੍ਰਿੰਅਕਾ ਸੌਰਭ**

ਭਾਰਤੀ ਉੱਚ ਸਿੱਖਿਆ, ਜੋ ਕਦੇ ਬੌਧਿਕ ਆਜ਼ਾਦੀ ਦਾ ਪ੍ਰਤੀਕ ਸੀ, ਸਿਆਸੀ ਦਖਲਅੰਦਾਜ਼ੀ ਦੇ ਵਧਦੇ ਖ਼ਤਰੇ ਦਾ ਸਾਹਮਣਾ ਕਰ ਰਹੀ ਹੈ। ਇਹ ਦਖਲਅੰਦਾਜ਼ੀ ਖੁਦਮੁਖਤਿਆਰੀ ਅਤੇ ਸੁਤੰਤਰਤਾ ਨੂੰ ਕਮਜ਼ੋਰ ਕਰਦੀ ਹੈ - ਅਕਾਦਮਿਕ ਉੱਤਮਤਾ ਦੀ ਬੁਨਿਆਦ ਅਤੇ ਖੋਜ, ਅਧਿਆਪਨ ਅਤੇ ਵਿਦਿਆਰਥੀ ਚਰਚਾ 'ਤੇ ਇੱਕ ਠੰਡਾ ਪ੍ਰਭਾਵ ਪਾਉਂਦੀ ਹੈ। ਸਿਆਸੀ ਦਖਲਅੰਦਾਜ਼ੀ ਤੋਂ ਪੀੜਤ ਵਿਦਿਅਕ ਅਦਾਰਿਆਂ ਅਤੇ ਯੂਨੀਵਰਸਿਟੀਆਂ ਵਿੱਚ ਨਿਯੁਕਤੀਆਂ ਯੋਗਤਾ ਅਤੇ ਪ੍ਰਤਿਭਾ ਦੇ ਆਧਾਰ 'ਤੇ ਹੋਣੀਆਂ ਚਾਹੀਦੀਆਂ ਹਨ। ਕੇਂਦਰ ਅਤੇ ਰਾਜ ਸਰਕਾਰਾਂ ਨੂੰ ਇਸ ਟੀਚੇ ਦੀ ਪ੍ਰਾਪਤੀ ਲਈ ਉਪਰਾਲੇ ਕਰਨੇ ਚਾਹੀਦੇ ਹਨ। ਇਸ ਦੇ ਲਈ ਲੋੜ ਹੈ ਕਿ ਸਿੱਖਿਆ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਜਾਵੇ ਅਤੇ ਵਿਦਿਅਕ ਅਦਾਰਿਆਂ ਨੂੰ ਸਿਆਸੀ ਦਖਲ ਤੋਂ ਮੁਕਤ ਕੀਤਾ ਜਾਵੇ। ਉਨ੍ਹਾਂ ਨੂੰ ਸਿਆਸਤ ਦਾ ਅਖਾੜਾ ਨਹੀਂ ਬਣਨ ਦੇਣਾ ਚਾਹੀਦਾ। ਯੂਨੀਵਰਸਿਟੀਆਂ ਨੂੰ ਵਿਦਿਅਕ ਸੁਧਾਰਾਂ ਦੀ ਬਜਾਏ ਰਾਜਨੀਤਿਕ ਹਿੱਤਾਂ ਦੇ ਕੇਂਦਰ ਨਹੀਂ ਬਣਨਾ ਚਾਹੀਦਾ, ਕੇਂਦਰੀ ਯੂਨੀਵਰਸਿਟੀਆਂ ਵਿੱਚ ਵਾਈਸ-ਚਾਂਸਲਰ ਕੇਂਦਰ ਸਰਕਾਰ ਅਤੇ ਰਾਜ ਦੀਆਂ ਯੂਨੀਵਰਸਿਟੀਆਂ ਵਿੱਚ ਰਾਜ ਸਰਕਾਰਾਂ ਦੁਆਰਾ ਨਿਯੁਕਤ ਕੀਤੇ ਜਾਂਦੇ ਹਨ। ਕਿਸੇ ਵੀ ਰਾਜ ਵਿੱਚ, ਜੋ ਪਾਰਟੀ ਸੱਤਾ ਵਿੱਚ ਹੁੰਦੀ ਹੈ, ਉਹ ਆਪਣੇ ਚਹੇਤਿਆਂ ਨੂੰ ਉਪ ਕੁਲਪਤੀ ਵਜੋਂ ਨਿਯੁਕਤ ਕਰਦੀ ਹੈ। ਹਰ ਸੂਬੇ ਵਿੱਚ ਅਜਿਹੀਆਂ ਮਿਸਾਲਾਂ ਹਨ।

ਪਾਠਕ੍ਰਮ ਦੇ ਫੈਸਲੇ ਸਿਆਸੀ ਟੀਚਿਆਂ ਦੁਆਰਾ ਪ੍ਰਭਾਵਿਤ ਹੋ ਸਕਦੇ ਹਨ। ਉਦਾਹਰਨ ਲਈ, ਸੰਵੇਦਨਸ਼ੀਲ ਵਿਸ਼ਿਆਂ 'ਤੇ ਵਿਸ਼ੇਸ਼ ਰਾਸ਼ਟਰੀ ਬਿਰਤਾਂਤ ਜਾਂ ਸੈਂਸਰ ਸੰਵਾਦ ਨੂੰ ਅੱਗੇ ਵਧਾਉਣ ਲਈ ਪਹਿਲਕਦਮੀਆਂ ਕੀਤੀਆਂ ਗਈਆਂ ਹਨ। ਇਹ ਆਲੋਚਨਾਤਮਕ ਸੋਚ ਦੇ ਨਾਲ-ਨਾਲ ਵਿਆਪਕ ਸਿੱਖਿਆ ਵਿੱਚ ਰੁਕਾਵਟ ਪਾਉਂਦਾਹੈ। ਜੇਕਰ ਫੈਕਲਟੀ ਅਤੇ ਵਿਦਿਆਰਥੀ ਵੱਖੋ-ਵੱਖਰੇ ਵਿਚਾਰ ਪ੍ਰਗਟ ਕਰਨ ਦੇ ਨਕਾਰਾਤਮਕ ਨਤੀਜਿਆਂ ਤੋਂ ਡਰਦੇ ਹਨ ਤਾਂ ਉਹ ਸਿਆਸੀ ਦਬਾਅ ਕਾਰਨ ਸਵੈ-ਸੈਂਸਰ ਕਰ ਸਕਦੇ ਹਨ। ਇਹ ਇਮਾਨਦਾਰ ਚਰਚਾ ਅਤੇ ਪਰੇਸ਼ਾਨ ਕਰਨ ਵਾਲੀਆਂ ਸੱਚਾਈਆਂ ਦੀ ਖੋਜ ਨੂੰ ਰੋਕਦਾ ਹੈ। ਵਿਡੰਬਨਾ ਇਹ ਹੈ ਕਿ ਸਿੱਖਿਆ ਦੇ ਸਾਰੇ ਕੋਰਸ, ਜਿਨ੍ਹਾਂ ਨੂੰ ਹੁਣ ਪ੍ਰੋਗਰਾਮ ਕਿਹਾ ਜਾ ਰਿਹਾ ਹੈ, ਪੁਰਾਣੇ ਜ਼ਮਾਨੇ ਦੇ ਹਨ। ਕੋਈ ਵੀ ਵਿਦਿਅਕ ਸੁਧਾਰ ਪਾਠਕ੍ਰਮ ਨੂੰ ਇਕਪਾਸੜ ਹੋਣ ਦੇ ਨੁਕਸ ਤੋਂ ਬਚਾ ਕੇ ਅਤੇ ਉਚੇਰੀ ਸਿੱਖਿਆ ਅਤੇ ਖੋਜ ਦੇ ਮੁੱਲ ਵਿਚ ਸੁਧਾਰ ਕਰਕੇ ਹੀ ਸੰਭਵ ਹੈ। ਖੋਜ ਦਾ ਮੁੱਲ ਤਾਂ ਹੀ ਸੁਧਰੇਗਾ ਜਦੋਂ ਗੰਭੀਰ ਖੋਜ ਅਤੇ ਨਿਰੰਤਰ ਅਧਿਐਨ ਦਾ ਰਚਨਾਤਮਕ ਮਾਹੌਲ ਸਿਰਜਿਆ ਜਾਵੇਗਾ। ਇਸ ਮਾਹੌਲ ਨੂੰ ਸਿਰਜ ਕੇ ਹੀ ਨੌਜਵਾਨ ਪੀੜ੍ਹੀ ਨੂੰ ਸਕਾਰਾਤਮਕ ਅਤੇ ਸਿਰਜਣਾਤਮਕ ਢੰਗ ਨਾਲ ਉਭਾਰਿਆ ਜਾ ਸਕਦਾ ਹੈ, ਪਰ ਤ੍ਰਾਸਦੀ ਇਹ ਹੈ ਕਿ ਉੱਚ ਸਿੱਖਿਆ ਦੇ ਵਿਸ਼ੇ ਅਤੇ ਪ੍ਰਕਿਰਿਆ ਨੂੰ ਅਕਸਰ ਵਿਦੇਸ਼ੀ ਗਿਆਨ ਨੂੰ ਮਿਆਰੀ ਸਮਝ ਕੇ ਕੀਤਾ ਜਾਂਦਾ ਰਿਹਾ ਹੈ, ਜਿਸ ਦੇ ਨਤੀਜੇ ਵਜੋਂ ਅਸੀਂ ਵੱਖ ਹੋ ਗਏ ਹਾਂ। ਸਾਡੀ ਪਰੰਪਰਾ ਤੋਂ ਚਲੇ ਗਏ ਹਨ।

ਇਹ ਖਾਸ ਤੌਰ 'ਤੇ ਸਮਾਜਿਕ ਵਿਗਿਆਨ ਅਤੇ ਮਨੁੱਖਤਾ ਵਿੱਚ ਦੇਖਿਆ ਜਾਂਦਾ ਹੈ, ਜਿੱਥੇ ਸੀਨੀਅਰ ਅਕਾਦਮਿਕ ਵੀ ਪ੍ਰਕਾਸ਼ਨ ਦੇ ਕੰਮ ਤੋਂ ਡਰਦੇ ਹਨ ਜੋ ਉਹਨਾਂ ਨੂੰ ਲੱਗਦਾ ਹੈ ਕਿ ਰਾਜ ਦੇ ਅਧਿਕਾਰੀਆਂ ਤੋਂ ਉਹਨਾਂ ਲਈ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਉਦਾਹਰਨ ਲਈ, ਪ੍ਰਤਾਪ ਭਾਨੂ ਮਹਿਤਾ ਅਤੇ ਸਮੀਨਾ ਦਲਵਾਈ ਵਰਗੇ ਬੁੱਧੀਜੀਵੀਆਂ ਨੂੰ ਕਦੇ-ਕਦਾਈਂ ਕੈਂਪਸ ਵਿੱਚ ਭਾਰੀ ਹੱਥਕੰਡੇ, ਬੋਲਣ ਦੀ ਆਜ਼ਾਦੀ ਅਤੇ ਅਸਹਿਮਤੀ ਦਾ ਸਾਹਮਣਾ ਕਰਨਾ ਪੈਂਦਾ ਹੈ। ਉਦਾਹਰਨ ਲਈ, ਟਾਟਾ ਇੰਸਟੀਚਿਊਟ ਆਫ਼ ਸੋਸ਼ਲ ਸਾਇੰਸਿਜ਼ ਅਤੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿੱਚ। ਕੁਝ ਮਾਮਲਿਆਂ ਵਿੱਚ, ਸਰਕਾਰਾਂ ਨੇ ਪਾਠਕ੍ਰਮ ਵਿੱਚੋਂ ਸਿਆਸੀ ਤੌਰ 'ਤੇ ਅਸੁਵਿਧਾਜਨਕ ਮੰਨੀਆਂ ਗਈਆਂ ਕਿਤਾਬਾਂ ਜਾਂ ਵਿਸ਼ਿਆਂ ਨੂੰ ਹਟਾਉਣ ਦੀ ਕੋਸ਼ਿਸ਼ ਕੀਤੀ ਹੈ।

ਅਕਸਰ ਦੇਖਿਆ ਜਾਂਦਾ ਹੈ ਕਿ ਸਰਕਾਰਾਂ ਸਿਆਸੀ ਪਸੰਦ-ਨਾਪਸੰਦ ਦੇ ਆਧਾਰ 'ਤੇ ਯੂਨੀਵਰਸਿਟੀਆਂ ਨੂੰ ਫੰਡ ਅਲਾਟ ਕਰਦੀਆਂ ਹਨ। ਰਾਜ ਨਿਰਭਰ ਹੋਣ ਕਾਰਨ ਯੂਨੀਵਰਸਿਟੀਆਂ ਨੂੰ ਸਿਆਸੀ ਦਬਾਅ ਦਾ ਸਾਹਮਣਾ ਕਰਨਾ ਪੈਂਦਾ ਹੈ। ਰਾਜ ਦੀਆਂ ਯੂਨੀਵਰਸਿਟੀਆਂ ਸਾਧਨਾਂ ਦੀ ਘਾਟ ਕਾਰਨ ਸਮੱਸਿਆਵਾਂ ਵਿੱਚ ਘਿਰਦੀਆਂ ਰਹਿੰਦੀਆਂ ਹਨ ਅਤੇ ਸਰਕਾਰਾਂ ਦੇ ਮੂੰਹ ਬਣੀਆਂ ਰਹਿੰਦੀਆਂ ਹਨ। ਪੁਰਾਣੇ ਸਮਿਆਂ ਵਿਚ ਸਿੱਖਿਆ ਰਾਜ 'ਤੇ ਨਿਰਭਰ ਨਹੀਂ ਸੀ। ਇਸੇ ਲਈ ਉਸ ਸਮੇਂ ਗੁਰੂ ਜੀ ਕੋਲ ਸੁਤੰਤਰ ਸ਼ਕਤੀ ਸੀ। ਉਸ ਸਮੇਂ ਗੁਰੂ ਜੀ ਚੇਲਿਆਂ ਨੂੰ ਨੈਤਿਕ ਅਤੇ ਬੌਧਿਕ ਰੂਪ ਦਿੰਦੇ ਸਨ ਅਤੇ ਚੇਲੇ ਦੀ ਸ਼ਖ਼ਸੀਅਤ ਦੇ ਨਿਰਮਾਣ ਨੂੰ ਆਪਣਾ ਧਰਮ ਸਮਝਦੇ ਸਨ। ਅੱਜ ਦੀ ਸਿੱਖਿਆ ਨਾ ਤਾਂ ਪੱਖਪਾਤ ਤੋਂ ਮੁਕਤ ਹੈ ਅਤੇ ਨਾ ਹੀ ਸਿਆਸੀ ਰੁਕਾਵਟਾਂ ਤੋਂ। ਅੱਜ ਦੀ ਸਿੱਖਿਆ ਵੀ ਸੰਮਿਲਤ ਨਹੀਂ ਹੈ। ਅੱਜ ਤੱਕ ਨਾ ਤਾਂ ਇਕਸਾਰ ਪਾਠਕ੍ਰਮ ਲਾਗੂ ਕੀਤਾ ਗਿਆ ਹੈ ਅਤੇ ਨਾ ਹੀ ਇਕਸਾਰ ਸਿੱਖਿਆ ਸਹੂਲਤਾਂ ਉਪਲਬਧ ਕਰਵਾਈਆਂ ਗਈਆਂ ਹਨ।

ਰਾਜਨੀਤਿਕ ਦਖਲਅੰਦਾਜ਼ੀ ਦੇ ਖਤਰਿਆਂ ਨੂੰ ਸਮਝ ਕੇ ਅਤੇ ਕਿਰਿਆਸ਼ੀਲ ਉਪਾਵਾਂ ਨੂੰ ਲਾਗੂ ਕਰਕੇ, ਭਾਰਤ ਇਸ ਗੱਲ ਦੀ ਗਰੰਟੀ ਦੇ ਸਕਦਾ ਹੈ ਕਿ ਇਸਦੀ ਉੱਚ ਸਿੱਖਿਆ ਪ੍ਰਣਾਲੀ ਬੌਧਿਕ ਜਾਂਚ ਅਤੇ ਆਲੋਚਨਾਤਮਕ ਵਿਚਾਰਾਂ ਲਈ ਇੱਕ ਅਸਲੀ ਜਗ੍ਹਾ ਬਣੀ ਰਹੇਗੀ, ਜੋ ਇੱਕ ਖ਼ੁਸ਼ਹਾਲ ਲੋਕਤੰਤਰ ਅਤੇ ਟਿਕਾਊ ਭਵਿੱਖ ਲਈ ਜ਼ਰੂਰੀ ਹੈ। ਅੱਜ ਮਾਪੇ ਆਪਣੇ ਬੱਚਿਆਂ ਨੂੰ ਅਜਿਹੀ ਸਿੱਖਿਆ ਪ੍ਰਦਾਨ ਕਰਦੇ ਹਨ ਤਾਂ ਕਿ ਉਹ ਆਪਣਾ ਕਰੀਅਰ ਬਣਾ ਸਕਣ ਅਤੇ ਭਰਪੂਰ ਪੈਸਾ ਕਮਾ ਸਕਣ। ਆਦਰਸ਼ ਸਥਿਤੀ ਇਹ ਹੈ ਕਿ ਸਿੱਖਿਆ ਅਜਿਹੀ ਹੋਣੀ ਚਾਹੀਦੀ ਹੈ ਜੋ ਵਿਦਿਆਰਥੀ ਨੂੰ ਵਧੀਆ ਇਨਸਾਨ ਬਣਾਵੇ। ਇੱਕ ਬਿਹਤਰ ਇਨਸਾਨ ਹੀ ਬਿਹਤਰ ਨਾਗਰਿਕ ਹੋਵੇਗਾ, ਜਿਸ ਲਈ ਦੇਸ਼ ਅਤੇ ਰਾਸ਼ਟਰੀ ਹਿੱਤ ਸਭ ਤੋਂ ਉੱਪਰ ਹੋਣਗੇ। ਕੇਂਦਰ ਅਤੇ ਰਾਜ ਸਰਕਾਰਾਂ ਨੂੰ ਇਸ ਟੀਚੇ ਦੀ ਪ੍ਰਾਪਤੀ ਲਈ ਉਪਰਾਲੇ ਕਰਨੇ ਚਾਹੀਦੇ ਹਨ। ਇਸ ਦੇ ਲਈ ਲੋੜ ਹੈ ਕਿ ਸਿੱਖਿਆ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਜਾਵੇ ਅਤੇ ਵਿਦਿਅਕ ਅਦਾਰਿਆਂ ਨੂੰ ਸਿਆਸੀ ਦਖਲ ਤੋਂ ਮੁਕਤ ਕੀਤਾ ਜਾਵੇ। ਉਨ੍ਹਾਂ ਨੂੰ ਸਿਆਸਤ ਦਾ ਅਖਾੜਾ ਨਹੀਂ ਬਣਨ ਦੇਣਾ ਚਾਹੀਦਾ।

ਯੂਨੀਵਰਸਿਟੀਆਂ ਨੂੰ ਵਿਦਿਅਕ ਸੁਧਾਰਾਂ ਦੀ ਥਾਂ ਸਿਆਸੀ ਹਿੱਤਾਂ ਦੇ ਕੇਂਦਰ ਨਹੀਂ ਬਣਨਾ ਚਾਹੀਦਾ। ਕੇਂਦਰੀ ਯੂਨੀਵਰਸਿਟੀਆਂ ਵਿੱਚ ਵਾਈਸ-ਚਾਂਸਲਰ ਕੇਂਦਰ ਸਰਕਾਰ ਦੁਆਰਾ ਅਤੇ ਰਾਜ ਯੂਨੀਵਰਸਿਟੀਆਂ ਵਿੱਚ ਰਾਜ ਸਰਕਾਰਾਂ ਦੁਆਰਾ ਨਿਯੁਕਤ ਕੀਤੇ ਜਾਂਦੇ ਹਨ। ਕਿਸੇ ਵੀ ਰਾਜ ਵਿੱਚ, ਜੋ ਪਾਰਟੀ ਸੱਤਾ ਵਿੱਚ ਹੁੰਦੀ ਹੈ, ਉਹ ਆਪਣੇ ਚਹੇਤਿਆਂ ਨੂੰ ਉਪ ਕੁਲਪਤੀ ਵਜੋਂ ਨਿਯੁਕਤ ਕਰਦੀ ਹੈ। ਹਰ ਸੂਬੇ ਵਿੱਚ ਅਜਿਹੀਆਂ ਮਿਸਾਲਾਂ ਹਨ। ਜੇਕਰ ਵਾਈਸ-ਚਾਂਸਲਰ ਦੀ ਨਿਯੁਕਤੀ ਇਸ ਗੱਲ 'ਤੇ ਆਧਾਰਿਤ ਹੋਵੇਗੀ ਕਿ ਉਹ ਸੱਤਾਧਾਰੀ ਪਾਰਟੀ ਜਾਂ ਇਸ ਦੇ ਨੇਤਾ ਦੇ ਕਿੰਨੇ ਕਰੀਬ ਹਨ, ਤਾਂ ਕੀ ਉਸ ਤੋਂ ਵਿਦਿਅਕ ਸੁਧਾਰ ਲਿਆਉਣ ਦੀ ਉਮੀਦ ਰੱਖਣਾ ਬੇਅਰਥ ਨਹੀਂ ਹੋਵੇਗਾ? ਇਹ ਕਹਿਣ ਦੀ ਲੋੜ ਨਹੀਂ ਕਿ ਨਿਯੁਕਤੀਆਂ ਯੋਗਤਾ ਅਤੇ ਪ੍ਰਤਿਭਾ ਦੇ ਆਧਾਰ 'ਤੇ ਹੋਣੀਆਂ ਚਾਹੀਦੀਆਂ ਹਨ ਨਾ ਕਿ ਸਿਆਸੀ ਤਰਜੀਹ ਦੇ ਆਧਾਰ 'ਤੇ। ਯੂਨੀਵਰਸਿਟੀਆਂ ਪ੍ਰਤਿਭਾ ਪੈਦਾ ਕਰਦੀਆਂ ਹਨ। ਜੇਕਰ ਸਿਆਸੀ ਵਿਚਾਰਧਾਰਾ ਕਾਰਨ ਪ੍ਰਤਿਭਾ ਨੂੰ ਅਣਗੌਲਿਆ ਕੀਤਾ ਗਿਆ ਤਾਂ ਇਸ ਦੇ ਘਾਤਕ ਸਿੱਟੇ ਨਿਕਲਣਗੇ।

# ਬ੍ਰਿਟਿਸ਼ ਕੋਲੰਬੀਆ ਚੋਣਾਂ ’ਚ ਪੰਜਾਬੀਆਂ ਦੀ ਬੱਲੇ-ਬੱਲੇ



ਉਜਾਗਰ ਸਿੰਘ
(ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ)

ਸੰਸਾਰ ਵਿੱਚ ਸਭ ਤੋਂ ਵੱਧ ਭਾਰਤੀ/ਪੰਜਾਬੀ ਕੈਨੇਡਾ ਵਿੱਚ ਹਨ। ਕੈਨੇਡਾ ਦੇ ਵਿਕਾਸ ਵਿੱਚ ਪੰਜਾਬੀਆਂ ਨੇ ਵੱਡੀਆਂ ਮੱਲਾਂ ਮਾਰੀਆਂ ਹਨ। ਉਨ੍ਹਾਂ ਨੇ ਕੈਨੇਡਾ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਵਿੱਚ ਵਿਲੱਖਣ ਯੋਗਦਾਨ ਪਾਇਆ ਹੈ। ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ (ਬੀ.ਸੀ.) ਸੂਬੇ ਦੀ 43ਵੀਂ ਵਿਧਾਨ ਸਭਾ ਦੀਆਂ ਚੋਣਾਂ ਹੁਣੇ ਹੀ ਅਕਤੂਬਰ 2024 ਵਿੱਚ ਹੋਈਆਂ ਹਨ। ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਇਸ ਵਾਰ ਕੁੱਲ 3550017 ਵੋਟਰਾਂ ਵਿੱਚੋਂ 2038075 ਵੋਟਰਾਂ ਭਾਵ 47.41 ਫ਼ੀਸਦੀ ਵੋਟਾਂ ਪੋਲ ਹੋਈਆਂ ਹਨ ਜਦਕਿ 2020 ਵਿੱਚ 47.69 ਫ਼ੀਸਦੀ ਵੋਟਾਂ ਪਈਆਂ ਸਨ। ਇਨ੍ਹਾਂ ਚੋਣਾਂ ਵਿੱਚ ਪਹਿਲੀ ਵਾਰ ਭਾਰਤੀਆਂ/ਪੰਜਾਬੀਆਂ/ਸਿੱਖਾਂ ਨੇ 14 ਸੀਟਾਂ ਜਿੱਤ ਕੇ ਇਤਿਹਾਸ ਸਿਰਜਿਆ ਹੈ।

ਇਸ ਤੋਂ ਪਹਿਲਾਂ ਉਨ੍ਹਾਂ ਕਦੇ ਵੀ ਇੰਨੀਆਂ ਸੀਟਾਂ ਨਹੀਂ ਜਿੱਤੀਆਂ ਸਨ। ਸਾਲ 2021 ਦੀ ਜਨਗਣਨਾ ਅਨੁਸਾਰ ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ ਭਾਰਤੀਆਂ/ਪੰਜਾਬੀਆਂ/ਸਿੱਖਾਂ ਦੀ ਵਸੋਂ ਸਿਰਫ਼ 2 ਫ਼ੀਸਦੀ ਹੈ ਜਦਕਿ ਉਨ੍ਹਾਂ ਨੇ ਵਿਧਾਨ ਸਭਾ ਦੀਆਂ 15 ਫ਼ੀਸਦੀ ਸੀਟਾਂ ਜਿੱਤ ਕੇ ਵੱਡਾ ਮਾਅਰਕਾ ਮਾਰਿਆ ਹੈ। ਜਗਮੀਤ ਸਿੰਘ ਕੈਨੇਡਾ ਦੀ ਨਿਊ ਡੈਮੋਕਰੈਟਿਕ ਪਾਰਟੀ ਦਾ ਪ੍ਰਧਾਨ ਹੈ। ਇਨ੍ਹਾਂ ਨਤੀਜਿਆਂ ਨੇ ਕੈਨੇਡੀਅਨਾਂ ਨੂੰ ਹੈਰਾਨ ਤੇ ਪਰੇਸ਼ਾਨ ਕਰ ਦਿੱਤਾ ਹੈ।

ਸੈਂਤੀ ਪੰਜਾਬੀਆਂ/ਸਿੱਖਾਂ ਨੇ ਐੱਨ.ਡੀ.ਪੀ. ਅਤੇ ਕੰਜ਼ਰਵੇਟਿਵ ਪਾਰਟੀ ਵੱਲੋਂ ਚੋਣ ਲੜੀ ਸੀ ਜਿਨ੍ਹਾਂ ਵਿੱਚੋਂ 14 ਨੇ ਆਪੋ-ਆਪਣੀਆਂ ਸੀਟਾਂ ’ਤੇ ਜਿੱਤ ਪ੍ਰਾਪਤ ਕੀਤੀ ਹੈ। ਇਨ੍ਹਾਂ ਵਿੱਚ ਐੱਨ.ਡੀ.ਪੀ. ਦੇ 9 ਅਤੇ ਕੰਜ਼ਰਵੇਟਿਵ ਪਾਰਟੀ ਦੇ 5 ਉਮੀਦਵਾਰ ਚੋਣ ਜਿੱਤੇ ਹਨ। ਇਸ ਤਰ੍ਹਾਂ ਪੰਜਾਬੀਆਂ/ਸਿੱਖਾਂ ਨੇ 93 ਸੀਟਾਂ ਵਿੱਚੋਂ 15 ਫ਼ੀਸਦੀ ਸੀਟਾਂ ’ਤੇ ਜਿੱਤ ਪ੍ਰਾਪਤ ਕਰ ਕੇ ਕਮਾਲ ਕਰ ਦਿੱਤੀ ਹੈ। ਇਨ੍ਹਾਂ ਜਿੱਤਣ ਵਾਲੇ 14 ਵਿਧਾਨਕਾਰਾਂ ਵਿੱਚ 8 ਮਰਦ ਅਤੇ 6 ਇਸਤਰੀਆਂ ਹਨ।



ਸੰਨ 2020 ਦੀਆਂ ਵਿਧਾਨ ਸਭਾ ਚੋਣਾਂ ਵਿਚ ਸਿਰਫ਼ 9 ਪੰਜਾਬੀ/ਸਿੱਖ ਉਮੀਦਵਾਰ ਜਿੱਤ ਸਕੇ ਸਨ। ਅਜੇ ਤੱਕ ਕਿਸੇ ਪਾਰਟੀ ਨੂੰ ਬਹੁਮਤ ਨਹੀਂ ਮਿਲਿਆ ਜਦਕਿ 11 ਸੀਟਾਂ ਦੇ ਨਤੀਜੇ ਅਜੇ ਬਾਕੀ ਰਹਿੰਦੇ ਹਨ। ਨਿਊ ਡੈਮੋਕ੍ਰੈਟਿਕ ਪਾਰਟੀ ਨੇ ਹੁਣ ਤੱਕ 40 ਸੀਟਾਂ ਜਿੱਤੀਆਂ ਅਤੇ 6 ਸੀਟਾਂ ’ਤੇ ਉਹ ਲੀਡ ਕਰ ਰਹੇ ਹਨ। ਐੱਨ.ਡੀ.ਪੀ. ਨੂੰ 44.60 ਫ਼ੀਸਦੀ ਵੋਟਾਂ ਪਈਆਂ ਹਨ। ਕੰਜ਼ਰਵੇਟਿਵ ਪਾਰਟੀ ਨੇ ਵੀ 40 ਸੀਟਾਂ ’ਤੇ ਜਿੱਤ ਪ੍ਰਾਪਤ ਕੀਤੀ ਹੈ ਪ੍ਰੰਤੂ ਉਨ੍ਹਾਂ ਦੇ ਉਮੀਦਵਾਰ 5 ਸੀਟਾਂ ’ਤੇ ਲੀਡ ਕਰ ਰਹੇ ਹਨ। ਉਨ੍ਹਾਂ ਨੂੰ 43.57 ਫ਼ੀਸਦੀ ਵੋਟਾਂ ਪੋਲ ਹੋਈਆਂ ਹਨ।

ਦੋਹਾਂ ਪਾਰਟੀਆਂ ਨੂੰ ਪੋਲ ਹੋਈਆਂ ਵੋਟਾਂ ਤੋਂ ਪਤਾ ਲੱਗਦਾ ਹੈ ਕਿ ਕੰਜ਼ਰਵੇਟਿਵ ਪਾਰਟੀ ਨੂੰ ਸਿਰਫ਼ 1 ਫ਼ੀਸਦੀ ਘੱਟ ਵੋਟਾਂ ਪਈਆਂ ਹਨ। ਦੋਹਾਂ ਦੀ ਬਰਾਬਰ ਦੀ ਟੱਕਰ ਰਹੀ ਹੈ। ਦੋ ਸੀਟਾਂ ਗਰੀਨ ਪਾਰਟੀ ਨੇ ਜਿੱਤੀਆਂ ਹਨ। ਉਨ੍ਹਾਂ ਨੂੰ 8.19 ਫ਼ੀਸਦੀ ਵੋਟਾਂ ਪੋਲ ਹੋਈਆਂ ਹਨ। ਜਿਹੜੀਆਂ 11 ਸੀਟਾਂ ’ਤੇ ਦੋਹਾਂ ਪਾਰਟੀਆਂ ਦੇ ਉਮੀਦਵਾਰ ਲੀਡ ਕਰ ਰਹੇ ਹਨ, ਉਨ੍ਹਾਂ ਦਾ ਨਤੀਜਾ ਡਾਕ ਰਾਹੀਂ ਆਉਣ ਵਾਲੀਆਂ ਵੋਟਾਂ ਦੀ ਗਿਣਤੀ ਤੋਂ ਬਾਅਦ 26 ਅਕਤੂਬਰ ਨੂੰ ਪਤਾ ਲੱਗੇਗਾ।

ਜੇਕਰ ਇਹ ਦੋਵੇਂ ਪਾਰਟੀਆਂ ਜਿਹੜੀਆਂ ਸੀਟਾਂ ’ਤੇ ਲੀਡ ਕਰ ਰਹੀਆਂ ਹਨ, ਚੋਣ ਜਿੱਤ ਵੀ ਜਾਣ ਤਾਂ ਵੀ ਕਿਸੇ ਪਾਰਟੀ ਨੂੰ ਬਹੁਮਤ ਨਹੀਂ ਮਿਲੇਗਾ। ਸਰਕਾਰ ਬਣਾਉਣ ਲਈ ਤਾਕਤ ਗਰੀਨ ਪਾਰਟੀ ਦੇ ਹੱਥ ਵਿੱਚ ਹੋਵੇਗੀ ਕਿਉਂਕਿ 93 ਮੈਂਬਰੀ ਵਿਧਾਨ ਸਭਾ ਵਿੱਚ ਸਰਕਾਰ ਬਣਾਉਣ ਲਈ 47 ਮੈਂਬਰਾਂ ਦੀ ਹਮਾਇਤ ਜ਼ਰੂਰੀ ਹੈ।

ਸੰਨ 2020 ਵਿੱਚ ਐੱਨ.ਡੀ.ਪੀ. ਨੇ 47 ਫ਼ੀਸਦੀ ਵੋਟਾਂ ਲੈ ਕੇ 57 ਸੀਟਾਂ ਜਿੱਤੀਆਂ ਸਨ। ਕੰਜ਼ਰਵੇਟਿਵ ਪਾਰਟੀ ਨੇ 33 ਫ਼ੀਸਦੀ ਵੋਟਾਂ ਲੈ ਕੇ 28 ਸੀਟਾਂ ਜਿੱਤੀਆਂ ਸਨ। ਗਰੀਨ ਪਾਰਟੀ ਨੇ ਪਹਿਲਾਂ ਵੀ 2 ਸੀਟਾਂ ਜਿੱਤੀਆਂ ਸਨ ਤੇ ਇਸ ਵਾਰ ਵੀ 2 ਹੀ ਜਿੱਤੀਆਂ ਹਨ ਤੇ ਵੋਟਾਂ ਦੀ ਪ੍ਰਤੀਸ਼ਤਤਾ ਵੀ ਦੋਵੇਂ ਵਾਰ ਬਰਾਬਰ ਹੈ। ਕੰਜ਼ਰਵੇਟਿਵ ਪਾਰਟੀ ਨੂੰ ਹੁਣ ਤੱਕ ਦੇ ਨਤੀਜਿਆਂ ਮੁਤਾਬਕ 12 ਸੀਟਾਂ ਦਾ ਲਾਭ ਹੋਇਆ ਹੈ ਤੇ ਐੱਨ.ਡੀ.ਪੀ. ਨੂੰ 17 ਸੀਟਾਂ ਦਾ ਨੁਕਸਾਨ ਹੋ ਰਿਹਾ ਹੈ। ਪਹਿਲੀ ਵਾਰ ਪੰਜਾਬੀਆਂ/ਸਿੱਖਾਂ ਨੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ ਤੇ ਉਹ ਵੱਡੀ ਮਾਤਰਾ ਵਿੱਚ ਪ੍ਰਤੀਨਿਧਤਾ ਕਰਨ ਜਾ ਰਹੇ ਹਨ।

ਪੰਜਾਬੀ ਉੱਜਲ ਦੁਸਾਂਝ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਮੁੱਖ ਮੰਤਰੀ ਅਰਥਾਤ ਪ੍ਰੀਮੀਅਰ ਰਹੇ ਹਨ। ਇਸ ਤੋਂ ਇਲਾਵਾ ਬਹੁਤ ਸਾਰੇ ਪੰਜਾਬੀ/ਸਿੱਖ ਪਹਿਲਾਂ ਵੀ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਮੰਤਰੀ ਰਹੇ ਹਨ।

ਵਿਧਾਨ ਸਭਾ ਦੀ ਚੋਣ ਜਿੱਤੇ ਉਮੀਦਵਾਰਾਂ ’ਚ ਐੱਨ.ਡੀ.ਪੀ. ਦੇ ਲੁਧਿਆਣਾ ਜ਼ਿਲ੍ਹੇ ਦੇ ਗਹੌਰ ਪਿੰਡ ਦੇ ਜੰਮਪਲ ਬਰਨਬੀ ਨਿਊਵੈਸਟ ਹਲਕੇ ਤੋਂ ਰਾਜ ਚੌਹਾਨ ਨੇ ਦਿੱਲੀ ਦੇ ਜੰਮਪਲ ਤੇ ਕੰਜ਼ਰਵੇਟਿਵ ਪਾਰਟੀ ਦੇ ਦੀਪਕ ਸੂਰੀ, ਬਠਿੰਡਾ ਜ਼ਿਲ੍ਹੇ ਦੇ ਪਿੰਡ ਦਿਓਣ ਦੇ ਸਰੀ ਫ਼ਲੀਟਵੁੱਡ ਹਲਕੇ ਤੋਂ ਜਗਰੂਪ ਸਿੰਘ ਬਰਾੜ ਨੇ ਜ਼ਿਲ੍ਹਾ ਮੋਗਾ ਦੇ ਪਿੰਡ ਕਾਲੇਕਾ ਦੇ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਅਵਤਾਰ ਸਿੰਘ ਗਿੱਲ, ਜ਼ਿਲ੍ਹਾ ਜਲੰਧਰ ਦੇ ਪਿੰਡ ਸੁੰਨੜ ਕਲਾਂ ਦੀ ਮਨੁੱਖੀ ਅਧਿਕਾਰਾਂ ਦੀ ਉੱਘੀ ਵਕੀਲ ਜਸਪ੍ਰੀਤ ਕੌਰ ਜੈਸੀ ਸੁੰਨੜ ਨੇ ਸਰੀ ਨਿਊਟਨ ਤੋਂ ਬਟਾਲਾ ਨਜ਼ਦੀਕ ਪਿੰਡ ਸ਼ੇਖ਼ੂਪੁਰ ਦੇ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਤੇਗਜੋਤ ਬੱਲ ਅਤੇ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਭਾਗੋਵਾਲ ਦੇ ਰਵਿੰਦਰ ਸਿੰਘ ਰਵੀ ਕਾਹਲੋਂ ਨੇ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਰਾਜ ਵੈਔਲੀ ਨੂੰ ਹਰਾ ਕੇ ਜਿੱਤ ਹਾਸਲ ਕੀਤੀ ਹੈ।

ਐੱਨ.ਡੀ.ਪੀ. ਪਾਰਟੀ ਦੇ ਲੁਧਿਆਣਾ ਨਾਲ ਸਬੰਧਤ ਅਟਾਰਨੀ ਜਨਰਲ ਨਿੱਕੀ ਸ਼ਰਮਾ ਵੈਨਕੂਵਰ ਹੇਸਟਿੰਗਜ਼, ਜਗਰਾਉਂ ਦੀ ਧੀ ਉੱਘੀ ਸਮਾਜ ਸੇਵਿਕਾ ਸੁਨੀਤਾ ਧੀਰ ਵੈਨਕੂਵਰ ਲੰਗਾਰਾ, ਮਾਹਿਲਪੁਰ ਦੇ ਨੇੜਲੇ ਪਿੰਡ ਜੰਗਲੀਆਣਾ ਦੇ ਰਵੀ ਪਰਮਾਰ ਲੌਂਗਫ਼ੀਲਡ ਹਾਈਲੈਂਡ, ਅੰਮ੍ਰਿਤਸਰ ਦੀ ਰੀਆ ਅਰੋੜਾ ਬਰਨਬੀ ਈਸਟ ਵਿਧਾਨ ਸਭਾ ਹਲਕੇ ਤੋਂ ਅਤੇ ਜ਼ੀਰਾ ਨੇੜੇ ਜੌੜਾ ਪਿੰਡ ਦੀ ਧੀ ਹਰਵਿੰਦਰ ਕੌਰ ਸੰਧੂ ਵਰਨੋਨ ਮੋਨਾਸ਼ਰੀ ਤੋਂ ਜਿੱਤ ਗਏ ਹਨ। ਹਰਵਿੰਦਰ ਕੌਰ ਸੰਧੂ ਨਰਸ ਹਨ ਤੇ ਦੂਜੀ ਵਾਰ ਜੇਤੂ ਰਹੇ ਹਨ। ਜੈਸੀ ਸੁੰਨੜ ਹੈਰੀ ਬੈਂਸ ਦੇ ਪਦ ਚਿੰਨ੍ਹਾਂ ’ਤੇ ਚੱਲਦੀ ਹੋਈ ਜਿੱਤ ਰਹੀ ਹੈ। ਹੈਰੀ ਬੈਂਸ 2005 ਤੱਕ ਵਿਧਾਨਕਾਰ ਤੇ ਲੰਬਾ ਸਮਾਂ ਮੰਤਰੀ ਰਿਹਾ ਹੈ।

ਸੁਨੀਤਾ ਧੀਰ 48.2 ਫ਼ੀਸਦੀ ਵੋਟਾਂ ਲੈ ਕੇ ਜਿੱਤੀ ਹੈ। ਰਾਜ ਚੌਹਾਨ 2005 ਤੋਂ ਲਗਾਤਾਰ ਜਿੱਤਦਾ ਆ ਰਿਹਾ ਹੈ। ਜਗਰੂਪ ਸਿੰਘ ਬਰਾੜ ਇੱਕ ਐੱਨ.ਜੀ.ਓ. ਸਰੀ ਸੈਲਫ਼ ਇੰਪਲਾਇਮੈਂਟ ਐਂਟਪ੍ਰੀਨਿਊਰ ਸੁਸਾਇਟੀ ਦਾ ਡਾਇਰੈਕਟਰ ਹੈ। ਜਗਰੂਪ ਸਿੰਘ ਬਰਾੜ 7ਵੀਂ ਵਾਰ ਚੁਣੇ ਗਏ ਹਨ। ਜਗਰੂਪ ਸਿੰਘ ਬਰਾੜ ਰਾਜ ਮੰਤਰੀ ਸਨ ਅਤੇ ਭਾਰਤ ਦੀ ਪੁਰਸ਼ ਬਾਸਕਟਵਾਲ ਟੀਮ ਦੇ ਮੈਂਬਰ ਵੀ ਰਹੇ ਹਨ। ਦਿਓਣ ਪਿੰਡ ਦੇ ਟਿੱਬਿਆਂ ਦਾ ਜੰਮਿਆ ਜਗਰੂਪ ਸਿੰਘ ਬਰਾੜ ਗੁਲਾਬ ਦੇ ਫ਼ੁੱਲ ਦੀ ਤਰ੍ਹਾਂ ਕੈਨੇਡਾ ਦੀ ਸਿਆਸਤ ਨੂੰ ਸੁਗੰਧਤ ਕਰ ਰਿਹਾ ਹੈ। ਰਵੀ ਕਾਹਲੋਂ ਵੀ ਸਾਬਕਾ ਮੰਤਰੀ ਰਿਹਾ ਹੈ।ਮਨਦੀਪ ਸਿੰਘ ਧਾਲੀਵਾਲ ਭਾਰਤ ਵਿੱਚ ਕੌਮੀ ਪੱਧਰ ਦਾ ਖਿਡਾਰੀ ਰਿਹਾ ਹੈ ਤੇ ਉਸ ਨੇ ਖ਼ਾਲਸਾ ਏਡ ਲਈ 1 ਲੱਖ ਡਾਲਰ ਇਕੱਤਰ ਕੀਤੇ ਹਨ। ਰੀਅ ਅਰੋੜਾ ਬੀਸੀ ਫ਼ੈਡਰੇਸ਼ਨ ਆਫ਼ ਲੇਬਰ ਆਰਗੇਨਾਈਜ਼ੇਸ਼ਨ ਦੀ ਡਾਇਰੈਕਟਰ ਰਹੀ ਹੈ। ਰਾਜ ਚੌਹਾਨ ਬ੍ਰਿਟਿਸ਼ ਕੋਲੰਬੀਆ ਦੀ ਵਿਧਾਨ ਸਭਾ ਦੇ ਸਪੀਕਰ ਸਨ ਅਤੇ 6ਵੀਂ ਵਾਰ ਚੋਣ ਜਿੱਤਿਆ ਹੈ। ਇਸ ਤੋਂ ਇਲਾਵਾ ਉਹ 2013 ਤੋਂ 2017 ਤੱਕ ਵਿਧਾਨ ਸਭਾ ਦੇ ਸਹਾਇਕ ਡਿਪਟੀ ਸਪੀਕਰ ਰਹੇ। ਉਹ 2017 ਤੋਂ 2020 ਦੌਰਾਨ ਡਿਪਟੀ ਸਪੀਕਰ ਰਹੇ। ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਸਰਕਾਰ ਦੇ ਤਿੰਨ ਪੰਜਾਬੀ ਮੰਤਰੀ ਰਾਜ ਚੌਹਾਨ, ਨਿੱਕੀ ਸ਼ਰਮਾ ਅਤੇ ਜਗਰੂਪ ਸਿੰਘ ਬਰਾੜ ਚੋਣ ਜਿੱਤ ਗਏ ਹਨ। ਚੋਣ ਹਾਰਨ ਵਾਲਿਆਂ ’ਚ ਮੰਤਰੀ ਰਚਨਾ ਸਿੰਘ ਸ਼ਾਮਲ ਹਨ।

ਚੋਣ ਜਿੱਤਣ ਵਾਲਿਆਂ ਵਿੱਚ ਸਭ ਤੋਂ ਛੋਟੀ ਉਮਰ ਦਾ 30 ਸਾਲਾ ਰਵੀ ਪਰਮਾਰ ਹੈ ਜੋ 51% ਵੋਟਾਂ ਲੈ ਕੇ ਜਿੱਤਿਆ ਹੈ। ਉਹ ਅੰਤਰਰਾਸ਼ਟਰੀ ਕਬੱਡੀ ਪਲੇਅਰ ਵੀ ਰਿਹਾ ਹੈ।

ਹਰਮਨ ਸਿੰਘ ਭੰਗੂ ਫ਼ੁੱਟਬਾਲ ਕੋਚ ਰਿਹਾ ਹੈ। ਉਹ ਕੰਸਟਰਕਸ਼ਨ ਦਾ ਠੇਕੇਦਾਰ ਹੈ। ਕੰਜ਼ਰਵੇਟਿਵ ਪਾਰਟੀ ਦੇ ਜਿਹੜੇ 5 ਉਮੀਦਵਾਰ ਜਿੱਤੇ ਹਨ, ਉਨ੍ਹਾਂ ਵਿੱਚ ਉੱਘੇ ਵਕੀਲ ਹੋਨਵੀਰ ਸਿੰਘ ਰੰਧਾਵਾ ਸਰੀ ਗਿੱਲਫ਼ੋਰਡ, ਮੁੱਲਾਂਪੁਰ ਦਾਖਾ ਨੇੜਲੇ ਪਿੰਡ ਰਕਬਾ ਦੀ ਹੋਣਹਾਰ ਧੀ ਡਾ.ਜੋਤੀ ਤੂਰ ਲੈਂਗਲੀ ਵਿਲੋਬਰਿਕ, ਅੰਤਰਰਾਸ਼ਟਰੀ ਕਬੱਡੀ ਖਿਡਾਰੀ ਰਹੇ ਬਾਬਾ ਬਕਾਲਾ ਨੇੜਲੇ ਪਿੰਡ ਸਠਿਆਲਾ ਦੇ ਜੰਮਪਲ ਮਨਦੀਪ ਸਿੰਘ ਧਾਲੀਵਾਲ ਨੇ ਸਰੀ ਨੌਰਥ, ਜਲੰਧਰ ਜ਼ਿਲ੍ਹੇ ਦੇ ਪਿੰਡ ਪੂਰਨਪੁਰ ਦੇ ਹਰਮਨ ਸਿੰਘ ਭੰਗੂ ਲੈਂਗਲੀ ਐਬੋਟਸਬੋਰਡ ਅਤੇ ਉੱਘੇ ਵਕੀਲ ਤੇ ਰਿਚਮੰਡ ਕੁਈਨਜ਼ਬਰੋ ਤੋਂ ਸਟੈਵ ਕੂਨਰ ਸ਼ਾਮਲ ਹਨ। ਸਟੈਵ ਕੂਨਰ ਨੇ ਸੁਲਤਾਨਪੁਰ ਲੋਧੀ ਨਾਲ ਸਬੰਧਤ ਐੱਨ.ਡੀ.ਪੀ. ਉਮੀਦਵਾਰ ਅਮਨਦੀਪ ਸਿੰਘ ਨੂੰ ਹਰਾਇਆ ਹੈ।

ਮਨਦੀਪ ਧਾਲੀਵਾਲ ਨੇ ਸਿੱਖਿਆ ਤੇ ਬਾਲ ਭਲਾਈ ਮੰਤਰੀ ਤੇ ਜਗਰਾਓਂ ਨੇੜੇ ਭੰਮੀਪੁਰਾ ਦੀ ਐੱਨ.ਡੀ.ਪੀ. ਉਮੀਦਵਾਰ ਰਚਨਾ ਸਿੰਘ ਨੂੰ ਹਰਾਇਆ ਹੈ। ਲਗਾਤਾਰ ਪੰਜਾਬੀ ਸਿੱਖ ਕੈਨੇਡਾ ’ਚ ਸਿਆਸੀ ਖੇਤਰ ’ਚ ਨਾਮਣਾ ਖੱਟ ਰਹੇ ਹਨ। ਇਸ ਲਈ ਕੈਨੇਡਾ ਵਿਖੇ ਪੜ੍ਹਾਈ ਕਰਨ ਜਾ ਰਹੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਜ਼ਿੰਦਗੀ ਦੀ ਜਦੋਜਹਿਦ ਤੋਂ ਪ੍ਰੇਰਨਾ ਲੈ ਕੇ ਸ਼ਾਂਤਮਈ ਢੰਗ ਨਾਲ ਪੜ੍ਹਾਈ ਕਰਨੀ ਚਾਹੀਦੀ ਹੈ ਤਾਂ ਜੋ ਉਨ੍ਹਾਂ ਦਾ ਭਵਿੱਖ ਸੁਨਹਿਰੀ ਹੋ ਸਕੇ।

# ਜਮਹੂਰੀ ਪਿਛਾਖੜੀ ਦੇ ਨੁਕਸਾਨ



ਕੁੱਕੀ ਗਿੱਲ

ਜਮਹੂਰੀ ਪਿਛਾਖੜੀ ਤਾਨਾਸ਼ਾਹੀ ਵੱਲ ਸ਼ਾਸਨ ਤਬਦੀਲੀ ਦੀ ਇੱਕ ਪ੍ਰਕਿਰਿਆ ਹੈ ਜਿਸ ਵਿੱਚ ਰਾਜਨੀਤਿਕ ਸ਼ਕਤੀ ਦੀ ਵਰਤੋਂ ਵਧੇਰੇ ਮਨਮਾਨੀ ਅਤੇ ਦਮਨਕਾਰੀ ਬਣ ਜਾਂਦੀ ਹੈ। ਇਹ ਪ੍ਰਕਿਰਿਆ ਆਮ ਤੌਰ ’ਤੇ ਸਰਕਾਰੀ ਚੋਣ ਦੀ ਪ੍ਰਕਿਰਿਆ ਵਿੱਚ ਜਨਤਕ ਮੁਕਾਬਲੇ ਅਤੇ ਰਾਜਨੀਤਿਕ ਭਾਗੀਦਾਰੀ ਲਈ ਜਗ੍ਹਾ ਨੂੰ ਸੀਮਤ ਕਰਦੀ ਹੈ। ਜਮਹੂਰੀ ਗਿਰਾਵਟ ਵਿੱਚ ਲੋਕਤੰਤਰੀ ਸੰਸਥਾਵਾਂ ਦਾ ਕਮਜ਼ੋਰ ਹੋਣਾ ਸ਼ਾਮਲ ਹੈ, ਜਿਵੇਂ ਕਿ ਸੱਤਾ ਦਾ ਸ਼ਾਂਤਮਈ ਪਰਿਵਰਤਨ ਜਾਂ ਆਜ਼ਾਦ ਅਤੇ ਨਿਰਪੱਖ ਚੋਣਾਂ, ਜਾਂ ਵਿਅਕਤੀਗਤ ਅਧਿਕਾਰਾਂ ਦੀ ਉਲੰਘਣਾ ਜੋ ਲੋਕਤੰਤਰਾਂ, ਖਾਸ ਤੌਰ ’ਤੇ ਪ੍ਰਗਟਾਵੇ ਦੀ ਆਜ਼ਾਦੀ ਨੂੰ ਦਰਸਾਉਂਦੀ ਹੈ। ਜਮਹੂਰੀ ਪਿਛਾਖੜੀ ਜਮਹੂਰੀਕਰਨ ਦੇ ਉਲਟ ਹੈ। ਜਮਹੂਰੀ ਪਿਛਾਂਹਖਿੱਚੂ ਹੋਣ ਦੇ ਪ੍ਰਸਤਾਵਿਤ ਕਾਰਨਾਂ ਵਿੱਚ ਆਰਥਿਕ ਅਸਮਾਨਤਾ, ਸਮਾਜਕ ਤਬਦੀਲੀਆਂ ਪ੍ਰਤੀ ਸੱਭਿਆਚਾਰਕ ਤੌਰ ’ਤੇ ਰੂੜੀਵਾਦੀ ਪ੍ਰਤੀਕਰਮ, ਲੋਕਪ੍ਰਿਅ ਜਾਂ ਵਿਅਕਤੀਵਾਦੀ ਰਾਜਨੀਤੀ, ਅਤੇ ਮਹਾਨ ਸ਼ਕਤੀ ਦੀ ਰਾਜਨੀਤੀ ਤੋਂ ਬਾਹਰੀ ਪ੍ਰਭਾਵ ਸ਼ਾਮਲ ਹਨ।

ਸੰਕਟ ਦੇ ਦੌਰਾਨ, ਜਮਹੂਰੀ ਪਿਛਾਖੜੀ ਉਦੋਂ ਹੋ ਸਕਦੀ ਹੈ ਜਦੋਂ ਨੇਤਾ ਐਮਰਜੈਂਸੀ ਦੀਆਂ ਸਥਿਤੀਆਂ ਦੌਰਾਨ ਤਾਨਾਸ਼ਾਹੀ ਨਿਯਮ ਲਾਗੂ ਕਰਦੇ ਹਨ ਜੋ ਜਾਂ ਤਾਂ ਸੰਕਟ ਦੀ ਤੀਬਰਤਾ ਦੇ ਅਨੁਪਾਤ ਤੋਂ ਘੱਟ ਹੁੰਦੇ ਹਨ ਜਾਂ ਸਥਿਤੀ ਵਿੱਚ ਸੁਧਾਰ ਹੋਣ ਤੋਂ ਬਾਅਦ ਸਥਾਨ ’ਤੇ ਰਹਿੰਦੇ ਹਨ। ਸ਼ੀਤ ਯੁੱਧ ਦੇ ਅੰਤ ਤੋਂ ਬਾਅਦ ਫ਼ੌਜੀ ਤਖਤਾਪਲਟ ਦੁਆਰਾ ਸ਼ਾਸਨ ਤਬਦੀਲੀ ਵਿੱਚ ਗਿਰਾਵਟ ਆਈ ਹੈ, ਪਿੱਛੇ ਹਟਣ ਦੇ ਹੋਰ ਸੂਖਮ ਰੂਪਾਂ ਵਿੱਚ ਵਾਧਾ ਹੋਇਆ ਹੈ।

ਵੀਹਵੀਂ ਸਦੀ ਦੇ ਅੰਤ ਵਿੱਚ ਲੋਕਤੰਤਰੀਕਰਨ ਦੀ ਤੀਜੀ ਲਹਿਰ ਦੇ ਦੌਰਾਨ, ਬਹੁਤ ਸਾਰੇ ਨਵੇਂ, ਕਮਜ਼ੋਰ ਸੰਸਥਾਗਤ ਲੋਕਤੰਤਰ ਸਥਾਪਿਤ ਕੀਤੇ ਗਏ ਸਨ; ਇਹ ਸ਼ਾਸਨ ਲੋਕਤੰਤਰੀ ਪਿਛਾਂਹਖਿੱਚੂ ਹੋਣ ਲਈ ਸਭ ਤੋਂ ਵੱਧ ਕਮਜ਼ੋਰ ਰਹੇ ਹਨ। ਤਾਨਾਸ਼ਾਹੀ ਦੀ ਤੀਜੀ ਲਹਿਰ 2010 ਤੋਂ ਜਾਰੀ ਹੈ, ਜਦੋਂ ਉਦਾਰ ਲੋਕਤੰਤਰਾਂ ਦੀ ਗਿਣਤੀ ਸਭ ਤੋਂ ਉੱਚੇ ਪੱਧਰ ’ਤੇ ਸੀ। ਵਿਸ਼ਵ ਦੀ ਆਬਾਦੀ ਦਾ ਇੱਕ ਚੌਥਾਈ ਹਿੱਸਾ 2021 ਤੱਕ ਲੋਕਤੰਤਰੀ ਤੌਰ ’ਤੇ ਪਿਛਾਖੜੀ ਹਾਈਬ੍ਰਿਡ ਸ਼ਾਸਨਾਂ ਦੇ ਅਧੀਨ ਹੈ। ਲੋਕਤੰਤਰੀ ਪਿਛਾਖੜੀ ਕਈ ਆਮ ਤਰੀਕਿਆਂ ਨਾਲ ਹੋ ਸਕਦੀ ਹੈ। ਪਿਛਾਖੜੀ ਦੀ ਅਗਵਾਈ ਅਕਸਰ ਲੋਕਤੰਤਰੀ ਤੌਰ ’ਤੇ ਚੁਣੇ ਗਏ ਨੇਤਾਵਾਂ ਦੁਆਰਾ ਕੀਤੀ ਜਾਂਦੀ ਹੈ, ਜੋ ਕ੍ਰਾਂਤੀਕਾਰੀ ਦੀ ਬਜਾਏ ਵਾਧੇ ਦੀਆਂ ਰਣਨੀਤੀਆਂ ਦੀ ਵਰਤੋਂ ਕਰਦੇ ਹਨ। ਜਿਵੇਂ ਕਿ ਸਟੀਵਨ ਲੇਵਿਟਸਕੀ ਅਤੇ ਡੈਨੀਅਲ ਜ਼ਿਬਲਾਟ ਦੁਆਰਾ ਜ਼ੋਰ ਦਿੱਤਾ ਗਿਆ ਹੈ , ਇਸ ਪ੍ਰਕਿਰਿਆ ਨੂੰ ਦੇਖਦੇ ਹੋਏ, ਕਿਸੇ ਇੱਕ ਖਾਸ ਪਲ ਨੂੰ ਨਿਸ਼ਚਤ ਕਰਨਾ ਮੁਸ਼ਕਲ ਹੈ ਜਿਸ ’ਤੇ ਸਰਕਾਰ ਹੁਣ ਲੋਕਤੰਤਰੀ ਨਹੀਂ ਹੈ। ਗਿਰਾਵਟ ਦਾ ਪ੍ਰਗਟਾਵਾ ਹੌਲੀ-ਹੌਲੀ, ਮੁਸ਼ਕਿਲ ਨਾਲ ਦਿਖਾਈ ਦੇਣ ਵਾਲੇ ਕਦਮਾਂ ਵਿੱਚ ਹੁੰਦਾ ਹੈ। ਇੱਕ ਤਾਨਾਸ਼ਾਹੀ ਨੇਤਾ (ਜਾਂ ਇੱਕ ਸੰਭਾਵੀ ਤਾਨਾਸ਼ਾਹੀ ਨੇਤਾ) ਦੇ ਅਭਿਆਸ ਦਾ ਵਰਣਨ ਕਰਨ ਲਈ ਸਟੀਲਥ ਤਾਨਾਸ਼ਾਹੀ ਸ਼ਬਦ ਜਮਹੂਰੀ ਵਿਰੋਧੀ ਅੰਤਾਂ ਲਈ ਜਾਇਜ਼ ਕਾਨੂੰਨੀ ਵਿਧੀ ... ਕਾਨੂੰਨ ਦੇ ਨਕਾਬ ਹੇਠ ਲੋਕਤੰਤਰ ਵਿਰੋਧੀ ਅਭਿਆਸਾਂ ਨੂੰ ਛੁਪਾਉਣਾ ਦੀ ਵਰਤੋਂ ਕਰਦੇ ਹਨ। ਜੁਆਨ ਲਿਨਜ਼ (1996) ਦੇ ਨਾਲ ਮਿਲ ਕੇ, ਲੇਵਿਟਸਕੀ ਅਤੇ ਜ਼ਿਬਲਾਟ ਨੇ ਆਪਣੇ ਲਿਟਮਸ ਟੈਸਟ ਨੂੰ ਵਿਕਸਿਤ ਕੀਤਾ ਅਤੇ ਇਸ ’ਤੇ ਸਹਿਮਤੀ ਪ੍ਰਗਟਾਈ, ਜਿਸ ਵਿੱਚ ਉਹ ਸ਼ਾਮਲ ਹੈ ਜੋ ਉਹ ਤਾਨਾਸ਼ਾਹੀ ਵਿਵਹਾਰ ਦੇ ਚਾਰ ਮੁੱਖ ਸੂਚਕ ਮੰਨਦੇ ਹਨ।

ਇਹ ਚਾਰ ਕਾਰਕ ਹਨ: ਪ੍ਰਣਾਲੀ ਦੇ ਜਮਹੂਰੀ ਨਿਯਮਾਂ ਨੂੰ ਰੱਦ ਕਰਨਾ (ਜਾਂ ਪ੍ਰਤੀ ਕਮਜ਼ੋਰ ਪ੍ਰਤੀਬੱਧਤਾ), ਰਾਜਨੀਤਿਕ ਵਿਰੋਧੀਆਂ ਦੀ ਜਾਇਜ਼ਤਾ ਤੋਂ ਇਨਕਾਰ, ਹਿੰਸਾ ਨੂੰ ਸਹਿਣ ਜਾਂ ਉਤਸ਼ਾਹਤ ਕਰਨਾ ਅਤੇ ਮੀਡੀਆ ਸਮੇਤ ਵਿਰੋਧੀਆਂ ਦੀਆਂ ਨਾਗਰਿਕ ਸੁਤੰਤਰਤਾਵਾਂ ਨੂੰ ਘਟਾਉਣ ਦੀ ਤਿਆਰੀ।

ਵਰੋਲ ਨੇ ਰਾਜਨੀਤਿਕ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਣ ਜਾਂ ਬਦਨਾਮ ਕਰਨ ਦੇ ਸਾਧਨਾਂ ਵਜੋਂ ਬਦਨਾਮੀ ਕਾਨੂੰਨਾਂ, ਚੋਣ ਕਾਨੂੰਨਾਂ, ਜਾਂ ਅੱਤਵਾਦ ਕਾਨੂੰਨਾਂ ਦੀ ਹੇਰਾਫ਼ੇਰੀ ਦਾ ਵਰਣਨ ਕੀਤਾ ਹੈ, ਅਤੇ ਲੋਕਤੰਤਰੀ ਬਿਆਨਬਾਜ਼ੀ ਦੇ ਰੁਜ਼ਗਾਰ ਨੂੰ ਲੋਕਤੰਤਰ ਵਿਰੋਧੀ ਅਭਿਆਸਾਂ ਤੋਂ ਧਿਆਨ ਭਟਕਾਉਣ ਦੇ ਤੌਰ ’ਤੇ, ਚੋਰੀ ਤਾਨਾਸ਼ਾਹੀ ਦੇ ਪ੍ਰਗਟਾਵੇ ਵਜੋਂ ਦਰਸਾਇਆ ਹੈ। ਵਿਵਹਾਰ ਤੋਂ ਪ੍ਰਾਪਤ ਇਹਨਾਂ ਮੁੱਖ ਸੰਕੇਤਾਂ ਤੋਂ ਇਲਾਵਾ , ਸੈਮੂਅਲ ਪੀ. ਹੰਟਿੰਗਟਨ ਸੱਭਿਆਚਾਰ ਨੂੰ ਜਮਹੂਰੀ ਪਿਛਾਂਹ ਖਿੱਚਣ ਲਈ ਮੁੱਖ ਯੋਗਦਾਨ ਦੇਣ ਵਾਲੇ ਵਜੋਂ ਵੀ ਵਰਣਨ ਕਰਦਾ ਹੈ, ਅਤੇ ਇਹ ਦਲੀਲ ਦਿੰਦਾ ਹੈ ਕਿ ਕੁਝ ਸਭਿਆਚਾਰ ਖਾਸ ਤੌਰ ’ਤੇ ਲੋਕਤੰਤਰ ਦੇ ਵਿਰੋਧੀ ਹਨ, ਪਰ ਉਹ ਜ਼ਰੂਰੀ ਤੌਰ ’ਤੇ ਜਮਹੂਰੀਕਰਨ ਦੀ ਮਨਾਹੀ ਨਹੀਂ ਕਰਦੇ ਹਨ। ਫ਼ੈਬੀਓ ਵੋਲਕਨਸਟਾਈਨ ਨੇ ਇਹ ਵੀ ਚੇਤਾਵਨੀ ਦਿੱਤੀ ਹੈ ਕਿ ਲੋਕਤੰਤਰ ਨੂੰ ਕਮਜ਼ੋਰ ਕਰਨ ਲਈ ਚੁੱਕੇ ਗਏ ਕੁਝ ਉਪਾਅ ਲੰਬੇ ਸਮੇਂ ਤੱਕ ਚੱਲਣ ਵਾਲੇ ਤਰੀਕਿਆਂ ਨਾਲ ਸ਼ਕਤੀ ਨੂੰ ਬਦਲ ਸਕਦੇ ਹਨ ਜਾਂ ਕੇਂਦਰਿਤ ਕਰ ਸਕਦੇ ਹਨ ਜੋ ਅਗਲੀਆਂ ਚੋਣਾਂ ਵਿੱਚ ਆਸਾਨੀ ਨਾਲ ਉਲਟ ਨਹੀਂ ਹੋ ਸਕਦੇ।

ਰਾਜਨੀਤਿਕ ਵਿਗਿਆਨ ਵਿੱਚ, ਕਾਰਜਕਾਰੀ ਵਾਧਾ ਵਿਧਾਨ ਸਭਾ ਅਤੇ ਨਿਆਂਪਾਲਿਕਾ ਦੁਆਰਾ ਪ੍ਰਦਾਨ ਕੀਤੇ ਗਏ ਚੈੱਕ ਅਤੇ ਬੈਲੇਂਸ ਤੋਂ ਪਰੇ ਜਨਤਕ ਸੇਵਾ ਦੀ ਸੁਤੰਤਰਤਾ ਵਿੱਚ ਦਖਲ ਦੇ ਕੇ ਨੇਤਾ ਦੀ ਸ਼ਕਤੀ ਦੇ ਵਿਸਥਾਰ ਨੂੰ ਦਰਸਾਉਂਦਾ ਹੈ, ਇੱਥੋਂ ਤੱਕ ਕਿ ਇੱਕ ਜਾਇਜ਼ ਤੌਰ ’ਤੇ ਚੁਣਿਆ ਗਿਆ ਨੇਤਾ ਵੀ ਆਪਣੇ ਰਾਜਨੀਤਿਕ ਵਿਰੋਧ ਨੂੰ ਕਮਜ਼ੋਰ ਕਰਨ ਲਈ ਸਰਕਾਰੀ ਸਰੋਤਾਂ ਦੀ ਵਰਤੋਂ ਕਰਕੇ ਲੋਕਤੰਤਰ ਨੂੰ ਕਮਜ਼ੋਰ ਕਰ ਸਕਦਾ ਹੈ ਜਾਂ ਲੋਕਤੰਤਰੀ ਪ੍ਰਤੀਕ੍ਰਿਆ ਦਾ ਕਾਰਨ ਬਣ ਸਕਦਾ ਹੈ। ਇਸ ਪ੍ਰਕਿਰਿਆ ਵਿੱਚ ਚੁਣੇ ਹੋਏ ਕਾਰਜਕਾਰੀਆਂ ਦੁਆਰਾ ਸੰਸਥਾਗਤ ਤਬਦੀਲੀਆਂ ਦੀ ਇੱਕ ਲੜੀ ਸ਼ਾਮਲ ਹੁੰਦੀ ਹੈ, ਜੋ ਰਾਜਨੀਤਿਕ ਵਿਰੋਧੀ ਧਿਰ ਦੀ ਸਰਕਾਰ ਨੂੰ ਚੁਣੌਤੀ ਦੇਣ ਅਤੇ ਇਸ ਨੂੰ ਜਵਾਬਦੇਹ ਬਣਾਉਣ ਦੀ ਯੋਗਤਾ ਨੂੰ ਕਮਜ਼ੋਰ ਕਰਦੀ ਹੈ। ਕਾਰਜਕਾਰੀ ਵਿਕਾਸ ਦੀ ਸਭ ਤੋਂ ਮਹੱਤਵਪੂਰਨ ਵਿਸ਼ੇਸ਼ਤਾ ਇਹ ਹੈ ਕਿ ਸੰਸਥਾਗਤ ਤਬਦੀਲੀਆਂ ਕਾਨੂੰਨੀ ਮਾਧਿਅਮਾਂ ਰਾਹੀਂ ਕੀਤੀਆਂ ਜਾਂਦੀਆਂ ਹਨ, ਜਿਸ ਨਾਲ ਇਹ ਜਾਪਦਾ ਹੈ ਕਿ ਚੁਣੇ ਹੋਏ ਅਧਿਕਾਰੀ ਕੋਲ ਲੋਕਤੰਤਰੀ ਹੁਕਮ ਹੈ। ਕਾਰਜਕਾਰੀ ਸੁਧਾਰ ਦੀਆਂ ਕੁਝ ਉਦਾਹਰਣਾਂ ਮੀਡੀਆ ਦੀ ਆਜ਼ਾਦੀ ਦਾ ਪਤਨ ਅਤੇ ਕਾਨੂੰਨ ਦੇ ਸ਼ਾਸਨ ਦਾ ਕਮਜ਼ੋਰ ਹੋਣਾ (ਭਾਵ, ਸਰਕਾਰ ’ਤੇ ਨਿਆਂਇਕ ਅਤੇ ਨੌਕਰਸ਼ਾਹੀ ਰੋਕਾਂ) ਹਨ, ਜਿਵੇਂ ਕਿ ਜਦੋਂ ਨਿਆਂਇਕ ਖ਼ੁਦਮੁਖਤਿਆਰੀ ਨੂੰ ਖ਼ਤਰਾ ਹੁੰਦਾ ਹੈ। ਸਮੇਂ ਦੇ ਨਾਲ, ਸਰਗਰਮ ਤਖਤਾਪਲਟ (ਜਿਸ ਵਿੱਚ ਸੱਤਾ ਦੀ ਮੰਗ ਕਰਨ ਵਾਲਾ ਵਿਅਕਤੀ, ਜਾਂ ਛੋਟਾ ਸਮੂਹ, ਜ਼ਬਰਦਸਤੀ, ਹਿੰਸਕ ਤੌਰ ’ਤੇ ਮੌਜੂਦਾ ਸਰਕਾਰ ਨੂੰ ਹਟਾਉਣ ਦੇ ਜ਼ਰੀਏ ਸੱਤਾ ਹਥਿਆ ਲੈਂਦਾ ਹੈ) ਅਤੇ ਸਵੈ-ਪਲਟਾਉਣ (ਜਿਸ ਵਿੱਚ ਸੰਵਿਧਾਨ ਨੂੰ ਮੁਅੱਤਲ ਕਰਨ ਲਈ ਇੱਕ ਆਜ਼ਾਦ ਤੌਰ ’ਤੇ ਚੁਣਿਆ ਗਿਆ ਮੁੱਖ ਕਾਰਜਕਾਰੀ ਸ਼ਾਮਲ ਹੁੰਦਾ ਹੈ) ਵਿੱਚ ਗਿਰਾਵਟ ਆਈ ਹੈ।

ਪੰਜਾਬ ਜ਼ਿਮਨੀ ਚੋਣਾਂ

# ਪਰਿਵਾਰਵਾਦ ਅਤੇ ਦਲ ਬਦਲੂ ਸਿਆਸਤ



ਗੁਰਮੀਤ ਸਿੰਘ ਪਲਾਹੀ
9815802070









ਪੰਜਾਬ ਦਾ ਦੁਖਾਂਤ ਹੀ ਸਮਝਿਆ ਜਾਣਾ ਚਾਹੀਦਾ ਹੈ ਕਿ ਪੰਜਾਬ 'ਚ ਸਾਫ਼-ਸੁਥਰੀ, ਦਿਆਨਤਦਾਰੀ ਵਾਲੀ ਸਿਆਸਤ ਦੇ ਦਿਨ ਹੀ ਪੁੱਗ ਗਏ ਹਨ। ਪੰਜਾਬ 'ਚ ਚੋਣ ਨਤੀਜੇ ਹਥਿਆਉਣ ਲਈ ਲਗਭਗ ਹਰੇਕ ਸਿਆਸੀ ਧਿਰ ਦਲ ਬਦਲੂ ਅਤੇ ਪਰਿਵਾਰਵਾਦ ਵਾਲੀ ਸਿਆਸਤ ਨੂੰ ਹੁਲਾਰਾ ਦੇ ਰਹੀ ਹੈ। ਮਸਲਾ ਪੰਜਾਬ ਦੇ ਮੁੱਦੇ ਮਸਲਿਆਂ ਨੂੰ ਹੱਲ ਕਰਨ ਦਾ ਨਹੀਂ, ਪੰਜਾਬ ਹਿਤੈਸ਼ੀ ਸਿਆਸਤ ਕਰਨ ਦਾ ਵੀ ਨਹੀਂ, ਮਸਲਾ ਤਾਂ ਪੰਜਾਬ 'ਚ ਸਿਆਸੀ ਤਾਕਤ ਹਥਿਆਉਣ ਦਾ ਹੈ, "ਅੱਥਰੇ ਪੰਜਾਬ" ਨੂੰ ਲਗਾਮ ਪਾਉਣ ਦਾ ਹੈ।

ਪੰਜਾਬ ਦੀਆਂ ਜ਼ਿਮਨੀ ਚੋਣਾਂ ਦੇ ਹਾਲਾਤ ਵਾਚ ਲਵੋ। ਚਾਰ ਸੀਟਾਂ ਗਿੱਦੜਵਾਹਾ ਅਤੇ ਬਰਨਾਲਾ (ਮਾਲਵਾ), ਡੇਰਾ ਬਾਬਾ ਨਾਨਕ (ਮਾਝਾ), ਚੱਬੇਵਾਲ (ਦੁਆਬਾ) 'ਚ ਚੋਣਾਂ ਹਨ। ਅਜ਼ਾਦ ਉਮੀਦਵਾਰਾਂ 'ਚ ਬਹੁਤੇ ਸਿਆਸੀ ਪਾਰਟੀਆਂ ਤੋਂ ਰੁਸੇ ਹੋਏ ਹਨ। ਚਾਰੋਂ ਸੀਟਾਂ ਉੱਤੇ ਭਾਜਪਾ, ਕਾਂਗਰਸ, ਆਮ ਆਦਮੀ ਪਾਰਟੀ ਨੇ ਜੋ 12 ਅਧਿਕਾਰਤ ਉਮੀਦਵਾਰ ਖੜੇ ਕੀਤੇ ਹਨ, ਉਹਨਾਂ ਵਿਚੋਂ 6 ਦਲ ਬਦਲੂ, 3 ਸੰਸਦ ਮੈਂਬਰਾਂ ਦੀਆਂ ਪਤਨੀਆਂ, ਬੇਟਾ ਚੋਣ ਲੜ ਰਹੇ ਹਨ। ਪਰਿਵਾਰ ਦਾ ਸ਼ਿਕਾਰ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਇਹਨਾਂ ਜ਼ਿਮਨੀ ਚੋਣਾਂ 'ਚ ਮੈਦਾਨੋਂ ਭੱਜ ਤੁਰਿਆ ਹੈ। ਕਾਂਗਰਸ ਨੂੰ ਕੀ ਐਮ.ਪੀ. ਸੁਖਜਿੰਦਰ ਸਿੰਘ ਦੀ ਪਤਨੀ ਜਤਿੰਦਰ ਕੌਰ ਤੋਂ ਬਿਨਾਂ ਜਾਂ ਐਮ.ਪੀ. ਕਾਂਗਰਸ ਸੂਬਾ ਪ੍ਰਧਾਨ ਰਾਜਾ ਵੜਿੰਗ ਦੀ ਪਤਨੀ ਅੰਮ੍ਰਿਤਾ ਵੜਿੰਗ ਤੋਂ ਬਿਨਾਂ ਜਾਂ ਆਮ ਆਦਮੀ ਪਾਰਟੀ ਦੇ ਐਮ.ਪੀ. ਰਾਜ ਕੁਮਾਰ ਚੱਬੇਵਾਲ ਨੂੰ ਆਪਣੇ ਪੁੱਤਰ ਤੋਂ ਬਿਨਾਂ ਪਾਰਟੀ ਵਿੱਚ ਚੋਣ ਲੜਨ ਲਈ ਕੋਈ ਆਮ ਉਮੀਦਵਾਰ ਜਾਂ ਨੇਤਾ ਹੀ ਨਹੀਂ ਮਿਲਿਆ ਜਾਂ ਭਾਜਪਾ ਨੂੰ ਆਪਣੇ ਸਿੱਕੇਬੰਦ ਵਰਕਰਾਂ ਵਿਚੋਂ ਕੋਈ ਚਿਹਰਾ ਪਸੰਦ ਹੀ ਨਹੀਂ ਆਇਆ ਕਿ ਉਹ ਵਿਧਾਨ ਸਭਾ ਚੋਣ ਲੜ ਸਕੇ। ਭਾਜਪਾ ਨੇ ਤਾਂ ਲਗਭਗ ਸਾਰੀਆਂ ਸੀਟਾਂ ਉੱਤੇ ਟੇਕ ਦਲ ਬਦਲੂ 'ਤੇ ਰੱਖ ਛੱਡੀ ਹੈ। ਚੋਣਾਂ ਦੀ ਨਾਮਜਦਗੀ ਤੋਂ ਇੱਕ ਦਿਨ ਪਹਿਲਾਂ ਹੀ ਚੱਬੇਵਾਲ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਨੇਤਾ 'ਸੋਹਣ ਸਿੰਘ ਠੰਡਲ' ਨੂੰ ਭਾਜਪਾ 'ਚ ਸ਼ਾਮਲ ਕਰਕੇ ਚੋਣ ਲੜਾਈ ਜਾ ਰਹੀ ਹੈ। ਸਿਮਰਨਜੀਤ ਸਿੰਘ ਮਾਨ ਦਾ ਦੋਹਤਰਾ ਬਰਨਾਲਾ ਤੋਂ ਗੋਬਿੰਦ ਸਿੰਘ ਸੰਧੂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦਾ ਉਮੀਦਵਾਰ ਹੈ।

ਕਾਂਗਰਸ 2027 ਦੀਆਂ ਵਿਧਾਨ ਸਭਾ ਚੋਣਾਂ ਉੱਤੇ ਅੱਖ ਟਿਕਾਈ ਬੈਠੀ ਹੈ। ਲੋਕ ਸਭਾ ਚੋਣਾਂ 'ਚ 7 ਸੀਟਾਂ ਜਿੱਤ ਕੇ ਉਤਸ਼ਾਹਿਤ ਹੈ। ਪਾਰਟੀ 'ਚ ਸਿਰੇ ਦੀ ਧੜੇਬੰਦੀ ਹੈ। ਪਰ ਫਿਰ ਵੀ ਸਰਕਾਰੀ ਧਿਰ ਦੇ ਵਿਰੋਧ ਵਿੱਚ ਖੜੀ ਕਾਂਗਰਸ ਆਪਣੀ ਕਾਰਗੁਜ਼ਾਰੀ ਨੂੰ ਸੁਧਾਰਨ ਦੇ ਯਤਨ ਵਿੱਚ ਹੈ। ਪਰ ਕਾਂਗਰਸ ਦੀ ਹਾਈਕਮਾਂਡ ਜੋ ਸਾਫ਼-ਸੁਥਰੀ ਸਿਆਸਤ ਕਰਨ ਦਾ ਦਾਅਵਾ ਕਰਦੀ ਹੈ, ਉਹ ਪਰਿਵਾਰਵਾਦ ਉੱਤੇ ਟੇਕ ਰੱਖ ਕੇ ਚੋਣਾਂ ਜਿੱਤਣ ਲਈ ਆਪਣੇ ਸੂਬਾ ਪ੍ਰਧਾਨ ਰਾਜਾ ਵੜਿੰਗ ਜੋ ਪਹਿਲਾ ਵਿਧਾਨ ਸਭਾ ਮੈਂਬਰ ਸੀ ਤੇ ਫਿਰ ਐਮ.ਪੀ. ਚੁਣਿਆ ਗਿਆ, ਉਸ ਦੀ ਪਤਨੀ ਨੂੰ ਹੀ ਵਿਧਾਨ ਸਭਾ ਦੀ ਟਿਕਟ ਦੇਣ ਲਈ ਮਜਬੂਰ ਹੈ, ਇਹੋ ਹਾਲ ਐਮ.ਪੀ. ਸੁਖਜਿੰਦਰ ਸਿੰਘ ਰੰਧਾਵਾ ਦਾ ਹੈ, ਜਿਸ ਦੀ ਪਤਨੀ ਨੂੰ ਡੇਰਾ ਬਾਬਾ ਨਾਨਕ ਤੋਂ ਟਿਕਟ ਮਿਲੀ ਹੈ। ਕੀ ਹਾਈ ਕਮਾਂਡ ਆਮ ਵਰਕਰਾਂ 'ਤੇ ਭਰੋਸਾ ਨਹੀਂ ਕਰ ਰਹੀ? ਕੀ ਉਸ ਦੇ ਮਨ 'ਚ ਆਪਣੇ ਨੇਤਾਵਾਂ ਦੀ ਦਲ ਬਦਲੀ ਦਾ ਡਰ ਹੈ, ਜੋ ਪਰਿਵਾਰਾਂ ਵਿਚੋਂ ਹੀ ਟਿਕਟਾਂ ਦੀ ਚੋਣ ਕਰ ਰਹੀ ਹੈ। ਆਮ ਆਦਮੀ ਪਾਰਟੀ ਹੁਣ ਆਮ ਲੋਕਾਂ ਦੀ ਪਾਰਟੀ ਨਹੀਂ ਰਹੀ। ਖਾਸਮ-ਖਾਸ ਪਾਰਟੀ ਬਣ ਚੁੱਕੀ ਜਾਪਦੀ ਹੈ। ਇਸ ਪਾਰਟੀ 'ਚ ਕਲੇਸ਼ ਕਾਫੀ ਹੱਦ ਤੱਕ ਵੱਧ ਚੁੱਕਾ ਹੈ। ਮੌਜੂਦਾ ਮੁੱਖ ਮੰਤਰੀ ਉੱਤੇ ਦਿੱਲੀ ਦੀ ਹਾਈ ਕਮਾਂਡ ਭਰੋਸਾ ਨਹੀਂ ਕਰ ਰਹੀ। ਉਮੀਦਵਾਰਾਂ ਦੀ ਚੋਣ ਉਪਰੋਂ ਹੁੰਦੀ ਹੈ। ਆਮ ਆਦਮੀ ਪਾਰਟੀ ਦਾ ਕਾਡਰ ਨਿਰਾਸ਼ਤਾ ਦੇ ਆਲਮ 'ਚ ਹੈ। ਫਿਰ ਵੀ ਪਾਰਟੀ, ਸਰਕਾਰੀ ਸਹਾਇਤਾ ਨਾਲ ਹਰ ਹਰਬਾ ਵਰਤ ਕੇ ਚਾਰੋਂ ਸੀਟਾਂ ਉੱਤੇ ਕਬਜ਼ਾ ਜਮਾਉਣਾ ਚਾਹੁੰਦੀ ਹੈ। ਜਿਸ ਢੰਗ ਨਾਲ ਜਲੰਧਰ ਵੈਸਟ ਜ਼ਿਮਨੀ ਵਿਧਾਨ ਸਭਾ ਚੋਣ ਵੇਲੇ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਨੇ ਸਾਮ-ਦਾਮ-ਦੰਡ ਦੀ ਵਰਤੋਂ ਕਰਕੇ ਸੀਟ ਹਥਿਆਈ ਸੀ, ਉਸ ਕਿਸਮ ਦਾ ਮਾਹੌਲ ਸ਼ਾਇਦ ਇਹਦਾ 4 ਜ਼ਿਮਨੀ ਚੋਣਾਂ 'ਚ ਨਾ ਬਣ ਸਕੇ। ਪਰ ਭਗਵੰਤ ਸਿੰਘ ਮਾਨ ਆਪਣੀ ਐਮ.ਪੀ. ਚੋਣ ਵੇਲੇ ਹੋਈ ਹਾਰ ਨੂੰ ਕੁਝ ਹੱਦ ਤੱਕ ਜਿੱਤ 'ਚ ਬਦਲਣ ਲਈ ਯਤਨ ਜ਼ਰੂਰ ਕਰੇਗਾ, ਭਾਵੇਂ ਕਿ ਇਸ ਗੱਲ ਦਾ ਖਦਸ਼ਾ ਹੈ ਕਿ ਮੁੱਖ ਮੰਤਰੀ ਵਿਰੋਧੀ ਲਾਬੀ ਉਸ ਨੂੰ ਠਿੱਬੀ ਲਾਉਣ ਦੇ ਯਤਨਾਂ 'ਚ ਹੈ ਤਾਂ ਕਿ ਉਹਨਾਂ ਤੋਂ ਮੁੱਖ ਮੰਤਰੀ ਅਹੁਦੇ ਤੋਂ ਅਸਤੀਫ਼ਾ ਮੰਗਿਆ ਜਾ ਸਕੇ। ਆਮ ਆਦਮੀ ਪਾਰਟੀ ਨੇ ਜ਼ਿਮਨੀ ਚੋਣ 'ਚ ਪਾਰਟੀ 'ਚ ਬਾਹਰੋਂ ਆਏ ਲੋਕਾਂ ਨੂੰ ਟਿਕਟਾਂ ਤਾਂ ਦਿੱਤੀਆਂ ਹੀ ਹਨ। ਰਾਜ ਕੁਮਾਰ ਚੱਬੇਵਾਲ ਐਮ.ਪੀ. ਹੁਸ਼ਿਆਰਪੁਰ ਦੇ ਬੇਟੇ ਇਸ਼ਾਂਤ ਚੱਬੇਵਾਲ ਨੂੰ ਟਿਕਟ ਦੇ ਕੇ ਇਹ ਸਾਬਤ ਕਰ ਦਿੱਤਾ ਹੈ ਕਿ ਉਹ ਪਰਿਵਾਰਵਾਦ ਨੂੰ ਗਲਤ ਨਹੀਂ ਸਮਝਦੀ। ਚੋਣ ਜਿੱਤਣ ਲਈ "ਬਾਹਰੋਂ ਆਇਆਂ ਦਾ ਤਾਂ ਸਵਾਗਤ ਹੀ ਹੈ, ਪਰਿਵਾਰ ਦੇ ਮੈਂਬਰਾਂ ਦੀ ਪੁਸ਼ਤਪਨਾਹੀ ਵੀ ਗਲਤ ਨਹੀਂ ਹੈ।" ਭਾਜਪਾ ਤਾਂ ਪਿਛਲੇ ਲੰਮੇ ਸਮੇਂ ਤੋਂ ਢੇਰਾਂ ਦੇ ਢੇਰ ਨੇਤਾਵਾਂ ਨੂੰ ਆਪਣੇ ਪਾਰਟੀ 'ਚ ਢੋਅ ਰਹੀ ਹੈ। ਅਮਰਿੰਦਰ ਸਿੰਘ ਸਾਬਕਾ ਮੁੱਖ ਮੰਤਰੀ, ਭਾਜਪਾ ਦੇ ਮੌਜੂਦਾ ਪ੍ਰਧਾਨ ਸੁਨੀਲ ਜਾਖੜ ਅਤੇ ਅਨੇਕਾਂ ਸਾਬਕਾ ਮੰਤਰੀ, ਵਿਧਾਨ ਥੋਕ ਦੇ ਭਾਅ ਭਾਜਪਾ ਵਿੱਚ ਸ਼ਾਮਲ ਕੀਤੇ ਹੋਏ ਹਨ ਅਤੇ ਉਹਨਾਂ ਨੂੰ ਹੀ ਚੋਣਾਂ 'ਚ ਅੱਗੇ ਕੀਤਾ ਜਾ ਰਿਹਾ ਹੈ। ਪਰਿਵਾਰਵਾਦ ਦਾ ਵਿਰੋਧ ਕਰਨ ਵਾਲੀ ਭਾਜਪਾ ਆਖ਼ਿਰ ਪੰਜਾਬ 'ਚ ਦੋਹਰੇ ਮਾਪਦੰਡ ਕਿਉਂ ਅਪਨਾ ਰਹੀ ਹੈ? ਉਸ ਨੂੰ ਐਮ.ਪੀ. ਚੋਣ ਵੇਲੇ ਅਮਰਿੰਦਰ ਸਿੰਘ ਸਾਬਕਾ ਮੁੱਖ ਮੰਤਰੀ ਦੇ ਪਰਿਵਾਰ ਵਿਚੋਂ ਉਹਨਾਂ ਦੀ ਪਤਨੀ ਪ੍ਰਨੀਤ ਕੌਰ ਹੀ ਚੋਣ ਲੜਨ ਲਈ ਕਿਉਂ ਦਿਸਦੀ ਹੈ? ਹੁਸ਼ਿਆਰਪੁਰ ਤੋਂ ਐਮ.ਪੀ. ਸੋਮ ਪ੍ਰਕਾਸ਼ ਦੀ ਪਤਨੀ ਅਨੀਤਾ ਸੋਮ ਪ੍ਰਕਾਸ਼ ਨੂੰ ਹੀ ਕਿਉਂ ਚੋਣ ਲੜਾਈ ਜਾਂਦੀ ਹੈ। ਪਾਰਟੀ ਦੇ ਸਿੱਕੇਬੰਦ ਵਰਕਰਾਂ ਦੀ ਥਾਂ "ਅਕਾਲੀ ਠੰਡਲ" ਹੀ ਚੱਬੇਵਾਲ ਤੋਂ ਉਮੀਦਵਾਰ ਕਿਉਂ ਹੈ? ਬਰਨਾਲੇ ਤੋਂ ਕੇਵਲ ਸਿੰਘ ਢਿੱਲੋਂ ਹੀ ਪਾਰਟੀ ਦੀ ਪਹਿਲ ਕਿਉਂ ਹੈ, ਜੋ ਕਦੇ ਕਾਂਗਰਸ ਦਾ ਧੁਰਾ ਗਿਣਿਆ ਜਾਂਦਾ ਸੀ।

ਅਸਲ ਵਿੱਚ ਭਾਜਪਾ 'ਪੰਜਾਬ' ਉੱਤੇ ਕਬਜ਼ਾ ਕਰਨਾ ਚਾਹੁੰਦੀ ਹੈ। ਪੰਜਾਬ ਦੇ ਲੋਕਾਂ ਦੀ, ਜੋ ਜੁਝਾਰੂ ਹਨ, ਦੀ ਸੋਚ ਖੁੰਡੀ ਕਰਨਾ ਚਾਹੁੰਦੀ ਹੈ ਤਾਂ ਕਿ ਪੂਰੇ ਦੇਸ਼ ਉੱਤੇ ਆਰਾਮ



ਨਾਲ ਰਾਜ ਕਰ ਸਕੇ। ਪੰਜਾਬ ਵਿੱਚ ਉਹਦੀ ਇਸ ਆਸ ਦੀ ਪੂਰਤੀ ਉਸ ਦਾ ਪੁਰਾਣਾ ਭਾਈਵਾਲ ਸ਼੍ਰੋਮਣੀ ਅਕਾਲੀ ਦਲ (ਬ) ਪੂਰੀ ਕਰ ਰਿਹਾ ਹੈ। ਜਿਸ ਨੇ ਇਸ ਵੇਲੇ ਆਪਣੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਕਰਾਰ ਦਿੱਤੇ ਜਾਣ ਉਪਰੰਤ ਪੈਦਾ ਹੋਈ ਹਾਲਾਤ ਦੇ ਮੱਦੇਨਜ਼ਰ ਜ਼ਿਮਨੀ ਚੋਣਾਂ ਦਾ ਬਾਈਕਾਟ ਹੀ ਕਰ ਦਿੱਤਾ ਹੈ। ਜਿਸ ਦਾ ਸਿੱਧਾ ਲਾਭ ਭਾਜਪਾ ਉਠਾਉਣਾ ਚਾਹ ਰਹੀ ਹੈ। ਯਾਦ ਰਹੇ ਐਮ.ਪੀ. ਚੋਣਾਂ ਵੇਲੇ ਗਿੱਦੜਬਾਹਾ ਅਤੇ ਡੇਰਾ ਬਾਬਾ ਨਾਨਕ ਤੋਂ ਸ਼੍ਰੋਮਣੀ ਅਕਾਲੀ ਦਲ ਦੂਜੇ ਨੰਬਰ 'ਤੇ ਸੀ। ਤਾਂ ਫਿਰ ਇਹ ਜਿੱਤਣ ਵਾਲੀਆਂ ਸੀਟਾਂ ਕਿਉਂ ਛੱਡੀਆਂ ਜਾ ਰਹੀਆਂ ਹਨ?

ਪੰਜਾਬ ਦੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਜੋ ਪਰਿਵਾਰਵਾਦ ਦਾ ਸ਼ਿਕਾਰ ਹੋਈ ਹੈ, ਉਸ ਦੇ ਨੇਤਾ ਸੁਖਬੀਰ ਸਿੰਘ ਬਾਦਲ ਦੀ ਇਸ ਅੜੀ ਕਿ ਉਹ ਹੀ ਪ੍ਰਧਾਨ ਵਜੋਂ ਪਾਰਟੀ 'ਚ ਵਿਚਰਨਗੇ, ਨੇ ਅਕਾਲੀ ਸਫ਼ਾ 'ਚ ਧੜੇਬੰਦੀ ਤਾਂ ਪੈਦਾ ਕੀਤੀ ਹੀ ਹੈ, ਵਿਧਾਨ ਸਭਾ ਚੋਣਾਂ 'ਚ ਮੈਦਾਨ ਛੱਡਣ ਕਾਰਨ ਵਰਕਰਾਂ 'ਚ ਮਾਯੂਸੀ ਵੀ ਪੈਦਾ ਕੀਤੀ ਹੈ। ਚਾਹੇ ਇਹਨਾਂ ਹਲਕਿਆਂ ਦੇ ਪੱਕੇ ਅਕਾਲੀ ਵੋਟਰ ਚੋਣ ਲੜ ਰਹੀਆਂ ਸਿਆਸੀ ਪਾਰਟੀਆਂ ਦੇ ਪਾਲੇ 'ਚ ਜਾਣ ਦੀ ਤਿਆਰੀ 'ਚ ਹਨ। ਸਭ ਤੋਂ ਮਜ਼ਬੂਤ ਰਹਿ ਰਹੀ ਖੇਤਰੀ ਪਾਰਟੀ ਅਕਾਲੀ ਦਲ (ਬ) ਦਾ ਭਵਿੱਖ ਪਰਿਵਾਰਵਾਦ ਦੀ ਭੇਟ ਚੜ ਗਿਆ ਹੈ ਅਤੇ ਇਸ ਦੇ ਭਵਿੱਖ ਵਿੱਚ ਹਾਸ਼ੀਏ 'ਚ ਜਾਣ ਦੇ ਆਸਾਰ ਹਨ। ਪਿਛਲੀ ਲੋਕ ਸਭਾ ਚੋਣਾਂ 'ਚ ਇਸ ਪਾਰਟੀ ਨੇ 13ਫੀਸਦੀ ਵੋਟਾਂ ਹਾਸਲ ਕੀਤੀਆਂ ਸਨ। ਉਹ ਵੋਟਰ ਕਿਧਰ ਜਾਣਗੇ? ਕੀ ਆਪਣੇ ਪੁਰਾਣੇ ਭਾਈਵਾਲ ਭਾਜਪਾ ਨੂੰ ਭੁਗਤਣਗੇ ਜਾਂ ਕੋਈ ਹੋਰ ਰਾਹ ਅਖਤਿਆਰ ਕਰਨਗੇ? ਕੀ ਜਦੋਂ 2027 'ਚ ਸ਼੍ਰੋਮਣੀ ਅਕਾਲੀ ਦਲ (ਬ) ਮੁੜ ਚੋਣਾਂ ਲੜੇਗਾ ਤਾਂ ਇਹ ਪਾਰਟੀ ਵਰਕਰ ਕੀ ਮੁੜ ਅਕਾਲੀ ਦਲ (ਬ) ਦੀ ਸਫ਼ਾ 'ਚ ਪਰਤਨਗੇ? ਅਸਲ 'ਚ ਇਹ ਸਭ ਕੁਝ ਬਾਦਲ ਪਰਿਵਾਰ ਦੀ ਹੋਂਦ ਨੂੰ ਬਚਾਉਣ ਦੀ ਕੀਮਤ ਉੱਤੇ ਕੀਤਾ ਜਾ ਰਿਹਾ ਹੈ, ਜੋ ਪਾਰਟੀ ਲਈ ਵੱਡਾ ਨੁਕਸਾਨ ਸਾਬਤ ਹੋਏਗਾ। ਐਮ.ਪੀ. ਚੋਣਾਂ ਵੇਲੇ ਸ਼੍ਰੋਮਣੀ ਅਕਾਲੀ ਦਲ ਨੂੰ ਗਿੱਦੜਬਾਹਾ 'ਚ 49053, ਬਰਨਾਲਾ 'ਚ 26990, ਚੱਬੇਵਾਲ 'ਚ 19229, ਡੇਰਾ ਬਾਬਾ ਨਾਨਕ 'ਚ 50089 ਵੋਟਾਂ ਭਾਵ ਕੁਲ 80 ਹਜ਼ਾਰ ਦੇ ਕਰੀਬ ਦੋਹਾਂ ਹਲਕਿਆਂ 'ਚ ਮਿਲੀਆਂ ਸਨ। ਕੀ ਇਹ ਵੋਟਾਂ ਪਰਿਵਾਰਵਾਦ ਦੀ ਭੇਟ ਨਹੀਂ ਚੜਨਗੀਆਂ ਜਦੋਂ ਅਕਾਲੀ ਦਲ ਆਰਾਮ ਕਰਨ ਲਈ ਚੋਣਾਂ ਤੋਂ ਪਿੱਛੇ ਹੱਟ ਕੇ ਬੈਠ ਗਿਆ ਹੈ? ਇਕ ਸਵਾਲ ਇਹ ਵੀ ਸਿਆਸੀ ਹਲਕਿਆਂ 'ਚ ਉੱਠਦਾ ਹੈ ਕਿ ਕੀ ਇਹ ਅੰਦਰੋਗਤੀ ਭਾਜਪਾ ਨਾਲ ਪੁਰਾਣੀ ਭਾਈਵਾਲੀ ਪੁਗਾਉਣ ਦਾ ਯਤਨ ਤਾਂ ਨਹੀਂ ਹੈ?

ਆਓ ਜਾਂਦੇ-ਜਾਂਦੇ ਇੱਕ ਝਾਤ ਪੰਜਾਬ ਦੇ ਇਹਨਾਂ ਚਾਰੇ ਵਿਧਾਨ ਸਭਾ ਹਲਕਿਆਂ 'ਚ ਖੜੇ ਉਮੀਦਵਾਰਾਂ ਦੀ ਅਮੀਰੀ ਉੱਤੇ ਮਾਰੀਏ। ਭਾਜਪਾ ਦੇ ਉਮੀਦਵਾਰ ਇਹਨਾਂ ਜ਼ਿਮਨੀ ਚੋਣਾਂ 'ਚ ਸਭ ਤੋਂ ਵੱਧ ਅਮੀਰ ਹਨ। ਇਹਨਾਂ ਚੋਣਾਂ 'ਚ 60 ਉਮੀਦਵਾਰ ਹਨ। ਭਾਜਪਾ ਦਾ ਰਵੀਕਰਨ ਕਾਹਲੋਂ (ਦਲ ਬਦਲੂ), ਮਨਪ੍ਰੀਤ ਸਿੰਘ ਬਾਦਲ (ਦਲ ਬਦਲੂ), ਆਮ ਉਮੀਦਵਾਰ ਹਰਦੀਪ ਸਿੰਘ ਡਿੰਪੀ ਢਿਲੋਂ (ਦਲ ਬਦਲੂ), ਕੇਵਲ ਸਿੰਘ ਢਿੱਲੋਂ (ਦਲ ਬਦਲੂ) ਸਭ ਤੋਂ ਅਮੀਰ ਉਮੀਦਵਾਰ ਹਨ। ਸੁਖਜਿੰਦਰ ਸਿੰਘ ਰੰਧਾਵਾ ਦੀ ਪਤਨੀ ਜਤਿੰਦਰ ਕੌਰ, ਰਾਜਾ ਵੜਿੰਗ ਦੀ ਪਤਨੀ ਅੰਮ੍ਰਿਤਾ ਵੜਿੰਗ ਅਮੀਰ ਉਮੀਦਵਾਰਾਂ 'ਚ ਸ਼ਾਮਲ ਹਨ। ਜਿਹੜੇ ਵੀ ਦਲ-ਬਦਲੂ ਜਾਂ ਪਰਿਵਾਰਕ ਮੈਂਬਰ ਇਹਨਾਂ ਚੋਣਾਂ 'ਚ ਵਿਧਾਨ ਸਭਾ ਚੋਣ ਹਲਕਿਆਂ 'ਚ ਜਿੱਤਣਗੇ, ਉਹ ਕੀ ਆਪੋ-ਆਪਣੀ ਪਾਰਟੀ ਦੀਆਂ ਨੀਤੀਆਂ 'ਤੇ ਪਹਿਰਾ ਦੇਣਗੇ ਜਾਂ ਆਪਣੇ ਹਿੱਤਾਂ ਦੀ ਪੂਰਤੀ ਕਰਨਗੇ? ਜਾਂ ਕੀ ਉਹ ਔਖਿਆਈਆਂ ਨਾਲ ਜੂਝ ਰਹੇ ਪੰਜਾਬ ਦੀ ਬਾਂਹ ਫੜਨਗੇ ਜਾਂ ਫਿਰ ਰਾਸ਼ਟਰੀ ਪੰਜਾਬ ਉਜਾੜੂ ਨੀਤੀਆਂ ਦਾ ਸਾਥ ਦੇਣਗੇ।


ਪੰਜਾਬ ਦਾ ਕਿਸਾਨ ਸੜਕਾਂ 'ਤੇ ਹੈ। ਪ੍ਰਮੁੱਖ ਸੜਕਾਂ 'ਤੇ ਪੱਕੇ ਮੋਰਚੇ ਲੱਗੇ ਹੋਏ ਹਨ। ਕਿਸਾਨ ਦਾ ਝੋਨਾ ਰੁਲ ਰਿਹਾ ਹੈ। ਕਿਸਾਨ ਪ੍ਰਤੀ ਕੁਇੰਟਲ 100 ਤੋਂ ਲੈ ਕੇ 200 ਮਣ ਤੱਕ ਝੋਨਾ ਘੱਟ ਰੇਟ ਤੇ ਵੇਚਣ ਲਈ ਮਜਬੂਰ ਹਨ। ਸਰਕਾਰਾਂ ਉਪਰਲੀ, ਹੇਠਲੀ ਆਪੋ-ਆਪਣੀਆਂ ਗੋਟੀਆਂ ਖੇਡ ਰਹੀਆਂ ਹਨ। ਮਸਲਿਆਂ ਦਾ ਹੱਲ ਨਹੀਂ ਕਰ ਰਹੀਆਂ। ਪੰਜਾਬ ਗੰਭੀਰ ਸੰਕਟ ਵੱਲ ਵੱਧ ਰਿਹਾ ਹੈ। ਇਹੋ ਜਿਹੇ ਸਮੇਂ ਜ਼ਿਮਨੀ ਚੋਣਾਂ ਪੰਜਾਬ ਦੇ ਲੋਕਾਂ ਲਈ ਬਿਲਕੁਲ ਉਵੇਂ ਹੀ ਠੋਸੀਆਂ ਗਈਆਂ ਜਾਪਦੀਆਂ ਹਨ, ਜਿਵੇਂ "ਝੋਨੇ ਦੇ ਸੀਜ਼ਨ" ਵਿੱਚ ਪੰਚਾਇਤ ਚੋਣਾਂ ਠੋਸੀਆਂ ਗਈਆਂ ਸਨ ਤੇ ਜਿਹੜੀਆਂ ਪੰਜਾਬ ਦੇ ਪਿੰਡਾਂ 'ਚ ਸਥਾਨਕ ਸਰਕਾਰਾਂ ਚੁਣਨ ਦੀ ਥਾਂ 'ਧਨਾਢਾਂ' ਵੱਲੋਂ ਪੈਸੇ ਦੀ ਵਰਤੋਂ, ਧੌਂਸ ਧੱਕੇ ਨਾਲ ਚੋਣਾਂ ਜਿੱਤਣ ਦਾ ਸਾਧਨ ਬਣੀਆਂ। ਬਿਲਕੁਲ ਇਹੀ ਹਾਲ ਪੰਜਾਬ 'ਚ ਜ਼ਿਮਨੀ ਚੋਣਾਂ 'ਚ ਵੇਖਣ ਨੂੰ ਮਿਲਦਾ ਦਿੱਸਦਾ ਹੈ।

ਪਰਿਵਾਰਵਾਦ ਦੀਆਂ ਜੜ੍ਹਾਂ ਪੰਜਾਬ 'ਚ ਡੂੰਘੀਆਂ ਹੁੰਦੀਆਂ ਜਾ ਰਹੀਆਂ ਹਨ। ਕੁਝ ਪਰਿਵਾਰ ਆਪਣੇ ਹਿੱਤਾਂ ਦੀ ਪੂਰਤੀ ਲਈ ਅਤੇ ਬਾਲਕਿਆਂ, ਬਾਲਕੀਆਂ ਨੂੰ ਸਿਆਸਤ ਵਿੱਚ ਪੇਸ਼ੇ ਵਜੋਂ ਲਿਆਉਣ ਲਈ ਪੱਬਾਂ ਭਾਰ ਹਨ। ਕਿਉਂਕਿ ਪੰਜਾਬ 'ਚ ਵੀ ਹੁਣ ਸਿਆਸਤ ਪੈਸੇ ਤੇ ਤਾਕਤ ਦੀ ਖੇਡ ਹੈ। ਕੋਈ ਐਮ.ਪੀ. ਜਾਂ ਐਮ.ਐਲ.ਏ. ਬਣਿਆ ਵਿਅਕਤੀ, ਆਪਣੇ ਰਿਟਾਇਰ ਹੋਣ ਤੇ ਜਾਂ ਉੱਚ ਅਹੁਦੇ 'ਤੇ ਜਾਣ 'ਤੇ ਆਪਣੇ ਕੁੰਨਬੇ ਵਿਚੋਂ ਹੀ ਕਿਸੇ ਨੂੰ ਅੱਗੇ ਲਿਆਉਂਦਾ ਹੈ। ਪ੍ਰਕਾਸ਼ ਸਿੰਘ ਬਾਦਲ, ਅਮਰਿੰਦਰ ਸਿੰਘ ਤਾਂ ਹੁਣ ਦੇ ਸਮੇਂ ਦੀਆਂ ਵੱਡੀਆਂ ਉਦਾਹਰਨਾਂ ਹਨ, ਪਰ ਛੋਟੇ ਨੇਤਾ ਵੀ ਘੱਟ ਨਹੀਂ। ਇਹ ਵਰਤਾਰਾ ਪਹਿਲਾਂ ਕੁਝ ਪਾਰਟੀਆਂ ਵਿੱਚ ਸੀ, ਪਰ ਹੁਣ ਇਹ ਲਗਭਗ ਸਭ ਪਾਰਟੀਆਂ 'ਚ ਹੈ। ਆਪਣੀ ਕੁਰਸੀ ਕਾਇਮ ਰੱਖਣ ਲਈ ਆਪਣੀ ਪਾਰਟੀ 'ਚ ਵਿਰੋਧੀਆਂ ਨੂੰ ਖੂੰਜੇ ਜਾਂ ਖੁੱਡੇ ਲਾਉਣ ਦਾ ਵਰਤਾਰਾ ਅਮਰਿੰਦਰ ਸਿੰਘ ਵੇਲੇ ਵੀ ਵੇਖਣ ਨੂੰ ਮਿਲਿਆ ਅਤੇ ਪ੍ਰਕਾਸ਼ ਸਿੰਘ ਬਾਦਲ ਨੇ ਤਾਂ ਆਪਣੇ ਵਿਰੋਧੀ ਚੁਣ-ਚੁਣ ਕੇ ਪੰਥਕ ਪਾਰਟੀ ਸਫ਼ਾਂ 'ਚੋਂ ਕੱਢ ਦਿੱਤੇ। ਗੁਰਚਰਨ ਸਿੰਘ ਟੌਹੜਾ, ਜਗਦੇਵ ਸਿੰਘ ਤਲਵੰਡੀ ਆਦਿ ਉਦਾਹਰਨਾਂ ਹਨ। ਇਸ ਗੱਲ 'ਤੇ ਮੌਜੂਦਾ ਪੰਜਾਬ ਮੁੱਖ ਮੰਤਰੀ ਭਗਵਾਨ ਸਿੰਘ ਮਾਨ ਨੇ ਵੀ ਘੱਟ ਨਹੀਂ ਕੀਤੀ। ਸੁੱਚਾ ਸਿੰਘ ਛੋਟੇਪੁਰ, ਕਲਾਕਾਰ ਘੁੱਗੀ, ਸੁਖਪਾਲ ਖਹਿਰਾ ਤੇ ਅੱਧੀ ਦਰਜਨ ਤੋਂ ਵੱਧ ਉਦਾਹਰਨਾਂ ਆਮ ਆਦਮੀ ਪਾਰਟੀ 'ਚ ਵੀ ਹਨ। ਇਹਨਾਂ ਨੇਤਾਵਾਂ ਦੇ ਪਾਰਟੀਆਂ 'ਚੋਂ ਰੁਖਸਤ ਹੋਣ ਨਾਲ ਪੰਜਾਬ ਹਿਤੈਸ਼ੀ ਲੋਕਾਂ ਵਿਚੋਂ ਬਹੁਤਿਆਂ ਨੂੰ ਸਿਆਸਤ ਤੋਂ ਕਿਨਾਰਾ ਕਰਨਾ ਪਿਆ। ਜ਼ਿਮਨੀ ਚੋਣਾਂ 'ਚ ਜਿੱਤ ਭਾਵੇਂ ਪਰਿਵਾਰਵਾਦ ਨੂੰ ਉਤਸ਼ਾਹਤ ਕਰਨ ਵਾਲਿਆਂ ਦੀ ਹੋ ਜਾਵੇ ਜਾਂ ਦਲ ਬਦਲੂਆਂ ਦੀ, ਪਰ ਪੰਜਾਬ ਦੇ ਸੂਝਵਾਨ ਵੋਟਰ ਪਰਿਵਾਰਵਾਦ ਅਤੇ ਦਲ ਬਦਲੂ ਸਿਆਸਤ ਕਰਨ ਵਾਲੇ ਲੋਕਾਂ ਦੇ ਵਿਰੋਧ ਵਿੱਚ ਖੜੇ ਦਿੱਸਣਗੇ। ਉਵੇਂ ਹੀ ਜਿਵੇਂ ਪੰਜਾਬ ਦੇ ਲੋਕਾਂ ਨੇ ਬਾਦਲ ਪਰਿਵਾਰ ਦੀ ਪਰਿਵਾਰਵਾਦ ਸਿਆਸਤ ਨੂੰ ਨਕਾਰਿਆ ਹੈ ਅਤੇ ਕੈਪਟਨ ਅਮਰਿੰਦਰ ਸਿੰਘ ਦੀ ਦਲ ਬਦਲੂ ਸਿਆਸਤ ਨੂੰ ਸਬਕ ਸਿਖਾਇਆ ਹੈ। ਪੰਜਾਬ ਦੇ ਦੋ ਵਾਰ ਮੁੱਖ ਮੰਤਰੀ ਰਹੇ, ਇਕ ਵਾਰ ਵਜ਼ੀਰ, ਦੋ ਵਾਰ ਐਮ.ਪੀ. ਅਤੇ ਸੱਤ ਵੇਰ ਦੇ ਵਿਧਾਇਕ ਕੈਪਟਨ ਅਮਰਿੰਦਰ ਸਿੰਘ ਜੋ ਉੱਘੇ ਕਾਂਗਰਸੀ ਨੇਤਾ ਸਨ, ਭਾਜਪਾ ਵਾਲੇ ਪਾਸੇ ਚਲੇ ਗਏ ਹਨ, ਵੱਲੋਂ ਇੱਕ ਅਖ਼ਬਾਰ ਨੂੰ ਦਿੱਤਾ "ਸਿਆਸੀ ਹਾਉਕਾ" ਸਮਝਣ ਵਾਲਾ ਹੈ, ਜਿਸ 'ਚ ਉਹਨਾਂ ਭਾਜਪਾ 'ਤੇ ਗਿਲਾ ਕੀਤਾ ਹੈ ਕਿ ਕਿਸੇ ਵੀ ਮਾਮਲੇ ਵਿੱਚ ਭਾਜਪਾ ਉਹਨਾਂ ਦੀ ਸਲਾਹ ਨਹੀਂ ਲੈਂਦੀ। ਦਲ ਬਦਲੂ ਸਿਆਸਤ ਨੇ ਤਾਂ ਸਾਰੀਆਂ ਪਾਰਟੀਆਂ ਦੇ ਆਮ ਵਰਕਰਾਂ ਦਾ ਮਨੋਬਲ ਡੇਗਿਆ ਹੈ। ਪਰ ਪੈਰਾਸ਼ੂਟ ਰਾਹੀਂ ਆਏ ਨੇਤਾਵਾਂ ਵਿਚੋਂ ਬਹੁਤਿਆਂ ਨੂੰ ਪਾਰਟੀਆਂ ਦੇ ਸਿੱਕੇਬੰਦ ਨੇਤਾਵਾਂ/ਵਰਕਰਾਂ ਪ੍ਰਵਾਨ ਨਹੀਂ ਕੀਤਾ, ਪ੍ਰਧਾਨ ਭਾਜਪਾ ਸੁਨੀਲ ਜਾਖੜ ਵੱਡੀ ਉਦਾਹਰਨ ਹੈ। ਪਰ ਕੁਝ ਇੱਕ ਨੇਤਾਵਾਂ ਦੀਆਂ ਬਹੁਤੀਆਂ ਪਾਰਟੀਆਂ 'ਚ ਪੈਸੇ ਦੇ ਜ਼ੋਰ ਅਤੇ ਉਪਰਲੇ ਕੁਨੈਕਸ਼ਨਾਂ ਨਾਲ ਦਲ ਬਦਲੂਆਂ ਦੀ ਤੂਤੀ ਬੋਲਦੀ ਹੈ। ਪਰ ਇਹ ਇੱਕ ਵੱਡੀ ਸੱਚਾਈ ਹੈ ਕਿ ਸਮਾਂ ਆਉਣ 'ਤੇ ਪੰਜਾਬ ਹਿਤੈਸ਼ੀ ਸੋਚ ਵਾਲੇ ਲੋਕ ਹੀ ਸਿਆਸਤ ਅਤੇ ਸੇਵਾ ਵਿੱਚ ਅੱਗੇ ਆਉਣਗੇ ਤੇ ਪੰਜਾਬ ਦਾ ਭਵਿੱਖ ਸੁਧਾਰਨਗੇ, ਇਹੋ ਪੰਜਾਬ ਦੇ ਲੋਕਾਂ ਦੀ ਉਮੀਦ ਅਤੇ ਆਸ਼ਾ ਬਨਣਗੇ।

# ਪੰਜਾਬ ਦੀਆਂ ਬਾਰਾਂ ਦਾ ਇਤਿਹਾਸ ਤੇ ਮਹੱਤਵ



ਕਰਨਲ ਰਮੇਸ਼ ਦਵੇਸਰ





'ਬਾਰ' ਇੱਕ ਫ਼ਾਰਸੀ ਦਾ ਲਫ਼ਜ਼ ਹੈ, ਇਸ ਦਾ ਮਤਲਬ ਕਿ ਉਹ ਖਿੱਤੇ, ਜੋ ਇਨਸਾਨੀ ਆਬਾਦੀ ਤੋਂ ਦੂਰ ਜਾਂ ਘੱਟ ਵਸੋਂ ਵਾਲੇ, ਜੰਗਲੀ ਜਾਂ ਜੰਗਲਾਂ ਦੇ ਨਾਲ ਲਗਦੇ ਅਤੇ ਪਾਣੀ ਦੀ ਘਾਟ ਕਰਕੇ ਖੇਤੀਬਾੜੀ ਤੋਂ ਵਾਂਝੇ ਰਹੇ ਹੋਣ, ਉਨ੍ਹਾਂ ਇਲਾਕਿਆਂ ਨੂੰ 'ਬਾਰ' ਕਿਹਾ ਜਾਂਦਾ ਹੈ । ਜਿਵੇਂ ਪੰਜਾਬ ਦੀਆਂ ਬਿਸਤ ਦੁਆਬ, ਬਾਰੀ (ਮਾਝਾ), ਰਚਨਾ, ਛੱਝ ਤੇ ਸਿੱਸ ਦੁਆਬਾਂ ਹਨ । ਉਸੇ ਤਰ੍ਹਾਂ ਸਾਡੀਆਂ ਚਾਰ ਬਾਰਾਂ ਵੀ ਹਨ, ਜੋ ਕਿ ਸਤਲੁਜ-ਜਿਹਲਮ ਦਰਿਆਵਾਂ ਦੇ ਵਿਚਾਲੇ ਹਨ ਅਤੇ ਇਤਫ਼ਾਕਨ ਲਹਿੰਦੇ ਪੰਜਾਬ ਵਿੱਚ ਪੈਂਦੀਆਂ ਹਨ ।

ਸਭ ਨੂੰ ਪਤਾ ਹੈ ਕਿ ਵਕਤ ਦੇ ਨਾਲ ਦਰਿਆ ਆਪਣਾ ਵਹਾ ਬਦਲ ਲੈਂਦੇ ਹਨ । ਇਤਿਹਾਸਕਾਰਾਂ ਦੇ ਮੁਤਾਬਿਕ ਕੋਈ 8-10 ਹਜ਼ਾਰ ਸਾਲ ਪਹਿਲਾਂ ਸਤਲੁਜ ਦਰਿਆ ਨੇ ਉਕਾੜਾ ਦੇ ਦੱਖਣ 'ਚ ਆਪਣਾ ਵਹਾਅ ਬਦਲ ਲਿਆ ਸੀ। ਪੁਰਾਣੇ ਵਹਾਅ ਨੂੰ ਅੱਜ ਕੱਲ੍ਹ ਹਾਕੜਾ ਦਰਿਆ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ, ਜੋ ਕਿ ਇੱਕ ਬਰਸਾਤੀ ਨਾਲਾ ਹੈ। ਦੂਜੀ ਗੱਲ, ਤਰਨ ਤਾਰਨ ਜ਼ਿਲ੍ਹੇ ਦੇ ਹਰੀਕੇ ਬੈਰਾਜ ਉੱਤੇ ਸਤਲੁਜ ਤੇ ਬਿਆਸ ਦਰਿਆ ਮਿਲ ਜਾਂਦੇ ਹਨ। ਇਸ ਤੋਂ ਅੱਗੇ ਸਤਲੁਜ ਦੇ ਨਾਂਅ ਨਾਲ ਹੀ ਜਾਣਿਆ ਜਾਂਦਾ ਹੈ।

ਚੜ੍ਹਦੇ ਪਾਸਿਓਂ ਸ਼ੁਰੂ ਕਰੀਏ ਤਾਂ ਸਭ ਤੋਂ ਪਹਿਲਾਂ 'ਗੰਜੀ ਬਾਰ' ਦਾ ਇਲਾਕਾ ਜੋ ਕਿ ਬਾਰੀ ਦੁਆਬ (ਮਾਝੇ) ਦੇ ਦੱਖਣੀ ਹਿੱਸੇ 'ਚ ਸਤਲੁਜ ਤੇ ਹਾਕੜਾ ਦਰਿਆਵਾਂ ਦੇ ਵਿਚਾਲੇ ਦਾ ਇਲਾਕਾ ਹੈ, ਇਸ ਵਿੱਚ ਉਕਾੜਾ, ਖਾਣੇਵਾਲ ਅਤੇ ਹੜੱਪਾ ਦੇ ਇਲਾਕੇ ਆਉਂਦੇ ਹਨ। ਆਮ ਤੌਰ 'ਤੇ ਇਹ ਕੰਡੀ (ਛੋਟੀਆਂ ਪਹਾੜੀਆਂ ਦਾ ਇਲਾਕਾ ਹੈ), ਉੱਚਾ-ਨੀਵਾਂ ਹੋਣ ਕਰਕੇ ਇਸ ਨੂੰ ਢਾਇਆ ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ। ਇਹ ਬਹੁਤ ਹੀ ਉਪਜਾਊ ਖਿੱਤਾ ਹੈ, ਪਰ ਪਾਣੀ ਦੀ ਥੋੜ੍ਹ ਕਰਕੇ ਇਹ ਖੇਤੀਬਾੜੀ ਤੋਂ ਵਾਂਝਿਆ ਰਿਹਾ। ਇਸ ਕਰਕੇ ਇਸ ਨੂੰ 'ਗੰਜੀ ਬਾਰ' ਦਾ ਨਾਂਅ ਦਿੱਤਾ ਗਿਆ। ਇੱਕ ਹੋਰ ਸੋਚ ਦੇ ਮੁਤਾਬਿਕ, ਇਸ ਦਾ ਨਾਂਅ ਫ਼ਾਰਸੀ ਲਫ਼ਜ਼ 'ਗੰਜ' ਜਿਸ ਦਾ ਮਤਲਬ ਖਜ਼ਾਨਾ ਹੈ, ਤੋਂ ਲਿਆ ਗਿਆ ਹੈ। ਸ਼ੇਖ ਬਾਬਾ ਫ਼ਰੀਦ ਇਸ ਇਲਾਕੇ ਤੋਂ ਆਉਂਦੇ ਹਨ। ਇੱਕ ਹੋਰ ਮਹਾਨ ਸ਼ਖ਼ਸੀਅਤ 'ਰਾਏ ਅਹਿਮਦ ਖਰਲ ਖ਼ਾਨ' ਜਿਨ੍ਹਾਂ ਨੇ 1857 ਦੀ ਜੰਗ-ਏ-ਆਜ਼ਾਦੀ 'ਚ ਹਿੱਸਾ ਲਿਆ, ਵੀ 'ਗੰਜੀ ਬਾਰ' ਦੇ ਸਨ। ਕਿਹਾ ਜਾਂਦਾ ਹੈ ਕਿ ਸਿੰਕਦਰ ਬਾਦਸ਼ਾਹ ਜਦ ਮੁੜ ਆਪਣੇ ਦੇਸ਼ ਯੂਨਾਨ ਨੂੰ ਜਾ ਰਿਹਾ ਸੀ ਤਾਂ ਗੰਜੀ ਬਾਰ ਦੇ ਫ਼ੌਜੀ ਦਸਤਿਆਂ ਨੇ ਉਸ ਦੀ ਫ਼ੌਜ ਦਾ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਕੀਤਾ ਸੀ ।

ਬਾਰੀ ਦੁਆਬ ਦੀ ਦੂਜੀ ਬਾਰ 'ਨੀਲੀ ਬਾਰ' ਹੈ, ਜੋ ਸਤਲੁਜ ਤੇ ਰਾਵੀ ਦਰਿਆਵਾਂ ਦੇ ਦਰਮਿਆਨ ਅਤੇ ਗੰਜੀ ਬਾਰ ਦੇ ਦੱਖਣ 'ਚ ਹੈ । ਇਸ 'ਚ ਸਾਹੀਵਾਲ, ਉਕਾੜਾ ਅਤੇ ਪਾਕਪਟਨ ਦੇ ਇਲਾਕੇ ਸ਼ਾਮਿਲ ਹਨ। ਕਿਹਾ ਜਾਂਦਾ ਹੈ ਕਿ ਇੱਥੇ ਸਤਲੁਜ ਦਰਿਆ ਦਾ ਪਾਣੀ ਬਹੁਤ ਸਾਫ ਹੈ ਅਤੇ ਨੀਲੀ ਭਾਅ ਮਾਰਦਾ ਹੈ, ਇਸ ਕਰਕੇ ਇਸ ਨੂੰ ਨੀਲੀ ਬਾਰ ਦਾ ਨਾਂਅ ਦਿੱਤਾ ਗਿਆ ਸੀ। ਇੱਥੋਂ ਦੀ ਨੀਲੀ ਨਸਲ ਦੀ ਗਾਂ ਬਹੁਤ ਮਸ਼ਹੂਰ ਹੈ।

ਰਚਨਾ ਦੁਆਬ, ਰਾਵੀ ਤੇ ਝਨਾਬ ਦਰਿਆਵਾਂ ਦੇ ਦਰਮਿਆਨ ਅਤੇ ਪੰਜਾਬ ਦੀ ਸਭ ਤੋਂ ਮਸ਼ਹੂਰ ਅਤੇ ਸਭ ਤੋਂ ਵੱਡੀ 'ਸਾਂਦਲ ਬਾਰ' ਦਾ ਇਲਾਕਾ ਹੈ। ਇਸ ਵਿੱਚ ਫ਼ੈਸਲਾਬਾਦ, ਝੰਗ, ਚਿਨਿਉਟ, ਟੋਬਾ ਟੇਕ ਸਿੰਘ ਅਤੇ ਸ਼ੇਖੂਪੁਰਾ ਦੇ ਇਲਾਕੇ ਸ਼ਾਮਿਲ ਹਨ। ਜ਼ਿਆਦਾਤਰ ਜੰਗਲੀ ਇਲਾਕਾ ਹੋਣ ਕਰਕੇ ਇਸ ਨੂੰ ਜੰਗਲੀ ਬਾਰ ਵੀ ਕਿਹਾ ਜਾਂਦਾ ਹੈ। ਇਹ ਬਹੁਤ ਹੀ ਉਪਜਾਊ ਇਲਾਕਾ ਹੈ। ਸ਼ਹੀਦ ਭਗਤ ਸਿੰਘ ਦੀ ਪੈਦਾਇਸ਼ ਚੱਕ 105 ਬੰਗਾ ਵਿੱਚ ਹੋਈ ਸੀ। ਪੰਜਾਬ ਦੇ ਦੋ ਮਸ਼ਹੂਰ ਤੇ ਅਮਰ ਪ੍ਰੇਮੀ ਜੋੜੇ ਹੀਰ-ਰਾਂਝਾ ਅਤੇ ਮਿਰਜ਼ਾ ਸਾਹਿਬਾ ਦਾ ਤਾਅਲੁਕ ਸਾਂਦਲ ਬਾਰ ਨਾਲ ਹੈ ਮਸ਼ਹੂਰ 'ਕਿੱਸਾ ਹੀਰ' ਦੇ ਰਚੇਤਾ ਵਾਰਿਸ ਸ਼ਾਹ ਵੀ ਇੱਥੇ ਦੇ ਸਨ। ਹੋਰ ਤੇ ਹੋਰ ਗ਼ਰੀਬਾਂ ਦੇ ਮਸੀਹਾ ਅਤੇ ਨਾਮੀ ਹਸਤੀ 'ਦੁੱਲਾ ਭੱਟੀ' ਜਿਨ੍ਹਾਂ ਨੇ ਬਾਦਸ਼ਾਹ ਅਕਬਰ ਨਾਲ ਲੋਹਾ ਲਿਆ ਸੀ ਅਤੇ ਇਨ੍ਹਾਂ ਨੂੰ ਲੋਹੜੀ 'ਤੇ ਦੁੱਲਾ ਭੱਟੀ ਵਾਲਾ ਦੇ ਨਾਂਅ ਨਾਲ ਯਾਦ ਕਰਦੇ ਹਾਂ, ਉਹ ਵੀ ਇਸ ਇਲਾਕੇ ਦੇ ਸਨ। ਕਿਹਾ ਜਾਂਦਾ ਹੈ ਕਿ ਇਸ ਬਾਰ ਦਾ ਨਾਂਅ ਦੁੱਲਾ ਭੱਟੀ ਦੇ ਦਾਦੇ ਸਾਂਦਲ ਦੇ ਨਾਂਅ 'ਤੇ ਰੱਖਿਆ ਗਿਆ ਸੀ। ਦੂਜੀ ਦਲੀਲ ਜੋ ਇਸ ਕਰਕੇ ਜ਼ਿਆਦਾ ਢੁਕਵੀਂ ਲਗਦੀ ਹੈ ਕਿ ਸਤਯੁਗ ਦੇ ਰਿਸ਼ੀ ਸ਼ਾਂਡਲਿਆ ਦੇ ਨਾਂਅ ਉੱਤੇ ਰੱਖਿਆ ਗਿਆ ਸੀ।

ਪੰਜਾਬ ਦੀ ਚੌਥੀ ਤੇ ਆਖਰੀ ਬਾਰ ਛੱਝ ਦੁਆਬ, ਝਨਾਬ-ਜਿਹਲਮ ਦਰਿਆਵਾਂ ਦੇ ਕੇਂਦਰੀ ਅਤੇ ਦੱਖਣੀ ਇਲਾਕੇ ਨੂੰ 'ਕਿਰਾਨਾ ਬਾਰ' ਕਿਹਾ ਜਾਂਦਾ ਹੈ। ਇਸ ਵਿੱਚ ਮੰਡੀ ਬਹਉਦੀਨ, ਸਰਗੋਧਾ ਅਤੇ ਗੁਜਰਾਤ ਦੇ ਇਲਾਕੇ ਆਉਂਦੇ ਹਨ। ਇਸ ਦਾ ਨਾਂਅ ਇਸ ਇਲਾਕੇ 'ਚ 'ਕਿਰਾਨਾ ਪਹਾੜ' ਦੇ ਨਾਂਅ ਉੱਤੇ ਰੱਖਿਆ ਗਿਆ ਹੈ । 18ਵੀਂ ਸਦੀ 'ਚ ਚੜ੍ਹਦੇ ਪੰਜਾਬ ਤੋਂ ਗੋਂਦਲ ਗੋਤਰ ਦੇ ਲੋਕ ਇਸ ਬਾਰ 'ਚ ਆ ਵਸੇ, ਜਿਸ ਕਰਕੇ ਇਸ ਖਿੱਤੇ ਨੂੰ ਗੋਂਦਲ ਬਾਰ ਵੀ ਕਿਹਾ ਜਾਂਦਾ ਹੈ । ਇਹ ਇਲਾਕਾ ਸਾਂਦਲ ਬਾਰ ਤੋਂ ਵੀ ਜ਼ਿਆਦਾ ਉਪਜਾਊ ਹੈ ।

ਜਿਸ ਤਰ੍ਹਾਂ ਪਹਿਲਾਂ ਜ਼ਿਕਰ ਕੀਤਾ ਹੈ ਕਿ ਬਾਰ ਦੇ ਜ਼ਿਆਦਾਤਰ ਇਲਾਕੇ ਜੰਗਲੀ ਸਨ ਅਤੇ ਇਨ੍ਹਾਂ ਵਿੱਚ ਘੱਟ ਆਬਾਦੀ ਦੇ ਨਾਲ-ਨਾਲ ਆਬ ਪਾਸ਼ੀ (ਸਿੰਚਾਈ) ਦੇ ਸਾਧਨ ਵੀ ਨਾ ਹੋਣ ਦੇ ਬਰਾਬਰ ਸਨ । 1857 ਦੀ ਜੰਗ-ਏ-ਆਜ਼ਾਦੀ ਨੂੰ ਦਬਾਉਣ ਤੋਂ ਬਾਅਦ ਅੰਗਰੇਜ਼ਾਂ ਨੇ ਮੁਕੰਮਲ ਹਕੂਮਤ ਹਾਸਿਲ ਕਰ ਲਈ ਸੀ । ਇੱਥੇ ਮੈਂ ਅੰਗਰੇਜ਼ਾਂ ਦੀ ਦੂਰ-ਅੰਦੇਸ਼ੀ ਦੀ ਸਿਫ਼ਤ ਕਰਨ ਤੋਂ ਬਗੈਰ ਨਹੀਂ ਰਹਿ ਸਕਦਾ, ਕਿਉਂਕਿ ਉਨ੍ਹਾਂ ਨੇ ਸਭ ਤੋਂ ਪਹਿਲਾਂ ਬਾਰ ਦੇ ਇਲਾਕਿਆਂ ਨੂੰ ਵਸਾਉਣ, ਖੇਤੀਬਾੜੀ ਤੇ ਸਿੰਚਾਈ ਦੇ ਕਾਬਿਲ ਬਣਾਉਣ ਦਾ ਬੀੜਾ ਉਠਾਇਆ। ਇਹ ਮੁਹਿੰਮ 1885 ਤੋਂ ਸ਼ੁਰੂ ਹੋਈ ।

ਬਾਰ ਦੇ ਇਲਾਕਿਆਂ ਦੀ ਉਸਾਰੀ ਲਈ ਸਿੰਚਾਈ ਨੂੰ ਸੁਧਾਰਨ ਲਈ ਇਨ੍ਹਾਂ ਇਲਾਕਿਆਂ ਵਿੱਚ 9 ਨਹਿਰਾਂ ਬਣਾਉਣ ਦਾ ਫ਼ੈਸਲਾ ਕੀਤਾ ਗਿਆ। ਸਭ ਤੋਂ ਪਹਿਲਾਂ ਇੱਥੇ ਨਹਿਰੀ ਬਸਤੀਆਂ ਵਸਾਉਣ ਦਾ ਫ਼ੈਸਲਾ ਕੀਤਾ ਗਿਆ ਅਤੇ ਵੱਡੇ ਪੈਮਾਨੇ 'ਤੇ ਮਾਝੇ ਤੇ ਕੁਝ ਹੱਦ ਤੱਕ ਦੁਆਬੇ ਤੋਂ 10 ਲੱਖ ਲੋਕਾਂ ਨੂੰ ਇੱਥੇ ਲਿਆਂਦਾ ਗਿਆ। ਜੰਗਲੀ ਅਤੇ ਖਾਲੀ ਇਲਾਕੇ ਹੋਣ ਕਰਕੇ, ਇੱਥੋਂ ਦੀ ਜ਼ਮੀਨ ਸਰਕਾਰੀ ਮਲਕੀਅਤ ਸੀ ਅਤੇ ਇਨ੍ਹਾਂ ਟੱਬਰਾਂ ਨੂੰ ਇੱਥੇ ਜ਼ਮੀਨ ਅਲਾਟ ਕੀਤੀ ਗਈ । ਇਨ੍ਹਾਂ 9 ਨਹਿਰੀ ਬਸਤੀਆਂ ਦਾ ਵੇਰਵਾ ਇਹ ਹੈ:-

ਗੰਜੀ ਅਤੇ ਨੀਲੀ ਬਾਰਾਂ 'ਚ 1880-88 ਵਿੱਚ ਸਿਧਾਣੀ ਬਸਤੀ (ਮੁਲਤਾਨ), ਸੁਹਾਗ ਪਾਰਾ ਬਸਤੀ (ਸਾਹੀਵਾਲ), 1896 ਵਿੱਚ ਚੁਨੀਆ ਬਸਤੀ, 1914 ਵਿਚ ਦੱਖਣੀ ਲਾਹੌਰ ਅਤੇ ਉਕਾੜਾ ਦੇ ਵਿਚਕਾਹੇ ਲੋਅਰ ਬਾਰੀ ਦੁਆਬ ਅਤੇ 1926 ਨੀਲੀ ਬਾਰ ਬਸਤੀ (ਸਾਹੀਵਾਲ-ਮੁਲਤਾਨ) ਵਿੱਚ ਵਸਾਈਆਂ ਗਈਆਂ ।

ਸਾਂਦਲ ਬਾਰ 1892 'ਚ ਸਭ ਤੋਂ ਵੱਡੀ ਚਿਨਾਬ ਬਸਤੀ ਫ਼ੈਸਲਾਬਾਦ ਅਤੇ ਝੰਗ ਦੇ ਇਲਾਕੇ 'ਚ ਵਸਾਈ ਗਈ। ਇਸ ਤੋਂ ਬਾਅਦ 1914 ਵਿੱਚ 'ਉਪਰੀ ਚਿਨਾਬ' ਬਸਤੀ ਹੋਂਦ 'ਚ ਆਈ। ਕਿਰਾਨਾ ਬਾਰ 'ਚ 1902 ਨੂੰ ਜੇਹਲਮ ਬਸਤੀ ਨੂੰ ਵਸਾਉਣ ਦਾ ਕੰਮ ਸ਼ੁਰੂ ਹੋਇਆ, ਨਾਲ ਹੀ ਇੱਥੇ ਘੋੜਿਆਂ ਦੀ ਨਸਲ ਸੁਧਾਰਨ ਦਾ ਫਾਰਮ ਵੀ ਬਣਾਇਆ ਗਿਆ। ਨਹਿਰੀ ਬਸਤੀਆਂ ਦੇ ਵਸਾਉਣ ਅਤੇ 9 ਨਹਿਰਾਂ ਦੀ ਉਸਾਰੀ ਦਾ ਕੰਮ 1940 ਵਿੱਚ ਮੁਕੰਮਲ ਹੋ ਗਿਆ। ਇਸ ਮੁਹਿੰਮ ਨੇ ਪੰਜਾਬ ਦੀ ਨੁਹਾਰ ਬਦਲ ਦਿੱਤੀ। ਜਿੱਥੇ 1879 ਵਿੱਚ ਇਸ ਖਿੱਤੇ 'ਚ ਸਿਰਫ਼ ਇੱਕ 'ਅੱਪਰ ਬਾਰੀ ਦੁਆਬ' ਨਹਿਰ ਸੀ, ਉਥੇ 1940 ਤੱਕ ਨਹਿਰਾਂ ਦਾ ਜਾਲ ਵਿਛ ਗਿਆ। ਜੋ ਇਲਾਕੇ ਪਾਣੀ ਖੁਣੋ ਬੰਜਰ ਤੇ ਰੇਗਿਸਤਾਨ ਬਣ ਗਏ ਸਨ, ਉੱਥੇ ਖੇਤੀਬਾੜੀ ਸ਼ੁਰੂ ਹੋ ਗਈ। ਸਹੀ ਮਾਅਨਿਆਂ 'ਚ ਇਨ੍ਹਾਂ ਨਾਲ ਪੰਜਾਬ 'ਚ ਹਰਾ ਇਨਕਲਾਬ ਆ ਗਿਆ, ਕਿਉਂਕਿ ਇੱਕ ਕਰੋੜ 10 ਲੱਖ ਏਕੜ ਹੋਰ ਜ਼ਮੀਨ ਨੂੰ ਸਿੰਚਾਈ ਅਤੇ ਖੇਤੀਬਾੜੀ ਹੇਠ ਲਿਆਂਦਾ ਗਿਆ। ਫ਼ੈਸਲਾਬਾਦ ਤੇ ਝੰਗ ਜਿੱਥੇ ਇੱਕ ਵੀ ਨਹਿਰ ਨਹੀਂ ਸੀ, ਉਹ ਪੂਰੇ ਮੁਲਕ ਲਈ ਸਭ ਤੋਂ ਉੱਤਮ ਨਹਿਰੀ ਨਿਜ਼ਾਮ ਦੀ ਮਿਸਾਲ ਬਣ ਗਏ । ਇਨ੍ਹਾਂ ਬਾਰਾਂ ਦੀ ਇਤਿਹਾਸਕ, ਸਮਾਜਿਕ ਅਤੇ ਬਹਾਦਰੀ ਅਤੇ ਇੱਥੋਂ ਦੇ ਲੋਕਾਂ ਦੀ ਮਿਹਨਤ ਸਦਕੇ ਪੰਜਾਬੀ ਵਿਰਸੇ ਵਿੱਚ ਆਪਣੀ ਖ਼ਾਸ ਜਗ੍ਹਾ ਬਣ ਗਈ। ਕਿਸੇ ਸਿਆਣੇ ਨੇ ਠੀਕ ਹੀ ਆਖਿਆ ਹੈ ਕਿ ਪੰਜਾਬ ਦੀਆਂ ਬਾਰਾਂ ਤੇ ਦੁੱਧ ਦੀਆਂ ਧਾਰਾਂ।

# ਮੇਲਿਆਂ ਦੀ ਰੌਣਕ ਨੂੰ ਹੁਣ ਮੌਲ ਨੇ ਖਾ ਲਿਆ

ਐਸ. ਕੇ. ਅਗਰਵਾਲ

ਮੇਲਾ ਸ਼ਬਦ ਮੇਲ ਤੋਂ ਨਿਕਲਿਆ ਹੈ ਜਿਸ ਦਾ ਅਰਥ ਹੈ ਮਿਲਣਾ। ਪੁਰਾਣੇ ਸਮੇਂ ਵਿੱਚ ਮੇਲਾ ਲੋਕਾਂ ਦੇ ਮਿਲਣ ਗਿਲਣ ਦਾ ਇੱਕ ਜ਼ਰੀਆ ਹੁੰਦਾ ਸੀ। ਮੇਲਿਆਂ ਵਿੱਚ ਪੰਜਾਬੀ ਜੀਵਨ ਅਤੇ ਸੱਭਿਆਚਾਰ ਦੇ ਦਰਸ਼ਨ ਹੁੰਦੇ ਹਨ। ਮੇਲਿਆਂ ਵਿੱਚ ਸਮਾਜ ਦਾ ਜੀਵਨ ਧੜਕਦਾ ਹੈ। ਮੇਲਿਆਂ ਦਾ ਸਬੰਧ ਸਾਡੇ ਇਤਿਹਾਸ ਤੇ ਧਾਰਮਿਕ ਵਿਰਸੇ ਨਾਲ ਹੈ। ਪੰਜਾਬ ਮੇਲਿਆਂ ਦੀ ਧਰਤੀ ਹੈ ਇੱਥੇ ਲਗਪਗ ਹਰ ਮਹੀਨੇ ਵੱਖ-ਵੱਖ ਤਰ੍ਹਾਂ ਦੇ ਮੇਲੇ ਲੱਗਦੇ ਹਨ। ਇੱਕ ਮੇਲੇ ਵਿੱਚ ਕਈ ਤਰ੍ਹਾਂ ਦੀਆਂ ਗਤੀਵਿਧੀਆਂ ਦੇਖੀਆਂ ਜਾ ਸਕਦੀਆਂ ਹਨ ਅਤੇ ਇਥੇ ਕਈ ਤਰ੍ਹਾਂ ਦੀਆਂ ਦੁਕਾਨਾਂ ਅਤੇ ਮਨੋਰੰਜਨ ਦੇ ਸਾਧਨ ਹੁੰਦੇ ਹਨ।

ਪੰਜਾਬ 'ਚ ਹਰ ਥਾਂ ਮੇਲੇ ਲੱਗਦੇ ਹਨ, ਜੋ ਜ਼ਿਆਦਾਤਰ ਧਾਰਮਿਕ ਹੁੰਦੇ ਹਨ ਪਰ ਕੁਝ ਪਸ਼ੂ, ਵਪਾਰ ਅਤੇ ਖੇਤੀਬਾੜੀ ਮੇਲਿਆਂ ਦੇ ਨਾਲ-ਨਾਲ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਵੀ ਮੇਲੇ ਲਗਾਏ ਜਾਂਦੇ ਹਨ। ਪੰਜਾਬ ਦੇ ਕੁਝ ਪ੍ਰਮੁੱਖ ਮੇਲੇ ਜਿਨ੍ਹਾਂ ਵਿੱਚ ਵਿਸਾਖੀ ਦਾ ਮੇਲਾ, ਜਰਗ ਦਾ ਮੇਲਾ, ਛਪਾਰ ਦਾ ਮੇਲਾ, ਮਾਘੀ ਦਾ ਮੇਲਾ, ਜਗਰਾਓਂ ਰੌਸ਼ਨੀ ਦਾ ਮੇਲਾ, ਹੈਦਰ ਸ਼ੇਖ ਦਾ ਮੇਲਾ, ਅਨੰਦਪੁਰ ਹੋਲੇ-ਮਹੱਲੇ ਦਾ ਮੇਲਾ, ਬਾਬਾ ਫ਼ਰੀਦ ਦਾ ਮੇਲਾ, ਬਾਬਾ ਸੋਢਲ ਦਾ ਮੇਲਾ ਤੇ ਕੁਝ ਹੋਰ ਮੇਲੇ ਸ਼ਾਮਿਲ ਹਨ।

ਵਿਸਾਖੀ ਦਾ ਮੇਲਾ ਪੰਜਾਬ ਵਿੱਚ 13 ਅਪ੍ਰੈਲ ਨੂੰ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਪੰਜਾਬ ਵਿੱਚ ਇਸ ਦਿਨ ਕਣਕ ਦੀ ਫ਼ਸਲ ਪੱਕ ਕੇ ਤਿਆਰ ਹੋ ਜਾਂਦੀ ਹੈ ਅਤੇ ਇਸ ਦਿਨ ਤੋਂ ਹੀ ਇਸ ਦੀ ਕਟਾਈ ਸ਼ੁਰੂ ਹੁੰਦੀ ਹੈ। ਵਿਸਾਖੀ ਦੇ ਇਸ ਮੇਲੇ ਬਾਰੇ ਪੰਜਾਬ ਦੇ ਪ੍ਰਸਿੱਧ ਕਵੀ ਸ੍ਰੀ ਧਨੀ ਰਾਮ ਚਾਤ੍ਰਿਕ ਨੇ ਬਹੁਤ ਸੋਹਣੀਆਂ ਸਤਰਾਂ ਲਿਖੀਆਂ ਹਨ-

ਤੂੜੀ ਤੰਦ ਹਾੜੀ ਸਭ ਵੇਚ ਵੱਟ ਕੇ,
ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ,
ਕੱਛੇ ਮਾਰ ਵੰਝਲੀ ਅਨੰਦ
ਛਾ ਗਿਆ,
ਮਾਰਦਾ ਦਮਾਮੇ ਜੱਟ ਮੇਲੇ
ਆ ਗਿਆ।

ਜਰਗ ਦਾ ਮੇਲਾ ਵੀ ਬਹੁਤ ਪ੍ਰਸਿੱਧ ਮੇਲਾ ਹੈ। ਇਹ ਮੇਲਾ ਜਰਗ ਪਿੰਡ ਵਿੱਚ ਮਾਤਾ ਸ਼ੀਤਲਾ ਦੇ ਮੰਦਿਰ 'ਤੇ ਲੱਗਦਾ ਹੈ। ਚੇਤ ਦੇ ਨਰਾਤਿਆਂ ਵਿੱਚ ਮੰਗਲਵਾਰ ਦੀ ਸਵੇਰ ਨੂੰ ਗੁਲਗੁਲੇ ਪਕਾ ਕੇ ਇੱਕ ਰਾਤ ਰੱਖੇ ਜਾਂਦੇ ਹਨ। ਦੂਜੇ ਦਿਨ ਸਵੇਰੇ ਮਾਤਾ ਰਾਣੀ ਦੀ ਪੂਜਾ ਕਰਨ ਪਿੱਛੋਂ ਇਹ ਪ੍ਰਸ਼ਾਦ ਪਹਿਲਾਂ ਖੋਤੇ ਨੂੰ ਖੁਆਇਆ ਜਾਂਦਾ ਹੈ ਤੇ ਫਿਰ ਬਾਕੀ ਸਭ ਵਿਚ ਵੰਡਿਆ ਜਾਂਦਾ ਹੈ। ਮਾਤਾ ਰਾਣੀ ਦੀਆਂ ਭੇਟਾ ਗਾ ਕੇ ਲੋਕ ਅਨੰਦ ਮਾਣਦੇ ਹਨ ਤੇ ਝਿਊਰਾਂ ਨੂੰ ਮਾਤਾ



ਰਾਣੀ ਦੇ ਪ੍ਰਸ਼ਾਦ ਦਾ ਹੱਕਦਾਰ ਸਮਝਿਆ ਜਾਂਦਾ ਹੈ। ਇਸ ਮੇਲੇ ਬਾਰੇ ਕਿਸੇ ਕਵੀ ਨੇ ਲਿਖਿਆ ਹੈ: ਚੱਲ ਚੱਲੀਏ ਜਰਗ ਦੇ ਮੇਲੇ, ਮੁੰਡਾ ਤੇਰਾ ਮੈਂ ਚੁੱਕ ਲਊਂ।

ਮਾਲਵੇ ਦੇ ਸਾਰੇ ਮੇਲਿਆਂ ਵਿਚੋਂ ਛਪਾਰ ਦਾ ਮੇਲਾ ਬਹੁਤ ਪ੍ਰਸਿੱਧ ਹੈ। ਇਹ ਮੇਲਾ ਲੁਧਿਆਣਾ ਜ਼ਿਲ੍ਹਾ ਦੇ ਪਿੰਡ ਛਪਾਰ ਵਿੱਚ ਲੱਗਦਾ ਹੈ। ਕਈ ਸ਼ਰਧਾਲੂ ਉਸ ਸਮੇਂ ਤੱਕ ਕੁਝ ਨਹੀਂ ਖਾਂਦੇ, ਜਿੰਨੀ ਦੇਰ ਉਹ ਗੁੱਗੇ ਦੀ ਮੜ੍ਹੀ 'ਤੇ ਜਾ ਕੇ ਉੱਥੋਂ ਦੀ ਮਿੱਟੀ ਨਾ ਕੱਢ ਲੈਣ। ਮਾਘੀ ਦਾ ਮੇਲਾ ਸ੍ਰੀ ਮੁਕਤਸਰ ਸਾਹਿਬ ਵਿਖੇ ਚਾਲੀ ਮੁਕਤਿਆਂ ਦੀ ਯਾਦ ਵਿੱਚ ਲੱਗਦਾ ਹੈ। ਮਾਘੀ ਵਾਲੇ ਦਿਨ ਲੋਕ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕਰਦੇ ਹਨ। ਜਗਰਾਓਂ ਵਿਖੇ ਰੌਸ਼ਨੀ ਦਾ ਮੇਲਾ 14,15,16 ਫੱਗਣ ਨੂੰ ਲੱਗਦਾ ਹੈ। ਇਹ ਪੰਜਾਬ ਦਾ ਸਭ ਤੋਂ ਪੁਰਾਣਾ ਤੇ ਇਤਿਹਾਸਿਕ ਮੇਲਾ ਹੈ। ਇਸ ਮੇਲੇ ਵਿੱਚ ਕਬੱਡੀ ਦੇ ਘੋਲ, ਨਚਾਰਾਂ ਦੇ ਮੁਕਾਬਲੇ ਤੇ ਵਿਰਾਸਤੀ ਖੇਡਾਂ ਕਰਵਾਈਆਂ ਜਾਂਦੀਆਂ ਹਨ। ਹੈਦਰ ਸ਼ੇਖ ਦਾ ਮੇਲਾ ਮਲੇਰਕੋਟਲੇ ਵਿੱਚ ਸ਼ਰਧਾ ਨਾਲ ਮਨਾਇਆ ਜਾਂਦਾ ਹੈ। ਇਹ ਮੇਲਾ ਇਕਾਦਸ਼ੀ ਤੋਂ ਇੱਕ ਦਿਨ ਪਹਿਲਾਂ ਹੈਦਰ ਸ਼ੇਖ ਦੇ ਮਕਬਰੇ 'ਤੇ ਸ਼ੁਰੂ ਹੁੰਦਾ ਹੈ। ਅਨੰਦਪੁਰ ਸਾਹਿਬ ਵਿਖੇ ਹੋਲੇ-ਮਹੱਲੇ ਦਾ ਮੇਲਾ ਪੰਜਾਬ ਵਿੱਚ ਬਹੁਤ ਪ੍ਰਸਿੱਧ ਹੈ। ਇਹ ਮੇਲਾ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿੱਚ ਲੱਗਦਾ ਹੈ। ਇਹ ਮੇਲਾ ਦੇਸ਼-ਵਿਦੇਸ਼ ਵਿੱਚ ਰਹਿੰਦੇ ਸਿੱਖਾਂ ਲਈ ਖ਼ਾਸ ਮਹੱਤਵ ਰੱਖਦਾ ਹੈ। ਇਸ ਮੇਲੇ ਵਿੱਚ ਨਿਹੰਗ-ਸਿੰਘ ਬੜੇ ਉਤਸ਼ਾਹ ਨਾਲ ਪਹੁੰਚਦੇ ਹਨ ਅਤੇ ਕੌਤਕ ਵਿਖਾਉਂਦੇ ਹਨ। ਬਾਬਾ ਫ਼ਰੀਦ ਜੀ ਦੀ ਯਾਦ ਵਿੱਚ ਫ਼ਰੀਦਕੋਟ ਵਿਖੇ ਬਾਬਾ ਫ਼ਰੀਦ ਜੀ ਦਾ ਮੇਲਾ ਲੱਗਦਾ ਹੈ। ਇਹ ਮੇਲਾ 19 ਸਤੰਬਰ ਤੋਂ 23 ਸਤੰਬਰ ਤੱਕ ਲੱਗਦਾ ਹੈ। ਮੇਲੇ ਵਿੱਚ ਸੂਫ਼ੀ ਕਲਾਕਾਰ ਆਪਣੀ ਕਲਾਕਾਰੀ ਪੇਸ਼ ਕਰਦੇ ਹਨ। ਇਸ ਮੇਲੇ ਵਿੱਚ ਵੱਖ-ਵੱਖ ਪ੍ਰਕਾਰ ਦੇ ਮੁਕਾਬਲੇ ਵੀ ਕਰਵਾਏ ਜਾਂਦੇ ਹਨ। ਮੇਲੇ ਦੇ ਆਖ਼ਰੀ ਦਿਨ ਵਿਸ਼ਾਲ ਨਗਰ ਕੀਰਤਨ ਕੱਢਿਆ ਜਾਂਦਾ ਹੈ। ਬਾਬਾ ਸੋਢਲ ਦਾ ਮੇਲਾ ਜਲੰਧਰ ਵਿਖੇ ਲੱਗਦਾ ਹੈ। ਪੰਜਾਬ ਦੇ ਮੇਲਿਆਂ ਤੋਂ ਇਲਾਵਾ ਕੌਮੀ ਪੱਧਰ ਦੇ ਮੇਲਿਆਂ ਜਿਵੇਂ ਰਾਮਨੌਮੀ ਦਾ ਮੇਲਾ ਜਨਮ ਅਸ਼ਟਮੀ ਦਾ ਮੇਲਾ ਅਤੇ ਦੁਸਹਿਰਾ ਮੇਲਾ ਆਦਿ ਵਿਚ ਵੀ ਲੋਕ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ।

# ਭਾਈ ਮੇਵਾ ਸਿੰਘ ਲੋਪੋਕੇ ਦੀ ਸ਼ਹਾਦਤ ਤੇ ਹਾਪਕਿਨਸਨ ਦਾ ਕਤਲ



ਡਾ. ਗੁਰਵਿੰਦਰ ਸਿੰਘ
ਕੋਆਰਡੀਨੇਟਰ ਪੰਜਾਬੀ ਸਾਹਿਤ ਸਭਾ ਮੁਢਲੀ
ਐਬਟਸਫੋਰਡ ਬੀ.ਸੀ. ਕੈਨੇਡਾ

ਅੰਤਿਮ ਕਿਸ਼ਤ


(ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ)

**ਭਾਈ ਮੇਵਾ ਸਿੰਘ ਲੋਪੋਕੇ ਦੀ ਸ਼ਹਾਦਤ ਤੇ ਹਾਪਕਿਨਸਨ ਦਾ ਕਤਲ**

ਹਿੰਦੁਸਤਾਨੀ ਅੰਗਰੇਜ਼ ਸਰਕਾਰ ਦੇ ਝੋਲੀ ਚੁੱਕ ਤੇ ਗ਼ੱਦਾਰ ਬੇਲਾ ਜਿਆਣ ਖਿਲਾਫ਼, ਵੈਨਕੂਵਰ ਦੀ ਸੂਬਾਈ ਅਦਾਲਤ ਵਿੱਚ, ਗੁਰਦੁਆਰੇ ਅੰਦਰ ਗੋਲੀ ਚਲਾ ਕੇ ਸਿੰਘਾਂ ਨੂੰ ਸ਼ਹੀਦ ਕਰਨ ਦਾ ਮੁਕੱਦਮਾ ਚੱਲ ਰਿਹਾ ਸੀ, ਜਿਸ ਵਿੱਚ ਵਿਲੀਅਮ ਹਾਪਕਿਨਸਨ ਗਵਾਹੀ ਦੇਣ ਲਈ ਅਦਾਲਤ ਵਿੱਚ ਪੁੱਜਿਆ। ਉਹ ਦੂਜੀ ਮੰਜ਼ਿਲ ਤੇ ਕੋਰਟ ਰੂਮ ਦੇ ਬਾਹਰ ਖੜਾ ਸੀ। ਅਜੇ ਉਹ ਬਰਾਂਡੇ ਵਿੱਚ ਹੀ ਸੀ, ਜਦੋਂ ਭਾਈ ਮੇਵਾ ਸਿੰਘ ਨੇ ਉਸ ਨੂੰ ਦਬੋਚ ਲਿਆ ਤੇ ਦੋ ਰਿਵਾਲਵਰ ਦੋਹਾਂ ਹੱਥਾਂ 'ਚ ਵਾਰੀ-ਵਾਰੀ ਲੈ ਕੇ, ਸੱਜੇ ਹੱਥ ਨਾਲ ਚਾਰ ਗੋਲੀਆਂ ਦਾਗ਼ ਦਿੱਤੀਆਂ। ਛਾਤੀ ਅਤੇ ਪਸਲੀ ਚੋਂ ਆਰਪਰ ਹੋਈਆਂ ਦੋ ਗੋਲੀਆਂ ਨਾਲ ਹਿੰਦ ਸਰਕਾਰ ਦਾ ਸੂਹੀਆ ਹਾਪਕਿਨਸਨ ਮੌਕੇ 'ਤੇ ਹੀ ਮਾਰਿਆ ਗਿਆ ਤੇ ਭਾਈ ਸਾਹਿਬ ਨੇ ਖ਼ੁਦ ਨੂੰ ਹਥਿਆਰਾਂ ਸਮੇਤ ਪੁਲਿਸ ਹਵਾਲੇ ਕਰ ਦਿੱਤਾ।

**ਹਾਪਕਿਨਸਨ ਨੂੰ ਸੋਧਣ ਬਾਰੇ ਭਾਈ ਮੇਵਾ ਸਿੰਘ ਲੋਪੋਕੇ ਦਾ ਇਤਿਹਾਸਿਕ ਬਿਆਨ**

ਹਿੰਦੁਸਤਾਨ, ਬਰਤਾਨੀਆ ਅਤੇ ਡੋਮੇਨੀਅਨ ਕੈਨੇਡੀਅਨ ਹਕੂਮਤਾਂ ਦਾ ਤੀਹਰਾ ਏਜੰਟ ਵਿਲੀਅਮ ਹਾਪਕਿਨਸਨ ਸਾਰਿਆਂ ਲਈ 'ਮਹੱਤਵਪੂਰਨ' ਸੀ ਅਤੇ ਉਸ ਨੂੰ ਦਫ਼ਨਾਉਣ ਸਮੇਂ 2000 ਦੇ ਕਰੀਬ ਪੁਲਿਸ ਕਰਮਚਾਰੀ, ਫ਼ਾਇਰਮੈਨ, ਇਮੀਗ੍ਰੇਸ਼ਨ ਅਤੇ ਕਸਟਮ ਅਧਿਕਾਰੀ ਸ਼ਾਮਿਲ ਹੋਏ ਤੇ ਵੱਡਾ ਮਾਰਚ ਕੀਤਾ ਗਿਆ। ਦੂਜੇ ਪਾਸੇ 30 ਅਕਤੂਬਰ ਨੂੰ ਭਾਈ ਮੇਵਾ ਸਿੰਘ ਤੇ ਮੁਕੱਦਮੇ ਦੀ ਸੁਣਵਾਈ ਲਈ, ਬੀ.ਸੀ. ਸੁਪਰੀਮ ਕੋਰਟ ਦੇ ਜੱਜ ਮਿਸਟਰ ਆਈਲੇ ਮੌਰੀਸਨ ਵਲੋਂ 12 ਮੈਂਬਰੀ ਜਿਊਰੀ ਚੁਣੀ ਗਈ। ਬਣਾਉ ਪੱਖ ਦੇ ਵਕੀਲ ਮਿਸਟਰ ਵੁੱਡਜ਼ ਅਤੇ ਸਰਕਾਰੀ ਵਕੀਲ ਮਿਸਟਰ ਟੇਲਰ ਸਨ। ਅਦਾਲਤ 'ਚ ਇੱਕ ਹਜ਼ਾਰ ਦੇ ਕਰੀਬ ਲੋਕ ਹਾਜ਼ਰ ਸਨ, ਜਿੰਨਾਂ 'ਚੋਂ ਚਾਰ ਕੁ ਹੀ ਭਾਰਤੀ ਸਨ। ਇਸ ਮੌਕੇ 'ਤੇ ਭਾਈ ਮੇਵਾ ਸਿੰਘ ਨੇ ਜੋ ਬਿਆਨ ਦਿੱਤੇ, ਉਹ ਬਹਾਦਰੀ ਨੇ ਨਿਡੱਰਤਾ ਪੱਖੋਂ ਖਾਸ ਅਹਿਮੀਅਤ ਰੱਖਦੇ ਸਨ। ਅਦਾਲਤ ਵਿੱਚ ਅਨੁਵਾਦਕ ਡਾਲਟਨ ਵਲੋਂ, ਭਾਈ ਸਾਹਿਬ ਦੇ ਬਿਆਨ ਜੱਜ ਅੱਗੇ ਰੱਖੇ ਗਏ : 'ਮੇਰਾ ਨਾਂ ਮੇਵਾ ਸਿੰਘ ਹੈ, ਮੈਂ ਰੱਬ ਤੋਂ ਡਰਨ ਵਾਲਾ ਬੰਦਾ ਹਾਂ, ਜੋ ਹਰ ਰੋਜ਼ ਅਰਦਾਸ ਕਰਦਾ ਹਾਂ। ਮੇਰੀ ਜ਼ਬਾਨ ਵਿੱਚ ਐਸੇ ਸ਼ਬਦ ਨਹੀਂ, ਜੋ ਬਿਆਨ ਕਰ ਸਕਣ ਕਿ ਵੈਨਕੂਵਰ ਵਿੱਚ ਮੈਨੂੰ ਕਿਹੜੇ-ਕਿਹੜੇ ਦੁੱਖ, ਮੁਸੀਬਤਾਂ ਅਤੇ ਪ੍ਰੇਸ਼ਾਨੀਆਂ ਝੱਲਣੀਆਂ ਪਈਆਂ ਹਨ... ਅਸੀਂ ਸਿੱਖ ਗੁਰਦੁਆਰੇ 'ਚ ਅਰਦਾਸ ਕਰਨ ਜਾਂਦੇ ਹਾਂ ਪਰ ਇਨ੍ਹਾਂ ਪਾਪੀਆਂ ਨੇ ਗੁਰਦੁਆਰੇ 'ਚ ਗੋਲੀ ਚਲਾਕੇ ਅਤੇ ਭਾਈ ਭਾਗ ਸਿੰਘ ਦਾ ਕਤਲ ਕਰਕੇ, ਗੁਰਦੁਆਰੇ ਦੀ ਪਵਿੱਤਰਤਾ ਭੰਗ ਕੀਤੀ ਹੈ। ਇਨ੍ਹਾਂ ਪਾਪੀਆਂ ਨੇ ਦੋ ਮਾਸੂਮ ਬੱਚਿਆਂ ਨੂੰ ਯਤੀਮ ਬਣਾਇਆ ਹੈ। ਦੁਸ਼ਟਾਂ ਵਲੋਂ ਗੁਰਦੁਆਰੇ 'ਚ ਕੀਤੇ ਇਨ੍ਹਾਂ ਕਾਰਿਆਂ ਨੇ ਮੇਰੇ ਸੀਨੇ 'ਚ ਅੱਗ ਲਾ ਦਿੱਤੀ ਹੈ।'



ਮੈਂ ਆਪਣੇ ਭਾਈਚਾਰੇ ਅਤੇ ਆਪਣੇ ਧਰਮ ਦੀ ਅਣਖ ਅਤੇ ਇੱਜ਼ਤ ਲਈ, ਹਾਪਕਿਨਸਨ ਦਾ ਕਤਲ ਕੀਤਾ ਹੈ। ਮੈਂ ਇਹ ਸਭ ਕੁਝ ਬਰਦਾਸ਼ਤ ਨਹੀਂ ਸੀ ਕਰ ਸਕਦਾ। ਜੱਜ ਸਾਹਿਬ, ਜੇ ਇਹ ਸਭ ਕੁਝ ਤੁਹਾਡੇ ਚਰਚ ਵਿੱਚ ਹੋਇਆ ਹੁੰਦਾ, ਤਾਂ ਤੁਸੀਂ ਈਸਾਈਆਂ ਨੇ ਵੀ ਬਰਦਾਸ਼ਤ ਨਹੀਂ ਸੀ ਕਰਨਾ, ਕਿਉਂਕਿ ਅਜਿਹਾ ਕਰਨ ਨਾਲ ਤੁਸੀਂ ਆਪਣੇ ਆਪ ਨੂੰ ਮੁਰਦਾ ਕੌਮ ਸਮਝਣਾ ਸੀ। ਕਿਸੇ ਸਿੱਖ ਲਈ ਵੀ ਗੁਰਦੁਆਰੇ 'ਚ ਇਹ ਸਭ ਕੁਝ ਹੁੰਦਾ ਵੇਖਣ ਨਾਲੋਂ, ਮਰ ਜਾਣਾ ਚੰਗਾ ਹੈ। ਮੈਨੂੰ ਕਿਸੇ ਇਨਸਾਫ਼ ਦੀ ਆਸ ਨਹੀਂ। ਮੈਨੂੰ ਪਤਾ ਹੈ ਕਿ ਮੈ ਹਾਪਕਿਨਸਨ ਨੂੰ ਗੋਲ਼ੀ ਮਾਰੀ ਹੈ ਅਤੇ ਇਸ ਵਾਸਤੇ ਮੈਨੂੰ ਮਰਨਾ ਪਵੇਗਾ। ਮੈ ਇਹ ਬਿਆਨ ਇਸ ਕਰਕੇ ਦੇ ਰਿਹਾ ਹਾਂ ਤਾਂ ਜੋ ਲੋਕਾਂ ਨੂੰ ਪਤਾ ਲੱਗ ਸਕੇ ਕਿ ਸਾਡੇ ਨਾਲ ਕੀ ਵਰਤਾਉ ਹੁੰਦਾ ਰਿਹਾ ਹੈ। ਸਾਨੂੰ ਜੱਜਾਂ ਕੋਲੋਂ, ਪੁਲਿਸ ਕੋਲੋਂ ਜਾਂ ਕਿਸੇ ਹੋਰ ਕੋਲੋਂ ਕਦੀ ਇਨਸਾਫ਼ ਨਹੀਂ ਮਿਲਿਆ ਅਤੇ ਮੈਂ ਆਪਣੀ ਜਾਨ ਇਸੇ ਕਰਕੇ ਦੇ ਰਿਹਾ ਹਾਂ, ਤਾਂ ਜੋ ਲੋਕਾਂ ਨੂੰ ਇਸ ਗੱਲ ਦਾ ਪਤਾ ਲੱਗ ਸਕੇ...। ਭਾਈ ਮੇਵਾ ਸਿੰਘ ਦਾ ਵੈਨਕੂਵਰ ਦੀ ਅਦਾਲਤ ਵਿੱਚ ਦਿੱਤਾ ਬਿਆਨ ਇਤਿਹਾਸਕ ਦਸਤਾਵੇਜ਼ ਹੈ, ਜਿਸ 'ਚ ਉਨ੍ਹਾਂ ਪ੍ਰਵਾਸੀਆਂ ਅਤੇ ਘੱਟ ਗਿਣਤੀ ਭਾਈਚਾਰਿਆਂ ਨਾਲ ਹੁੰਦੇ ਵਰਤਾਉ ਦੀ ਦਿਲਕੰਬਾਊ ਤਸਵੀਰ ਪੇਸ਼ ਕੀਤੀ ਹੈ।

**ਭਾਈ ਮੇਵਾ ਸਿੰਘ ਲੋਪੋਕੇ ਨੂੰ ਫ਼ਾਂਸੀ**


ਨਸਲਵਾਦੀ ਚਿਟ ਚਮੜੀਆਂ ਵਿਲੀਅਮ ਹੌਪਕਿਨਸਨ ਦੇ ਕਤਲ ਦੀ ਜ਼ਿੰਮੇਵਾਰੀ ਕਬੂਲਣ ਮਗਰੋਂ 30 ਅਕਤੂਬਰ 1914 ਨੂੰ ਅਦਾਲਤ ਨੇ ਸਿਰਫ਼ ਇੱਕ ਘੰਟਾ ਚਾਲੀ ਮਿੰਟ 'ਚ ਫ਼ੈਸਲਾ ਕਰਦਿਆਂ ਭਾਈ ਸਾਹਿਬ ਲਈ ਸਜ਼ਾ-ਏ-ਮੌਤ ਸੁਣਾ ਦਿੱਤੀ। ਫ਼ੈਸਲਾ ਸੁਣਦੇ ਆਂ ਭਾਈ ਸਾਹਿਬ ਨੇ ਗੁਰਬਾਣੀ 'ਚੋਂ 'ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ' ਉੱਚੀ ਆਵਾਜ਼ ਵਿੱਚ ਗੁੰਜਾਉਂਦਿਆਂ ਖਿੜੇ ਮੱਥੇ ਫ਼ੈਸਲਾ ਪ੍ਰਵਾਨ ਕੀਤਾ। 11 ਜਨਵਰੀ 1915 ਈ. ਨੂੰ ਨਿਊਵੈਸਟ ਮਿਨਿਸਟਰ ਦੀ ਪ੍ਰੋਵਿੰਸ਼ਿਅਲ ਜੇਲ੍ਹ ਵਿੱਚ ਅੱਠ ਵੱਜ ਕੇ ਇੱਕ ਮਿੰਟ ਤੇ ਭਾਈ ਮੇਵਾ ਸਿੰਘ ਗੁਰਬਾਣੀ ਦਾ ਸ਼ਬਦ 'ਹਰਿ ਜਸੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੋਰੋ' ਗਾਇਨ ਕਰਦਿਆਂ, ਹੱਸਦੇ-ਹੱਸਦੇ ਫ਼ਾਂਸੀ ਚੜ੍ਹ ਗਏ। ਜੇਲ੍ਹ ਬਾਹਰ ਹਾਜ਼ਰ ਚਾਰ ਸੌ ਦੇ ਕਰੀਬ ਲੋਕ ਵੈਰਾਗ 'ਚ 'ਸ਼ਹੀਦ ਮੇਵਾ ਸਿੰਘ ਅਮਰ ਰਹੇ' ਦੇ ਨਾਅਰੇ ਲਾ ਕੇ ਧਰਮੀ ਯੋਧੇ ਦੀ ਜੈ ਜੈ ਕਾਰ ਕਰ ਰਹੇ ਸਨ। ਕੈਨੇਡਾ ਦੇ ਇਤਿਹਾਸ ਵਿੱਚ ਚਿੱਟੇ ਨਸਲਵਾਦ ਦੇ ਖ਼ਾਤਮੇ ਦੀ ਇਹ ਗੌਰਵਮਈ ਗਾਥਾ ਸਾਡਾ ਸ਼ਾਨਾਮੱਤਾ ਇਤਿਹਾਸ ਹੈ। ਇਸ ਦਿਨ ਨੂੰ ਕੈਨੇਡਾ ਦੇ ਬਹੁ-ਸਭਿਆਚਾਰਕ ਢਾਂਚੇ ਦੇ ਮੁੱਢ ਬੱਝਣ ਬੰਨ੍ਹਣ ਵਜੋਂ ਚੇਤੇ ਕਰਨਾ ਚਾਹੀਦਾ ਹੈ।

**ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਨੂੰ ਸਮਰਪਿਤ ਐਲਾਨਨਾਮਾ**

ਨਿਊ ਵੈਸਟਮਿਨਸਟਰ ਸ਼ਹਿਰ ਦੇ ਸਾਬਕਾ ਸਿਟੀ ਕੌਂਸਲਰ ਚੱਕ ਪਿੱਕਮਾਇਰ ਨੇ ਭਾਈ ਮੇਵਾ ਸਿੰਘ ਲੋਪੋਕੇ ਦੇ ਇਤਿਹਾਸ ਨੂੰ ਵਿਚਾਰਨ ਮਗਰੋਂ, ਸਿਟੀ ਕੌਂਸਲ ਵਿੱਚ 2020 ਨੂੰ ਮਤਾ ਲਿਆਂਦਾ ਅਤੇ 'ਸ਼ਹੀਦ ਮੇਵਾ ਸਿੰਘ ਲੋਪੋਕੇ ਦਿਨ' ਵਜੋਂ ਪ੍ਰੋਕਲੇਮੇਸ਼ਨ ਜਾਰੀ ਕਰਵਾਇਆ। ਇਸ ਸ਼ਹਿਰ ਵਿੱਚ ਹੀ ਭਾਈ ਸਾਹਿਬ ਨੂੰ ਫ਼ਾਂਸੀ ਦਿੱਤੀ ਗਈ ਸੀ। ਕੌਂਸਲਰ ਚੱਕ ਪਕਮਾਇਰ ਨੂੰ ਸ਼ਹੀਦ ਭਾਈ ਮੇਵਾ ਸਿੰਘ ਜੀ ਦੀ ਸ਼ਹਾਦਤ ਦਾ ਐਲਾਨਨਾਮਾ ਜਾਰੀ ਕਰਨ, ਕਿਸਾਨਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਨ ਅਤੇ ਭਾਰਤ ਦੇ ਨਾਗਰਿਕਤਾ ਸੋਧ ਕਾਨੂੰਨ ਦੇ ਖ਼ਿਲਾਫ਼ ਨਿਭਾਈ ਇਤਿਹਾਸਕ ਭੂਮਿਕਾ ਲਈ ਸਦਾ ਚੇਤੇ ਕੀਤਾ ਜਾਂਦਾ ਰਹੇਗਾ। ਇਸ ਤੋਂ ਇਲਾਵਾ ਬੀਸੀ ਦੀ ਸਿੱਖਿਆ ਮੰਤਰੀ ਬੀਬੀ ਰਚਨਾ ਸਿੰਘ ਨੇ ਭਾਈ ਸਾਹਿਬ ਦੇ ਸ਼ਹੀਦੀ ਦਿਹਾੜੇ 'ਤੇ ਆਪਣੇ ਦਫ਼ਤਰ ਵਿੱਚ ਭਾਈ ਮੇਵਾ ਸਿੰਘ ਲੋਪੋਕੇ ਦੀ ਤਸਵੀਰ ਸੁਸ਼ੋਭਿਤ ਕੀਤੀ, ਪਰ ਜ਼ਿਆਦਾਤਰ ਦੇਸੀ ਸਿਆਸਤਦਾਨ ਅਜੇ ਵੀ ਸ਼ਹੀਦ ਭਾਈ ਮੇਵਾ ਸਿੰਘ ਦਾ ਨਾਂ ਲੈਣ ਤੋਂ ਝਿਜਕਦੇ ਹਨ।

**ਭਾਈ ਮੇਵਾ ਸਿੰਘ ਲੋਪੋਕੇ ਨੂੰ ਕੈਨੇਡਾ ਦੇ ਸ਼ਹੀਦ ਐਲਾਨੇ ਜਾਣ ਦੀ ਮੰਗ**

ਨਸਲਵਾਦ ਖ਼ਿਲਾਫ਼ ਡਟਣ ਵਾਲ਼ੇ ਸਮੂਹ ਭਾਈਚਾਰਿਆਂ ਨੂੰ ਮੰਗ ਕਰਨੀ ਚਾਹੀਦੀ ਹੈ ਕਿ ਸੂਬਾਈ ਅਤੇ ਫ਼ੈਡਰਲ ਪੱਧਰ ਦੇ ਸਿਆਸਤਦਾਨ ਭਾਈ ਮੇਵਾ ਸਿੰਘ ਦੀ ਸ਼ਹਾਦਤ ਦੇ ਸਹੀ ਅਰਥਾਂ ਨੂੰ ਵਿਚਾਰ ਕੇ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਨੂੰ ਕੈਨੇਡਾ ਦਾ ਸ਼ਹੀਦ ਐਲਾਨਿਆ ਜਾਵੇ। 21 ਅਕਤੂਬਰ ਦੇ ਇਤਿਹਾਸ ਨੂੰ ਗੰਭੀਰਤਾ ਨਾਲ ਵਿਚਾਰ ਕੇ, ਇਸ ਦਿਨ 'ਤੇ ਫ਼ਖ਼ਰ ਮਹਿਸੂਸ ਕਰੀਏ ਕਿ ਮਹਾਨ ਯੋਧੇ ਭਾਈ ਮੇਵਾ ਸਿੰਘ ਲੋਪੋਕੇ ਨੇ ਸਿਆਸੀ ਉਦੇਸ਼ ਹਿਤ, ਕੈਨੇਡਾ ਵਿੱਚੋਂ ਚਿੱਟੇ ਨਸਲਵਾਦ ਦਾ ਅੰਤ ਕਰਨ ਲਈ ਵਿਲੀਅਮ ਹਾਪਕਿਨਸਨ ਨੂੰ ਸੋਧ ਕੇ, ਕੈਨੇਡੀਅਨ ਬਹੁ-ਸੱਭਿਆਚਾਰ ਨੂੰ ਪ੍ਰਫੁੱਲਤ ਕੀਤਾ ਹੈ। ਅੱਜ ਲੋੜ ਇਸ ਗੱਲ ਦੀ ਹੈ ਕਿ ਕੈਨੇਡਾ ਦੀਆਂ ਸਿੱਖ ਸੰਸਥਾਵਾਂ ਅਤੇ ਮਨੁੱਖੀ ਅਧਿਕਾਰ ਜਥੇਬੰਦੀਆਂ ਸ਼ਹੀਦ ਮੇਵਾ ਸਿੰਘ ਦੇ ਨਕਸ਼ੇ-ਕਦਮਾਂ 'ਤੇ ਪਹਿਰਾ ਦੇਣ। ਅੱਜ ਲੋੜ ਅਜਿਹੇ ਪ੍ਰਬੰਧਕਾਂ ਤੇ ਆਗੂਆਂ ਦੀ ਹੈ, ਜੋ ਭਾਈ ਮੇਵਾ ਸਿੰਘ ਦੀ ਸੋਚ ਅਨੁਸਾਰ ਮੌਜੂਦਾ ਨਸਲਵਾਦੀ ਅਤੇ ਫ਼ਾਸ਼ੀਵਾਦੀ ਤਾਕਤਾਂ ਖ਼ਿਲਾਫ਼ ਡਟਣ।





ਭਾਈ ਮੇਵਾ ਸਿੰਘ ਲੋਪੋਕੇ ਦੀ ਸ਼ਹਾਦਤ, ਕਿਤਾਬ।

ਹਾਪਕਿਨਸਨ ਅਤੇ ਬੇਲੇ ਵਰਗਿਆਂ ਦੇ ਵਾਰਿਸ ਅੱਜ ਵੀ ਖ਼ਤਮ ਨਹੀਂ ਹੋਏ, ਜਿਸ ਦੀ ਮਿਸਾਲ ਤਾਜ਼ਾ ਕੈਨੇਡਾ ਵੱਸਦੇ ਸਿੱਖ ਆਗੂਆਂ ਨੂੰ ਨਿਸ਼ਾਨਾ ਬਣਾਉਣ ਲਈ ਭਾਰਤੀ ਏਜੰਸੀਆਂ ਵੱਲੋਂ ਆਪਣੇ ਏਜੰਟਾਂ ਰਾਹੀਂ ਹਮਲਿਆਂ ਦੇ ਰੂਪ ਵਿੱਚ ਮਿਲਦੀ ਹੈ। ਇਸ ਸਮੇਂ ਚੱਲ ਰਹੀ ਕਸ਼ਮਕਸ਼ ਦੇ ਦੌਰ ਵਿੱਚ ਇੱਕ ਗੱਲ ਸਪੱਸ਼ਟ ਹੈ ਕਿ 110 ਸਾਲ ਪਹਿਲਾਂ ਭਾਰਤੀ ਬ੍ਰਿਟਿਸ਼ ਏਜੰਟਾਂ ਨੇ ਕੈਨੇਡਾ ਦੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਨੂੰ ਹਕੂਮਤੀ ਸ਼ਹਿ 'ਤੇ ਸ਼ਹੀਦ ਕਰਵਾਇਆ ਸੀ ਅਤੇ ਹੁਣ ਇੱਕ ਸਦੀ ਬਾਅਦ ਫ਼ੇਰ ਇਹ ਇਤਿਹਾਸ ਦੁਹਰਾਇਆ ਗਿਆ ਹੈ। ਕੈਨੇਡਾ ਦੀ ਧਰਤੀ 'ਤੇ 18 ਜੂਨ 2023 ਨੂੰ ਇਥੋਂ ਦੇ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਸਰੀ ਡੈਲਟਾ ਦੇ ਮੁੱਖ ਸੇਵਾਦਾਰ ਭਾਈ ਹਰਦੀਪ ਸਿੰਘ ਨਿੱਝਰ ਨੂੰ ਇੰਡੀਅਨ ਏਜੰਟਾਂ ਦੇ ਰਾਹੀਂ ਭਾਰਤ ਵੱਲੋਂ ਸ਼ਹੀਦ ਕਰਵਾਏ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਦੀ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਪਾਰਲੀਮੈਂਟ ਵਿੱਚ ਆਵਾਜ਼ ਬੁਲੰਦ ਕੀਤੀ ਹੈ ਅਤੇ ਵਿਸ਼ਵ ਪੱਧਰ 'ਤੇ ਇਹ ਵਰਤਾਰਾ ਸਾਹਮਣੇ ਲਿਆਂਦਾ ਹੈ। ਅੱਜ ਭਾਰਤੀ ਏਜੰਟਾਂ ਦੀ ਦਖਲ ਅੰਦਾਜ਼ੀ ਬਾਰੇ ਕੈਨੇਡਾ ਦੀ ਸਰਕਾਰ ਦੀ ਬਿਆਨਬਾਜ਼ੀ ਨੇ ਕੌਮਾਂਤਰੀ ਰਾਜਨੀਤੀ ਹਿਲਾ ਕੇ ਰੱਖ ਦਿੱਤੀ ਹੈ। ਸ਼ਹੀਦ ਮੇਵਾ ਸਿੰਘ ਲੋਪੋਕੇ ਦੇ ਵਾਰਿਸਾਂ ਨੂੰ ਤਕੜੇ ਹੋ ਕੇ ਮੈਦਾਨ ਵਿੱਚ ਨਿੱਤਰਨ ਦੀ ਲੋੜ ਹੈ, ਤਾਂ ਕਿ ਨਸਲਵਾਦੀ, ਬਸਤੀਵਾਦੀ ਅਤੇ ਮਨੁੱਖੀ ਹੱਕਾਂ ਨੂੰ ਕੁਚਲਣ ਵਾਲੀਆਂ ਹਕੂਮਤਾਂ ਖਿਲਾਫ਼ ਜੰਗ ਜਾਰੀ ਰੱਖਿਆ ਜਾ ਸਕੇ।



# ਬਿਰਖਾਂ ਦਾ ਗੀਤ ਸੁਣ ਕੇ...

ਡਾ. ਇਕਬਾਲ ਸਿੰਘ ਸਕਰੌਦੀ

ਮਨੁੱਖਾ ਜੀਵਨ ਦੇ ਇਤਿਹਾਸ ਵਿੱਚ ਇੱਕ ਅਜਿਹਾ ਸਮਾਂ ਸੀ, ਜਦੋਂ ਮਨੁੱਖ ਜੰਗਲਾਂ, ਬੇਲਿਆਂ, ਪਹਾੜਾਂ ਦੀਆਂ ਕੁੰਦਰਾਂ ਗੁਫ਼ਾਵਾਂ ਅਤੇ ਰੁੱਖਾਂ ਦੇ ਆਸਰੇ ਆਪਣਾ ਜੀਵਨ ਬਸਰ ਕਰਦਾ ਸੀ। ਉਸ ਸਮੇਂ ਜੰਗਲਾਂ ਬੇਲਿਆਂ ਵਿੱਚ ਪਸ਼ੂਆਂ, ਜਾਨਵਰਾਂ ਸੰਗ ਰਹਿਣ ਕਾਰਨ ਉਸ ਦਾ ਆਪਣਾ ਜੀਵਨ ਵੀ ਪਸ਼ੂਆਂ ਸਮਾਨ ਹੀ ਸੀ। ਉਹ ਆਪਣਾ ਪੇਟ ਫ਼ਲ, ਫੁੱਲ, ਹੋਰ ਜੰਗਲੀ ਜੜੀ ਬੂਟੀਆਂ ਖਾ ਕੇ ਭਰਦਾ ਸੀ। ਭਾਵੇਂ ਕਾਫ਼ੀ ਲੰਮੇ ਸਮੇਂ ਬਾਅਦ ਉਹ ਜੰਗਲੀ ਜਾਨਵਰਾਂ ਦਾ ਸ਼ਿਕਾਰ ਕਰਕੇ ਪਹਿਲਾਂ ਕੱਚਾ ਮਾਸ ਅਤੇ ਫਿਰ ਹੌਲੀ ਹੌਲੀ ਮਾਸ ਭੁੰਨ ਕੇ ਖਾਂਦਾ ਰਿਹਾ ਹੈ ਪ੍ਰੰਤੂ ਫਿਰ ਵੀ ਉਸ ਦੀ ਬਹੁਤੀ ਗੁਜ਼ਰ ਬਸਰ ਫ਼ਲਾਂ ਅਤੇ ਫੁੱਲਾਂ 'ਤੇ ਹੀ ਨਿਰਭਰ ਸੀ।

ਰੁੱਖ, ਮਨੁੱਖ ਦੀਆਂ ਖਾਣ ਪੀਣ ਦੀਆਂ ਲੋੜਾਂ ਪੂਰੀਆਂ ਕਰਨ ਤੋਂ ਇਲਾਵਾ ਉਸ ਨੂੰ ਅਤਿ ਦੀ ਸਰਦੀ, ਗਰਮੀ, ਮੀਂਹ, ਔੜਾਂ ਤੋਂ ਵੀ ਬਚਾਉਂਦੇ ਰਹੇ ਹਨ। ਇਸ ਪ੍ਰਕਾਰ ਰੁੱਖਾਂ ਦੀ ਮਨੁੱਖਾਂ ਨਾਲ ਸਾਂਝ ਬਹੁਤ ਪੁਰਾਣੇ ਸਮੇਂ ਤੋਂ ਚੱਲੀ ਆਉਂਦੀ ਹੈ। ਸ਼ਾਇਦ ਇਸੇ ਕਰਕੇ ਪੰਜਾਬ ਦੇ ਲੋਕ ਸਾਹਿਤ ਵਿੱਚ ਰੁੱਖ ਅਤੇ ਮਨੁੱਖ ਦੀ ਸਾਂਝ ਨੂੰ ਬਹੁਤ ਹੀ ਮੋਹ ਮੁਹੱਬਤ, ਪਿਆਰ ਅਤੇ ਖ਼ੂਬਸੂਰਤੀ ਸਹਿਤ ਚਿੱਤਰਿਆ ਗਿਆ ਹੈ;

* ਰੁੱਖ ਬੋਲ ਨਾ ਸਕਦੇ ਭਾਵੇਂ
ਬੰਦਿਆਂ ਦਾ ਦੁੱਖ ਜਾਣਦੇ।
* ਬਿਰਖਾਂ ਦਾ ਗੀਤ ਸੁਣ ਕੇ
ਮੇਰੀ ਰੂਹ ਵਿੱਚ ਚਾਨਣ ਹੋਇਆ।

ਪੰਜਾਬੀ ਭਾਸ਼ਾ ਦੇ ਪਹਿਲੇ ਮਹਾਨ ਕਵੀ ਬਾਬਾ ਸ਼ੇਖ਼ ਫ਼ਰੀਦ ਜੀ ਨੇ ਦਰਵੇਸ਼ਾਂ ਨੂੰ ਰੁੱਖਾਂ ਵਰਗੇ ਜੇਰੇ ਦੇ ਧਾਰਨੀ ਹੋਣ ਦਾ ਸੰਦੇਸ਼ ਦਿੱਤਾ ਹੈ;

ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ॥
ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ॥

ਪੰਜਾਬੀ ਦੇ ਮਹਾਨ ਸ਼ਾਇਰ ਡਾ. ਸੁਰਜੀਤ ਪਾਤਰ ਦੀਆਂ ਬਹੁਤੀਆਂ ਗ਼ਜ਼ਲਾਂ ਅਤੇ ਕਵਿਤਾਵਾਂ ਵਿੱਚ ਰੁੱਖਾਂ, ਫੁੱਲਾਂ, ਬੂਟਿਆਂ, ਪੱਤਿਆਂ, ਟਾਹਣੀਆਂ, ਕੋਂਪਲਾਂ, ਤਣਿਆਂ, ਜੰਗਲਾਂ ਦੀ ਗੱਲ ਕੀਤੀ ਗਈ ਹੈ;

ਮੈਂ ਕਿਹਾ ਰੁੱਖ ਨੂੰ ਕੋਈ ਨਜ਼ਮ ਸੁਣਾ
ਡਾਲੀ ਡਾਲੀ 'ਚੋਂ ਪੁੰਗਰੇ ਹਰਫ਼ ਹਰੇ।

ਪਾਤਰ ਦੀ ਇਹ ਗ਼ਜ਼ਲ ਰੁੱਖਾਂ ਨਾਲ ਬੜੀ ਡੂੰਘੀ ਅਤੇ ਸ਼ਿੱਦਤ ਭਰੀ ਸਾਂਝ ਨੂੰ ਬਿਆਨ ਕਰਦੀ ਹੈ;

ਕੋਈ ਡਾਲੀਆਂ 'ਚੋਂ ਲੰਘਿਆ ਹਵਾ ਬਣ ਕੇ
ਅਸੀਂ ਰਹਿ ਗਏ ਬਿਰਖ਼ ਵਾਲੀ ਹਾਅ ਬਣ ਕੇ।
ਪੈੜਾਂ ਤੇਰੀਆਂ 'ਤੇ ਦੂਰ ਦੂਰ ਤੀਕ ਮੇਰੇ ਪੱਤੇ
ਡਿੱਗੇ ਮੇਰੀਆਂ ਬਹਾਰਾਂ ਦਾ ਗੁਨਾਹ ਬਣ ਕੇ।
ਪਿਆ ਅੰਬੀਆਂ ਨੂੰ ਬੂਰ ਸੀ ਕਿ ਕੋਇਲ ਕੂਕ ਪਈ
ਕਿਸੇ ਜਿੰਦ ਬੀਆਬਾਨ ਦੀ ਗਵਾਹ ਬਣ ਕੇ।
ਕਦੇ ਬੰਦਿਆਂ ਦੇ ਵਾਂਗ ਗੱਲ ਕਰਿਆ ਵੀ ਕਰ
ਐਵੇਂ ਲੰਘ ਜਾਨੈਂ ?ਪਾਣੀ ਕਦੇ ਵਾ ਬਣ ਕੇ।
ਜਦੋਂ ਮਿਲਿਆ ਸੀ ਹਾਣ ਦਾ ਸੀ ਸਾਂਵਰਾ ਜਿਹਾ
ਜਦੋਂ ਜੁਦਾ ਹੋਇਆ ਤੁਰ ਗਿਆ ਖ਼ੁਦਾ ਬਣ ਕੇ।

ਰੁੱਖ ਮੁੱਢ ਤੋਂ ਹੀ ਸਾਡੇ ਪੇਂਡੂ ਜਨ ਜੀਵਨ ਦਾ ਧੁਰਾ ਬਣੇ ਰਹੇ ਹਨ। ਚਾਰ-ਪੰਜ ਦਹਾਕੇ ਪਹਿਲਾਂ ਜਦੋਂ ਵੀ ਕਿਤੇ ਪਿੰਡ ਵਿੱਚ ਕੋਈ ਨਵਾਂ ਰਿਸ਼ਤੇਦਾਰ ਆਉਂਦਾ ਤਾਂ ਉਹ ਘਰ ਦਾ ਪਤਾ ਨਿੰਮ ਬੋਹੜ ਅਤੇ ਪਿੱਪਲ ਦੀ ਤ੍ਰਿਵੇਣੀ ਥੱਲੇ ਬੈਠੇ ਵੱਡੇ ਬਜ਼ੁਰਗਾਂ ਤੋਂ ਹੀ ਪੁੱਛਦਾ ਹੁੰਦਾ ਸੀ। ਬਜ਼ੁਰਗ ਵੀ ਉਸ ਨੂੰ ਸਬੰਧਿਤ ਘਰ ਵਿੱਚ ਲੱਗੇ ਰੁੱਖ ਦੀ ਨਿਸ਼ਾਨੀ ਦੱਸ ਕੇ ਘਰ ਦਾ ਪਤਾ ਸਮਝਾ ਦਿੰਦੇ ਸਨ। ਜਦੋਂ ਵੀ ਪਿੰਡ ਵਿੱਚ ਕੋਈ ਫੇਰੀ ਵਾਲਾ ਆਉਂਦਾ ਸੀ ਤਾਂ ਉਹ ਵੀ ਬੋਹੜ ਪਿੱਪਲ ਦੀ ਗੂੜ੍ਹੀ ਛਾਂ ਹੇਠ ਬੈਠ ਕੇ ਆਰਾਮ ਕਰਦਾ ਸੀ, ਕਿਉਂ ਜੋ ਉਨ੍ਹਾਂ ਰੁੱਖਾਂ ਦੀ ਠੰਢੀ ਛਾਂ ਕਿਸੇ ਵੀ ਕੂਲਰ ਤੇ ਏਸੀ ਦੀ ਹਵਾ ਨੂੰ ਮਾਤ ਪਾਉਂਦੀ ਸੀ।

ਘਰਾਂ ਵਿੱਚ ਲੱਗੇ ਨਿੰਮ ਦੇ ਰੁੱਖ ਕਿਸੇ ਦਵਾਈ ਤੋਂ ਘੱਟ ਨਹੀਂ ਸਨ। ਸਿਆਣੇ ਕਹਿੰਦੇ ਸਨ, 'ਜਿਸ ਘਰ ਨਿੰਮ ਦਾ ਰੁੱਖ ਹੋਵੇ, ਉਹ ਘਰ ਰੋਗਾਂ ਤੋਂ ਰਹਿਤ ਹੁੰਦਾ ਹੈ।' ਪਿੰਡ ਵਿੱਚ ਜੇਕਰ ਕਿਸੇ ਨੂੰ ਕੋਈ ਚਮੜੀ ਦਾ ਕੋਈ ਰੋਗ ਹੋ ਜਾਂਦਾ ਤਾਂ ਉਦੋਂ ਸਭ ਤੋਂ ਪਹਿਲਾਂ ਇਹ ਦੇਖਿਆ ਜਾਂਦਾ ਕਿ ਨਿੰਮ ਦਾ ਰੁੱਖ ਕਿਸ ਦੇ ਵਿਹੜੇ ਲੱਗਾ ਹੈ। ਉਸ ਘਰ ਵਿੱਚੋਂ ਲੋਕ ਸਵੇਰ ਵੇਲੇ ਨਿੰਮ ਦੀ ਦਾਤਣ ਵੀ ਤੋੜ ਲਿਆਉਂਦੇ ਸਨ। ਧਰੇਕ ਦੀ ਗੂੜ੍ਹੀ ਸੰਘਣੀ ਛਾਂ ਹੋਣ ਕਾਰਨ ਇਹ ਬਹੁਤੇ ਪੇਂਡੂ ਘਰਾਂ ਦਾ ਸ਼ਿੰਗਾਰ ਬਣਦੀ ਰਹੀ ਹੈ। ਦੁਪਹਿਰ ਵੇਲੇ ਲੋਕ ਅਕਸਰ ਇਨ੍ਹਾਂ ਦੀ ਛਾਂ ਹੇਠ ਬੈਠ ਕੇ ਇੱਕ ਤਾਂ ਤਿੱਖੀ ਧੁੱਪ ਤੋਂ ਬਚਾਅ ਕਰਦੇ ਸਨ, ਦੂਜਾ ਉਹ ਆਪਣੇ ਦੁੱਖ-ਸੁੱਖ ਵੀ ਸਾਂਝੇ ਕਰ ਲੈਂਦੇ ਸਨ। ਜਿਨ੍ਹਾਂ ਘਰਾਂ ਵਿੱਚ ਬੱਕਰੀਆਂ ਰੱਖੀਆਂ ਹੁੰਦੀਆਂ ਸਨ, ਉਨ੍ਹਾਂ ਘਰਾਂ ਵਿੱਚ ਧਰੇਕ ਦਾ ਰੁੱਖ ਵੀ ਜ਼ਰੂਰ ਹੁੰਦਾ ਸੀ। ਇਸੇ ਕਰਕੇ ਧੀਆਂ ਅਤੇ ਧਰੇਕਾਂ ਨੂੰ ਘਰ ਦੇ ਵਿਹੜੇ ਦਾ ਸ਼ਿੰਗਾਰ ਕਿਹਾ ਗਿਆ ਹੈ;

ਧੀਆਂ ਅਤੇ ਧਰੇਕਾਂ ਹੁੰਦੀਆਂ ਰੌਣਕ ਵਿਹੜੇ ਦੀ।

ਜੇਕਰ ਕਿਸੇ ਘਰ ਵਿੱਚ ਰੋਟੀ ਖਾਣ ਲਈ ਕੋਈ ਦਾਲ ਸਬਜ਼ੀ ਨਾ ਬਣਾਈ ਗਈ ਹੁੰਦੀ, ਉਹ ਕਿਸੇ ਦੂਜੇ ਘਰੋਂ ਅੰਬੀਆਂ, ਕਿਸੇ ਹੋਰ ਘਰੋਂ ਪੁਦੀਨਾ ਤੋੜ ਕੇ ਚਟਣੀ ਕੁੱਟ ਲੈਂਦੇ ਸਨ। ਇਸ ਪ੍ਰਕਾਰ ਸਾਡੇ ਪੇਂਡੂ ਜਨ ਜੀਵਨ ਵਿੱਚ



ਰੁੱਖਾਂ ਨਾਲ ਭਾਈਚਾਰਕ ਸਾਂਝ ਬੜੀ ਪੀਡੀ ਹੁੰਦੀ ਰਹਿੰਦੀ ਸੀ। ਪਰ ਅੱਜ ਦੇ ਸਮੇਂ ਇਹ ਰੁੱਖ ਕੇਵਲ ਸਾਡੇ ਘਰਾਂ ਵਿੱਚੋਂ ਹੀ ਲੋਪ ਨਹੀਂ ਹੋਏ, ਸਗੋਂ ਪਿੰਡਾਂ ਦੀਆਂ ਸਾਂਝੀਆਂ ਥਾਂਵਾਂ ਤੋਂ, ਸ਼ਾਮਲਾਟਾਂ ਵਿੱਚੋਂ, ਖੇਤਾਂ ਵਿੱਚ ਪਾਣੀ ਦੀਆਂ ਮੋਟਰਾਂ ਤੋਂ, ਖਾਲ਼ਾਂ, ਵੱਟਾਂ ਉੱਤੋਂ, ਸਕੂਲਾਂ ਕਾਲਜਾਂ ਵਿੱਚੋਂ, ਸੜਕਾਂ ਕੰਢਿਓਂ, ਕੱਸੀਆਂ, ਸੂਇਆਂ, ਨਹਿਰਾਂ ਦੇ ਕੰਢਿਆਂ ਉੱਤੋਂ ਵੀ ਲੋਪ ਹੁੰਦੇ ਜਾ ਰਹੇ ਹਨ। ਇੱਥੇ ਡਾ. ਸੁਰਜੀਤ ਪਾਤਰ ਦੀ ਇੱਕ ਨਜ਼ਮ ਦੀਆਂ ਹੇਠ ਲਿਖੀਆਂ ਸਤਰਾਂ ਬੜੀਆਂ ਸਾਰਥਕ ਜਾਪਦੀਆਂ ਹਨ;

ਪੰਛੀ ਤਾਂ ਉੱਡ ਗਏ ਨੇ, ਰੁੱਖ ਵੀ ਸਲਾਹਾਂ ਕਰਦੇ
ਚਲੋ ਏਥੋਂ ਚੱਲੀਏ।

ਸੱਚ ਤਾਂ ਇਹ ਹੈ ਕਿ ਅੱਜ ਦਾ ਮਨੁੱਖ ਹੀ ਪ੍ਰਕਿਰਤੀ ਦਾ ਸਭ ਤੋਂ ਖ਼ਤਰਨਾਕ ਦੁਸ਼ਮਣ ਬਣ ਬੈਠਾ ਹੈ। ਸਮੁੱਚੇ ਸਮਾਜ ਵਿੱਚ ਪ੍ਰਦੂਸ਼ਣ ਫੈਲਾਉਣ ਲਈ ਉਹੀ ਸਭ ਤੋਂ ਵੱਧ ਜ਼ਿੰਮੇਵਾਰ ਹੈ। ਮਨੁੱਖ ਨੇ ਆਪਣੀ ਲਾਲਚੀ ਸਵਾਰਥੀ ਪ੍ਰਵਿਰਤੀ ਕਾਰਨ ਅੰਨ੍ਹੇਵਾਹ ਰੁੱਖਾਂ ਦੀ ਕਟਾਈ ਕੀਤੀ ਹੈ, ਹੁਣ ਵੀ ਕੀਤੀ ਜਾ ਰਹੀ ਹੈ। ਸੜਕਾਂ ਚੌੜੀਆਂ ਕਰਨ ਦੇ ਨਾਂ 'ਤੇ ਲੱਖਾਂ ਕਰੋੜਾਂ ਰੁੱਖਾਂ ਉੱਤੇ ਆਰਾ ਫੇਰਿਆ ਜਾ ਰਿਹਾ ਹੈ। ਇਸੇ ਪ੍ਰਕਾਰ ਆਪਣੇ ਸਵਾਰਥਾਂ ਦੀ ਸਿੱਧੀ ਹਿੱਤ ਮਨੁੱਖ ਨੇ ਬੜੀ ਬੇਰਹਿਮੀ ਨਾਲ ਧਰਤੀ ਅੰਦਰਲੇ ਪਾਣੀ ਨੂੰ ਬਾਹਰ ਖਿੱਚ ਲਿਆ ਹੈ ਅਤੇ ਬੜੀ ਬੇਦਰਦੀ ਨਾਲ ਉਸ ਨੂੰ ਬਰਬਾਦ ਕੀਤਾ ਜਾ ਰਿਹਾ ਹੈ। ਇਸੇ ਕਰਕੇ ਹੁਣ ਪਾਣੀ ਦਾ ਪੱਧਰ ਇੰਨਾ ਹੇਠਾਂ ਚਲਾ ਗਿਆ ਹੈ ਕਿ ਸਥਿਤੀ ਭਿਆਨਕਤਾ ਤੋਂ ਅੱਗੇ ਲੰਘ ਕੇ ਖ਼ਤਰਨਾਕ ਰੂਪ ਅਖ਼ਤਿਆਰ ਕਰਦੀ ਜਾ ਰਹੀ ਹੈ।

ਮਨੁੱਖ ਨੇ ਆਪਣੀ ਸਵਾਰਥੀ ਰੁਚੀ ਕਾਰਨ ਫ਼ਸਲਾਂ ਦਾ ਵਧੇਰੇ ਝਾੜ ਲੈਣ ਲਈ ਵੱਖ-ਵੱਖ ਪ੍ਰਕਾਰ ਦੀਆਂ ਬੇਤਹਾਸ਼ਾ ਜ਼ਹਿਰਾਂ ਛਿੜਕ ਕੇ ਧਰਤੀ ਨੂੰ ਪੂਰੀ ਤਰ੍ਹਾਂ ਪਲੀਤ ਕਰ ਦਿੱਤਾ ਹੈ। ਆਪਣੀ ਇਸੇ ਲਾਲਚੀ ਪ੍ਰਵਿਰਤੀ ਕਾਰਨ ਉਹ ਹਾੜ੍ਹੀ ਸਾਉਣੀ ਦੀ ਫ਼ਸਲ ਵੱਢਣ ਉਪਰੰਤ ਨਾੜ ਨੂੰ ਅੱਗ ਲਾ ਕੇ ਸਾੜਨ ਲੱਗ ਪਿਆ ਹੈ। ਇਸ ਪ੍ਰਕਾਰ ਅੱਗ ਲਾਉਣ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਤਾਂ ਘਟਦੀ ਹੀ ਹੈ, ਇਸ ਦੇ ਨਾਲ ਹੀ ਮਨੁੱਖ ਦੇ ਬਹੁਤ ਸਾਰੇ ਮਿੱਤਰ ਜੀਵ, ਕੀੜੇ ਮਕੌੜੇ ਵੀ ਅੱਗ ਵਿੱਚ ਸੜ ਮਰਦੇ ਹਨ। ਅੱਗ ਲਗਾਏ ਖੇਤਾਂ ਦੇ ਨੇੜੇ ਖੜ੍ਹੇ ਰੁੱਖ ਵੀ ਅੱਗ ਦੇ ਸੇਕ ਨਾਲ ਝੁਲਸ ਜਾਂਦੇ ਹਨ ਅਤੇ ਬਹੁਤ ਜਲਦੀ ਸੜ ਸੁੱਕ ਜਾਂਦੇ ਹਨ। ਹਜ਼ਾਰਾਂ ਲੱਖਾਂ ਪੰਛੀ ਆਲ੍ਹਣਿਆਂ ਸਮੇਤ ਇਸ ਬਲਦੀ ਅੱਗ ਵਿੱਚ ਸੜ ਕੇ ਸੁਆਹ ਹੋ ਜਾਂਦੇ ਹਨ।

ਹੁਣ ਸਵਾਲ ਤਾਂ ਇਹ ਹੈ ਕਿ ਅੱਜ ਦਾ ਮਨੁੱਖ ਇੰਨਾ ਜ਼ਾਲਮ, ਬੇਕਿਰਕ, ਨਿਰਦਈ, ਸੰਵੇਦਨਹੀਣ ਕਿਉਂ ਹੋ ਗਿਆ ਹੈ? ਉਹ ਆਪ ਹੀ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਬਰਬਾਦੀ ਦੇ ਮੂੰਹ ਕਿਉਂ ਧੱਕ ਰਿਹਾ ਹੈ? ਜੇਕਰ ਰੁੱਖ ਹੀ ਨਹੀਂ ਰਹਿਣਗੇ ਤਾਂ ਇਸ ਧਰਤੀ ਉੱਤੇ ਕੇਵਲ ਮਨੁੱਖੀ ਜਨ ਜੀਵਨ ਨੂੰ ਹੀ ਨਹੀਂ, ਸਗੋਂ ਹਰੇਕ ਪ੍ਰਾਣੀ ਦੇ ਜਿਊਂਦੇ ਰਹਿਣ ਦੀ ਸੰਭਾਵਨਾ ਹੀ ਖ਼ਤਮ ਹੋ ਜਾਣੀ ਹੈ। ਇਸ ਲਈ ਆਓ ਆਪਾਂ ਸਾਰੇ ਰਲ ਬੈਠ ਇਸ ਧਰਤੀ ਨੂੰ ਸੋਹਣੀ ਅਤੇ ਹਰਿਆਵਲ ਭਰਪੂਰ ਬਣਾਉਣ ਲਈ ਪ੍ਰਣ ਕਰੀਏ। ਆਪਣੀ ਲਾਲਚੀ ਪ੍ਰਵਿਰਤੀ ਦਾ ਤਿਆਗ ਕਰੀਏ। ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਲਈ ਫ਼ਿਕਰਮੰਦ ਹੋਈਏ। ਘਰ-ਘਰ, ਗਲ਼ੀ-ਗਲ਼ੀ, ਪਿੰਡ-ਪਿੰਡ, ਖੇਤ-ਖੇਤ ਨਵੇਂ ਪੌਦੇ ਲਾ ਕੇ ਭਰ ਦੇਈਏ। ਉਨ੍ਹਾਂ ਨੂੰ ਉਸੇ ਤਰ੍ਹਾਂ ਪਾਲੀਏ, ਜਿਵੇਂ ਅਸੀਂ ਆਪਣੇ ਘਰਾਂ ਅੰਦਰ ਛੋਟੇ ਬੱਚਿਆਂ ਨੂੰ ਪਾਲਦੇ ਹਾਂ। ਆਵਾਰਾ ਪਸ਼ੂਆਂ ਤੋਂ ਉਨ੍ਹਾਂ ਨੂੰ ਬਚਾਈਏ ਅਤੇ ਇਸ ਧਰਤੀ ਨੂੰ ਰਹਿਣ ਜੋਗੀ ਕਰ ਲਈਏ।

# ਮਿਸਾਲ ਬਣੀ ਖੇਤੀ ਉਦਯੋਗ ਵਿੱਚ ਬੀਬੀ ਰਜਿੰਦਰ ਕੌਰ ਸੁਨਾਮ

## ਆਪਣੇ ਪਿੰਡ ਦੀਆਂ ਔਰਤਾਂ ਨੂੰ ਰੁਜ਼ਗਾਰ ਵੱਲ ਲਗਾਇਆ ➢ ਆਚਾਰ ਚਟਣੀਆਂ ਦੇ ਨਾਲ-ਨਾਲ ਮਸਾਲਾ ਤੇ ਸ਼ਹਿਦ ਤਿਆਰ ਕਰਨ ਲੱਗੀ





ਸੰਗਰੂਰ ਜ਼ਿਲ੍ਹੇ ਦੇ ਬਲਾਕ ਸੁਨਾਮ ਵਿੱਚ ਪੈਂਦੇ ਪਿੰਡ ਚੱਠਾ ਨਨਹੇੜਾ ਦੀ ਰਜਿੰਦਰ ਕੌਰ ਆਪਣੇ ਪੇਕਿਆਂ ਤੋਂ ਵਿਰਾਸਤੀ ਖੇਤੀ ਦੀ ਜਾਣਕਾਰੀ ਅਤੇ ਤਜਰਬਾ ਲੈ ਕੇ ਸਹੁਰਿਆਂ ਦੀ ਹਿੱਸੇ ਆਈ ਢਾਈ ਏਕੜ ਜ਼ਮੀਨ ਵਿੱਚ ਪੂਰੀ ਕਾਮਯਾਬੀ ਨਾਲ ਫ਼ਸਲਾਂ ਦੀ ਕਾਸ਼ਤ ਕਰ ਰਹੀ ਹੈ। ਸ਼ੁਰੂਆਤ ਵਿੱਚ ਕਣਕ-ਝੋਨੇ ਦੀ ਰਵਾਇਤੀ ਖੇਤੀ ਕਰ ਕੇ ਆਪਣੇ ਘਰ ਦੇ ਖ਼ਰਚੇ ਕੱਢੇ ਜਾਂਦੇ ਸੀ ਪਰ ਉਸ ਨੇ ਖੇਤੀ ਦੇ ਨਾਲ-ਨਾਲ ਕੁਝ ਵਿਲੱਖਣ ਕਰਨ ਦਾ ਮਨ ਬਣਾਇਆ। ਉਸ ਨੇ ਆਪਣੇ ਜ਼ਿਲ੍ਹੇ ਦੇ ਕ੍ਰਿਸ਼ੀ ਵਿਗਿਆਨ ਕੇਂਦਰ ਤੋਂ ਕੱਪੜੇ ਧੋਣ ਵਾਲੇ ਸਰਫ਼ ਨੂੰ ਬਣਾਉਣ ਦੀ ਸਿਖਲਾਈ ਲਈ ਅਤੇ ਕੰਮ ਸ਼ੁਰੂ ਕਰ ਦਿੱਤਾ। ਉਸ ਦਾ ਇਹ ਕੰਮ ਵਧੀਆ ਚੱਲ ਤਾਂ ਪਿਆ ਪਰ ਇਸ ਕੰਮ ਵਿੱਚ ਦਿੱਕਤ ਇਹ ਸੀ ਕਿ ਇਸ ਕੰਮ ਵਿੱਚ ਵਰਤਿਆ ਜਾਂਦਾ ਰਸਾਇਣ ਜ਼ਮੀਨ ਵਿੱਚ ਜਾ ਕੇ ਉਸ ਨੂੰ ਖ਼ਰਾਬ ਕਰਨ ਲੱਗਾ ਅਤੇ ਖੇਤੀ ਜਿਣਸਾਂ ਵਿੱਚ ਜ਼ਹਿਰ ਦੀ ਮਿਕਦਾਰ ਵਧਣ ਲੱਗੀ। ਇਸ ਗੱਲ 'ਤੇ ਉਸ ਨੇ ਬਹੁਤ ਹੀ ਗੰਭੀਰਤਾ ਨਾਲ ਸੋਚ ਵਿਚਾਰ ਕੀਤਾ ਤੇ ਨਤੀਜੇ ਵਜੋਂ ਸਰਫ਼ ਪਾਊਡਰ ਬਣਾਉਣ ਦੇ ਕੰਮ ਨੂੰ ਹਮੇਸ਼ਾ ਲਈ ਬੰਦ ਕਰ ਦਿੱਤਾ ਅਤੇ ਆਪਣੀ ਜ਼ਮੀਨ ਦੀ ਸਿਹਤ ਵੱਲ ਪੂਰਾ ਧਿਆਨ ਦੇਣਾ ਸ਼ੁਰੂ ਕਰ ਦਿੱਤਾ। ਫਿਰ ਉਸ ਨੇ ਆਪਣੀ ਸਾਰੀ ਖੇਤੀ ਨੂੰ ਪੂਰੀ ਤਰ੍ਹਾਂ ਜੈਵਿਕ ਕਰ ਲਿਆ।

### ਪਿੰਡ ਦੀਆਂ ਔਰਤਾਂ ਨੂੰ ਵੀ ਦਿੱਤਾ ਰੁਜ਼ਗਾਰ

ਰਜਿੰਦਰ ਕੌਰ ਨੇ ਕ੍ਰਿਸ਼ੀ ਵਿਗਿਆਨ ਕੇਂਦਰ ਸੰਗਰੂਰ ਵੱਲੋਂ ਆਚਾਰ, ਚਟਣੀਆਂ ਆਦਿ ਬਣਾਉਣ ਦੀ ਸਿਖਲਾਈ ਲੈ ਲਈ ਅਤੇ ਇਸ ਮੁਤਾਬਕ ਆਪਣਾ ਕੰਮ ਸ਼ੁਰੂ ਕੀਤਾ। ਉਸ ਨੇ ਕਣਕ-ਝੋਨੇ ਦੇ ਨਾਲ-ਨਾਲ ਆਪਣੇ ਖੇਤਾਂ ਵਿੱਚ ਹਲਦੀ, ਦਾਲਾਂ, ਲੱਸਣ, ਹਰੀਆਂ ਮਿਰਚਾਂ, ਨਿੰਬੂ ਆਦਿ ਦੀ ਕਾਸ਼ਤ ਕਰਨੀ ਸ਼ੁਰੂ ਕਰ ਦਿੱਤੀ। ਇਸ ਤੋਂ ਇਲਾਵਾ ਕਈ ਤਰ੍ਹਾਂ ਦੇ ਕੁਦਰਤੀ ਸੁਆਦਾਂ ਨੂੰ ਪੂਰਦੇ ਮਸਾਲੇ ਵੀ ਬਣਾਏ ਤੇ ਇਨ੍ਹਾਂ ਮਸਾਲਿਆਂ ਵਿੱਚ ਵਰਤੀਆਂ ਜਾਂਦੀਆਂ ਜਿਣਸਾਂ ਨੂੰ ਵੀ ਆਪਣੇ ਹੀ ਖੇਤਾਂ ਵਿੱਚ ਉਗਾਇਆ ਜਿਵੇਂ ਨਿਆਜ਼ਪੋਜ਼, ਪੁਦੀਨਾ, ਸੁਹੰਜਣਾ ਆਦਿ। ਉਸ ਨੇ ਆਚਾਰ ਚਟਣੀਆਂ ਦੇ ਨਾਲ-ਨਾਲ ਉਹ ਮਸਾਲਾ ਬਣਾਇਆ, ਜੋ ਦਹੀਂ, ਲੱਸੀ ਤੇ ਚਾਹ ਵਿੱਚ ਵਰਤਿਆ ਜਾਂਦਾ ਹੈ। ਇਸ ਸਾਮਾਨ ਦੀ ਵਧੀਆ ਵਿਕਰੀ ਲਈ ਉਪਰਾਲੇ ਕਰਨੇ ਸ਼ੁਰੂ ਕਰ ਦਿੱਤੇ। ਉਸ ਦੇ ਬਣਾਏ ਉਤਪਾਦਾਂ ਦੀ ਵਿਕਰੀ ਲਈ ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਅਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਸੰਗਰੂਰ ਦਾ ਬਹੁਤ ਸਾਥ ਬਣਿਆ ਰਿਹਾ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਕਿਸਾਨ ਮੇਲਿਆਂ ਅਤੇ ਹੋਰ ਸਰਕਾਰੀ ਅਤੇ ਗ਼ੈਰ-ਸਰਕਾਰੀ ਵਿਭਾਗਾਂ ਅਤੇ ਸੰਸਥਾਵਾਂ ਵੱਲੋਂ ਲਾਏ ਜਾਂਦੇ ਮੇਲਿਆਂ ਅਤੇ ਪ੍ਰਦਰਸ਼ਨੀਆਂ ਵਿੱਚ ਇਸ ਸਾਮਾਨ ਦੀ ਵਧੀਆ ਵਿਕਰੀ ਹੋਣ ਲੱਗੀ। ਉਸ ਦੇ ਇਸ ਉੱਦਮ ਨੂੰ ਦੇਖਦਿਆਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਨੇ 2018 ਵਿੱਚ ਸਫ਼ਲ ਕਿਸਾਨ ਔਰਤ ਵਜੋਂ ਸਨਮਾਨਿਤ ਕੀਤਾ। ਉਸ ਦਾ ਪਤੀ ਨੈਬ ਸਿੰਘ ਅਤੇ ਪੁੱਤਰ ਮਨਜੀਤ ਸਿੰਘ ਵੀ ਇਸ ਕੰਮ ਵਿੱਚ ਪੂਰਾ ਸਾਥ ਦਿੰਦੇ ਹਨ। ਇਸ ਦੇ ਨਾਲ ਹੀ ਉਸ ਨੇ ਕ੍ਰਿਸ਼ੀ ਵਿਗਿਆਨ ਕੇਂਦਰ ਸੰਗਰੂਰ ਵੱਲੋਂ ਸ਼ਹਿਦ ਮੱਖੀ ਪਾਲਣ ਦੀ ਸਿਖਲਾਈ ਵੀ ਲੈ ਲਈ, ਜਿਸ ਵਿੱਚ ਲਗਭਗ 15 ਡੱਬਿਆਂ ਦਾ ਸ਼ਹਿਦ ਦਾ ਕੰਮ ਵੀ ਪੂਰੀ ਕਾਮਯਾਬੀ ਨਾਲ ਕੀਤਾ ਜਾ ਰਿਹਾ ਹੈ।

(ਬਾਕੀ ਸਫ਼ਾ 31 'ਤੇ)

## ਬੰਦੀ ਛੋੜ ਦਿਵਸ 'ਤੇ ਵਿਸ਼ੇਸ਼ ਲੇਖ

# ਦਿਵਾਲੀ ਅੰਬਰਸਰ ਦੀ . . .



ਡਾ. ਰੂਪ ਸਿੰਘ

ਸਾਹਿਬ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਜੀ ਦੇ ਵਰੋਸਾਏ ਪਾਵਨ ਪਵਿੱਤਰ ਇਤਿਹਾਸਿਕ ਸ਼ਹਿਰ ਅੰਮ੍ਰਿਤਸਰ ਦੀ ਆਪਣੀ ਮਹੱਤਤਾ, ਪਹਿਚਾਣ ਤੇ ਇਤਿਹਾਸਕ ਗੌਰਵ ਹੈ। ਅੰਮ੍ਰਿਤਸਰ ਏਸ਼ੀਆ ਮਹਾਂਦੀਪ ਦਾ ਪ੍ਰਮੁੱਖ ਧਾਰਮਿਕ-ਇਤਿਹਾਸਕ ਸ਼ਹਿਰ ਹੈ, ਜਿਸ ਨੂੰ ਪੰਜਾਬ ਦਾ ਦਿਲ ਤੇ ਗੁਰਸਿੱਖਾਂ ਦੀ ਜਿੰਦ-ਜਾਨ ਕਹਿ ਲਿਆ ਜਾਵੇ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀ ਹੋਵੇਗੀ। ਅੰਮ੍ਰਿਤਸਰ ਸਿੱਖ-ਧਰਮ ਦਾ ਕੇਂਦਰੀ ਸਥਾਨ, ਸਿੱਖ-ਵਿਸ਼ਵਾਸਾਂ ਦਾ ਧੁਰਾ, ਗੁਰਸਿੱਖਾਂ ਲਈ ਪ੍ਰੇਰਨਾ-ਸ੍ਰੋਤ ਤੇ ਸ਼ਕਤੀ ਦਾ ਪ੍ਰਮੁੱਖ ਸੋਮਾ ਹੈ, ਸਿੱਖ ਪ੍ਰੰਪਰਾਵਾਂ ਤੇ ਸਿੱਖ ਗੌਰਵ ਦੀ ਜੀਉਂਦੀ-ਜਾਗਦੀ ਮਿਸਾਲ ਹੈ।

ਅੰਮ੍ਰਿਤਸਰ ਕੇਵਲ ਸਿੱਖਾਂ ਲਈ ਹੀ ਨਹੀਂ, ਸਗੋਂ ਵਿਸ਼ਵ ਦੇ ਲੋਕਾਂ ਲਈ ਵਿਸ਼ਵ-ਧਰਮ ਮੰਦਰ, ਸ੍ਰੀ ਹਰਿਮੰਦਰ ਸਾਹਿਬ ਕਰਕੇ ਖਿੱਚ ਦਾ ਕੇਂਦਰ ਹੈ। ਸੰਸਾਰ ਦੇ ਕਿਸੇ ਵੀ ਕੋਨੇ ਵਿੱਚੋਂ ਕੋਈ ਵੀ ਕਿਸੇ ਸਮੇਂ ਬਿਨਾਂ ਕਿਸੇ ਰੋਕ-ਟੋਕ ਦੇ ਅੰਮ੍ਰਿਤਸਰ ਦੇ ਦਰਸ਼ਨ-ਇਸ਼ਨਾਨ ਕਰ ਸਕਦਾ ਹੈ। ਜਾਤੀ, ਨਸਲ ਜਾਂ ਖੇਤਰੀ ਭਿੰਨ-ਭੇਦ ਇਥੇ ਨਹੀਂ ਪੁੱਛਿਆ ਜਾਂਦਾ। ਇਹੀ ਕਾਰਨ ਹੈ ਕਿ ਹਰ ਫ਼ਿਰਕੇ ਹਰ ਧਰਮ ਨਾਲ ਸੰਬੰਧਤ ਲੋਕ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ-ਇਸ਼ਨਾਨ ਕਰ ਕੇ ਆਪਣੇ ਆਪ ਨੂੰ ਵਡਭਾਗੇ ਸਮਝਦੇ ਹਨ। ਸ੍ਰੀ ਅੰਮ੍ਰਿਤਸਰ ਜੀ ਦੀ ਸਿਰਜਨਾ ਦੇ ਸਮੇਂ ਤੋਂ ਹੀ ਹਰ ਕਿੱਤੇ ਦੇ ਲੋਕਾਂ ਨੂੰ ਇਥੇ ਵਸਾਇਆ ਗਿਆ ਸੀ।

ਸ੍ਰੀ ਗੁਰੂ ਰਾਮਦਾਸ ਜੀ ਨੇ ਪਾਵਨ ਅੰਮ੍ਰਿਤ ਸਰੋਵਰ ਦੀ ਆਰੰਭਤਾ ਕਰਵਾਈ ਤੇ ਫ਼ਿਰ ਗੁਰੂ ਅਰਜਨ ਦੇਵ ਜੀ ਨੇ ਸਰੋਵਰ ਨੂੰ ਸੰਪੂਰਨ ਤੇ ਪੱਕਿਆਂ ਕਰ, ਵਿਚਕਾਰ ਹਰਿਮੰਦਰ ਦਾ ਨਿਰਮਾਣ ਕਰਵਾਇਆ। ਅੰਮ੍ਰਿਤ-ਸਰੋਵਰ ਤੇ ਹਰਿਮੰਦਰ ਦੀ ਸਿਰਜਣਾ ਦਾ ਉਦੇਸ਼ ਚਹੁੰ ਵਰਨਾਂ ਨੂੰ ਸਾਂਝੀਵਾਲਤਾ ਉਪਦੇਸ਼ ਦੇਣਾ ਸੀ। ਹਰਿਮੰਦਰ ਦੀ ਸਿਰਜਣਾ ਤੇ ਇਮਾਰਤ-ਕਲਾ ਅਲੌਕਿਕ, ਅਨੂਠੀ ਤੇ ਵਿਲੱਖਣ ਹੈ। ਇਸੇ ਲਈ ਤਾਂ ਸ਼ਹੀਦਾਂ ਦੇ ਸਿਰਤਾਜ, ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਦੇ ਅਦੁੱਤੀ ਹੋਣ ਬਾਰੇ ਫ਼ੁਰਮਾਨ ਕਰਦੇ ਹਨ :

ਡਿਠੇ ਸਭੇ ਥਾਵ ਨਹੀਂ ਤੁਧੁ ਜੇਹਿਆ ॥
ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1362)

1604 ਈਸਵੀ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਤਿਆਰ ਕਰ, ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਕੀਤਾ ਤੇ ਬਾਬਾ ਬੁੱਢਾ ਜੀ ਨੂੰ ਹਰਿਮੰਦਰ ਸਾਹਿਬ ਦੇ ਪਹਿਲੇ ਗ੍ਰੰਥੀ ਹੋਣ ਦਾ ਮਾਣ ਬਖਸ਼ਿਆ। ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੇ ਸਿੱਖ-ਧਰਮ ਦੇ ਕੇਂਦਰੀ ਅਸਥਾਨ ਦਾ ਨਿਰਮਾਣ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਤਿਆਰ ਕਰ ਕੇ ਸਿੱਖ ਧਰਮ ਨੂੰ ਪੱਕੇ ਪੈਰੀਂ ਖੜ੍ਹਾ ਕਰ ਦਿੱਤਾ। ਧਰਮ ਪ੍ਰਚਾਰ-ਪ੍ਰਸਾਰ ਹਿੱਤ ਗੁਰੂ ਅਰਜਨ ਦੇਵ ਜੀ ਵੱਲੋਂ ਕੀਤੇ ਗਏ ਕਾਰਜਾਂ ਕਰਕੇ ਸਿੱਖ ਧਰਮ ਦਾ ਪ੍ਰਚਾਰ-ਪ੍ਰਸਾਰ ਖੇਤਰ ਬਹੁਤ ਵਧ ਗਿਆ। ਸਿੱਖਾਂ ਦੀ ਆਪਣੀ ਹੋਂਦ ਤੇ ਹਸਤੀ ਪ੍ਰਤੱਖ ਦਿਖਾਈ ਦੇਣ ਲੱਗੀ। ਸਰਬ-ਸਾਂਝੇ ਧਰਮ ਮੰਦਰ ਦੀ ਉਸਾਰੀ ਤੇ ਸਰਬ-ਸਾਂਝੀਵਾਲਤਾ ਦਾ ਉਪਦੇਸ਼ ਦੇਣ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਪ੍ਰਕਾਸ਼ ਹੋ ਜਾਣ ਨਾਲ ਬਹੁਤ ਸਾਰੇ ਹਿੰਦੂ ਮੁਸਲਮਾਨ ਗੁਰੂ-ਘਰ ਵੱਲ ਪ੍ਰੇਰਿਤ ਹੋਏ। ਹਰਿਮੰਦਰ ਸਾਹਿਬ –

ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1299)

ਦਾ ਉਪਦੇਸ਼ ਆਪਣੀ ਸਿਰਜਣਾ ਤੋਂ ਮਾਨਵਤਾ ਨੂੰ ਦਿੰਦਾ ਆ ਰਿਹਾ ਹੈ। ਇਸੇ ਲਈ ਮੌਲਾਨਾ ਜ਼ਫ਼ਰ ਅਲੀ ਨੇ ਕਿਹਾ ਸੀ:,

ਹਰਿਮੰਦਰ ਕੀ ਬੁਨਿਆਦ ਕੀ ਈਂਟ ਦੇ ਰਹੀ ਹੈ ਗਵਾਹੀ,
– –
ਕਿ ਕਭੀ ਅਹਿਲੇ ਮਜ਼ਹਬ ਮੇਂ ਦੋਸਤੀ ਮੁਸਕਰਾਈ ਥੀ।

ਸਿੱਖਾਂ ਲਈ ਅੰਮ੍ਰਿਤਸਰ ਦੀ ਇਤਿਹਾਸਕ ਮਹੱਤਤਾ ਤੇ ਮਾਨਤਾ ਦਾ ਅੰਦਾਜ਼ਾ ਇਸ ਗੱਲ ਤੋਂ ਸਹਿਜੇ ਹੀ ਲੱਗ ਸਕਦਾ ਹੈ ਕਿ ਵਿਸ਼ਵ ਦੇ ਕੋਨੇ-ਕੋਨੇ ਵਿੱਚ ਬੈਠੇ ਗੁਰਸਿੱਖ ਰੋਜ਼ਾਨਾ ਅਰਦਾਸ ਦੇ ਇਹ ਸ਼ਬਦ ਦਿਲ ਦੀ ਗਹਿਰਾਈਆਂ ਵਿੱਚੋਂ ਉਚਾਰਦੇ ਹਨ:

ਦਾਨਾ ਸਿਰ ਦਾਨ ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ।

ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ-ਇਸ਼ਨਾਨ ਕਰਨੇ ਹਰ ਸਿੱਖ ਲੋਚਦਾ ਹੈ। ਸਦੀਆਂ ਬੀਤ ਗਈਆਂ, ਸਦੀਆਂ ਬੀਤ ਜਾਣਗੀਆਂ, ਪਰ ਅੰਮ੍ਰਿਤਸਰ ਸਿੱਖ-ਸਿਧਾਂਤਾਂ, ਸਿੱਖ-ਮਰਯਾਦਾ ਤੇ ਸਿੱਖ-ਸ਼ਕਤੀ ਦੇ ਪ੍ਰੇਰਨਾ-ਸ੍ਰੋਤ ਵਜੋਂ ਜਾਣਿਆ-ਪਹਿਚਾਣਿਆ, ਸਤਿਕਾਰਿਆ ਜਾਵੇਗਾ। ਹਰਿਮੰਦਰ ਸਾਹਿਬ ਕਿਸੇ ਵਿਅਕਤੀ-ਵਿਸ਼ੇਸ਼ ਦੀ ਮਹਾਨਤਾ ਨੂੰ ਨਹੀਂ





ਪ੍ਰਗਟਾਉਂਦਾ, ਇਹ ਤਾਂ ਰਬੀ ਏਕਤਾ, ਮਨੁੱਖੀ ਬਰਾਬਰਤਾ, ਸਰਵ-ਸਾਂਝੀਵਾਲਤਾ ਦਾ ਉਪਦੇਸ਼ ਸਮੁੱਚੀ ਮਾਨਵਤਾ ਨੂੰ ਦੇ ਰਿਹਾ ਹੈ। ਸ੍ਰੀ ਦਰਬਾਰ ਸਾਹਿਬ ਵਿਖੇ ਦਿਨ-ਰਾਤ ਕੇਵਲ ਵਾਹਿਗੁਰੂ ਦੀ ਕੀਰਤੀ ਹੀ ਗਾਈ ਜਾਂਦੀ ਹੈ ਤੇ ਉਹ ਵੀ ਕੇਵਲ ਗੁਰਬਾਣੀ ਦੇ ਰੂਪ ਵਿੱਚ।

ਸ੍ਰੀ ਹਰਿਮੰਦਰ ਸਾਹਿਬ ਵਿਖੇ ਸਤਿਗੁਰਾਂ ਦੇ ਪ੍ਰਕਾਸ਼-ਗੁਰਪੁਰਬ, ਗੁਰ-ਗੱਦੀ ਦਿਵਸ, ਜੋਤੀ ਜੋਤ ਸਮਾਉਣ ਦੇ ਦਿਹਾੜੇ, ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼-ਦਿਵਸ ਤੇ ਗੁਰ-ਗੱਦੀ ਦਿਵਸ ਮਨਾਏ ਜਾਂਦੇ ਹਨ। ਪਰ ਇਨ੍ਹਾਂ ਪਾਵਨ ਇਤਿਹਾਸਕ ਗੁਰਪੁਰਬਾਂ ਨੂੰ ਮਨਾਉਣ ਦਾ ਢੰਗ ਵੀ ਅਲੌਕਿਕ ਹੈ। ਸੰਬੰਧਿਤ ਗੁਰਪੁਰਬ ਸਬੰਧੀ ਗੁਰਬਾਣੀ ਦੇ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਹੈ ਤੇ ਅਰਦਾਸ ਵਿਚ ਉਚੇਚੇ ਤੌਰ 'ਤੇ ਜ਼ਿਕਰ ਕੀਤਾ ਜਾਂਦਾ ਹੈ। ਇਨ੍ਹਾਂ ਸਾਰਿਆਂ ਗੁਰਪੁਰਬਾਂ ਸਬੰਧੀ ਧਾਰਮਿਕ ਸਮਾਗਮ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਗੁਰਦਵਾਰਾ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਕੀਤੇ ਜਾਂਦੇ ਹਨ, ਜਿਥੇ ਵਿਦਵਾਨ ਬੁਲਾਰੇ, ਇਤਿਹਾਸਕਾਰ, ਵਿਆਖਿਆਕਾਰ, ਰਾਗੀ, ਢਾਡੀ, ਕਵੀਸ਼ਰ ਗੁਰਪੁਰਬਾਂ ਦੀ ਇਤਿਹਾਸਕ ਮਹੱਤਤਾ ਬਾਰੇ ਸੰਗਤਾਂ ਨੂੰ ਜਾਣੂ ਕਰਵਾਉਂਦੇ ਹਨ। ਇਨ੍ਹਾਂ ਇਤਿਹਾਸਕ ਗੁਰਪੁਰਬਾਂ ਤੋਂ ਇਲਾਵਾ ਸ੍ਰੀ ਹਰਿਮੰਦਰ ਸਾਹਿਬ ਵਿਖੇ ਖ਼ਾਲਸੇ ਦਾ ਸਾਜਨਾ ਦਿਵਸ 'ਵਿਸਾਖੀ' ਅਤੇ 'ਦਿਵਾਲੀ' ਦਾ ਦਿਨ 'ਬੰਦੀ-ਛੋੜ ਦਿਵਸ' ਦੇ ਰੂਪ ਵਿੱਚ ਪੰਥਕ ਤੌਰ 'ਤੇ ਮਨਾਇਆ ਜਾਂਦਾ ਹੈ।

'ਦੀਪਾਵਲੀ' ਸੰਸਕ੍ਰਿਤ ਮੂਲ ਦਾ ਸ਼ਬਦ ਹੈ, ਜਿਸ ਦਾ ਅਰਥ ਹੈ ਦੀਵੇ ਜਗਾਉਣੇ, ਚਾਨਣ ਕਰਨਾ। ਇਹ ਚਾਨਣ ਕਿਸੇ ਖਾਸ ਖ਼ੁਸ਼ੀ ਦਾ ਪ੍ਰਗਟਾਵਾ ਕਰਦਾ ਹੈ। ਦੂਜੇ ਧਰਮਾਂ ਵਿੱਚ ਦਿਵਾਲੀ ਦੀਪ-ਪੂਜਾ ਤੇ ਲੱਛਮੀ-ਪੂਜਾ ਦੇ ਰੂਪ ਵਿੱਚ ਮਨਾਈ ਜਾਂਦੀ ਹੈ, ਪਰ ਸਿੱਖ ਇਹ ਦਿਹਾੜਾ ਆਪਣੇ ਗੌਰਵਮਈ ਵਿਰਸੇ ਨੂੰ ਯਾਦ ਕਰਨ ਲਈ ਮਨਾਉਂਦੇ ਹਨ। ਸਿੱਖ ਦਿਵਾਲੀ ਨਹੀਂ ਮਨਾਉਂਦੇ, ਸਿੱਖ ਤਾਂ ਬੰਦੀ-ਛੋੜ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸ੍ਰੀ ਅੰਮ੍ਰਿਤਸਰ ਆਗਮਨ ਦੀ ਖ਼ੁਸ਼ੀ ਵਿੱਚ ਦੀਵੇ ਜਗਾਉਂਦੇ ਹਨ, ਰੌਸ਼ਨੀ ਕਰ ਕੇ, ਆਤਿਸ਼ਬਾਜੀ ਚਲਾ ਕੇ ਆਪਣੇ ਪਿਆਰੇ ਸਤਿਗੁਰੂ ਨੂੰ ਸਤਿਕਾਰ ਭੇਟ ਕਰਦੇ ਹਨ, ਇਸ ਤਰ੍ਹਾਂ ਸਿੱਖਾਂ ਨੇ ਦਿਵਾਲੀ ਵਾਲੇ ਦਿਨ ਨੂੰ ਬੰਦੀ-ਛੋੜ ਦਿਵਸ ਦੇ ਰੂਪ ਵਿੱਚ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਮਨਾਉਣਾ ਸ਼ੁਰੂ ਕਰ ਦਿੱਤਾ ਤੇ ਫ਼ਿਰ ਇਹ ਲੋਕ-ਉਕਤੀ ਪ੍ਰਚੱਲਤ ਹੋ ਗਈ:

ਦਾਲ ਰੋਟੀ ਘਰ ਦੀ, ਦਿਵਾਲੀ ਅੰਮ੍ਰਿਤਸਰ ਦੀ।

ਇਤਿਹਾਸ ਪੜ੍ਹਿਆਂ ਪਤਾ ਲੱਗਦਾ ਹੈ ਕਿ ਮੁਗਲ ਸਰਕਾਰ ਆਰੰਭ ਤੋਂ ਹੀ ਸਿੱਖ-ਪੰਥ ਦੇ ਵਿਰੁੱਧ ਰਹੀ। ਬਾਦਸ਼ਾਹ ਜਹਾਂਗੀਰ ਨੂੰ ਸਿੱਖਾਂ ਦੀ ਵਧਦੀ ਹੋਈ ਸ਼ਕਤੀ ਕਿਸੇ ਤਰ੍ਹਾਂ ਦੀ ਸੁਖਾਵੀਂ ਨਹੀਂ ਸੀ ਲੱਗਦੀ। ਇਹੀ ਕਾਰਨ ਸੀ ਕਿ ਬਾਣੀ ਦੇ ਬੋਹਿਥ, ਸ਼ਾਂਤੀ ਦੇ ਪੁੰਜ, ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦੀ ਦੇਣੀ ਪਈ। ਬਾਦਸ਼ਾਹ ਜਹਾਂਗੀਰ ਨੂੰ ਖਿਆਲ ਸੀ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨਾਲ ਸਿੱਖ ਲਹਿਰ ਮੂਲੋਂ ਹੀ ਦਬ ਜਾਏਗੀ ਪਰ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਪਿੱਛੋਂ ਦਲਿ ਭੰਜਨ ਗੁਰੁ ਸੂਰਮਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰ-ਗੱਦੀ 'ਤੇ ਬਿਰਾਜਮਾਨ ਹੁੰਦਿਆਂ ਹੀ ਮੀਰੀ-ਪੀਰੀ ਦੀਆਂ ਤਲਵਾਰਾਂ ਪਹਿਨ, ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਿਰਜਣਾ ਕਰ, ਚੰਗੇ ਘੋੜੇ ਤੇ ਸ਼ਸਤਰ ਭੇਟਾ ਹਿੱਤ ਲਿਆਉਣ ਲਈ ਹੁਕਮਨਾਮੇ ਜਾਰੀ ਕਰ ਕੇ ਇਹ ਸਪੱਸ਼ਟ ਕਰ ਦਿੱਤਾ ਕਿ ਸੱਚ ਦਾ ਚੰਦ੍ਰਮਾ ਜਬਰ-ਜ਼ੁਲਮ ਦੀ ਸ਼ਕਤੀ ਨਾਲ ਢੱਕਿਆ ਨਹੀਂ ਗਿਆ ਸਗੋਂ ਸੱਚ ਦਾ ਪ੍ਰਕਾਸ਼ ਕਰਨ ਲਈ ਹੋਰ ਚਮਕੇਗਾ। ਜਹਾਂਗੀਰ ਪਾਸ ਇਹ ਖਬਰਾਂ ਪਹੁੰਚਣੀਆਂ ਸ਼ੁਰੂ ਹੋਈਆਂ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਿਰਜਣਾ ਕਰ ਕੇ ਹਥਿਆਰਬੰਦ ਸੈਨਾ ਤਿਆਰ ਕਰ ਲਈ ਹੈ ਤੇ ਆਪਣੇ ਆਪ ਨੂੰ ਸੱਚਾ ਪਾਤਸ਼ਾਹ ਅਖਵਾਉਣਾ ਸ਼ੁਰੂ ਕਰ ਦਿੱਤਾ ਹੈ। ਜਹਾਂਗੀਰ ਇਹ ਸਭ ਦੇਖ ਹੈਰਾਨ-ਪ੍ਰੇਸ਼ਾਨ ਹੋਇਆ। ਉਹ ਤਾਂ ਪਹਿਲਾਂ ਹੀ ਨਾਨਕ ਨਿਰਮਲ ਪੰਥ ਨੂੰ ਬੰਦ ਕਰਨ ਬਾਰੇ ਸੋਚ ਰਿਹਾ ਸੀ, ਜਿਹੜਾ ਕਿ ਉਸ ਲਈ ਇੱਕ ਵੰਗਾਰ ਬਣ ਕੇ ਪ੍ਰਗਟ ਹੋ ਰਿਹਾ ਸੀ।

ਬਾਦਸ਼ਾਹ ਜਹਾਂਗੀਰ ਨੇ ਗੁਰੂ ਜੀ ਨੂੰ ਦਿੱਲੀ ਬੁਲਾਇਆ ਤੇ ਹੱਕ-ਸੱਚ ਦੀ ਆਵਾਜ਼ ਤੋਂ ਵਿਸ਼ੇਸ਼ ਖ਼ਤਰਾ ਮਹਿਸੂਸ ਕਰਦਿਆਂ ਗੁਰੂ ਸਾਹਿਬ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚ ਬੰਦੀ ਬਣਾ ਲਿਆ, ਜਿੱਥੇ ਕਿ ਪਹਿਲਾਂ ਹੀ ਹਿੰਦੂ ਰਾਜੇ ਬੰਦੀ (ਕੈਦੀ) ਬਣਾਏ ਹੋਏ ਸਨ। ਗੁਰੂ ਜੀ ਦੀ ਗ੍ਰਿਫ਼ਤਾਰੀ ਨਾਲ ਗੁਰੂ-ਘਰ ਦੇ ਪ੍ਰੀਤਵਾਨ ਗੁਰਸਿੱਖਾਂ ਵਿੱਚ ਇਹ ਤੌਖਲਾ ਤੇ ਬੇਚੈਨੀ ਵਧ ਗਈ ਕਿ ਗੁਰੂ ਅਰਜਨ ਦੇਵ ਜੀ ਵਾਂਗ ਕਿਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਵੀ ਸ਼ਹੀਦ ਨਾ ਕਰ ਦਿੱਤਾ ਜਾਵੇ। ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਦੀ ਅਗਵਾਈ ਵਿੱਚ ਸੰਗਤਾਂ ਮਸ਼ਾਲਾਂ ਜਗਾ ਕੇ, ਗੁਰਬਾਣੀ ਪੜ੍ਹਦਿਆਂ ਗੁਰੂ ਜੀ ਦੀ ਰਿਹਾਈ ਲਈ ਸ਼ਾਂਤਮਈ ਪ੍ਰਦਰਸ਼ਨ ਕਰਦੀਆਂ। ਕਦੇ-ਕਦੇ ਗਵਾਲੀਅਰ ਪਹੁੰਚ ਸੰਗਤਾਂ ਕਿਲ੍ਹੇ ਦੀ ਪ੍ਰਕਰਮਾ ਕਰ ਆਪਣੇ ਪਿਆਰੇ ਗੁਰੂ ਪ੍ਰਤੀ ਸਤਿਕਾਰ ਪ੍ਰਗਟ ਕਰਦੀਆਂ। ਸਿੱਖ ਸੰਗਤਾਂ ਵੱਲੋਂ ਹੋ ਰਹੇ ਸ਼ਾਂਤਮਈ ਪ੍ਰਦਰਸ਼ਨ ਤੇ ਸਾਂਈ ਮੀਆਂ ਮੀਰ ਵਰਗੇ ਇਨਸਾਫ਼-ਪਸੰਦ ਮੁਸਲਮਾਨਾਂ ਦੇ ਦਖਲ ਨਾਲ ਗੁਰੂ ਸਾਹਿਬ ਜੀ ਦੀ ਰਿਹਾਈ ਸੰਭਵ ਹੋਈ। ਗੁਰੂ ਜੀ ਨੇ ਆਪਣੇ ਨਾਲ ਬੰਦੀ 52 ਹਿੰਦੂ ਰਾਜਿਆਂ ਨੂੰ ਵੀ ਬਾਦਸ਼ਾਹ ਦੀ ਕੈਦ ਤੋਂ ਮੁਕਤ ਕਰਵਾਇਆ, ਜਿਸ ਕਰਕੇ ਗੁਰੂ ਜੀ ਨੂੰ 'ਬੰਦੀ-ਛੋੜ' ਕਿਹਾ ਜਾਣ ਲੱਗਾ।

ਰਿਹਾਈ ਉਪਰੰਤ ਜਦੋਂ ਗੁਰੂ ਜੀ ਅੰਮ੍ਰਿਤਸਰ ਦੀ ਪਵਿੱਤਰ ਧਰਤੀ 'ਤੇ ਪਹੁੰਚੇ ਤਾਂ ਗੁਰੂ-ਘਰ ਦੇ ਪ੍ਰੀਤਵਾਨ ਗੁਰਸਿੱਖਾਂ ਨੇ ਘਿਉ ਦੇ ਦੀਵੇ ਜਗਾ, ਆਓ-ਭਗਤ ਤੇ ਖ਼ੁਸ਼ੀ ਦਾ ਇਜ਼ਹਾਰ ਕੀਤਾ। ਉਸ ਦਿਨ ਦਿਵਾਲੀ ਸੀ ਭਾਵੇਂ ਕਿ ਸਿੱਖਾਂ ਦਾ ਦਿਵਾਲੀ ਦੇ ਪ੍ਰੰਪਰਾਗਤ ਤਿਉਹਾਰ ਨਾਲ ਕੋਈ ਸੰਬੰਧ ਨਹੀਂ, ਪਰ ਉਸ ਦਿਨ ਤੋਂ ਸਿੱਖ ਦਿਵਾਲੀ ਨੂੰ 'ਬੰਦੀ-ਛੋੜ' ਦਿਵਸ ਦੇ ਰੂਪ ਵਿੱਚ ਮਨਾਉਣ ਲੱਗ ਪਏ। ਜਿਵੇਂ ਉੱਪਰ ਦੱਸਿਆ ਗਿਆ ਹੈ ਕਿ ਸਮੇਂ ਦੀਆਂ ਸਰਕਾਰਾਂ ਨੇ ਸਿੱਖ ਧਰਮ 'ਤੇ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਾਈਆਂ, ਬਾਬਾ ਬੰਦਾ ਸਿੰਘ ਬਹਾਦਰ ਦੇ ਸਮੇਂ ਤੇ ਉਨ੍ਹਾਂ ਦੀ ਸ਼ਹਾਦਤ ਤੋਂ ਬਾਅਦ ਜਦ ਸਿੰਘ ਜੰਗਲਾਂ, ਪਹਾੜਾਂ ਅਤੇ ਰੇਗਿਸਤਾਨਾਂ ਵਿੱਚ ਰਹਿ ਕੇ ਜ਼ਾਲਮ ਹਕੂਮਤ ਨਾਲ ਟੱਕਰ ਲੈ ਰਹੇ ਸਨ, ਉਸ ਸਮੇਂ ਵੀ ਸਮੇਂ ਦੇ ਹਾਕਮਾਂ ਵੱਲੋਂ ਸਿੰਘਾਂ ਦੇ ਸ੍ਰੀ ਅੰਮ੍ਰਿਤਸਰ ਦਾਖਲੇ 'ਤੇ ਸਖਤ ਪਾਬੰਦੀ ਲਾਈ ਹੋਈ ਸੀ। ਪੱਤਾ-ਪੱਤਾ ਸਿੰਘਾਂ ਦਾ ਵੈਰੀ ਸੀ, ਸਿੰਘਾਂ ਦੇ ਘਰ ਘੋੜਿਆਂ ਦੀਆਂ ਕਾਠੀਆਂ ਸਨ। ਅਜਿਹੇ ਬਿਖੜੇ ਵੇਲੇ ਵੀ ਗੁਰੂ-ਘਰ ਦੇ ਪ੍ਰੀਤਵਾਨ ਗੁਰਸਿੱਖ ਜਾਨ 'ਤੇ ਖੇਡ ਕੇ ਗੁਰੂ-ਘਰ ਦੇ ਦਰਸ਼ਨ-ਇਸ਼ਨਾਨ ਕਰ ਜਾਂਦੇ ਅਤੇ ਸ੍ਰੀ ਹਰਿਮੰਦਰ ਸਾਹਿਬ ਅੰਦਰ ਜੋਤਿ ਜਗਾਉਣ ਦੀ ਖਾਤਰ 'ਸ਼ਹੀਦੀ' ਤਕ ਵੀ ਪਾ ਜਾਂਦੇ। ਮੱਸੇ ਤੋਂ ਲੈ ਕੇ ਮੀਰ ਮੰਨੂ, ਅਦੀਨਾ ਬੇਗ, ਅਬਦਾਲੀ ਤੇ ਸਮੇਂ ਦੀਆਂ ਸਰਕਾਰਾਂ ਨੇ ਆਦਿ ਕਈਆਂ ਨੇ ਸਿੱਖਾਂ ਨੂੰ ਆਪਣੇ ਸੋਮੇ ਨਾਲੋਂ ਤੋੜਨ ਲਈ ਹਰ ਹੀਲਾ ਕੀਤਾ। ਜ਼ਕਰੀਆ ਖਾਂ ਨੇ ਨਾਦਰ ਸ਼ਾਹ ਨੂੰ ਦੱਸਿਆ ਕਿ ਸਿੱਖਾਂ ਦੀ ਸ਼ਕਤੀ ਦਾ ਸੋਮਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਹੈ ਤਾਂ ਨਾਦਰ ਸ਼ਾਹ ਨੇ ਉਸ ਨੂੰ ਸਲਾਹ ਦਿੱਤੀ ਕਿ ਇਨ੍ਹਾਂ ਦੇ ਇਸ ਰੂਹਾਨੀ ਸੋਮੇ ਨੂੰ ਹੀ ਮੁਕਾ ਦਿਓ!

ਨਾਦਰ ਸ਼ਾਹ ਤੇ ਜ਼ਕਰੀਆ ਖਾਨ ਦੇ ਇਤਿਹਾਸਕ ਵਾਰਤਾਲਾਪ ਤੋਂ ਸਪੱਸ਼ਟ ਹੈ ਕਿ ਘੋਰ ਯੁੱਧਾਂ, ਭਾਜੜਾਂ ਤੇ ਹਮਲਿਆਂ ਵੇਲੇ ਵੀ ਸਿੱਖ ਵੱਧ ਤੋਂ ਵੱਧ ਗਿਣਤੀ ਵਿੱਚ ਦਿਵਾਲੀ ਦੇ ਮੌਕੇ ਅੰਮ੍ਰਿਤਸਰ ਇਕੱਠੇ ਹੁੰਦੇ। ਇਥੇ ਹੀ ਭਵਿੱਖ ਦੀਆਂ ਯੋਜਨਾਵਾਂ ਬਣਾਈਆਂ ਜਾਂਦੀਆਂ, ਪ੍ਰਬੰਧਕੀ ਮਸਲੇ ਨਜਿੱਠੇ ਜਾਂਦੇ ਤੇ ਪੰਥਕ ਫ਼ੈਸਲੇ ਲਏ ਜਾਂਦੇ। ਦਿਵਾਲੀ ਦਾ ਦਿਨ ਸਾਨੂੰ ਭਾਈ ਮਨੀ ਸਿੰਘ ਦੀ ਮਹਾਨ ਸ਼ਹਾਦਤ ਦੀ ਵੀ ਯਾਦ ਦਿਵਾਉਂਦਾ ਹੈ। ਭਾਈ ਮਨੀ ਸਿੰਘ ਨੇ ਦਿਵਾਲੀ ਦੇ ਮੌਕੇ ਸਿੱਖਾਂ ਦਾ ਇਕੱਠ ਸੱਦਣ ਲਈ ਸਮੇਂ ਦੀ ਸਰਕਾਰ ਦੀ ਰਜ਼ਾਮੰਦੀ ਪ੍ਰਾਪਤ ਕਰ ਲਈ ਪਰ ਜਦ ਉਨ੍ਹਾਂ ਨੂੰ ਇਹ ਪਤਾ ਚੱਲਿਆ ਕਿ ਜ਼ਕਰੀਆ ਖਾਨ ਦਿਵਾਲੀ ਦੇ ਮੌਕੇ 'ਤੇ ਇਕੱਠੇ ਹੋਏ ਸਿੱਖਾਂ ਨੂੰ ਮਾਰ-ਮੁਕਾਉਣਾ ਚਾਹੁੰਦਾ ਹੈ ਤਾਂ ਉਨ੍ਹਾਂ ਇਹ ਇਕੱਠ ਮੁਲਤਵੀ ਕਰ ਦਿੱਤਾ, ਇਸ ਕਰਕੇ ਹੀ ਉਨ੍ਹਾਂ ਨੂੰ ਸ਼ਹਾਦਤ ਦਾ ਜਾਮ ਪੀਣਾ ਪਿਆ। ਭਾਵੇਂ ਕਿ ਭਾਈ ਮਨੀ ਸਿੰਘ ਦੀ ਸ਼ਹਾਦਤ ਦਿਵਾਲੀ ਵਾਲੇ ਦਿਨ ਨਹੀਂ ਹੋਈ ਪਰ ਕਿਉਂਕਿ ਉਨ੍ਹਾਂ ਦੀ ਸ਼ਹਾਦਤ ਦਾ ਕਾਰਨ ਦਿਵਾਲੀ ਮਨਾਉਣਾ ਹੀ ਸੀ, ਇਸ ਕਰਕੇ ਸਿੱਖ ਜਿੱਥੇ ਦਿਵਾਲੀ ਦੇ ਸਮੇਂ ਬੰਦੀ-ਛੋੜ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਸ਼ਰਧਾ ਦੇ ਫ਼ੁੱਲ ਭੇਟ ਕਰਦੇ ਹਨ, ਉਥੇ ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਨੂੰ ਵੀ ਯਾਦ ਕਰ ਆਪਣਾ ਸਤਿਕਾਰ ਦਿੰਦੇ ਹਨ। ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਰਿਹਾਈ ਸਮੇਂ ਕੀਤੀ ਗਈ ਦੀਪਮਾਲਾ ਦਿਵਾਲੀ ਦੇ ਦਿਨ ਗੁਰਸਿੱਖਾਂ ਦੀ ਇਕੱਤਰਤਾ ਬੁਲਾਉਣ ਕਰਕੇ ਇਹ ਦਿਨ ਸਿੱਖਾਂ ਲਈ ਇੱਕ ਯਾਦਗਾਰੀ ਦਿਨ ਬਣ ਗਿਆ ਤੇ ਹਰ ਸਾਲ ਦਿਵਾਲੀ ਦੇ ਸਮੇਂ ਖਾਲਸਾ ਪੰਥ ਇਕੱਤਰ ਹੋ ਕੇ ਪੰਥਕ ਹਿੱਤਾਂ ਲਈ ਵਿਚਾਰਾਂ ਕਰਦਾ ਤੇ ਭਵਿੱਖ ਦੀਆਂ ਯੋਜਨਾਵਾਂ ਬਣਾਉਂਦਾ ਹੈ। ਇਨ੍ਹਾਂ ਇਕੱਤਰਤਾਵਾਂ ਨੂੰ ਸਰਬੱਤ ਖ਼ਾਲਸਾ ਤੇ ਹੋਏ ਫ਼ੈਸਲਿਆਂ ਨੂੰ ਗੁਰਮਤਾ ਕਿਹਾ ਜਾਂਦਾ ਹੈ।

ਦਿਵਾਲੀ ਵਾਲੇ ਦਿਨ ਹਰਿਮੰਦਰ ਸਾਹਿਬ ਕੰਪਲੈਕਸ 'ਤੇ ਮੁਕੰਮਲ ਰੂਪ ਵਿੱਚ ਦੀਪਮਾਲਾ ਕੀਤੀ ਜਾਂਦੀ ਹੈ। ਸ਼ਰਧਾਲੂਆਂ ਵੱਲੋਂ ਸਰੋਵਰ ਦੇ ਕੰਢੇ ਜਗਾਏ ਹੋਏ ਦੀਵੇ ਤੇ ਮੋਮਬੱਤੀਆਂ ਤੇ ਦੀਪਮਾਲਾ ਇੱਕ ਦਿਲਕਸ਼ ਨਜ਼ਾਰਾ ਪੇਸ਼ ਕਰਦੇ ਹਨ, ਜਿਸ ਦੀ ਖ਼ੂਬਸੂਰਤੀ ਨੂੰ ਅੱਖਰਾਂ ਵਿੱਚ ਬਿਆਨ ਕਰਨਾ ਅਸੰਭਵ ਹੈ, ਇਹ ਤਾਂ ਦੇਖਣ 'ਤੇ ਹੀ ਅਨੁਭਵ ਹੋਵੇਗਾ। ਇਤਿਹਾਸਕ ਦ੍ਰਿਸ਼ਟੀ ਤੋਂ ਦੇਖਿਆਂ ਪਤਾ ਲੱਗਦਾ ਹੈ ਕਿ ਇਨ੍ਹਾਂ ਦੀਵਿਆਂ ਵਿੱਚ ਤੇਲ ਨਹੀਂ ਬਲ ਰਿਹਾ ਬਲਕਿ ਕੌਮਾਂ ਨੂੰ ਰੌਸ਼ਨੀ ਪ੍ਰਦਾਨ ਕਰਨ ਲਈ 'ਸ਼ਹੀਦਾਂ ਦੀ ਚਰਬੀ' ਬਲ ਰਹੀ ਹੈ।

(ਬਾਕੀ ਸਫ਼ਾ 31 'ਤੇ)



# ਦਿਵਾਲੀ ਦੀਆਂ ਰਿਸ਼ਮਾਂ

## ਮਨ 'ਚ ਰੌਸ਼ਨੀ ਦਾ ਦੀਵਾ ਜਗਾਉਣ ਦੀ ਲੋੜ








ਦਿਵਾਲੀ ਦੇ ਸ਼ਬਦਾਂਤਿਕ ਅਰਥ ਦੀਪਮਾਲਿਕਾ, ਦੀਪਾਵਲਿ ਅਤੇ ਦੀਵਿਆਂ ਦੀ ਕਤਾਰ ਹੁੰਦੇ ਹਨ। ਦਿਵਾਲੀ ਦੀ ਰਾਤ ਨੂੰ ਦੀਵਿਆਂ ਦੇ ਚਾਨਣ ਦੀਆਂ ਰਿਸ਼ਮਾਂ ਨੇ ਹਰ ਪਾਸਾ ਹੀ ਰੁਸ਼ਨਾਇਆ ਹੁੰਦਾ ਹੈ। ਹਰ ਪਾਸੇ ਹੀ ਜਗਾਏ ਦੀਵਿਆਂ, ਲੜੀਆਂ, ਰੰਗ ਬਿਰੰਗੀਆਂ ਰੌਸ਼ਨੀਆਂ ਅਤੇ ਰੰਗ ਬਿਰੰਗੇ ਬਲਬਾਂ ਦੀਆਂ ਰਿਸ਼ਮਾਂ ਦੀ ਸੁਨਹਿਰੀ ਚਮਕ-ਦਮਕ ਦਿਲਕਸ਼ ਨਜ਼ਾਰੇ ਪੈਦਾ ਕਰਦੀ ਹੈ।

ਦਿਵਾਲੀ ਦੀ ਰਾਤ ਇੱਕ ਪਾਸੇ ਖੁਸ਼ੀਆਂ ਵਿੱਚ ਢੋਲ ਨਗਾੜੇ ਵੱਜ ਰਹੇ ਹੁੰਦੇ ਹਨ, ਦੂਜੇ ਪਾਸੇ ਵਲਵਲਿਆਂ ਦੀ ਸ਼ਹਿਨਾਈ ਗੂੰਜ ਰਹੀ ਹੁੰਦੀ ਹੈ। ਇਸ ਦੇ ਨਾਲ ਹੀ ਦਿਵਾਲੀ ਮੌਕੇ ਲਕਸ਼ਮੀ ਮਾਤਾ ਜੀ ਦੀ ਪੂਜਾ ਵੀ ਹੋ ਰਹੀ ਹੁੰਦੀ ਹੈ। ਇੱਕ ਦੀਵੇ ਨੂੰ ਜਗਾ ਕੇ ਫਿਰ ਉਸ ਦੀਵੇ ਤੋਂ ਹੀ ਬਾਕੀ ਦੀਵੇ ਜਗਾਏ ਜਾਂਦੇ ਹਨ ਅਤੇ ਘਰਾਂ ਵਿੱਚ ਰੌਸ਼ਨੀ ਕੀਤੀ ਜਾਂਦੀ ਹੈ। ਇਸ ਦਿਨ ਦਿਵਾਲੀ ਦੇ ਦੀਵਿਆਂ, ਲੜੀਆਂ, ਰੰਗੀਨ ਬਲਬਾਂ ਦੀ ਰੌਸ਼ਨੀ ਵਿੱਚ ਘਰ ਅਤੇ ਦੁਕਾਨਾਂ, ਸ਼ੋ-ਰੂਮ ਬੜੇ ਸੁੰਦਰ ਲੱਗਦੇ ਹਨ, ਕਿਉਂਕਿ ਦਿਵਾਲੀ ਤੋਂ ਕੁਝ ਦਿਨ ਪਹਿਲਾਂ ਹੀ ਘਰਾਂ ਅਤੇ ਦੁਕਾਨਾਂ ਦੀ ਚੰਗੀ ਤਰ੍ਹਾਂ ਸਫਾਈ ਕੀਤੀ ਹੁੰਦੀ ਹੈ, ਕਈਆਂ ਨੂੰ ਤਾਂ ਨਵਾਂ ਰੰਗ ਰੋਗਨ ਵੀ ਕੀਤਾ ਜਾਂਦੈ, ਇਸ ਕਾਰਨ ਹੀ ਹਰ ਘਰ ਵੀ ਸੁੰਦਰ ਲੱਗਦੈ ਤੇ ਸ਼ੁੱਧ ਵੀ ਮੰਨਿਆ ਜਾਂਦੈ। ਦਿਵਾਲੀ ਵਾਲੇ ਦਿਨ ਹਰ ਚੀਜ਼ ਹੀ ਨਵੀਂ ਲੱਗਦੀ ਹੈ। ਕਈ ਲੋਕ ਤਾਂ ਇਸ ਦਿਨ ਨਵੀਆਂ ਮਸ਼ੀਨਾਂ ਤੇ ਕਾਰਾਂ ਆਦਿ ਖ਼ਰੀਦਦੇ ਹਨ। ਇਹ ਇੱਕ ਕਸੈਲ਼ੀ ਹਕੀਕਤ ਹੈ ਕਿ ਰੌਸ਼ਨੀਆਂ ਦੇ ਤਿਉਹਾਰ ਵਾਲੇ ਇਸ ਦਿਨ ਜੇ ਕੋਈ ਪੁਰਾਣੀ ਚੀਜ਼ ਰਹਿ ਜਾਂਦੀ ਹੈ ਤਾਂ ਉਹ ਹੁੰਦੀ ਹੈ ਸਾਡੀ ਸੋਚ। ਦਿਵਾਲੀ ਤੋਂ ਪਹਿਲਾਂ ਹੀ ਅਸੀਂ



ਆਪਣੇ ਘਰਾਂ ਦੀ ਸਫਾਈ ਤਾਂ ਚੰਗੀ ਤਰਾਂ ਕਰ ਲੈਂਦੇ ਹਾਂ ਪਰ ਕਈ ਵਾਰ ਮਨਾਂ ਦੀ ਸਫਾਈ ਕਰਨੀ ਭੁੱਲ ਜਾਂਦੇ ਹਨ। ਦਿਵਾਲੀ ਵਾਲੇ ਦਿਨ ਵੀ ਅਸੀਂ ਆਪਣੇ ਮਨ ਵਿੱਚ ਵੈਰ ਵਿਰੋਧ , ਈਰਖਾ ਬਾਜੀ ਵਾਲੇ ਵਿਚਾਰਾਂ ਨੂੰ ਨਹੀਂ ਭੁੱਲ ਸਕਦੇ ਤੇ ਅਸੀਂ ਆਪਣੇ ਦੁਸ਼ਮਣਾਂ ਨਾਲ ਆਢਾ ਲਾਉਣ ਦਾ ਯਤਨ ਕਰਦੇ ਹਾਂ। ਇਸ ਤੋਂ ਇਲਾਵਾ ਕਈ ਵਾਰ ਗੁਆਂਢੀਆਂ ਵਿੱਚ ਵੀ ਬਿਨਾਂ ਕਿਸੇ ਕਾਰਨ ਦਿਵਾਲੀ ਵਾਲੇ ਦਿਨ ਡਾਂਗਾਂ ਤੇ ਤਲਵਾਰਾਂ ਚਲ ਪੈਂਦੀਆਂ ਹਨ ਤੇ ਲੜਾਈ ਝਗੜੇ ਹੋ ਜਾਂਦੇ ਹਨ।

ਹੁਣ ਪਿੰਡਾਂ ਵਿੱਚ ਭੋੜੇ ਦਰਾਂ ਵਾਲੇ ਘਰ ਨਹੀਂ ਰਹੇ। ਕੱਚੇ ਜਿਹੇ ਘਰਾਂ ਦੀ ਥਾਂ ਵੀ ਪੱਕੇ ਮਕਾਨ ਬਣ ਗਏ ਹਨ। ਕਈ ਘਰਾਂ ਦੇ ਦਰਵਾਜੇ ਹੀ ਏਨੇ ਉੱਚੇ ਬਣਾਏ ਗਏ ਹੁੰਦੇ ਹਨ ਕਿ ਕੰਬਾਈਨ ਵੀ ਆਰਾਮ ਨਾਲ ਅੰਦਰ ਚਲੀ ਜਾਂਦੀ ਹੈ। ਇਹਨਾਂ ਮਹਿਲਾਂ ਵਰਗੇ ਘਰਾਂ ਵਿੱਚ ਉੱਪਰਲੀ ਮੰਜ਼ਿਲ 'ਤੇ ਕਿਸੇ ਨੇ ਜਹਾਜ਼ ਬਣਾ ਰਖਿਆ ਹੈ ਤੇ ਕਿਸੇ ਨੇ ਟੈਂਕ । ਕਿਸੇ ਨੇ ਛੱਤ ਉੱਪਰ ਬਲਦਾਂ ਦੀ ਜੋੜੀ ਹੀ ਬਣਾ ਰੱਖੀ ਹੈ ਤੇ ਕਿਸੇ ਨੇ ਘੋੜੀ। ਕਿਸੇ ਨੇ ਫੁੱਟਬਾਲ ਬਣਾ ਰੱਖੀ ਹੈ ਤੇ ਕਿਸੇ ਨੇ ਕਾਰ ਹੀ ਛੱਤ ਉੱਪਰ ਚੜ੍ਹਾ ਰੱਖੀ ਹੈ ਪਰ ਇਸ ਸਭ ਦੇ ਬਾਵਜੂਦ ਕੁਝ ਆਲੀਸ਼ਾਨ ਘਰਾਂ ਵਿੱਚ ਦਿਵਾਲੀ ਮੌਕੇ ਵੀ ਹਨੇਰਾ ਜਿਹਾ ਹੀ ਰਹਿੰਦਾ ਹੈ ਜਾਂ ਕਿਸੇ ਨੁੱਕਰ ਵਿੱਚ ਜਾਂ ਦੇਹਲੀ ਉੱਪਰ ਹੀ ਇੱਕ ਦੀਵਾ ਜਗਦਾ -ਬੁਝਦਾ ਦਿਖਾਈ ਦੇ ਦਿੰਦਾ ਹੈ। ਇਸ ਦਾ ਕਾਰਨ ਇਹ ਹੈ ਕਿ ਪਿੰਡਾਂ ਵਿੱਚ ਵੱਡੀ ਗਿਣਤੀ ਮਹਿਲਾਂ ਵਰਗੇ ਆਲੀਸ਼ਾਨ ਘਰਾਂ ਦੇ ਅਸਲੀ ਮਾਲਕ ਤਾਂ ਵਿਦੇਸ਼ਾਂ ਵਿੱਚ ਰਹਿੰਦੇ ਹਨ ਤੇ ਉਹ ਦਿਵਾਲੀ ਮੌਕੇ ਵੀ ਵਤਨ ਗੇੜਾ ਨਹੀਂ ਮਾਰ ਸਕਦੇ ਇਸੇ ਕਾਰਨ ਉਹਨਾਂ ਦੇ ਘਰਾਂ ਵਿੱਚ ਦਿਨੇ ਕਬੂਤਰ ਗੂੰਟਰ ਗੂੰ ਕਰਦੇ ਹਨ ਤੇ ਰਾਤ ਨੂੰ ਚਮਗਿੱਦੜ ਤੇ ਕੋਚਰੀਆਂ ਬੋਲਦੀਆਂ ਹਨ। ਇਹਨਾਂ ਕੋਠੀਆਂ ਦੀ ਰਾਖੀ ਲਈ ਰੱਖੇ ਚੌਕੀਦਾਰ ਜਾਂ ਆਂਢੀ ਗੁਆਂਢੀ ਹੀ ਇਹਨਾਂ ਮਹਿਲਾਂ ਵਰਗੇ ਘਰਾਂ ਦੇ ਦਰਾਂ ਅੱਗੇ ਦਿਵਾਲੀ ਦੀ ਰਾਤ ਦਿਵਾ ਜਗਾ ਦਿੰਦਾ ਹੈ ਤਾਂ ਕਿ ਸ਼ਗਨ ਜਿਹਾ ਹੋ ਜਾਵੇ।

ਦੂਜੇ ਪਾਸੇ ਇਹ ਵੀ ਇੱਕ ਅਸਲੀਅਤ ਹੈ ਕਿ ਦਿਵਾਲੀ ਮੌਕੇ ਵੱਡੀ ਗਿਣਤੀ ਐਨ.ਆਰ.ਆਈ. ਪੰਜਾਬੀ ਆਪਣੇ ਜੱਦੀ ਘਰਾਂ ਵਿੱਚ ਗੇੜਾ ਮਾਰਦੇ ਹਨ। ਇਹਨਾਂ ਐਨ.ਆਰ.ਆਈ. ਪੰਜਾਬੀਆਂ ਦੇ ਆਉਣ ਨਾਲ ਇਹਨਾਂ ਦੇ ਵੱਖ- ਵੱਖ ਪਿੰਡਾਂ ਵਿੱਚ ਬਣੇ ਆਲੀਸ਼ਾਨ ਘਰਾਂ ਵਿੱਚ ਰੌਣਕਾਂ ਲੱਗ ਜਾਂਦੀਆਂ ਹਨ



ਅਤੇ ਬਿਜਲਈ ਲੜੀਆਂ ਅਤੇ ਬਲਬਾਂ ਦੀ ਰੌਸ਼ਨੀ ਹਰ ਪਾਸੇ ਹੀ ਚਾਨਣ ਫੈਲਾਉਂਦੀ ਹੈ। ਅਜਿਹੇ ਆਲੀਸ਼ਾਨ ਤੇ ਵੱਡੇ ਘਰਾਂ ਵਿੱਚ ਦਿਵਾਲੀ ਦੀਆਂ ਰੌਣਕਾਂ ਵੇਖਣ ਵਾਲੀਆਂ ਹੁੰਦੀਆਂ ਹਨ।

ਹੁਣ ਜਰਾਂ ਸੋਚੋ ਖਾਂ ! ਉਹਨਾਂ ਲੋਕਾਂ ਬਾਰੇ, ਜਿਨ੍ਹਾਂ ਕੋਲ ਜ਼ਿੰਦਗੀ ਤਾਂ ਹੈ ਪਰ ਜਿਉਣ ਦਾ ਹੱਕ ਹੀ ਨਹੀਂ। ਪੰਜਾਬ ਵਿੱਚ ਵੀ ਵੱਡੀ ਗਿਣਤੀ ਲੋਕ ਅਜਿਹੇ ਹਨ, ਜਿਨ੍ਹਾਂ ਦੇ ਬਜ਼ੁਰਗ ਮਾਪੇ ਬਿਰਧ ਘਰਾਂ ਵਿੱਚ ਰਹਿੰਦੇ ਹਨ, ਆਪਣੇ ਪੁੱਤਰਾਂ ਦੇ ਅਮੀਰ ਹੋਣ ਦੇ ਬਾਵਜੂਦ ਬਿਰਧ ਘਰਾਂ ਵਿੱਚ ਜਿੰਦਗੀ ਦੀ ਸ਼ਾਮ ਗੁਜ਼ਾਰ ਰਹੇ ਅਜਿਹੇ ਬਜ਼ੁਰਗ ਵੀ ਦਿਵਾਲੀ ਮੌਕੇ ਆਪਣੇ ਪਰਿਵਾਰ ਵਿੱਚ ਰਹਿਣ ਲਈ ਚਾਨਣ ਦੀ ਇੱਕ ਛਿੱਟ ਭਾਲਦੇ ਨਜ਼ਰ ਆਉਂਦੇ ਹਨ।

ਹੁਣ ਉਹਨਾਂ ਲੋਕਾਂ ਬਾਰੇ ਕੀ ਲਿਖਾਂ ! ਜਿਨ੍ਹਾਂ ਦੇ ਪੁੱਤ ਮਾਲਟਾ ਦੇ ਬਰਫ਼ੀਲੇ ਪਾਣੀਆਂ ਵਿੱਚ ਜਿਉਂਦੇ ਹੀ ਜੰਮ ਗਏ ਤੇ ਜਿਨ੍ਹਾਂ ਦੇ ਪੁੱਤ ਵਿਦੇਸ਼ ਜਾਣ ਦੇ ਲਾਲਚ ਵਿੱਚ ਅੱਧ ਰਸਤੇ ਵਿਚਾਲੇ ਹੀ ਮਰ ਮੁੱਕ ਗਏ ਅਤੇ ਜਿਹੜੇ ਮਾਪਿਆਂ ਦੇ ਪੁੱਤ ਸੱਤ ਸਮੁੰਦਰ ਪਾਰ ਵਲੈਤੀ ਜੇਲ੍ਹਾਂ ਵਿੱਚ ਬੰਦ ਹਨ, ਜਿਥੇ ਉਹ ਉਹਨਾਂ ਮੁਲਕਾਂ ਦੀ ਭਾਸ਼ਾ ਨਾ ਆਉਣ ਅਤੇ ਪੈਸੇ ਦੀ ਘਾਟ ਕਾਰਨ ਆਪਣੇ ਬਚਾਓ ਲਈ ਕੋਈ ਚਾਰਾਜੋਈ ਹੀ ਨਹੀਂ ਕਰ ਸਕਦੇ।

ਚਾਹੀਦਾ ਤਾਂ ਇਹ ਹੈ ਕਿ ਦਿਵਾਲੀ ਮੌਕੇ ਘਰਾਂ ਦੇ ਨਾਲ- ਨਾਲ ਮਨਾਂ ਵਿੱਚ ਵੀ ਰੌਸ਼ਨੀ ਦਾ ਦੀਵਾ ਬਾਲਿਆ ਜਾਵੇ ਅਤੇ ਘਰਾਂ ਦੀ ਸਫਾਈ ਦੇ ਨਾਲ- ਨਾਲ ਮਨਾਂ ਦੀ ਸਫਾਈ ਵੀ ਕੀਤੀ ਜਾਵੇ।





# ਖ਼ਾਲਸਾ ਰਾਜ ਸਮੇਂ ਦੀ ਦਿਵਾਲੀ ਅਤੇ ਅਜੋਕੇ ਖ਼ਾਲਸਿਆਂ ਦੀ ਦਿਵਾਲੀ

ਹਰਪ੍ਰੀਤ ਸਿੰਘ

ਰਾਗੀ ਸਿੰਘ ਦਿਵਾਲੀ ਵਾਲੇ ਦਿਨ ਸਾਰਾ ਦਿਨ ਹੀ ਭਾਈ ਗੁਰਦਾਸ ਜੀ ਦੀ ਇਹ ਵਾਰ ਗਾਉਂਦੇ ਰਹਿੰਦੇ ਹਨ, 'ਦਿਵਾਲੀ ਦੀ ਰਾਤ ਦੀਵੇ ਬਾਲੀਅਨ।' ਕਈ ਸੌ ਸਾਲਾਂ ਤੋਂ ਸੁਣਦੇ-ਸੁਣਦੇ ਇਹ ਸੱਚ ਹੀ ਲੱਗਣ ਲੱਗ ਗਿਆ ਹੈ ਕਿ ਦਿਵਾਲੀ ਵਾਲੇ ਦਿਨ ਦੀਵੇ ਬਾਲਣੇ ਹੀ ਹੁੰਦੇ ਹਨ। ਚਲੋ ਹੁਣ ਇਤਿਹਾਸ ਵਲ ਨਜ਼ਰ ਮਾਰਦੇ ਹਾਂ ਕਿ ਕੀ ਪੁਰਾਤਨ ਖ਼ਾਲਸਾ ਰਾਜ ਸਮੇਂ ਜਾਂ ਗੁਰੂ ਕਾਲ ਸਮੇਂ ਵੀ ਦਿਵਾਲੀ ਇਸੇ ਤਰ੍ਹਾਂ ਮਨਾਈ ਜਾਦੀ ਸੀ, ਜਿਵੇਂ ਅੱਜ ਦਰਬਾਰ ਸਾਹਿਬ, ਅੰਮ੍ਰਿਤਸਰ ਸਾਹਿਬ ਵਿਖੇ ਮਨਾਈ ਜਾਦੀ ਹੈ?

**ਖ਼ਾਲਸਾ ਰਾਜ ਸਮੇਂ ਦੀ ਦਿਵਾਲੀ**

ਪ੍ਰਿੰਸੀਪਲ ਸੁਰਜੀਤ ਸਿੰਘ ਜੀ (ਦਿੱਲੀ ਵਾਲੇ) ਅਪਣੀ ਛੋਟੀ ਜਿਹੀ ਪੁਸਤਕ 'ਦਿਵਾਲੀ ਅਤੇ ਸਿੱਖ' ਵਿੱਚ ਦਸਦੇ ਹਨ ਕਿ ਖ਼ਾਲਸਾ ਰਾਜ ਸਮੇਂ ਸਿੱਖ ਭਾਰੀ ਗਿਣਤੀ ਵਿੱਚ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਇਕੱਠੇ ਹੁੰਦੇ ਸਨ ਜਿਸ ਨੂੰ 'ਸਰਬੱਤ ਖ਼ਾਲਸਾ' ਕਿਹਾ ਜਾਂਦਾ ਸੀ। ਇਹ ਇਕੱਠ ਸਿੱਖ ਜਥੇਬੰਦੀਆਂ ਦੁਆਰਾ ਖ਼ਾਲਸੇ ਦੀ ਚੜ੍ਹਦੀ ਕਲਾ ਲਈ, ਸਿੱਖ ਸਿਆਸਤ ਦੀ ਚੜ੍ਹਦੀ ਕਲਾ ਲਈ ਤੇ ਸਿੱਖ ਰਾਜ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਲਈ ਕੀਤਾ ਜਾਂਦਾ ਸੀ ਪਰ ਅੱਜ ਦਿਵਾਲੀ ਦਾ ਇਕੱਠ ਗੁਰੂਘਰਾਂ ਵਿੱਚ ਮੋਮਬੱਤੀਆਂ ਫ਼ੂਕਣ ਲਈ, ਪਟਾਕੇ ਫ਼ੂਕਣ ਲਈ ਕੀਤਾ ਜਾਂਦਾ ਹੈ।

ਚੇਤੇ ਰਹੇ ਕਿ ਸਿੱਖ ਧਰਮ ਵਿੱਚ, ਦਿਵਾਲੀ ਦਾ ਇਕੱਠ ਕਿਸੇ ਬ੍ਰਾਹਮਣੀ ਤਿਉਹਾਰ ਵਜੋਂ ਕਦੇ ਵੀ ਨਹੀਂ ਸੀ ਮਨਾਇਆ ਜਾਂਦਾ। ਅੱਜ ਅਸੀ ਸਰਬੱਤ ਖ਼ਾਲਸਾ ਦੇ ਉਦੇਸ਼ ਨੂੰ ਭੁਲ ਕੇ ਮੋਮਬੱਤੀਆਂ, ਪਟਾਕਿਆਂ, ਮਠਿਆਈਆਂ ਵਿਚ ਉਲਝ ਕੇ ਰਹਿ ਗਏ ਹਾਂ। ਸਾਡੇ ਪੁਜਾਰੀ, ਗੁਰਦੁਆਰਿਆਂ ਦੇ ਪ੍ਰਬੰਧਕ, ਰਾਗੀ ਇਹ ਸਾਰੇ ਹੀ ਇਤਿਹਾਸ ਨੂੰ ਮਲੀਆਮੇਟ ਕਰਨ ਵਿੱਚ ਪੂਰਾ ਯੋਗਦਾਨ ਪਾ ਰਹੇ ਹਨ।

ਇਨ੍ਹਾਂ ਨੂੰ ਗੁਰੂ ਇਤਿਹਾਸ ਨਾਲ, ਖੋਜ ਕਰਨ ਨਾਲ, ਗੁਰਬਾਣੀ ਸਮਝਣ ਨਾਲ ਕੋਈ ਮਤਲਬ ਨਹੀਂ ਹੈ, ਇਨ੍ਹਾਂ ਨੂੰ ਕੇਵਲ ਤੇ ਕੇਵਲ ਗੋਲਕ ਪਿਆਰੀ ਹੁੰਦੀ ਹੈ। ਇਸ ਇਕੱਠ ਵਿੱਚ ਖ਼ਾਲਸਾ ਅਪਣੀ ਰਣਨੀਤੀ ਤਿਆਰ ਕਰਦਾ ਸੀ ਕਿ ਆਉਣ ਵਾਲੇ ਸਮੇਂ ਵਿੱਚ ਕਰਨਾ ਕੀ ਹੈ। ਮੂਲ ਰੂਪ ਵਿੱਚ ਦਿਵਾਲੀ ਇੱਕ ਬ੍ਰਾਹਮਣੀ ਤਿਉਹਾਰ ਹੈ, ਇਸ ਦਾ ਸਿੱਖਾਂ ਨਾਲ ਕੋਈ ਦੂਰ-ਦੁਰਾਡੇ ਦਾ ਵੀ ਸਬੰਧ ਨਹੀਂ।

**ਬ੍ਰਾਹਮਣੀ ਕੁਟਲਨੀਤੀ ਦਾ ਭਿਅੰਕਰ ਰੂਪ ਦਿਵਾਲੀ**

ਬ੍ਰਾਹਮਣੀ ਜਾਲ ਦਾ ਇੱਕ ਹੋਰ ਰੂਪ ਇਹ ਵੀ ਹੈ ਜੋ ਲੋਕਾਈ ਦੀ ਸਮਝ ਵਿੱਚ ਆਉਣਾ ਸੌਖਾ ਨਹੀਂ ਹੈ। ਅਸੀ ਬਹੁਤ ਭੋਲੇ ਲੋਕ ਹਾਂ। ਬ੍ਰਾਹਮਣ ਵੀਰ ਆਪਣੇ ਹਰ ਇੱਕ ਤਿਉਹਾਰ ਨੂੰ ਮੌਸਮ ਨਾਲ ਜੋੜ ਲੈਂਦਾ ਹੈ। ਉਸ ਨੂੰ ਸਮਾਜਕ ਰੀਤੀ ਰਿਵਾਜਾਂ ਦਾ ਠੱਪਾ ਲਗਾ ਦਿੰਦਾ ਹੈ ਜਾਂ ਫ਼ਿਰ ਦੂਜੇ ਦੇ ਇਤਿਹਾਸ ਦੀਆਂ ਕੁਝ ਘਟਨਾਵਾਂ ਨੂੰ ਅਪਣੇ ਤਿਉਹਾਰਾਂ ਦਾ ਅੰਗ ਬਣਾ ਦਿੰਦਾ ਹੈ। ਉਸ ਨੂੰ ਇਸ ਗੱਲ ਦਾ ਵੀ ਪਤਾ ਹੈ ਕਿ ਬਹੁਤੇ ਸਿੱਖ ਖੋਜੀ ਨਹੀਂ ਹਨ, ਇਹ ਸੁਣੀ-ਸੁਣਾਈ ਗੱਲ ਨੂੰ ਹੀ ਇਤਿਹਾਸ ਮੰਨ ਲੈਂਦੇ ਹਨ। ਕਿਸੇ ਵੀ ਗ਼ਲਤ ਘਟਨਾ ਨੂੰ, ਜੋ ਕਦੇ ਵਾਪਰੀ ਹੀ ਨਹੀਂ, ਗੁਰੂ ਸਾਹਿਬ ਜੀ ਦੇ ਜੀਵਨ ਨਾਲ ਜੋੜ ਕੇ ਪ੍ਰਚਾਰ ਕੀਤਾ ਜਾਣ ਲਗਦਾ ਹੈ।

ਸਿੱਖ ਉਸੇ ਨੂੰ ਹੀ ਅਪਣਾ ਇਤਿਹਾਸ ਮੰਨਣ ਲੱਗ ਜਾਂਦੇ ਹਨ ਤੇ ਇਹੀ ਗੱਲ ਜੇ ਕਿਸੇ ਗੁਰੂ ਘਰ ਦੀ ਸਟੇਜ ਤੋਂ ਕਿਸੇ ਭਾਈ, ਰਾਗੀ ਜਾਂ ਕਥਾਵਾਚਕ ਪਾਸੋਂ ਅਖਵਾ ਦਿਤੀ ਜਾਵੇ ਤਾਂ ਹੋਰ ਵੀ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ। ਹੋਰ ਨਹੀਂ ਤਾਂ, ਦੂਜੇ ਦੀ ਰਹਿਣੀ-ਸੋਚਣੀ ਨੂੰ ਬੜਾ ਮਿੱਠਾ ਬਣ ਕੇ, ਅਪਣੀ ਬੁੱਕਲ ਵਿੱਚ ਲੈ ਲੈਣ ਦਾ ਇਹ ਵੀ ਢੰਗ ਹੈ।

ਭਾਰਤ ਵਿਚੋਂ ਜੈਨ ਅਤੇ ਬੁਧ ਮੱਤ ਦੀ ਚੜ੍ਹਤ ਨੂੰ ਕਿਸੇ ਤਲਵਾਰ ਦੀ ਲੜਾਈ ਨਾਲ ਨਹੀ ਬਲਕਿ ਰਲਗੱਡ ਦੀ ਤਾਕਤ ਨਾਲ



ਜ਼ਿਆਦਾ ਨੁਕਸਾਨ ਪਹੁੰਚਾਇਆ ਗਿਆ। ਮਹਾਤਮਾ ਬੁਧ ਅਤੇ ਮਹਾਂਵੀਰ ਦੀਆਂ ਮੂਰਤੀਆਂ ਨੂੰ ਅਪਣੇ ਮੰਦਰਾਂ ਵਿੱਚ ਲਿਆ ਟਿਕਾਇਆ ਗਿਆ। ਲਗਭਗ 1300 ਸਾਲਾਂ ਤੋਂ ਭਾਰਤ ਵਿੱਚ ਹੀ ਪੈਦਾ ਹੋਏ, ਪਰਵਾਨ ਚੜ੍ਹੇ ਬਲਕਿ ਰਾਜ ਸੱਤਾ ਤੱਕ ਪੁੱਜ ਚੁੱਕੇ ਬੁੱਧ ਧਰਮ ਨੂੰ ਵੀ, ਜਦੋਂ ਭਾਰਤ ਵਿਚੋਂ ਹੀ ਚਲਦਾ ਕਰ ਦਿਤਾ ਗਿਆ ਤਾਂ ਵਿਸ਼ੇ ਦੀ ਗੰਭੀਰਤਾ ਨੂੰ ਸਮਝਣ 'ਚ ਬਹੁਤੀ ਦੇਰ ਨਹੀਂ ਲਗਣੀ ਚਾਹੀਦੀ।



ਇਸੇ ਤਰ੍ਹਾਂ ਸਿੱਖਾਂ ਨਾਲ ਵੀ ਕੀਤਾ ਜਾ ਰਿਹਾ ਹੈ। ਸਿੱਖ ਗੁਰੂਧਾਮਾਂ ਤੋਂ ਹੀ ਇਹ ਸੰਦੇਸ਼ ਸਿੱਖਾਂ ਤਕ ਪਹੁੰਚਦਾ ਕੀਤਾ ਜਾ ਰਿਹਾ ਹੈ ਕਿ ਦਿਵਾਲੀ ਵਾਲੇ ਦਿਨ ਦੀਵੇ ਬਾਲੀਦੇ ਹਨ ਜਦਕਿ ਇਸ ਤੁਕ ਦੇ ਅਸਲ ਅਰਥ ਕੁੱਝ ਹੋਰ ਨਿਕਲਦੇ ਹਨ। ਸਾਨੂੰ ਉਚੇਚੇ ਤੌਰ 'ਤੇ ਸਾਵਧਾਨ ਹੋਣ ਦੀ ਲੋੜ ਹੈ। ਅਪਣੇ ਬੱਚਿਆਂ ਨੂੰ ਅਪਣੇ ਅਸਲ ਇਤਿਹਾਸ ਨਾਲ ਜੋੜਨ ਦੀ ਲੋੜ ਹੈ। ਇਹ ਕਿਸੇ ਇਕ ਦੇ ਕਰਨ ਵਾਲਾ ਕੰਮ ਨਹੀਂ, ਅਸੀ ਸਾਰੇ ਹੀ ਗੁਰੂ ਨਾਨਕ ਪਾਤਸ਼ਾਹ ਜੀ ਦੇ ਲਗਾਏ ਬਾਗ਼ ਦੇ ਮਾਲੀ ਅਤੇ ਚੌਕੀਦਾਰ ਹਾਂ।

**ਛੇਵੇਂ ਸਤਿਗੁਰੂ ਅਤੇ ਦਿਵਾਲੀ**

ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਹਿਬ ਜੀ ਅਗਸਤ ਦੇ ਮਹੀਨੇ ਸੰਨ 1621 ਵਿੱਚ ਗਵਾਲੀਅਰ ਦੀ ਜੇਲ੍ਹ 'ਚੋਂ 52 ਪਹਾੜੀ ਹਿੰਦੂ ਰਾਜਿਆਂ ਨੂੰ ਆਪਣੇ ਨਾਲ ਰਿਹਾਅ ਕਰਵਾ ਕੇ ਲਿਆਏ, ਜਿਵੇਂ ਕਿ ਅਰੰਭ ਵਿੱਚ ਜ਼ਿਕਰ ਆ ਹੀ ਚੁਕਾ ਹੈ। ਉਹਨੀਂ ਦਿਨੀਂ, ਸਿੱਖ ਧਰਮ ਦੇ ਸਾਲ 'ਚ ਦੋ ਵੱਡੇ ਇਕੱਠ-'ਦਿਵਾਲੀ' ਅਤੇ 'ਵਿਸਾਖੀ' ਹੋਇਆ ਕਰਦੇ ਸਨ ਪਰ ਇਹ ਇਕੱਠ ਕਿਸੇ ਆਤਿਸ਼ਬਾਜ਼ੀ ਜਾਂ ਦੀਪਮਾਲਾ ਵਾਲੀ ਦਿਵਾਲੀ ਵਾਂਗ ਨਹੀਂ ਸਨ ਹੋਇਆ ਕਰਦੇ।

ਗੁਰੂ ਸਾਹਿਬ ਜਿਥੇ ਵੀ ਜਾਂਦੇ ਸਨ, ਸੰਗਤਾਂ ਵੱਡੇ ਇਕੱਠ ਵਿੱਚ ਉਨ੍ਹਾਂ ਦੇ ਦਰਸ਼ਨ ਕਰਨ ਆਉਂਦੀਆਂ ਸਨ। ਉਹ ਗੁਰੂ ਜੀ ਪਾਸੋਂ ਕੁੱਝ ਸਿਖਿਆ ਲੈਣ ਲਈ ਇਕੱਠੇ ਹੁੰਦੇ ਸਨ ਨਾ ਕਿ ਦੀਵੇ ਬਾਲਦੇ ਸਨ। ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਤਕ ਅਜਿਹੀ ਕਿਸੇ ਵੀ ਤਰ੍ਹਾਂ ਦੀ, ਕਿਸੇ ਵੀ ਦਿਵਾਲੀ ਦਾ ਜ਼ਿਕਰ ਤਕ ਨਹੀਂ ਮਿਲਦਾ ਜਿਸ ਤਰ੍ਹਾਂ ਅੱਜ ਕੱਲ੍ਹ ਕੀਤਾ ਜਾਂਦਾ ਹੈ। ਅੱਠਵੇਂ ਅਤੇ ਦਸਵੇਂ ਪਾਤਸ਼ਾਹ ਆਪਣੇ ਜੀਵਨ ਵਿੱਚ ਕਦੇ ਵੀ ਅੰਮ੍ਰਿਤਸਰ ਸਾਹਿਬ ਗਏ ਹੀ ਨਹੀਂ।

**ਦਿਵਾਲੀ ਅਤੇ ਦਰਬਾਰ ਸਾਹਿਬ**

ਹੁਣ ਤਕ ਦੀ ਵਿਚਾਰ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਦਿਵਾਲੀ ਦਾ ਖ਼ਾਲਸੇ ਨਾਲ ਕੋਈ ਸਬੰਧ ਨਹੀਂ । ਇਹ ਕੇਵਲ 'ਧਨ (ਲਛਮੀ) ਦੇਵੀ' ਦੀ ਪੂਜਾ ਦਾ ਜਾਂ ਵੱਧ ਤੋਂ ਵੱਧ ਸ੍ਰੀ ਰਾਮ ਚੰਦਰ ਜੀ ਦੇ ਬਨਵਾਸ ਤੋਂ ਵਾਪਸੀ ਨਾਲ ਸਬੰਧਤ, ਪੂਰਨ ਤੌਰ 'ਤੇ ਬ੍ਰਾਹਮਣੀ ਤਿਉਹਾਰ ਹੈ ਪਰ ਸਾਡੇ ਅਪਣੇ ਹੀ ਇਸ ਦੀ ਸ਼ੁਰੂਆਤ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਕਰਦੇ ਹਨ। ਉਹ ਦਿਵਾਲੀ ਵਾਲੇ ਦਿਨ ਦਰਬਾਰ ਸਾਹਿਬ ਨੂੰ ਖ਼ੂਬ ਫ਼ੁੱਲਾਂ ਨਾਲ ਸਜਾਉਂਦੇ ਹਨ। ਸਰਕਾਰੀ ਮੀਡੀਆ ਦਾ ਵੀ ਪੂਰਾ ਜ਼ੋਰ ਲੱਗਾ ਹੁੰਦਾ ਹੈ ਕਿ ਉਹ ਸਿੱਖਾਂ ਨੂੰ ਪੂਰੀ ਤਰ੍ਹਾਂ ਬ੍ਰਾਹਮਣਵਾਦ ਦੀ ਝੋਲੀ ਵਿੱਚ ਸੁਟ ਸਕਣ। ਪੰਜਾਬੀ ਚੈਨਲਾਂ ਵਾਲੇ ਸਾਰਾ ਦਿਨ ਦਰਬਾਰ ਸਾਹਿਬ ਦੀ ਸਜਾਵਟ ਅਤੇ ਰਾਤ ਵੇਲੇ ਦੀ ਆਤਿਸ਼ਬਾਜ਼ੀ ਵਿਖਾ ਕੇ ਸਿੱਧ ਕਰਨਾ ਚਾਹੁੰਦੇ ਹਨ ਕਿ ਦਿਵਾਲੀ ਸਿੱਖਾਂ ਦਾ ਬਹੁਤ ਵੱਡਾ ਤਿਉਹਾਰ ਹੈ ਜਦਕਿ ਅਸੀ ਸਿੱਧ ਕਰ ਚੁਕੇ ਹਾਂ ਕਿ ਇਸ ਦਾ ਸਿੱਖ ਧਰਮ ਨਾਲ ਕੋਈ ਸਬੰਧ ਨਹੀਂ।

ਭੋਲੀਆਂ-ਭਾਲੀਆਂ ਸੰਗਤਾਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ਰੇਆਮ ਮੂਰਖ ਬਣਾਇਆ ਜਾ ਰਿਹਾ ਹੈ। ਸਿੱਖ ਆਗੂ, ਵੱਡੇ-ਵੱਡੇ ਜਥੇਦਾਰ, ਵੱਡੀਆਂ ਵੱਡੀਆਂ ਕ੍ਰਿਪਾਨਾਂ ਹੱਥ ਵਿੱਚ ਫ਼ੜ ਕੇ, ਸਿੱਖ ਕੌਮ ਨੂੰ ਸ਼ਰੇਆਮ ਕੁਰਾਹੇ ਪਾ ਰਹੇ ਹਨ। ਇਹ ਇੱਕ ਬਹੁਤ ਹੀ ਵੱਡਾ ਦੁਖਾਂਤ ਹੈ ਕਿ ਜਿੰਨੀ ਆਤਿਸ਼ਬਾਜ਼ੀ ਅਤੇ ਦੀਪਮਾਲਾ ਸਿੱਖ ਸੰਗਤਾਂ ਦੇ ਪੈਸੇ ਨਾਲ ਕੀਤੀ ਜਾਂਦੀ ਹੈ, ਹੋਰ ਕਿਤੇ ਇਸ ਦੀ ਮਿਸਾਲ ਨਹੀਂ ਮਿਲਦੀ।

ਵਿਚਾਰੇ ਗ਼ਰੀਬ ਸਿੱਖ ਤਾਂ ਸੋਚਦੇ ਹੀ ਰਹਿ ਜਾਂਦੇ ਹੋਣਗੇ ਕਿ ਗੁਰੂ ਸਾਹਿਬ ਜੀ ਉਪਦੇਸ਼ ਕੀ ਦੇ ਗਏ ਸੀ ਤੇ ਇਹ ਪੁਜਾਰੀ ਲਾਣਾ ਕਰੀ ਕੀ ਜਾ ਰਿਹਾ ਹੈ। ਦਰਬਾਰ ਸਾਹਿਬ ਮੰਜੀ ਹਾਲ 'ਚੋਂ ਜੋ ਕਥਾ ਹੁੰਦੀ ਹੈ, ਉਥੇ ਗੁਰੂ ਸਾਹਿਬ ਜੀ ਦੀ ਰਿਹਾਈ ਦੀ ਕਥਾ ਤਾਂ ਸੁਣਾਈ ਜਾਂਦੀ ਹੈ ਪਰ ਸਰਬੱਤ ਖ਼ਾਲਸੇ ਦੀ ਗੱਲ ਕਦੇ ਨਹੀਂ ਕੀਤੀ ਜਾਂਦੀ। ਇਹ ਸੱਭ ਕੁੱਝ ਵੇਖ ਕੇ ਹੀ ਸਿੱਖ ਅਪਣੇ ਘਰਾਂ ਵਿੱਚ ਵੀ ਗੁਰੂ ਨਾਨਕ ਜੀ ਦੀ ਤਸਵੀਰ ਰੱਖ ਕੇ, ਨਾਲ ਲਛਮੀ ਦੀ ਫ਼ੋਟੋ ਰੱਖ ਲੈਂਦੇ ਹਨ ਤੇ ਪੂਜਾ ਕਰਨੀ ਸ਼ੁਰੂ ਕਰ ਦਿੰਦੇ ਹਨ।

ਜੇਕਰ ਪੰਥ ਦੇ ਆਗੂਆਂ ਨੇ ਬ੍ਰਾਹਮਣੀ ਅਤੇ ਹਿੰਦੂ ਬਹੁਸੰਮਤੀ ਵਾਲੇ ਦੇਸ਼ ਵਿੱਚ ਇਸ ਦਿਨ ਨੂੰ ਸਰਬੱਤ ਖ਼ਾਲਸਾ ਇਕੱਠ ਦੇ ਦਿਨ ਵਜੋਂ ਅਪਣਾਇਆ ਹੁੰਦਾ, ਆਤਿਸ਼ਬਾਜ਼ੀ ਦੀਪਮਾਲਾ ਜਾਂ ਮਠਿਆਈਆਂ ਆਦਿ ਫ਼ੋਕਟ ਵਿਸ਼ਵਾਸਾਂ ਦੀ ਬਿਲਕੁਲ ਮਨਾਹੀ ਕੀਤੀ ਹੁੰਦੀ ਤਾਂ ਸ਼ਾਇਦ ਅਸੀ ਆਪਣੇ ਨਿਆਰੇ ਹੋਣ ਦਾ ਸਬੂਤ ਦੇ ਸਕਦੇ ਹੁੰਦੇ ਪਰ ਸਾਡੇ ਵਿਕਾਊ ਆਗੂ, ਹੱਥਾਂ ਵਿੱਚ ਕ੍ਰਿਪਾਨਾਂ ਫ਼ੜਨ ਜੋਗੇ ਹੀ ਹਨ। ਸਾਨੂੰ ਆਪਣਾ ਇਤਿਹਾਸ ਆਪ ਹੀ ਸਵਾਰਨਾ ਪਵੇਗਾ ਤੇ ਇਸ ਕੰਮ ਦੀ ਸ਼ੁਰੂਆਤ ਸਾਨੂੰ ਆਪਣੇ ਘਰ ਤੋਂ ਹੀ ਕਰਨੀ ਪਵੇਗੀ। ਅਸੀ ਨਿਆਰੇ ਹਾਂ ਤੇ ਨਿਆਰੇ ਹੀ ਰਹਾਂਗੇ।

**ਦਿਵਾਲੀ ਅਤੇ ਭਾਈ ਗੁਰਦਾਸ ਜੀ**

ਦਿਵਾਲੀ ਵਾਲੇ ਦਿਨ ਹਰ ਗੁਰਦਵਾਰੇ ਵਿੱਚ ਖ਼ਾਸ ਤੌਰ 'ਤੇ ਦਰਬਾਰ ਸਾਹਿਬ ਵਿਖੇ ਭਾਈ ਗੁਰਦਾਸ ਜੀ ਦੀ ਵਾਰ ਬੜੇ ਹੀ ਚਾਅ ਨਾਲ ਗਾਉਂਦੇ ਹਨ: ਦਿਵਾਲੀ ਕੀ ਰਾਤਿ, ਦੀਵੇ ਬਾਲੀਅਨਿ" ਪੰਕਤੀ ਨੂੰ ਮੂਲ ਅਰਥਾਂ ਦੇ ਬਿਲਕੁਲ ਉਲਟ ਪੇਸ਼ ਕਰ ਕੇ। ਅਸਲ 'ਚ ਭਾਈ ਗੁਰਦਾਸ ਜੀ ਦੀ ਵਾਰ 19/6 ਦੀ ਇਹ ਪਹਿਲੀ ਪੰਕਤੀ ਹੈ ਅਤੇ ਪਉੜੀ ਇਸ ਤਰ੍ਹਾਂ ਹੈ: ਦਿਵਾਲੀ ਕੀ ਰਾਤਿ, ਦੀਵੇ ਬਾਲੀਅਨਿ॥ ਤਾਰੇ ਜਾਤਿ ਸਨਾਤਿ, ਅੰਬਰ ਭਾਲੀਅਨਿ॥ ਫ਼ੁਲਾਂ ਦੀ ਬਾਗਾਤਿ, ਚੁਣਿ ਚੁਣਿ ਚਾਲਿਆਣਿ॥ ਤੀਰਥ ਜਾਤੀ ਜਾਤਿ ਨੈਣਿ ਨਿਹਾਲੀਅਣਿ॥ ਹਰਿ ਚੰਦਉਰੀ ਝਾਤਿ, ਵਸਾਇ ਉਚਾਲੀਅਣਿ॥ ਗੁਰਮੁਖਿ ਸੁਖ ਫ਼ਲਦਾਤਿ, ਸਬਦਿ ਸਮਾਲੀਅਣਿ॥" ਅਰਥ ਹਨ; ਜਿਵੇਂ ਦਿਵਾਲੀ ਦੀ ਰਾਤ ਨੂੰ ਲੋਕੀਂ ਦੀਵੇ ਬਾਲਦੇ ਹਨ ਪਰ ਇਹ ਰੋਸ਼ਨੀ ਕੁੱਝ ਦੇਰ ਲਈ ਹੀ ਹੁੰਦੀ ਹੈ।

ਰਾਤ ਨੂੰ ਤਾਰੇ ਦਿਖਾਈ ਦੇਂਦੇ ਹਨ, ਕੇਵਲ ਦਿਨ ਚੜ੍ਹਨ ਤੀਕ। ਪੌਦਿਆਂ ਨਾਲ ਫ਼ੁਲ ਖਿੜਦੇ ਹਨ ਪਰ ਲੱਗੇ ਰਹਿਣ ਲਈ ਨਹੀਂ। ਤੀਰਥਾਂ 'ਤੇ ਜਾਣ ਵਾਲੇ ਯਾਤਰੀ ਦਿਖਾਈ ਤਾਂ ਦਿੰਦੇ ਹਨ ਪਰ ਉਥੇ ਰਹਿਣ ਨਹੀਂ ਜਾਂਦੇ। ਬੱਦਲਾਂ ਦੇ ਆਕਾਸ਼ੀ ਮਹੱਲ ਨਜ਼ਰ ਆਉਂਦੇ ਹਨ ਪਰ ਉਨ੍ਹਾਂ ਦੀ ਹੋਂਦ ਨਹੀਂ ਹੁੰਦੀ। ਅੰਤ ਫ਼ੈਸਲਾ ਦਿੰਦੇ ਹਨ- ਗੁਰਮੁਖ ਸੰਸਾਰ ਦੀ ਇਸ ਨਾਸ਼ਵਾਨਤਾ ਨੂੰ ਪਛਾਣ ਲੈਂਦੇ ਹਨ ਤੇ ਇਸ 'ਚ ਖੱਚਤ ਨਹੀਂ ਹੁੰਦੇ।

ਗੁਰਮੁਖ ਪਿਆਰੇ, ਗੁਰੂ (ਅਕਾਲ ਪੁਰਖ ਜੋ ਸਦਾ ਰਹਿਣ ਵਾਲਾ ਹੈ) ਉਸ ਦੇ ਸ਼ਬਦ ਨਾਲ ਜੁੜ ਕੇ ਅਪਣੇ ਜੀਵਨ ਦੀ ਸੰਭਾਲ ਕਰਦੇ ਹਨ।" ਅੰਦਾਜ਼ਾ ਲਗਾਉ! ਸਮਝਣਾ ਤਾਂ ਹੈ ਕਿ ਪਉੜੀ ਦਾ ਫ਼ੈਸਲਾ ਕੀ ਹੈ? ਉਲਟਾ ਪਉੜੀ 'ਚ ਆਏ ਪ੍ਰਮਾਣ ਨੂੰ ਟੇਕ ਬਣਾ ਰਹੇ ਹਾਂ। ਆਖ਼ਰ ਪ੍ਰਚਾਰ ਕਿਸ ਗੱਲ ਦਾ ਕਰ ਰਹੇ ਹਾਂ? ਗੁਰਮਤਿ ਦਾ ਜਾਂ ਅਨਮਤ ਦਾ? ਇੰਨਾ ਹੀ ਨਹੀਂ, ਗੁਰਬਾਣੀ 'ਚ ਲਫ਼ਜ਼ ਦੀਵਾ ਹੋਰ ਵੀ ਬਹੁਤ ਵਾਰੀ ਆਇਆ ਹੈ, ਕਿਥੇ ਤੇ ਕਿਸ ਅਰਥ 'ਚ ਆਇਆ, ਕਿਸੇ ਨੂੰ ਇਸ ਨਾਲ ਲੈਣਾ-ਦੇਣਾ ਨਹੀਂ।

ਦਿਵਾਲੀ ਦੇ ਦਿਹਾੜੇ ਨਾਲ ਸਬੰਧਤ ਸ਼ਬਦਾਂ ਨੂੰ ਇਸ ਪ੍ਰਭਾਵ 'ਚ ਲਿਆ ਜਾ ਰਿਹਾ ਹੁੰਦਾ ਹੈ ਕਿ ਸੰਗਤਾਂ ਨੂੰ ਗੁਰਬਾਣੀ ਵਿਚਾਰਧਾਰਾ ਤੋਂ ਤੋੜ ਕੇ ਅਨਮੱਤੀ ਵਿਸ਼ਵਾਸਾਂ 'ਚ ਉਲਝਾਇਆ ਜਾਵੇ। ਕੀ ਇਹੀ ਹੈ ਅੱਜ ਦਾ ਸਾਡਾ ਗੁਰਮਤਿ ਪ੍ਰਚਾਰ? ਇਸ ਤਰ੍ਹਾਂ ਜਿਥੇ ਸਾਡੇ ਅਜਿਹੇ ਰਾਗੀ-ਪ੍ਰਚਾਰਕ, ਗੁਰਮਤਿ-ਗੁਰਬਾਣੀ ਵਿਰੁਧ ਪ੍ਰਚਾਰ ਦੇ ਦੋਸ਼ੀ ਹੁੰਦੇ ਹਨ, ਉਥੇ ਨਾਲ ਹੀ ਭੋਲੀਆਂ ਭਾਲੀਆਂ ਸੰਗਤਾਂ ਨੂੰ ਗੁਮਰਾਹ ਕਰਨ ਦਾ ਵੀ ਕਾਰਨ

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com 'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949

# ਬੰਦੀ ਛੋੜ ਦਿਵਸ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਬੰਦੀ ਛੋੜ ਦਿਵਸ ਸੰਸਾਰਕ ਰਾਜਨੀਤਿਕ ਅਤੇ ਆਤਮਿਕ ਗੁਲਾਮੀ ਤੋਂ ਆਜ਼ਾਦ ਹੋਣ ਦਾ ਪ੍ਰਤੀਕ ਹੈ। ਮੁਗਲ ਹਾਕਮਾਂ ਦਾ ਧਾਰਮਿਕ ਤੇ ਸਿਆਸੀ ਜਬਰ, ਸਮਾਜ ਦੀ ਇਖਲਾਕੀ ਬਣਤਰ ਨੂੰ ਢਾਅ ਲਾ ਰਿਹਾ ਸੀ। ਸਿੱਖ ਧਰਮ ਮੂਲ ਰੂਪ ਵਿੱਚ ਇੱਕ ਸਮਾਜ ਸੁਧਾਰ ਲਹਿਰ ਹੈ, ਜਿਸ ਦਾ ਪ੍ਰਬੱਲ ਨਿਸ਼ਾਨਾ ਜਬਰ ਦੇ ਖ਼ਿਲਾਫ਼ ਲੜਨਾ ਹੈ। ਸਾਰੀ ਲੜਾਈ ਬੁਰਾਈ ਦੇ ਖ਼ਿਲਾਫ਼ ਹੈ। ਸਿੱਖ ਗੁਰੂ ਸਾਹਿਬਾਨ ਦਾ ਇਹ ਆਸ਼ਾ ਰਿਹਾ ਹੈ ਕਿ ਸਮਾਜ ਦੇ ਦਬੇ ਕੁਚਲੇ, ਲੁੱਟੇ ਪੁੱਟੇ ਨਿਖਿੱਧ, ਨਿਤਾਣੇ ਕਮਜੋਰ, ਜਿੰਨਾਂ ਨੂੰ ਮੁਗਲ ਅਨਜਾਣ ਅਤੇ ਨਿਕੰਮੇ ਸਮਝਦੇ ਸਨ, ਉਨ੍ਹਾਂ ਨੂੰ ਇਸ ਕਾਬਿਲ ਬਣਾਇਆ ਕਿ ਉਹ ਆਪਣੀ ਹੋਂਦ ਆਪ ਨਿਸ਼ਚਿਤ ਕਰਨ। ਜੁਲਮ ਦੇ ਖ਼ਿਲਾਫ਼ ਡੱਟ ਜਾਣ। ਗੁਰੂ ਅਰਜਨ ਦੇਵ ਜੀ ਨੇ ਆਪਣੀ ਸ਼ਹਾਦਤ ਤੋਂ ਪਹਿਲਾਂ ਇਹ ਭਾਂਪ ਲਿਆ ਸੀ ਕਿ ਧਰਮ ਦੀ ਸੁਤੰਤਰਤਾ ਅਤੇ ਰੱਖਿਆ ਲਈ ਹਥਿਆਰਾਂ ਦੀ ਵਰਤੋਂ ਕੀਤੀ ਜਾਵੇਗੀ। ਗੁਰੂ ਸਾਹਿਬ ਜੀ ਨੇ ਆਪਣੇ ਸਪੁੱਤਰ ਗੁਰੂ ਹਰਿਗੋਬਿੰਦ ਸਾਹਿਬ ਜੀ ਵਾਸਤੇ ਅਧਿਆਤਮਕ ਵਿਦਿਆ ਦੇ ਨਾਲ ਨਾਲ ਹਥਿਆਰਾਂ ਦੀ ਸਿਖਲਾਈ ਅਰਥਾਤ ਸ਼ਸ਼ਤਰ ਵਿਦਿਆ ਦਾ ਪ੍ਰਬੰਧ ਕਰ ਲਿਆ ਸੀ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ 25 ਮਈ 1606 ਈ. ਵਿੱਚ ਗੁਰੂ ਹਰਿਗੋਬਿੰਦ ਸਾਹਿਬ ਜੀ ਗੁਰਗੱਦੀ 'ਤੇ ਬਿਰਾਜਮਾਨ ਹੋਏ। ਜਿਹਨਾਂ ਦਾ ਜਨਮ 14 ਜੂਨ 1595 ਈ. ਨੂੰ ਵਡਾਲੀ ਵਿਖੇ ਹੋਇਆ।

ਗੁਰੂ ਅਰਜਨ ਦੇਵ ਸਾਹਿਬ ਜੀ ਨੇ ਆਪਣੀ ਗ੍ਰਿਫਤਾਰੀ ਲਈ ਲਾਹੌਰ ਜਾਣ ਤੋਂ ਪਹਿਲਾਂ ਆਪਣੇ ਸਪੁੱਤਰ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਹਦਾਇਤ ਕੀਤੀ ਕਿ ਗੁਰਗੱਦੀ 'ਤੇ ਹਥਿਆਰਬੰਦ ਹੋ ਕੇ ਬੈਠਣਾ ਹੈ। ਲੋੜ ਮੁਤਾਬਿਕ ਫ਼ੌਜ ਵੀ ਰੱਖਣੀ ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਜਦੋਂ ਗੁਰਗੱਦੀ 'ਤੇ ਬਿਰਾਜਮਾਨ ਹੋਏ ਤਾਂ ਉਹਨਾਂ ਨੇ ਮੀਰੀ ਪੀਰੀ ਦੀਆਂ ਦੋ ਕ੍ਰਿਪਾਨਾ ਧਾਰਨ ਕੀਤੀਆਂ। ਉਹਨਾਂ ਜੁਲਮ ਵਿਰੁੱਧ ਡੱਟ ਜਾਣ ਦਾ ਐਲਾਨ ਕੀਤਾ। ਬੁਰਾਈ ਨੂੰ ਖਤਮ ਕਰਨ ਦਾ ਫੈਸਲਾ ਨਿਸ਼ਚਿਤ ਹੋ ਗਿਆ। ਗੁਰੂ ਸਾਹਿਬ ਜੀ ਨੇ ਮਰਹੱਟਿਆ ਦੇ ਗੁਰੂ ਸਮਰਥ ਰਾਮਦਾਸ ਨੂੰ ਸਪਸ਼ਟ ਕੀਤਾ ਕਿ ਅੰਤਰਮੁੱਖੀ ਸਾਧੂ ਹਾਂ, ਬਾਹਰਮੁੱਖੀ ਰਾਜੇ ਹਾਂ। ਸ਼ਸ਼ਤਰ ਗਰੀਬਾਂ ਦੀ ਰਾਖੀ ਅਤੇ ਅੱਤਿਆਚਾਰ ਦੇ ਨਾਸ਼ ਲਈ ਹਨ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪਹਿਲੀ ਵਾਰ ਬਕਾਇਦਾ ਫ਼ੌਜੀ ਤਾਕਤ ਦਾ ਸੰਗਠਨ ਕੀਤਾ।

ਸੰਸਾਰਕ ਰਾਜਿਆਂ ਮਹਾਰਾਜਿਆਂ ਦੇ ਦੁਨਿਆਵੀ ਰਾਜ ਤਖਤ ਦੇ ਮੁਕਾਬਲੇ ਅਕਾਲ ਤਖ਼ਤ ਸਾਹਿਬ ਜੀ ਸਥਾਪਨਾ ਕੀਤੀ। ਸੰਗਤਾਂ ਨੂੰ ਸੁਚੇਤ ਕੀਤਾ ਕਿ ਜਿਥੇ ਰਸਦ ਅਤੇ ਮਾਇਆ ਭੇਂਟ ਹੁੰਦੀ ਹੈ, ਉਥੇ ਨਾਲ ਹੀ ਵਧੀਆ ਸ਼ਸ਼ਤਰ ਅਤੇ ਚੰਗੀ ਨਸਲ ਦੇ ਘੋੜੇ ਵੀ ਭੇਂਟ ਕੀਤੇ ਜਾਣ। ਅਣਖੀਲੇ ਗੱਭਰੂ ਸ਼ਾਮਲ ਹੋਣ। ਉਹ ਜੁਆਨੀਆਂ ਕਾਇਮ ਰੱਖਣ ਲਈ ਕਸਰਤ , ਕੁਸ਼ਤੀਆਂ, ਘੋੜ ਸਵਾਰੀ ਅਤੇ ਸ਼ਿਕਾਰ ਖੇਡਣ । ਸੁਡੋਲ ਜਵਾਨਾਂ ਦੀ ਫ਼ੌਜ ਤਿਆਰ ਕਰਕੇ ਉਹਨਾਂ ਨੂੰ ਯੁੱਧ ਲਈ ਹਥਿਆਰਾਂ ਦੀ ਵਰਤੋਂ ਕਰਨ ਦੀ ਸਿਖਲਾਈ ਦਿੱਤੀ ਜਾਣ ਲੱਗੀ। ਚੜ੍ਹਦੀਕਲਾ ਦਾ ਦੌਰ ਸ਼ੁਰੂ ਹੋਇਆ। ਸੂਰਮਿਆਂ ਦੀਆਂ ਵਾਰਾਂ ਸਿੱਖਾਂ ਦੇ ਮਨਾਂ ਵਿੱਚ ਬੀਰ ਰਸ ਭਰਦੀਟਾਂ, ਬੀਰ-ਨਗਾਰਾ ਵੱਜਣ ਲੱਗਾ। ਨਿਸ਼ਾਨ ਝੂਲਣ ਲੱਗੇ। ਸੰਤ ਸਿਪਾਹੀ ਸੂਰਬੀਰ ਧਰਮੀ ਯੋਧਿਆਂ ਦੀ ਕੌਮ ਤਿਆਰ ਹੋਣ ਲੱਗੀ। ਤਖ਼ਤ 'ਤੇ ਬੈਠ ਕੇ ਗੁਰੂ ਸਾਹਿਬ ਜੀ ਸੰਗਤਾਂ ਦੇ ਫੈਸਲੇ ਆਪ ਕਰਨ ਲੱਗੇ। ਆਪਸੀ ਮੇਲ ਮਿਲਾਪ ਵਧਿਆ। ਅੰਮ੍ਰਿਤਸਰ ਨੂੰ ਖੁਦਮੁਖਤਿਆਰ ਅਤੇ ਸੁਰੱਖਿਅਕਤ ਬਣਾਉਣ ਲਈ 'ਲੋਹਗੜ੍ਹ ਕਿਲਾ' ਬਣਾਇਆ। ਗੁਰੂ ਜੀ ਦੀ ਵੱਧਦੀ ਤਾਕਤ ਵੇਖ ਕੇ ਹਕੂਮਤ ਨੂੰ ਖਤਰਾ ਮਹਿਸੂਸ ਹੋਣ ਲਗਿਆ। ਗੁਰੂ ਘਰ ਦੇ ਪੁਰਾਣੇ ਦੋਖੀ ਚੰਦੂ ਅਤੇ ਮਿਹਰਬਾਨ ਨੇ ਮੁਗਲ ਬਾਦਸ਼ਾਹ ਜਹਾਂਗੀਰ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ ਕਿ ਸਿੱਖ ਗੁਰੂ ਖੁਦ ਤਖਤ 'ਤੇ ਬੈਠਦਾ ਹੈ ਲੋਕ ਉਸ ਨੂੰ ਸੱਚਾ ਪਾਤਸ਼ਾਹ ਕਹਿੰਦੇ ਹਨ। ਉਹ ਸੰਗਤਾਂ ਦੇ ਫੈਸਲੇ ਆਪ ਕਰਦਾ ਹੈ। ਉਸਦਾ ਪੂਰਾ ਸ਼ਾਹੀ ਠਾਠ ਹੈ। ਉਸਦੀ ਵੱਧਦੀ ਜਾਂਦੀ ਫ਼ੌਜੀ ਤਾਕਤ ਮੁਗਲ ਹਕੂਮਤ ਲਈ ਸਿੱਧਾ ਖ਼ਤਰਾ ਹੈ। ਬਾਦਸ਼ਾਹ ਜਹਾਂਗੀਰ ਨੇ ਆਪਣੇ ਅਧਿਕਾਰੀਆਂ ਦੇ ਪ੍ਰਭਾਵ ਹੇਠ ਆ ਕੇ ਸਿੱਖਾਂ ਦੀਆਂ ਸਰਗਰਮੀਆਂ ਨੂੰ ਦਬਾਉਣ ਦਾ ਫੈਸਲਾ ਕਰ ਲਿਆ। ਉਸ ਨੂੰ ਯਕੀਣ ਹੋ ਗਿਆ ਕਿ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹਾਦਤ ਨੇ ਸਿੱਖਾਂ ਨੂੰ ਕਮਜੋਰ ਅਤੇ ਭੈ ਭੀਤ ਕਰਨ ਦੀ ਥਾਂ ਹੋਰ ਵੀ ਦਲੇਰ ਅਤੇ ਨਿਡਰ ਕਰ ਦਿੱਤਾ ਹੈ। ਇਹ ਸੱਚਮੁੱਚ ਹੀ ਹਕੂਮਤ ਲਈ ਖ਼ਤਰਾ ਹੈ। ਬਾਦਸ਼ਾਹ ਨੇ ਗੁਰੂ ਸਾਹਿਬ ਜੀ ਨੂੰ ਗਵਾਲੀਅਰ ਦੇ ਕਿੱਲੇ ਵਿੱਚ ਕੈਦ ਕਰ ਲਿਆ।



ਉਸ ਕਿਲੇ ਵਿੱਚ ਪਹਿਲਾਂ ਹੀ 52 ਰਾਜੇ ਕੈਦ ਵਿੱਚ ਸਨ। ਉਹ ਬਹੁਤ ਹੀ ਮੰਦੀ ਹਾਲਤ ਵਿੱਚ ਕੈਦ ਕੱਟ ਰਹੇ ਸਨ। ਗੁਰੂ ਸਾਹਿਬ ਜੀ ਦੇ ਆਗਮਨ 'ਤੇ ਉਨ੍ਹਾਂ ਦੇ ਦਿਲਾਂ ਵਿੱਚ ਆਸ ਦੀ ਕਿਰਨ ਜਾਗੀ। ਉਹ ਗੁਰੂ ਜੀ ਦੇ ਸਤਿਸੰਗੀ ਸ਼ਰਧਾਲੂ ਬਣ ਗਏ। ਗੁਰੂ ਸਾਹਿਬ ਜੀ ਨੇ ਉਹਨਾਂ ਵਾਸਤੇ ਵਧੀਆ ਪੁਸ਼ਾਕ ਅਤੇ ਚੰਗੀ ਖੁਰਾਕ ਦਾ ਪ੍ਰਬੰਧ ਕਰਵਾ ਲਿਆ। ਗੁਰੂ ਜੀ ਦੀ ਕੈਦ ਲੰਬੀ ਹੁੰਦੀ ਜਾਂਦੀ ਵੇਖ ਕੇ ਸਿੱਖਾਂ ਵਿੱਚ ਰੋਹ ਜਾਗ ਉਠਿਆ ਕਿ ਗੁਰੂ ਸਾਹਿਬ ਜੀ ਨੂੰ ਹੁਣ ਰਿਹਾਅ ਕਰਵਾਉਣਾ ਚਾਹੀਦਾ ਹੈ। ਸਿੰਘ ਥਾਂ ਥਾਂ ਤੋਂ ਜਥੇ ਬਣਾ ਕੇ ਗਵਾਲੀਅਰ ਪਹੁੰਚਣ ਲੱਗੇ ਪਰ ਅੱਗੇ ਉਹਨਾਂ ਨੂੰ ਮੁਲਾਕਾਤ ਦੀ ਇਜਾਜਤ ਨਾ ਮਿਲਦੀ। ਗੁਰੂ ਜੀ ਨੇ ਸੰਗਤਾਂ ਨੂੰ ਧੀਰਜ ਰੱਖਣ ਅਤੇ ਚੜ੍ਹਦੀਕਲਾ ਵਿੱਚ ਰਹਿਣ ਦਾ ਉਪਦੇਸ਼ ਦਿੱਤਾ। ਗੁਰੂ ਜੀ ਦੀ ਕੈਦ ਵਿਰੁੱਧ ਸ਼ਰਧਾਲੂ ਮੁਸਲਮਾਨਾਂ ਨੇ ਵੀ ਆਵਾਜ਼ ਉਠਾਈ। ਸੰਗਤਾਂ ਦਾ ਭਾਰੀ ਵਿਰੋਧ ਵੇਖ ਕੇ ਬਾਦਸ਼ਾਹ ਨੇ ਗੁਰੂ ਸਾਹਿਬ ਜੀ ਨੂੰ ਰਿਹਾਅ ਕਰਨ ਦਾ ਮਨ ਬਣਾ ਲਿਆ। ਗੁਰੂ ਜੀ ਨੇ ਇੱਕਲਿਆ ਰਿਹਾਅ ਹੋਣ ਤੋਂ ਇਨਕਾਰ ਕਰ ਦਿੱਤਾ ਕਿ ਜਦੋਂ ਤਕ ਉਹਨਾਂ ਦੇ ਨਾਲ 52 ਕੈਦੀ ਰਾਜੇ ਨਹੀਂ ਛੱਡੇ ਜਾਂਦੇ, ਉਹ ਰਿਹਾਅ ਨਹੀਂ ਹੋਣਗੇ। ਗੁਰੂ ਸਾਹਿਬ ਜੀ ਦੀ ਰੂਹਾਨੀ ਸ਼ਕਤੀ ਅੱਗੇ ਬਾਦਸ਼ਾਹ ਨੂੰ ਝੁੱਕਣਾ ਪਿਆ। ਇਸ ਤਰਾਂ ਗੁਰੂ ਸਾਹਿਬ ਜੀ ਗਵਾਲੀਅਰ ਦੇ ਕਿਲੇ ਦੀ ਕੈਦ ਵਿਚੋਂ 52 ਰਾਜਿਆਂ ਨੂੰ ਕੈਦ ਵਿੱਚੋਂ ਛੁਡਵਾ ਕੇ ਬੰਦੀ ਤੋੜ ਦਾਤ ਅਖਵਾਏ। ਗੁਰੂ ਜੀ ਜਦੋਂ ਗਵਾਲੀਅਰ ਦੇ ਕਿਲੇ ਤੋਂ ਰਿਹਾਅ ਹੋ ਕੇ ਗੁਰੂ ਰਾਮਦਾਸ ਜੀ ਦੀ ਨਗਰੀ ਅੰਮ੍ਰਿਤਸਰ ਪੁੱਜੇ ਤਾਂ ਬਾਬਾ ਬੁੱਢਾ ਜੀ ਦੀ ਅਗਵਾਈ ਵਿੱਚ ਸੰਗਤਾਂ ਨੇ ਨਗਰ ਵਿੱਚ ਖੁਸ਼ੀ ਨਾਲ ਘਰਾਂ ਵਿੱਚ ਘਿਓ ਦੇ ਦੀਵੇ ਜਗਾਏ। ਨਾਲ ਹੀ ਗਲੀਆਂ ਬਾਜ਼ਾਰਾਂ ਵਿੱਚ ਵੀ ਸ਼ਾਨਦਾਰ ਦੀਪਮਾਲਾ ਕੀਤੀ। ਸਬੱਬੀ ਉਸ ਦਿਨ ਦੀਵਾਲੀ ਵੀ ਸੀ। ਸੰਗਤਾਂ ਨੇ ਭਾਰੀ ਖੁਸ਼ੀ ਮਨਾਉਂਦਿਆਂ ਇਸ ਦਿਹਾੜੇ ਨੂੰ ਬੰਦੀ ਛੋੜ ਦਿਵਸ ਵਜੋਂ ਯਾਦ ਕਰਨਾ ਸ਼ੁਰੂ ਕਰ ਦਿੱਤਾ।

ਦਸਮ ਪਿਤਾ ਜੀ ਤੋਂ ਬਾਅਦ ਅਤੇ ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਸਿੱਖਾਂ 'ਤੇ ਬੜੀ ਮੁਸੀਬਤ ਦਾ ਸਮਾਂ ਸੀ। ਹਕੂਮਤਾਂ ਸਿੱਖਾਂ ਦਾ ਖੁਰਾ ਖੋਜ ਮਿਟਾਉਣ 'ਤੇ ਤੁਲੀਆਂ ਹੋਈਆਂ ਸਨ। ਸਿੱਖਾਂ ਲਈ ਅੰਮ੍ਰਿਤਸਰ ਹਰਿਮੰਦਰ ਸਾਹਿਬ ਜੀ ਦੇ ਦਰਸ਼ਨਾਂ 'ਤੇ ਵੀ ਪਾਬੰਦੀ ਸੀ। ਪ੍ਰੰਪਰਾਗਤ ਅਠਾਰਵੀਂ ਸਦੀ ਵਿੱਚ ਸਰਬੱਤ ਖ਼ਾਲਸਾ ਦੇ ਰੂਪ ਵਿੱਚ ਸੰਗਤਾਂ ਵਿਸਾਖੀ ਤੇ ਬੰਦੀ ਛੋੜ ਦਿਵਸ ਤੇ ਅੰਮ੍ਰਿਤਸਰ ਇਕੱਠੀਆਂ ਹੋਣ ਲੱਗੀਆਂ। ਇਹਨਾਂ ਮੌਕਿਆਂ ਤੇ ਸਵੈ ਪੜਚੋਲ ਹੁੰਦੀ ਸੀ ਅਤੇ ਭਵਿੱਖ ਲਈ ਵਿਉਂਤਬੰਦੀ ਕੀਤੀ ਜਾਂਦੀ ਸੀ। ਭਾਈ ਮਨੀ ਸਿੰਘ ਜੀ ਮੁੱਖ ਗ੍ਰੰਥੀ ਨੇ 1733 ਈਸਵੀ ਦੀ ਬੰਦੀ ਛੋੜ ਦਿਵਸ ਲਈ ਵਿਸ਼ੇਸ ਮਹਿਸੂਲ ਅਦਾ ਕਰਨਾ ਮਨ ਕੇ ਹਕੂਮਤ ਤੋਂ ਇਜਾਜਤ ਲਈ ਪਰ ਨਾਲ ਹੀ ਨਵਾਬ ਜਕਰੀਆ ਖਾਨ ਨੇ ਇੱਕਠੇ ਹੋ ਰਹੇ ਸਿੱਖਾਂ ਨੂੰ ਮਾਰਨ ਦੀ ਯੋਜਨਾ ਵੀ ਬਣਾ ਲਈ ਸੀ। ਭਾਈ ਮਨੀ ਸਿੰਘ ਜੀ ਨੂੰ ਇਸ ਸਾਜਿਸ ਦਾ ਸਮੇਂ ਸਿਰ ਪਤਾ ਲੱਗ ਗਿਆ। ਉਹਨਾਂ ਨੇ ਸਿੱਖਾਂ ਨੂੰ ਅੰਮ੍ਰਿਤਸਰ ਆਉਣ ਤੋਂ ਰੋਕ ਦਿੱਤਾ।

ਬਹੁਤ ਘੱਟ ਗਿਣਤੀ ਵਿੱਚ ਸੰਗਤਾਂ ਪੁਜੀਆਂ। ਫਿਰ ਵੀ ਸਰਕਾਰ ਨੇ ਰਕਮ ਅਦਾ ਕਰਨ ਦੀ ਮੰਗ ਰੱਖ ਦਿੱਤੀ। ਭਾਈ ਮਨੀ ਸਿੰਘ ਜੀ ਨੇ ਸਪਸ਼ਟ ਕੀਤਾ ਕਿ ਦਿਵਾਨ ਤਾਂ ਭਰਿਆ ਨਹੀਂ, ਚੜਤ ਵੀ ਨਹੀਂ ਆਈ। ਅਜਿਹੇ ਹਾਲਾਤ ਵਿੱਚ ਰਕਮ ਅਦਾ ਨਹੀਂ ਹ ਸਕਦੀ। ਸਰਕਾਰ ਨੇ ਇਸ ਬ ਹਾਨੇ ਭਾਈ ਮਨੀ ਸਿੰਘ ਜੀ ਨੂੰ ਜਾਂ ਤਾਂ ਇਸਲਾਮ ਧਾਰਨ ਕਰਨ ਜਾਂ ਮੌਤ ਲਈ ਤਿਆਰ ਹੋ ਜਾਣ ਲਈ ਕਿਹਾ। ਭਾਈ ਮਨੀ ਸਿੰਘ ਜੀ ਨੇ ਕਿਹਾ ਕਿ ਮੈਨੂੰ ਮੌਤ ਪ੍ਰਵਾਨ ਹੈ। ਕਾਜੀ ਨੇ ਭਾਈ ਸਾਹਿਬ ਨੂੰ ਫਤਵੇ ਅਨੁਸਾਰ ਬੰਦ ਬੰਦ ਕੱਟ ਕੇ ਸ਼ਹੀਦ ਕਰ ਦਿੱਤਾ। ਇਸ ਤਰਾਂ ਬੰਦੀ ਛੋੜ ਦਿਵਸ ਦਾ ਸਬੰਧ ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਨਾਲ ਜੁੜ ਗਿਆ। ਅੰਤਿਕਾ : ਗੁਰੂ ਹਰਿਗੋਬਿੰਦ ਸਿੰਘ ਜੀ ਨੇ ਮੀਰੀ ਪੀਰੀ ਦੇ ਸਿਧਾਂਤ ਨੂੰ ਦ੍ਰਿੜਾਇਆ ਕਿ ਸਿੱਖਾਂ ਨੂੰ ਵਾਹਿਗੁਰੂ ਦੇ ਪਿਆਰ ਵਿੱਚ ਲੀਨ ਹੋ ਕੇ ਵੀ ਆਪਣੇ ਅਧਿਕਾਰਾਂ ਦੀ ਰੱਖਿਆ ਕਰਨ ਲਈ ਸੁਚੇਤ ਹੋਣਾ ਹੈ। ਗੁਰੂ ਜੀ ਨੇ ਸਿੱਖਾਂ ਵਿੱਚ ਬਹਾਦਰੀ ਅਤੇ ਚੜ੍ਹਦੀਕਲਾ ਦਾ ਜਜਬਾ ਭਰਿਆ ਕਿ ਉਹ ਆਪਣੀ ਹਥਿਆਰ ਬੰਦ ਤਾਕਤ ਦੇ ਜ਼ੋਰ 'ਤੇ ਹੀ ਆਪਣੀ ਆਜ਼ਾਦੀ ਅਤੇ ਆਪਣੇ ਜੀਵਨ ਢੰਗ ਦੀ ਰੱਖਿਆ ਕਰ ਸਕਦੇ ਹਨ। 'ਬੰਦੀ ਛੋੜ ਦਿਵਸ' ਦਾ ਸੁਨੇਹਾ ਹੈ ਕਿ ਹਰ ਮਨੁੱਖ ਦੀ ਪੂਰਨ ਆਜ਼ਾਦੀ ਦੀ ਪ੍ਰਪੱਕਤਾ ਮਨਾ ਅੰਦਰ ਪੈਦਾ ਕਰਨਾ ਹੀ ਮਨੋਰਥ ਹੈ।






# ਮਨੁੱਖ ਲਈ ਸਭ ਤੋਂ ਵੱਡੀ ਲੋੜ ਹੈ ਵਾਤਾਵਰਨ



## ਜਲ, ਜੰਗਲ ਅਤੇ ਜ਼ਮੀਨ ਨੂੰ ਪ੍ਰਦੂਸ਼ਣ ਨੇ ਲਿਆ ਆਪਣੇ ਕਬਜ਼ੇ 'ਚ

ਜੀਵਨ ਦੇ ਦ੍ਰਿਸ਼ਟੀਕੋਣ ਤੋਂ ਵਾਤਾਵਰਣ ਮਨੁੱਖ ਲਈ ਸਭ ਤੋਂ ਵੱਡੀ ਲੋੜ ਹੈ। ਜਲ, ਜੰਗਲ ਅਤੇ ਜ਼ਮੀਨ ਇਸ ਦੇ ਮੁੱਖ ਆਧਾਰ ਹਨ। ਵਿਕਾਸ ਦੇ ਮੌਜੂਦਾ ਮਾਡਲ ਦੀ ਅਸਫਲਤਾ ਇਹ ਹੈ ਕਿ ਜੀਵਨ ਦੇ ਇਨ੍ਹਾਂ ਤਿੰਨਾਂ ਅਧਾਰਾਂ ਨੂੰ ਪ੍ਰਦੂਸ਼ਣ ਨੇ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ।

ਇਹੀ ਕਾਰਨ ਹੈ ਕਿ ਅੱਜ ਦੇਸ਼ ਦੀ ਆਬਾਦੀ ਦਾ ਵੱਡਾ ਹਿੱਸਾ ਸਾਫ਼ ਅਤੇ ਸੁਰੱਖਿਅਤ ਪਾਣੀ ਅਤੇ ਸ਼ੁੱਧ ਹਵਾ ਵਰਗੀਆਂ ਬੁਨਿਆਦੀ ਲੋੜਾਂ ਤੋਂ ਵੀ ਵਾਂਝਾ ਹੈ। ਵਾਤਾਵਰਨ ਪੂਰੀ ਤਰ੍ਹਾਂ ਪਲੀਤ ਹੋ ਗਿਆ ਹੈ। ਇਸ ਦਿਸ਼ਾ ਵਿੱਚ ਸਮਾਜ ਅਤੇ ਸਰਕਾਰ ਨੂੰ ਸਵੱਛਤਾ ਅਤੇ ਰੁੱਖ ਲਗਾਉਣ ਨੂੰ ਇੱਕ ਲੋਕ ਲਹਿਰ ਬਣਾਉਣ ਬਾਰੇ ਸੋਚਣਾ ਹੋਵੇਗਾ, ਜਿਸ ਲਈ ਸਮਾਜ ਦੀ ਭਾਗੀਦਾਰੀ ਪਹਿਲੀ ਅਤੇ ਜ਼ਰੂਰੀ ਸ਼ਰਤ ਹੈ। ਭਾਈਚਾਰਕ ਸ਼ਮੂਲੀਅਤ ਰਾਹੀਂ ਸਵੱਛਤਾ ਦਾ ਸੱਭਿਆਚਾਰ ਵਿਕਸਤ ਕਰਨ ਦੀ ਲੋੜ ਹੈ, ਜਿਸ ਲਈ ਕੂੜੇ ਦੀ ਮੁੜ ਵਰਤੋਂ ਲਈ ਠੋਸ ਯੋਜਨਾ ਬਣਾਉਣੀ ਜ਼ਰੂਰੀ ਹੈ।

ਇਸ ਨਾਲ ਨਾ ਸਿਰਫ਼ ਵੱਡੀ ਗਿਣਤੀ ਵਿੱਚ ਰੁਜ਼ਗਾਰ ਪੈਦਾ ਹੋਵੇਗਾ, ਸਾਡੇ ਪਿੰਡ, ਸ਼ਹਿਰ ਅਤੇ ਕਸਬੇ ਵੀ ਰਹਿਣ ਯੋਗ ਬਣ ਜਾਣਗੇ। ਇਸੇ ਤਰ੍ਹਾਂ ਸਵੱਛਤਾ ਨੂੰ ਜਲ ਪ੍ਰਬੰਧਨ ਨਾਲ ਜੋੜਨਾ ਜ਼ਰੂਰੀ ਹੈ, ਜਿਸ ਵਿੱਚ ਸੀਵਰੇਜ ਦੀ ਸਫ਼ਾਈ ਅਤੇ ਪਾਣੀ ਦੀ ਰੀਸਾਈਕਲਿੰਗ ਰਾਹੀਂ ਪਾਣੀ ਦੇ ਸਰੋਤਾਂ ਦੀ ਸਫ਼ਾਈ ਅਤੇ ਇਸ ਦੀ ਉਦਯੋਗਿਕ ਅਤੇ ਖੇਤੀਬਾੜੀ ਵਰਤੋਂ ਵੀ ਕੀਤੀ ਜਾ ਸਕਦੀ ਹੈ।

ਸਵੱਛਤਾ ਇੱਕ ਸਥਾਨਕ ਮੁੱਦਾ ਹੈ। ਇਸ ਲਈ ਟਾਪ ਡਾਊਨ ਸਿਸਟਮ ਇਸ ਲਈ ਠੀਕ ਨਹੀਂ ਹੈ। ਲੋੜ ਹੈ ਸਮਾਜ ਨੂੰ ਲੋੜੀਂਦੇ ਅਧਿਕਾਰਾਂ ਅਤੇ ਸਾਧਨਾਂ ਨਾਲ ਲੈਸ ਕਰਨ ਦੀ। ਕੋਈ ਵੀ ਨੀਤੀ ਜਾਂ ਨਿਯਮ ਉਦੋਂ ਹੀ ਪ੍ਰਭਾਵੀ ਨਤੀਜੇ ਦਿੰਦਾ ਹੈ ਜਦੋਂ ਸਮਾਜ ਉਸ ਵਿੱਚ ਹਿੱਸਾ ਲੈਂਦਾ ਹੈ। ਵਾਤਾਵਰਣ ਇੱਕ ਅਜਿਹਾ ਵਿਸ਼ਾ ਹੈ ਜਿਸ ਨਾਲ ਜੀਵਨ ਸਿੱਧਾ ਜੁੜਿਆ ਹੋਇਆ ਹੈ।

ਵਾਤਾਵਰਨ ਦੀ ਤੰਦਰੁਸਤੀ ਲਈ ਦੋ ਕੰਮ ਜਾਰੀ ਰੱਖਣਾ ਬਹੁਤ ਜ਼ਰੂਰੀ ਹੈ, ਪਹਿਲਾ ਹੈ ਸਫ਼ਾਈ ਅਤੇ ਦੂਜਾ ਰੁੱਖ ਲਗਾਉਣਾ। ਸਫ਼ਾਈ ਨਾ ਹੋਣ ਕਾਰਨ ਸਾਨੂੰ ਸਿਹਤ ਲਈ ਖ਼ਤਰੇ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹ ਕਿਸੇ ਇੱਕ ਖੇਤਰ ਤੱਕ ਸੀਮਤ ਨਹੀਂ ਹਨ। ਵਿਸ਼ਵੀਕਰਨ ਦੇ ਯੁੱਗ ਵਿੱਚ ਸੰਸਾਰ ਬਹੁਤ ਹੀ ਆਪਸ ਵਿੱਚ ਜੁੜ ਗਿਆ ਹੈ। ਅਸੀਂ ਸਾਰੇ ਪਰਸਪਰ ਨਿਰਭਰ ਸਥਾਨਾਂ ਵਿੱਚ ਰਹਿੰਦੇ ਹਾਂ। ਵਾਤਾਵਰਣ ਦਾ ਵਿਗਾੜ ਇੱਕ ਵੱਡੀ ਸਮੱਸਿਆ ਹੈ। ਇਸ ਚੁਣੌਤੀ ਦਾ ਸਾਹਮਣਾ ਸਿਰਫ਼ ਭਾਈਚਾਰਕ ਸ਼ਮੂਲੀਅਤ ਰਾਹੀਂ ਹੀ ਸੰਭਵ ਹੈ।

ਰੁੱਖ ਲਗਾਉਣਾ ਵਾਤਾਵਰਣ ਦੀ ਸੁਰੱਖਿਆ ਲਈ ਇੱਕ ਮਹੱਤਵਪੂਰਨ ਉਪਰਾਲਾ ਹੈ, ਕਿਉਂਕਿ ਰੁੱਖ ਹੀ ਜੀਵਨ ਦੇਣ ਵਾਲੀ ਆਕਸੀਜਨ ਦਾ ਇੱਕੋ ਇੱਕ ਸਰੋਤ ਹਨ। ਮਨੁੱਖ ਦਾ ਜੀਵਨ ਰੁੱਖਾਂ 'ਤੇ ਹੀ ਨਿਰਭਰ ਹੈ। ਜੇਕਰ ਰੁੱਖ ਨਾ ਹੋਣ ਤਾਂ ਧਰਤੀ 'ਤੇ ਜੀਵਨ ਖ਼ਤਰੇ ਵਿੱਚ ਪੈ ਜਾਵੇਗਾ।

ਕਿਸੇ ਵੀ ਰਾਸ਼ਟਰ ਜਾਂ ਸਮਾਜ ਜਾਂ ਸੱਭਿਆਚਾਰ ਦੀ ਖੁਸ਼ਹਾਲੀ ਉਸ ਦੇ ਵਸਨੀਕਾਂ ਦੀ ਭੌਤਿਕ ਖੁਸ਼ਹਾਲੀ ਵਿੱਚ ਨਹੀਂ ਹੁੰਦੀ ਸਗੋਂ ਉਸ ਦੀ ਜੈਵ ਵਿਭਿੰਨਤਾ 'ਤੇ ਨਿਰਭਰ ਕਰਦੀ ਹੈ। ਭਾਰਤੀ ਜੰਗਲਾਂ ਦੀ ਦੌਲਤ ਵਿਸ਼ਵ ਵਿੱਚ ਵਿਲੱਖਣ ਅਤੇ ਵਿਸ਼ੇਸ਼ ਹੈ। ਸਾਡੀ ਸੰਸਕ੍ਰਿਤੀ, ਰੀਤੀ-ਰਿਵਾਜ, ਧਰਮ, ਤਿਉਹਾਰ ਸਭ ਕੁਦਰਤ ਦੁਆਰਾ ਪਾਲਿਆ ਗਿਆ ਹੈ।

ਅਸਲ ਸੰਕਟ ਇਹ ਹੈ ਕਿ ਵਿਕਾਸ ਦੇ ਆਧੁਨਿਕ ਮਾਡਲ ਨੇ ਸਭ ਕੁਝ ਤਬਾਹ ਕਰ ਦਿੱਤਾ ਹੈ। ਇਹ ਜੰਗਲ ਹੀ ਹਨ ਜੋ ਜਲਵਾਯੂ ਪਰਿਵਰਤਨ ਦੇ ਮਾੜੇ ਪ੍ਰਭਾਵਾਂ ਨੂੰ ਘਟਾਉਣ ਦੀ ਸਮਰੱਥਾ ਰੱਖਦੇ ਹਨ, ਜਿਸ ਲਈ ਰੁੱਖ ਲਗਾਉਣ ਦੀ ਮੁਹਿੰਮ ਨੂੰ ਜਾਰੀ ਰੱਖਣਾ ਜ਼ਰੂਰੀ ਹੈ। ਇਸ ਰਾਹੀਂ ਜਲਵਾਯੂ ਵਿੱਚ ਸੁਧਾਰ ਸੰਭਵ ਹੈ। ਰੁੱਖ ਅਤੇ ਪੌਦੇ ਕਾਰਬਨ ਡਾਈਆਕਸਾਈਡ ਨੂੰ ਘਟਾਉਣ ਅਤੇ ਪ੍ਰਕਾਸ਼ ਸੰਸ਼ਲੇਸ਼ਣ ਦੁਆਰਾ ਆਕਸੀਜਨ ਪ੍ਰਦਾਨ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਇਹ ਪ੍ਰਕਿਰਿਆ ਕੁਦਰਤ ਵਿੱਚ ਸੰਤੁਲਨ ਬਣਾਈ ਰੱਖਦੀ ਹੈ। ਜੰਗਲ ਸਾਨੂੰ ਸ਼ੁੱਧ ਪਾਣੀ ਅਤੇ ਸਿਹਤਮੰਦ ਮਿੱਟੀ ਦੇ ਨਾਲ-ਨਾਲ ਸ਼ੁੱਧ ਵਾਤਾਵਰਨ ਪ੍ਰਦਾਨ ਕਰਨ ਦਾ ਆਧਾਰ ਪ੍ਰਦਾਨ ਕਰਦੇ ਹਨ।

ਜੇਕਰ ਸਮਾਜ ਵਿੱਚ ਰੁੱਖ ਲਗਾਉਣ ਦਾ ਸੱਭਿਆਚਾਰ ਵਿਕਸਿਤ ਹੋਵੇਗਾ ਤਾਂ ਹੀ ਇਹ ਇੱਕ ਮੁਹਿੰਮ ਦੇ ਰੂਪ ਵਿੱਚ ਵਾਤਾਵਰਨ ਨੂੰ ਪੋਸ਼ਣ ਦੇ ਕੇ ਇੱਕ ਲੋਕ ਪੱਖੀ ਗਤੀਵਿਧੀ ਵਜੋਂ ਸਥਾਪਿਤ ਹੋਵੇਗਾ ਕਿਉਂਕਿ ਖਪਤਵਾਦੀ ਸੱਭਿਆਚਾਰ ਦੇ ਪਸਾਰ ਨੇ ਜੰਗਲਾਂ ਨੂੰ ਤਬਾਹ ਕਰ ਦਿੱਤਾ ਹੈ।

ਜੇਕਰ ਅਸੀਂ ਸਮੇਂ ਸਿਰ ਆਪਣੀ ਇਸ ਮਨੁੱਖੀ ਗਲਤੀ ਨੂੰ ਸਵੀਕਾਰ ਨਾ ਕੀਤਾ ਅਤੇ ਆਪਣੇ ਜੀਵਨ ਵਿਵਹਾਰ ਵਿੱਚ ਸੁਧਾਰ ਨਾ ਕੀਤਾ ਤਾਂ ਧਰਤੀ ਉੱਤੇ ਜੀਵਨ ਦੀ ਹੋਂਦ ਹੀ ਖ਼ਤਰੇ ਵਿੱਚ ਪੈ ਜਾਵੇਗੀ। ਇਸ ਲਈ ਸਮੇਂ ਸਿਰ ਖੁੱਲ੍ਹੇ ਜੰਗਲਾਂ ਦੀ ਘਣਤਾ ਨੂੰ ਵਧਾਉਣਾ ਜ਼ਰੂਰੀ ਹੈ। ਜਿੱਥੇ ਵੀ ਸੰਭਵ ਹੋਵੇ ਹਰੇ ਗਲਿਆਰੇ ਦਾ ਵਿਸਤਾਰ ਕਰੋ। ਅਜਿਹੀਆਂ ਜਨਤਕ ਥਾਵਾਂ ਦੀ ਨਿਸ਼ਾਨਦੇਹੀ ਕਰਕੇ ਇਹ ਲੋਕ ਲਹਿਰ ਦਾ ਰੂਪ ਧਾਰਨ ਕਰ ਲਵੇਗੀ। ਰੇਲਵੇ ਟਰੈਕ, ਸੜਕਾਂ, ਨਹਿਰਾਂ ਦੇ ਕਿਨਾਰਿਆਂ ਅਤੇ ਖਾਲੀ ਪਈਆਂ ਜ਼ਮੀਨਾਂ ਨੂੰ ਰੁੱਖ ਲਗਾ ਕੇ ਹਰੀ ਪੱਟੀ ਵਿੱਚ ਤਬਦੀਲ ਕੀਤਾ ਜਾ ਸਕਦਾ ਹੈ। ਇਸ ਨਾਲ ਸਫ਼ਾਈ ਵਿੱਚ ਵਾਧਾ ਹੋਵੇਗਾ ਅਤੇ ਵਾਤਾਵਰਨ ਦੀ ਸਿਹਤ ਵਿੱਚ ਵੀ ਸੁਧਾਰ ਹੋਵੇਗਾ।

ਸਮਾਜ ਅਤੇ ਸਰਕਾਰ ਨੂੰ ਮਿਲ ਕੇ ਰੁੱਖ ਲਗਾਉਣ ਦੇ ਸੱਭਿਆਚਾਰ ਨੂੰ ਵਿਕਸਿਤ ਕਰਨਾ ਹੋਵੇਗਾ, ਜਿਸ ਨਾਲ ਸਮਾਜ ਨੂੰ ਕਈ ਪੱਧਰਾਂ 'ਤੇ ਲਾਭ ਹੋਵੇਗਾ। ਇਸ ਨਾਲ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ। ਇਸ ਦੇ ਨਾਲ ਹੀ ਜੰਗਲਾਂ ਦਾ ਪਸਾਰ ਆਰਥਿਕ ਖੁਸ਼ਹਾਲੀ ਦੇ ਨਾਲ-ਨਾਲ ਜੀਵਨ ਦਾ ਸਾਧਨ ਵੀ ਬਣੇਗਾ।

ਵਾਤਾਵਰਨ ਦਾ ਸਿੱਧਾ ਸਬੰਧ ਸਵੱਛਤਾ ਅਤੇ ਸ਼ੁੱਧ ਹਵਾ ਨਾਲ ਹੈ। ਦੋਵੇਂ ਮਨੁੱਖੀ ਸਿਹਤ ਲਈ ਆਧਾਰ ਵਜੋਂ ਕੰਮ ਕਰਦੇ ਹਨ। ਸਵੱਛਤਾ ਅਤੇ ਆਰਥਿਕ ਵਿਕਾਸ ਦਾ ਵੀ ਗੂੜ੍ਹਾ ਰਿਸ਼ਤਾ ਹੈ। ਬਿਮਾਰ ਵਿਅਕਤੀ ਕੋਈ ਵੀ ਕੰਮ ਸਹੀ ਢੰਗ ਨਾਲ ਨਹੀਂ ਕਰ ਸਕਦਾ, ਜਿਸ ਦਾ ਸਿੱਧਾ ਅਸਰ ਉਤਪਾਦਕਤਾ 'ਤੇ ਪੈਂਦਾ ਹੈ। ਲੋਕਾਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ ਕਿ ਵਾਤਾਵਰਨ ਦਾ ਸਿੱਧਾ ਸਬੰਧ ਸਾਡੀ ਸਿਹਤ ਨਾਲ ਹੈ। ਵਾਤਾਵਰਨ ਪ੍ਰਦੂਸ਼ਣ ਮਨੁੱਖੀ ਸਿਹਤ ਨੂੰ ਵਿਗਾੜਦਾ ਹੈ।

ਇਸ ਦਿਸ਼ਾ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਸਮਾਜ ਨਾਲ ਸਮੂਹਿਕ ਵਿਚਾਰ-ਵਟਾਂਦਰਾ ਕੀਤਾ ਜਾਣਾ ਚਾਹੀਦਾ ਹੈ। ਵੱਖ-ਵੱਖ ਪੱਧਰਾਂ 'ਤੇ ਸਮਾਜਿਕ ਹਿੱਸੇਦਾਰੀ ਵਧਾਉਣੀ ਚਾਹੀਦੀ ਹੈ।

# ਕੁਦਰਤੀ ਆਫ਼ਤਾਂ ਤੋਂ ਬਚਾਉਂਦੇ ਨੇ ਮੈਂਗਰੋਵ ਵਣ



ਸਤਨਾਮ ਸਿੰਘ ਬਧਾਵਣ



ਠੰਢੇ ਅਤੇ ਗਰਮ ਇਲਾਕਿਆਂ ਦੇ ਜੰਗਲ ਦੇਖਣ ਦੇ ਮੌਕੇ ਮਿਲਣਾ ਤਾਂ ਲੋਕਾਂ ਲਈ ਆਮ ਗੱਲ ਹੈ ਲੇਕਿਨ ਸਮੁੰਦਰੀ ਤੱਟ ਉੱਤੇ ਪਾਏ ਜਾਣ ਵਾਲੇ ਜੰਗਲ ਦੇਖਣਾ ਆਮ ਗੱਲ ਨਹੀਂ ਹੋ ਸਕਦੀ। ਸਮੁੰਦਰ ਤੋਂ ਦੂਰ ਰਹਿਣ ਵਾਲੇ ਲੋਕਾਂ ਲਈ ਸਮੁੰਦਰ ਕਿਨਾਰੇ ਪਾਏ ਜਾਣ ਵਾਲੇ ਜੰਗਲਾਂ ਬਾਰੇ ਜਾਣਕਾਰੀ ਕਾਫ਼ੀ ਰੋਚਕ ਲੱਗੇਗੀ ਕਿਉਂਕਿ ਇਨ੍ਹਾਂ ਸਾਰੇ ਲੋਕਾਂ ਨੂੰ ਆਪਣੀ ਜ਼ਿੰਦਗੀ ਵਿੱਚ ਸਮੁੰਦਰ ਕਿਨਾਰੇ ਉਸ ਜੰਗਲ ਨੂੰ ਦੇਖਣ ਦਾ ਮੌਕਾ ਸ਼ਾਇਦ ਹੀ ਮਿਲਿਆ ਹੋਵੇ, ਜਿਨ੍ਹਾਂ ਨੂੰ ਵਨਸਪਤੀ ਵਿਗਿਆਨੀ ਮੈਂਗਰੋਵ ਫਾਰੈਸਟ ਜਾਂ ਸਮੁੰਦਰ ਤੱਟ ਅਤੇ ਦਲਦਲੀ ਮਿੱਟੀ ਦੇ ਜੰਗਲ ਕਹਿੰਦੇ ਹਨ। ਇਹ ਜੰਗਲ ਸਮੁੰਦਰੀ ਜਵਾਰਭਾਟਿਆਂ ਵਿਚਲੀ ਜ਼ਿਆਦਾ ਮੀਂਹ ਵਾਲੇ ਅਤੇ ਜ਼ਿਆਦਾ ਹੁੰਮਸ ਭਰੇ ਵਾਤਾਵਰਨ ਵਾਲੀ ਜ਼ਮੀਨ ਉੱਤੇ ਪਾਏ ਜਾਣ ਵਾਲੇ ਰੁੱਖਾਂ ਦਾ ਇੱਕ ਉਹ ਸਮੂਹ ਹੈ ਜਿਨ੍ਹਾਂ ਨੇ ਲੱਖਾਂ ਸਾਲਾਂ ਦੌਰਾਨ ਆਪਣੀ ਬਣਤਰ ਅਤੇ ਆਪਣੀ ਜ਼ਰੂਰਤਾਂ ਨੂੰ ਸਮੁੰਦਰ ਦੇ ਖਾਰੇ ਪਾਣੀ ਅਨੁਸਾਰ ਢਾਲ ਲਿਆ ਹੈ। ਮੈਂਗਰੋਵ ਵਣਾਂ ਦੇ ਇਲਾਕਿਆਂ ਵਿੱਚ ਸਾਲਾਨਾ ਤਕਰੀਬਨ 1000-3000 ਮਿਲੀਮੀਟਰ ਤੱਕ ਮੀਂਹ ਪੈਂਦਾ ਹੈ ਅਤੇ ਤਾਪਮਾਨ ਤਕਰੀਬਨ 26-35 ਡਿਗਰੀ ਤੱਕ ਰਹਿੰਦਾ ਹੈ। ਸਮੁੰਦਰੀ ਤੱਟਾਂ ਉੱਤੇ ਪਾਈ ਜਾਣ ਵਾਲੀ ਜੈਵ ਵਿਵਿਧਤਾ ਲਈ ਮੈਂਗਰੋਵ ਵਣ ਇੱਕ ਸ਼ਰਨ ਸਥਲ ਵਾਂਗ ਹਨ ਅਤੇ ਇਨ੍ਹਾਂ ਜੰਗਲਾਂ ਦੇ ਨਜ਼ਦੀਕ ਰਹਿਣ ਵਾਲੇ ਲੱਖਾਂ ਲੋਕਾਂ ਦੇ ਰੁਜ਼ਗਾਰ ਦਾ ਸਾਧਨ ਅਤੇ ਸਮੁੰਦਰੀ ਤੂਫ਼ਾਨਾਂ ਤੋਂ ਉਨ੍ਹਾਂ ਨੂੰ ਬਚਾਉਣ ਲਈ ਇੱਕ ਕੁਦਰਤੀ ਦੀਵਾਰ। ਮੈਂਗਰੋਵ ਫਾਰੈਸਟ ਦੇ ਘਟਣ ਜਾਂ ਵਧਣ ਦਾ ਸਿੱਧਾ ਅਸਰ ਸਮੁੰਦਰੀ ਜੀਵਨ ਅਤੇ ਸਮੁੰਦਰੀ ਤੱਟਾਂ ਉੱਤੇ ਵਸੇ ਉਨ੍ਹਾਂ ਕਰੋੜਾਂ ਲੋਕਾਂ ਦੇ ਜੀਵਨ ਉੱਤੇ ਪੈਂਦਾ ਹੈ ਜਿਹੜੇ ਸਮੁੰਦਰੀ ਮਛਲੀਆਂ ਆਦਿ ਖਾਣ ਵਾਲੇ ਜੀਵਾਂ ਅਤੇ ਸਿੱਪੀਆਂ-ਸੰਖਾਂ ਦੇ ਵਪਾਰ ਨਾਲ ਜੁੜੇ ਹੋਏ ਹਨ। ਪੂਰੇ ਵਿਸ਼ਵ ਵਿੱਚ ਮੈਂਗਰੋਵ ਫਾਰੈਸਟ ਦੀਆਂ ਕੁੱਲ 27 ਕਿਸਮਾਂ ਪਾਈਆਂ ਜਾਂਦੀਆਂ ਹਨ। ਭਾਰਤ ਵਿੱਚ ਸਭ ਤੋਂ ਵੱਧ ਪਾਈ ਜਾਣ ਕਿਸਮ ਨੂੰ ਸੁੰਦਰੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਪਾਠਕਾਂ ਨੂੰ ਜਾਣ ਕੇ ਇਹ ਹੈਰਾਨੀ ਹੋਵੇਗੀ ਕਿ ਸੁੰਦਰੀ ਕਿਸੇ ਸਮੁੰਦਰੀ ਪੌਦੇ ਦਾ ਨਾਂ ਨਹੀਂ ਹੈ ਬਲਕਿ ਇਹ ਨਾਂ ਮੈਂਗਰੋਵ ਵਣ ਦੇ ਨਜ਼ਦੀਕ ਰਹਿਣ ਵਾਲੇ ਲੋਕਾਂ ਵੱਲੋਂ ਪਿਆਰ ਨਾਲ ਪੁਕਾਰਨ ਵਾਲਾ ਨਾਂ ਹੈ ਜਿਸ ਦਾ ਕਾਰਨ ਪੌਦਿਆਂ ਦੀ ਸੁੰਦਰਤਾ ਹੈ ਜੋ ਸਾਰਿਆਂ ਦੇ ਮਨ ਨੂੰ ਮੋਹ ਲੈਂਦੀ ਹੈ। ਜੈਵਿਕ ਦਬਾਅ ਅਤੇ ਕੁਦਰਤੀ ਆਫ਼ਤਾਂ ਕਾਰਨ ਇਨ੍ਹਾਂ ਜੰਗਲਾਂ ਦੀ ਉਨ੍ਹਾਂ ਨੂੰ ਰੋਕਣ ਦੀ ਤਾਕਤ ਵਿੱਚ ਕਮੀ ਆ ਜਾਂਦੀ ਹੈ ਜਿਸ ਦੇ ਮੁੱਖ ਕਾਰਨ ਇਨ੍ਹਾਂ ਜੰਗਲਾਂ ਦੇ ਨਾਲ ਲੱਗਦੀ ਜ਼ਮੀਨ ਦੀ ਖੇਤੀ ਅਤੇ ਸਨਅਤਾਂ ਲਾਉਣ ਲਈ ਕਟਾਈ ਅਤੇ ਘਰੇਲੂ ਅਤੇ ਸਨਅਤੀ ਕੂੜਾ-ਕਰਕਟ ਦੇ ਸਮੁੰਦਰ ਵਿੱਚ ਸੁੱਟੇ ਜਾਣਾ ਹਨ। ਮੈਂਗਰੋਵ ਫਾਰੈਸਟ ਦੀ ਬਰਬਾਦੀ ਦੇ ਉੱਪਰ ਲਿਖੇ ਕਾਰਨਾਂ ਉੱਤੇ ਗੰਭੀਰ ਅਧਿਐਨ ਕਰਨ ਤੋਂ ਬਾਅਦ ਵਿਸ਼ੇ ਦੇ ਮਾਹਿਰਾਂ ਵੱਲੋਂ ਇਨ੍ਹਾਂ ਜੰਗਲਾਂ ਨੂੰ ਬਚਾਉਣ ਲਈ ਉਪਰਾਲੇ ਕਰਨ ਦੇ ਸੁਝਾਅ ਦਿੱਤੇ ਗਏ ਹਨ।

ਵਿਸ਼ਵ ਪੱਧਰ ਉੱਤੇ ਮੈਂਗਰੋਵ ਵਣਾਂ ਦੀ ਸਥਿਤੀ ਬਾਰੇ ਗੱਲ ਕੀਤੀ ਜਾਵੇ ਤਾਂ ਗਲੋਬਲ ਵਣ ਸੰਸਾਧਨ ਰਿਪੋਰਟ 2020 ਦੇ ਮੁਲਾਂਕਣ ਅਨੁਸਾਰ ਮੈਂਗਰੋਵ ਵਣ ਵਿਸ਼ਵ ਦੇ 113 ਮੁਲਕਾਂ ਦੇ 14.79 ਮਿਲੀਅਨ ਹੈਕਟੇਅਰ ਰਕਬੇ ਵਿੱਚ ਫੈਲੇ ਹੋਏ ਹਨ। ਇਸ ਵਿੱਚੋਂ ਸਭ ਤੋਂ ਵੱਧ 5.5 ਮਿਲੀਅਨ ਹੈਕਟੇਅਰ ਰਕਬਾ ਏਸ਼ੀਆ ਵਿੱਚ ਹੈ, 3.24 ਮਿਲੀਅਨ ਹੈਕਟੇਅਰ ਰਕਬਾ ਅਫ਼ਰੀਕਾ ਵਿੱਚ, 2.57 ਮਿਲੀਅਨ ਹੈਕਟੇਅਰ ਉੱਤਰ-ਮੱਧ ਅਮਰੀਕਾ ਅਤੇ 2.13 ਮਿਲੀਅਨ ਹੈਕਟੇਅਰ ਦੱਖਣੀ ਅਮਰੀਕਾ ਵਿੱਚ ਹੈ। ਇਨ੍ਹਾਂ ਜੰਗਲਾਂ ਬਾਰੇ ਇੱਕ ਹੋਰ ਰੌਚਕ ਤੱਥ ਇਹ ਹੈ ਕਿ ਵਿਸ਼ਵ ਦੇ ਕਰੀਬ 40% ਮੈਂਗਰੋਵ ਵਣ ਇੰਡੋਨੇਸ਼ੀਆ, ਬ੍ਰਾਜ਼ੀਲ, ਨਾਈਜੀਰੀਆ ਅਤੇ ਮੈਕਸੀਕੋ ਵਿੱਚ ਪਾਏ ਜਾਂਦੇ ਹਨ। ਮੈਂਗਰੋਵ ਵਣਾਂ ਦੀ ਸੰਭਾਲ ਲਈ ਸਰਕਾਰਾਂ ਕਾਫ਼ੀ ਉਪਰਾਲੇ ਕਰਦੀਆਂ ਹਨ। ਦੇਖਿਆ ਜਾਵੇ ਤਾਂ ਸਮੁੰਦਰ ਕਿਨਾਰੇ ਲਗਾਤਾਰ ਵਧ ਰਹੀ ਆਬਾਦੀ, ਖੇਤੀ ਅਤੇ ਰਿਹਾਇਸ਼ ਲਈ ਜ਼ਮੀਨ ਦੀ ਵਧਦੀ ਜ਼ਰੂਰਤ, ਲੱਕੜੀ ਚਾਰਾ, ਜਲਾਵਣ ਆਦਿ ਦੀ ਵਧ ਰਹੀ ਮੰਗ ਕਾਰਨ ਜ਼ਿਆਦਾਤਰ ਮੁਲਕਾਂ ਵਿੱਚ ਸਮੁੰਦਰ ਕਿਨਾਰੇ ਜੰਗਲ ਉੱਤੇ ਜੈਵਿਕ ਦਬਾਅ ਵਧ ਰਿਹਾ ਹੈ।

ਇਸ ਕਰਕੇ ਇਨ੍ਹਾਂ ਨੂੰ ਬਚਾਉਣ ਅਤੇ ਸੰਭਾਲਣ ਲਈ ਸਭ ਸਰਕਾਰਾਂ ਚਿੰਤਤ ਹਨ। ਭਾਰਤ ਵਿੱਚ ਸਭ ਤੋਂ ਵੱਡਾ ਮੈਂਗਰੋਵ ਫਾਰੈਸਟ ਬੰਗਾਲ ਦੀ ਖਾੜੀ ਵਿੱਚ ਸੁੰਦਰਬਨ ਦੇ ਨਾਲ ਵਿਸ਼ਵ ਪ੍ਰਸਿੱਧ ਜੀਗਲ ਹੈ ਜੋ ਸਾਡੀ ਜੈਵ ਵਿਵਿਧਤਾ ਦੀ ਇੱਕ ਧਰੋਹਰ ਅਤੇ ਵਿਸ਼ਵ ਦਾ ਸਭ ਤੋਂ ਵੱਡਾ ਮੈਂਗਰੋਵ ਵਣ ਦਾ ਐਸਾ ਇੱਕ ਭੂ-ਖੰਡ ਹੈ ਜਿਹੜਾ ਭਾਰਤ ਅਤੇ ਬੰਗਲਾਦੇਸ਼, ਦੋ ਮੁਲਕਾਂ ਦੇ 10000 ਵਰਗ ਕਿੱਲੋਮੀਟਰ ਰਕਬੇ ਵਿੱਚ ਫੈਲਿਆ ਹੋਇਆ ਹੈ।

ਸੁੰਦਰਬਨ ਵਿਸ਼ਵ ਦਾ ਉਹ ਮੈਂਗਰੋਵ ਵਣ ਹੈ ਜਿਸ ਦਾ 1892 ਵਿੱਚ ਵਿਗਿਆਨਕ ਪ੍ਰਬੰਧਨ ਸ਼ੁਰੂ ਕਰ ਦਿੱਤਾ ਗਿਆ ਸੀ। ਮੈਂਗਰੋਵ ਦੇ ਜੰਗਲਾਂ ਦੀ ਮਹੱਤਤਾ ਅਤੇ ਇਨ੍ਹਾਂ ਦੀ ਸੁਰੱਖਿਆ ਅਤੇ ਸੰਭਾਲ ਸਬੰਧੀ ਮੁੱਦਿਆਂ ਉੱਤੇ ਸਲਾਹ ਦੇਣ ਲਈ ਭਾਰਤ ਸਰਕਾਰ ਵੱਲੋਂ 1976 ਵਿੱਚ ਇੱਕ ਰਾਸ਼ਟਰੀ ਮੈਂਗਰੋਵ ਕਮੇਟੀ ਦਾ ਗਠਨ ਕੀਤਾ ਗਿਆ। ਇਸ ਕਮੇਟੀ ਦੇ ਸੁਝਾਵਾਂ ਉੱਤੇ ਸਰਕਾਰ ਵੱਲੋਂ ਮੈਂਗਰੋਵ ਵਣਾਂ ਦੀ ਸੁਰੱਖਿਆ ਅਤੇ ਸੰਭਾਲ ਲਈ ਨੀਤੀਆ ਬਣਾਈਆਂ ਜਾਂਦੀਆਂ ਹਨ। ਭਾਰਤ ਦੇ ਜੰਗਲਾਂ ਉੱਤੇ ਹਰ ਦੋ ਸਾਲ ਬਾਅਦ ਰਿਪੋਰਟ ਦੇਣ ਵਾਲੀ ਦੇਹਰਾਦੂਨ ਸਥਿਤ ਭਾਰਤ ਵਣ ਸਰਵੇ ਅਨੁਸਾਰ ਦੇਸ਼ ਵਿੱਚ ਪਾਏ ਜਾਣ ਵਾਲੇ ਜੰਗਲਾਂ ਨੂੰ ਕੁੱਲ 16 ਸ਼੍ਰੇਣੀਆਂ ਵਿੱਚ ਵੰਡਿਆ ਗਿਆ ਹੈ ਜਿਨ੍ਹਾਂ ਵਿੱਚੋਂ ਮੈਂਗਰੋਵ ਫਾਰੈਸਟ ਵੀ ਇੱਕ ਸ਼੍ਰੇਣੀ ਹੈ।

ਵਣ ਸਰਵੇ ਦੀ 2021 ਦੀ ਰਿਪੋਰਟ ਮੁਤਾਬਕ ਮੈਂਗਰੋਵ ਵਣ, ਆਂਧਰ ਪ੍ਰਦੇਸ਼, ਗੁਜਰਾਤ, ਓਡੀਸ਼ਾ, ਗੋਆ, ਕਰਨਾਟਕ, ਮਹਾਰਾਸ਼ਟਰ, ਤਮਿਲਨਾਡੂ, ਪੱਛਮੀ ਬੰਗਾਲ, ਅੰਡੇਮਾਨ-ਨਿਕੋਬਾਰ ਟਾਪੂ ਸਮੂਹ, ਦਮਨ ਦਿਊ ਅਤੇ ਪੁੱਡੂਚੇਰੀ ਦੇ ਕੁੱਲ 4992 ਵਰਗ ਕਿੱਲੋਮੀਟਰ ਵਿੱਚ ਫੈਲੇ ਹੋਏ ਹਨ ਜੋ ਸਾਲ 2019 ਦੀ ਰਿਪੋਰਟ ਨਾਲੋਂ 17 ਵਰਗ ਕਿੱਲੋਮੀਟਰ ਵੱਧ ਰਕਬਾ ਹੈ। ਰਿਪੋਰਟ ਦੇ ਅੰਕੜਿਆਂ ਮੁਤਾਬਕ 30% ਵਣ ਬਹੁਤ ਸੰਘਣੇ ਅਤੇ 30% ਹੀ ਸੰਘਣੇ ਵਣ ਦੀ ਸ਼੍ਰੇਣੀ ਵਿੱਚ ਆਉਂਦੇ ਹਨ।

(ਬਾਕੀ ਸਫ਼ਾ 31 'ਤੇ)

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE
QUIKQ wex




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE
ROAD SQUAD connect

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# 'ਖੋਰਿਆ ਸੁਪਨਾ'

ਬੂਟਾ ਸਿੰਘ ਚੌਹਾਨ



ਦਵਿੰਦਰ ਵਿਆਹ ਪਿੱਛੋਂ ਤਿੰਨ-ਚਾਰ ਵਾਰ ਆ ਚੁੱਕੀ ਸੀ। ਪਿੰਡੇ 'ਤੇ ਪਾਣੀ ਫਿਰ ਗਿਆ ਸੀ। ਨੈਣ-ਨਕਸ਼ ਨਿੱਕਲ਼ ਆਏ ਸੀ। ਰੇਤੇ ਵੀ ਗਏ ਸੀ। ਰੰਗ 'ਚੋਂ ਭਾਅ ਮਾਰਨ ਲੱਗ ਪਈ ਸੀ। ਅੱਖਾਂ 'ਚ ਸਹਿਜਤਾ। ਵਰਾਂਡੇ 'ਚ ਬੈਠੀ ਆਪਣੀ ਮਾਂ ਜਾਂ ਕਿਸੇ ਮਿਲਣ ਆਈ ਸਹੇਲੀ ਨਾਲ਼ ਗੱਲਾਂ ਕਰਦੀ-ਕਰਦੀ ਮੈਨੂੰ ਜੱਸੂ ਕੋਲ਼ ਆਏ ਨੂੰ ਵੇਖਦੀ। ਫੇਰ ਗੱਲੀਂ ਲੱਗ ਜਾਂਦੀ ਪਰ ਪਹਿਲਾਂ ਵਾਂਗ ਚੁੰਬਕੀ ਨਿਗ੍ਹਾ ਨਹੀਂ ਸੀ ਰਹੀ। ਸਰਸਰੀ ਨਿਗ੍ਹਾ ਮਾਰਦੀ, ਜਿਵੇਂ ਮੇਰੀ ਹੋਂਦ ਹੀ ਨਾ ਹੋਵੇ ਜਾਂ ਜਾਣਦੀ ਹੀ ਨਾ ਹੋਵੇ। ਲਗਦਾ ਸੀ, ਜਿਵੇਂ ਹੋਰਾਂ ਵਾਂਗ ਸਮਝਣ ਲੱਗ ਪਈ ਹੋਵੇ। ਕਦੇ-ਕਦੇ ਮੈਨੂੰ ਹੋਏ ਵਿਆਹ ਦਾ ਗ਼ੁਮਾਨ ਵੀ ਹੋਇਆ ਲਗਦਾ।

ਪਤਾ ਨਹੀਂ ਕਿੱਥੇ ਚਲਿਆ ਗਿਆ ਸੀ ਉਹਦਾ ਚੁਲਬੁਲਾਪਣ। ਟਪੂੰ-ਟਪੂੰ ਕਰਦੀਆਂ ਪਲਕਾਂ ਮਨ 'ਚੋਂ ਉਠਦੇ ਮੋਹ ਦੇ ਗੀਤ ਨੂੰ ਝਮਕ-ਝਮਕ ਕੇ ਤਾਲ ਦੇਣੋਂ ਹਟ ਗਈਆਂ ਸੀ। ਵੇਖਣ ਵੇਲ਼ੇ ਮੈਨੂੰ ਉਹ ਕੁੜੀ ਘੱਟ ਲੱਗਦੀ। ਪਿੰਡ 'ਚ ਨਵੀਆਂ ਆਈਆਂ ਵਿਆਹੀਆਂ ਨੂੰਹਾਂ ਵਰਗੀ ਵੱਧ ਲੱਗਦੀ-ਸਹੁਰਿਆਂ ਨੂੰ ਗਈ ਕੁੜੀ ਤੋਂ ਬਣ ਕੇ ਆਈ ਹੋਈ ਨੂੰਹ।

ਜੱਸੂ ਮੇਰਾ ਦੋਸਤ ਸੀ। ਪਹਿਲੇ ਦਿਨੋਂ ਇਕੱਠੇ ਪੜ੍ਹੇ ਸੀ। ਦਸਵੀਂ ਪਿੱਛੋਂ ਸ਼ਹਿਰ ਦੇ ਕਾਲਜ 'ਚ ਲੱਗੇ ਸੀ। ਹੁਣ ਵੀ ਪੜ੍ਹੀ ਜਾ ਰਹੇ ਸੀ। ਅਸੀਂ ਦੋਵੇਂ ਇੱਕ-ਦੂਜੇ ਦਾ ਪ੍ਰਛਾਵਾਂ ਸੀ। ਇੱਕ-ਇੱਕ ਦੋ-ਦੋ ਵਾਰ ਦਿਨ 'ਚ ਅਸੀਂ ਇੱਕ-ਦੂਜੇ ਦੇ ਘਰੇ ਗੇੜਾ ਮਾਰਦੇ। ਪੰਜਵੀਂ 'ਚ ਮੈਂ ਜੱਸੂ ਕੇ ਜਾਣ ਲੱਗ ਪਿਆ ਸੀ। ਉਹਦੀ ਮਾਂ ਮੈਨੂੰ ਬੁੱਕਲ਼ 'ਚ ਲੈ ਕੇ ਪਿਆਰ ਕਰਦੀ। ਚਾਹ-ਪਾਣੀ ਪਿਲਾਉਂਦੀ। ਨਾਲ਼ ਖੋਏ ਦੀਆਂ ਪਿੰਨੀਆਂ ਦਿੰਦੀ। ਉਹ ਚਾਹੁੰਦੀ ਸੀ ਜੱਸੂ 'ਤੇ ਮੇਰਾ ਰੰਗ ਚੜ੍ਹੇ। ਮੈਂ ਹੁਸ਼ਿਆਰ ਸੀ। ਉਹ ਪੜ੍ਹਾਈ 'ਚ ਖੁਭਦਾ ਨਹੀਂ ਸੀ। ਛੋਟੇ ਹੁੰਦੇ ਅਸੀਂ ਗੁਆਂਢ 'ਚ ਰਹਿੰਦੇ ਮਾਸਟਰ ਹਮੀਰ ਸਿੰਘ ਕੋਲ਼ ਟਿਊਸ਼ਨ 'ਤੇ ਲੱਗੇ ਸੀ। ਜੱਸੂ ਦੀ ਮਾਂ ਉਹਦੀ ਪੜ੍ਹਾਈ ਦਾ ਪਤਾ ਕਰਨ ਜਾਂਦੀ। ਇੱਕ ਦਿਨ ਮਾਸਟਰ ਮੇਰੇ ਵੱਲ ਹੱਥ ਕਰਕੇ ਕਹਿੰਦਾ, "ਆਹ ਰਾਜਿਆਂ ਦੇ ਮੁੰਡੇ ਨੂੰ ਪੜ੍ਹਨ ਦੀ ਆਦਤ ਪੈ ਗਈ। ਜੱਸੂ ਨੂੰ ਨੀ ਪਈ ਅਜੇ।"

ਜੱਸੂ ਦੀ ਮਾਂ ਦੇ ਮੋਹ-ਪਿਆਰ ਨੇ ਮੈਨੂੰ ਆਪਣੀ ਬੈਠਕ 'ਚ ਜੱਸੂ ਨਾਲ਼ ਪੜ੍ਹਨ ਲਾ ਲਿਆ ਸੀ। ਰਾਤ ਨੂੰ ਮੈਂ ਜਦੋਂ ਤੱਕ ਬੈਠਾ ਰਹਿੰਦਾ, ਉਹ ਪੜ੍ਹੀ ਜਾਂਦਾ। ਮੈਂ ਆਉਂਦਾ ਪਿੱਛੋਂ, ਸੌਂ ਪਹਿਲਾਂ ਜਾਂਦਾ।

ਹਮੀਰ ਸਿੰਘ ਚਾਹੁੰਦਾ ਸੀ ਜੱਸੂ ਪੜ੍ਹਾਈ 'ਚ ਚੱਲੇ। ਉਹਦਾ ਦੁੱਧ ਜੱਸੂ ਕੇ ਲੱਗਿਆ ਹੋਇਆ ਸੀ। ਹਰੀ ਸਬਜ਼ੀ-ਭਾਜੀ ਵੀ ਉਨ੍ਹਾਂ ਦੇ ਘਰੋਂ ਜਾਂਦੀ।

ਜੱਸੂ ਕਾ ਘਰ ਸਾਡੇ ਨਾਲ਼ੋਂ ਬਹੁਤ ਵੱਡਾ ਸੀ। ਵਿਹੜੇ 'ਚ ਬਾਹਰ-ਅੰਦਰਲੇ ਪਾਸੇ ਪੱਕੀ ਬੈਠਕ। ਲਾਈਟ-ਪੱਖਾ ਲੱਗੇ ਹੋਏ। ਪਿੱਛੇ ਵੱਡੇ-ਵੱਡੇ ਤਿੰਨ ਕਮਰੇ। ਮੂਹਰੇ ਵਰਾਂਡਾ। ਵਿਹੜੇ 'ਚ ਇਕ ਪਾਸੇ ਪਸ਼ੂਆਂ ਲਈ ਵਰਾਂਡਾ। ਜੱਸੂ ਦੀ ਮਾਂ ਤਾਂ ਇਹ ਵੀ ਚਾਹੁੰਦੀ ਸੀ ਕਿ ਮੈਂ ਪੈ ਵੀ ਉਨ੍ਹਾਂ ਦੇ ਘਰੇ ਈ ਜਾਇਆ ਕਰਾਂ।

ਜੱਸੂ ਦੀ ਭੈਣ ਦਵਿੰਦਰ ਸਾਥੋਂ ਪਿੱਛੇ ਸੀ। ਪਿੰਡ ਦੇ ਸਕੂਲ 'ਚ ਦਸਵੀਂ 'ਚ ਪੜ੍ਹਦੀ ਸੀ। ਖਾਣ-ਪੀਣ ਨੂੰ ਖੁੱਲ੍ਹਾ ਸੀ। ਸੋਲ਼ਾਂ ਕੁ ਸਾਲ ਦੀ ਉਹ, ਵੇਖਣ ਨੂੰ ਅਠਾਰਾਂ-ਉੱਨੀ ਸਾਲ ਦੀ ਲੱਗਦੀ। ਹੱਡਾਂ-ਪੈਰਾਂ ਦੀ ਖੁੱਲ੍ਹੀ। ਸੁਭਾਅ 'ਚ ਬਚਪਨਾ। ਸਾਨੂੰ ਬੈਠਕ 'ਚ ਚਾਹ-ਰੋਟੀ ਦੇਣ ਆਈ ਪਤਾ ਹੀ ਨਾ ਲੱਗਦਾ ਕਦੋਂ ਸ਼ਰਾਰਤ ਕਰ ਜਾਂਦੀ। ਨਵੀਂ ਤੋਂ ਨਵੀਂ ਸ਼ਰਾਰਤ ਸੁਝਦੀ।

ਇੱਕ ਦਿਨ ਮੈਂ ਬੈਠਕ 'ਚ ਵਿਹੜੇ ਵਾਲ਼ੇ ਪਾਸੇ ਪਿੱਠ ਕਰੀ ਬੈਠਾ ਸੀ। ਉਹਨੇ ਪਤਾ ਨਹੀਂ ਕਦੋਂ ਲਾਲ ਰੰਗ ਦੀ ਲੰਬੀ ਲੀਰ 'ਚ ਪੱਗ-ਪਿਨ ਮੋੜ ਕੇ ਮੇਰੇ ਪੱਗ ਦਾ ਲੜ ਟੰਗਣ ਵਾਲ਼ੀ ਥਾਂ 'ਤੇ ਖੁਭੋ ਦਿੱਤਾ। ਫੇਰ ਆ ਕੇ ਕਹਿੰਦੀ, "ਗੁਰੀ! ਤੈਨੂੰ ਮੇਰੀ ਮਾਂ ਨੇ ਸੱਦਿਐ।"

ਮੈਂ ਚਲਿਆ ਗਿਆ। ਵਿਹੜੇ 'ਚ ਆਉਂਦੇ ਨੇ ਹਾਸੜ ਪੈਂਦਾ ਸੁਣਿਆ। ਦਵਿੰਦਰ ਤੇ ਜੱਸੂ ਬੈਠਕ 'ਚ ਖੜ੍ਹੇ ਚਾਂਭੜਾਂ ਪਾ ਰਹੇ ਸੀ। ਜੱਸੂ ਨੇ ਮੈਨੂੰ ਲਾਲ ਲੀਰ ਬਾਰੇ ਦੱਸਿਆ। ਮੈਂ ਹੈਰਾਨ ਰਹਿ ਗਿਆ। ਇਹ ਕਦੋਂ ਲਾਈ ਹੋਈ? ਦਵਿੰਦਰ ਦੀਆਂ ਅੱਖਾਂ ਸ਼ਰਾਰਤ ਤਸਦੀਕ ਕਰ ਰਹੀਆਂ ਸੀ।

ਫੇਰ ਇਕ ਦਿਨ ਮੈਂ ਰਜਿਸਟਰ 'ਤੇ ਰਫ਼ ਕੰਮ ਕਰ ਰਿਹਾ ਸੀ। ਉਹ ਚਾਹ ਵਾਲ਼ੇ ਗਿਲਾਸ ਚੁੱਕਣ ਆਈ ਕਹਿੰਦੀ, "ਗੁਰੀ! ਤਿੰਨ ਤੇ ਤਿੰਨ ਕਿੰਨੇ ਹੁੰਦੇ ਨੇ?"

ਮੈਂ ਕਿਹਾ, "ਛੇ।"

"ਇਹ ਤਾਂ ਪਹਿਲੀ ਵਾਲ਼ੇ ਜੁਆਕ ਨੂੰ ਵੀ ਪਤੈ।"

ਹੋਰ ਕਿੰਨੇ ਹੁੰਦੇ ਨੇ?" ਮੈਂ ਮੋੜਵਾਂ ਸਵਾਲ ਕੀਤਾ

"ਅੱਠ ਹੁੰਦੇ ਨੇ।" ਉਹਨੇ ਹੱਸਦੀ-ਹੱਸਦੀ ਨੇ ਕਿਹਾ।

"ਛੇ ਹੁੰਦੇ ਨੇ। ਕਮਲ਼ੀ ਐਂ ਤੂੰ?"

"ਛੇ ਨੀ, ਅੱਠ ਈ ਹੁੰਦੇ ਨੇ।" ਇਹ ਕਹਿ ਕੇ ਉਹਨੇ ਮੇਰੇ ਹੱਥੋਂ ਨੀਲੀ ਪੈਨਸਿਲ ਫੜੀ ਤੇ ਸਫ਼ੇ 'ਤੇ ਤੀਆ ਪਾ ਦਿੱਤਾ। ਫੇਰ ਕਾਹਲ਼ੀ ਨਾਲ਼ ਉਹਦੇ ਨਾਲ਼ ਪੁੱਠਾ ਤੀਆ ਪਾ ਦਿੱਤਾ। ਫੇਰ ਕਹਿੰਦੀ, "ਹੁਣ ਵੇਖ ਕਿੰਨੇ ਹੋਏ? ਦੱਸ! ਛੇ ਕਿ ਅੱਠ?"

ਮੈਨੂੰ ਹੈਰਾਨ ਹੋਏ ਨੂੰ ਵੇਖ ਕੇ ਜਿੰਨੀ ਉਹ ਹੱਸ ਸਕਦੀ ਸੀ, ਹੱਸੀ। ਜਾਂਦੀ ਹੋਈ ਮੇਰੇ ਮੋਢੇ 'ਤੇ ਹੱਥ ਮਾਰ ਕੇ ਕਹਿੰਦੀ, "ਬਣਿਆ ਫਿਰਦੈ ਵੱਡਾ ਪੜ੍ਹਾਕੂ। ਅਖੇ ਤਿੰਨ ਤੇ ਤਿੰਨ ਛੇ ਹੁੰਦੇ ਨੇ?"

ਦਵਿੰਦਰ ਤੇ ਜੱਸੂ ਹੱਸ ਰਹੇ ਸੀ।

ਇੱਕ ਦਿਨ ਫੇਰ ਮੈਂ ਲਿਖੀ ਜਾਂਦਾ ਸੀ। ਕਹਿੰਦੀ, "ਤੇਰੀ ਪੈਨਸਿਲ ਕਿਹੜੇ ਰੰਗ ਦੀ ਐ?"

ਮੈਂ ਕਿਹਾ, "ਨੀਲੀ।" ਇਹ ਕਹਿ ਕੇ ਪੈਨਸਿਲ ਉਹਦੇ ਅੱਗੇ ਕਰ ਦਿੱਤੀ।

ਉਹ ਕਹਿੰਦੀ, "ਮੈਂ ਇਹਦੇ ਨਾਲ਼ ਰੈੱਡ ਲਿਖ ਕੇ ਦਿਖਾਵਾਂ?"

ਮੈਂ ਕਿਹਾ, "ਵਿਖਾ।"

ਉਹਨੇ ਮੇਰੇ ਹੱਥੋਂ ਪੈਨਸਿਲ ਫੜੀ। ਦੋ ਉਂਗਲ਼ਾਂ 'ਚ ਪੈਨਸਿਲ ਫੜੀ ਸੀ। ਬਾਕੀ ਦੀਆਂ ਉਂਗਲ਼ਾਂ ਮੇਰੇ ਹੱਥ ਨਾਲ਼ ਖਹਿ ਗਈਆਂ। ਪੈਨਸਿਲ ਫੜ ਕੇ ਉਹਨੇ ਸਫ਼ੇ 'ਤੇ ਤਿੰਨ ਅੰਗਰੇਜ਼ੀ ਅੱਖਰ ਪਾਏ। ਆਰ, ਈ, ਡੀ। ਫੇਰ ਪੈਨਸਿਲ ਸੁੱਟ ਕੇ ਭੱਜ ਗਈ। ਉੱਚੀ-ਉੱਚੀ ਹੱਸ ਵੀ ਰਹੀ ਸੀ।

ਵਰਾਂਡੇ 'ਚ ਬੈਠੀ ਉਹਦੀ ਮਾਂ ਨੇ ਘੂਰੀ, "ਨੀ ਤੂੰ ਮੁੰਡਿਆਂ ਕੋਲ਼ੇ ਬਹੁਤਾ ਨਾ ਜਾਇਆ ਕਰ। ਪੜ੍ਹਨ ਦਿਆ ਕਰ। ਕਹਿੰਦੇ ਹੁੰਦੇ ਐ। ਜਿੰਨਾ ਕੋਈ ਹੱਸੇ, ਓਨਾ ਰੋਣਾ ਪੈਂਦੈ। ਹਰ ਗੱਲ ਰਾਹ ਲੱਗਦੀ ਠੀਕ ਹੁੰਦੀ ਐ।"

ਮੇਰੇ ਗਏ ਤੋਂ ਉਹ ਚਾਹ ਲੈ ਕੇ ਆਉਂਦੀ-ਗਾਰ ਵਰਗੀ ਅਣਘਾਲ਼ੇ ਦੁੱਧ ਦੀ ਚਾਹ। ਨਾਲ਼ ਕੁਝ ਨਾ ਕੁਝ ਖਾਣ ਨੂੰ ਵੀ। ਉਹਦੀ ਮਾਂ ਬੇਸਣ ਦੀ ਬਰਫ਼ੀ ਬਣਾਉਣ ਜਾਣਦੀ ਸੀ। ਖੋਏ ਦੀਆਂ ਪਿੰਨੀਆਂ ਤਾਂ ਕਦੇ ਮੁਕਦੀਆਂ ਹੀ ਨਾ।

ਦਵਿੰਦਰ ਮੇਰੇ ਵੱਲ ਸਿੱਧਾ ਵੇਖਦੀ। ਮੇਰੀ ਨੀਵੀਂ ਪੈ ਜਾਂਦੀ। ਮੈਥੋਂ ਮੋਟੀਆਂ-ਮੋਟੀਆਂ ਹਿਰਨੀ ਵਰਗੀਆਂ ਅੱਖਾਂ ਦੀ ਤਾਬ ਨਾ ਝੱਲੀ ਜਾਂਦੀ। ਨਿਗ੍ਹਾ ਪਾਸੇ ਕਰਨੀ ਪੈਂਦੀ। ਉਹਨੂੰ ਪਾਸੇ ਕੀਤੀ ਨਿਗ੍ਹਾ ਚੁਭਦੀ। ਅੱਖਾਂ 'ਚ ਅੱਖਾਂ ਪਾਉਣ ਦਾ ਯਤਨ ਕਰਦੀ। ਵੇਖਣ ਵੇਲ਼ੇ ਉਹ ਖ਼ੁਸ਼ ਹੁੰਦੀ। ਅੱਖਾਂ 'ਚ ਰੀਝ ਮਚਲ਼ਦੀ। ਦਿਨੋ-ਦਿਨ ਅੰਦਰਲੀ ਦਵਿੰਦਰ ਬਾਹਰ ਆ ਰਹੀ ਸੀ। ਕੱਪੜੇ ਵਧੀਆ ਪਾ ਕੇ ਰੱਖਦੀ, ਜਿਵੇਂ ਕਿਸੇ ਵਿਆਹ-ਮੰਗਣੇ 'ਤੇ ਜਾਣਾ ਹੋਵੇ ਜਾਂ ਤੀਆਂ 'ਚ।

ਮੈਨੂੰ ਉਹ ਆਪਣੇ 'ਤੇ ਢਿਗ ਵਾਂਗ ਡਿੱਗਦੀ ਲੱਗਦੀ। ਮੈਂ ਬਚਦਾ-ਬਚਦਾ ਪਿੱਛੇ ਹਟਦਾ। ਉਹ ਆਫ਼ਤ ਬਣਦੀ ਜਾ ਰਹੀ ਸੀ। ਲੱਗਦਾ ਉਹ ਸਾਡੀ ਦੋਸਤੀ 'ਚ ਭੰਗ ਪਾਉਣ 'ਤੇ ਤੁਲੀ ਹੋਈ ਹੈ।

ਇੱਕ ਦਿਨ ਜੱਸੂ ਮਸ਼ੀਨ ਤੋਂ ਆਟਾ ਚੁੱਕਣ ਗਿਆ ਹੋਇਆ ਸੀ। ਉਹ ਚਾਹ ਲੈ ਕੇ ਆਈ। ਆਉਣ ਸਾਰ ਕਹਿੰਦੀ, "ਲੈ! ਪੀ ਕੇ ਵੇਖ। ਦੱਸ ਕਿਹੋ ਜਿਹੀ ਐ?"

ਮੈਂ ਘੁੱਟ ਭਰੀ। ਮਿੱਠੇ ਦੀ ਥਾਂ ਲੂਣ ਪਾਇਆ ਹੋਇਆ ਸੀ। ਮੈਂ ਕਿਹਾ, "ਇਹ ਤਾਂ ਲੂਣ ਆਲ਼ੀ ਐ?"

"ਖੰਡ ਦੀ ਥਾਂ ਮੈਥੋਂ ਲੂਣ ਪੈ ਗਿਆ।" ਉਹਨੇ ਮਿੰਨ੍ਹਾ-ਮਿੰਨ੍ਹਾ ਹੱਸਦੀ ਨੇ ਕਿਹਾ, "ਤੂੰ ਗਲਾਸ ਮੂੰਹ ਕੋਲ਼ੇ ਕਰ ਲੈ। ਮੇਰੇ ਨਾਲ਼ ਮਿੱਠੀਆਂ-ਮਿੱਠੀਆਂ ਗੱਲਾਂ ਕਰ। ਮਖਿਆਲ਼ ਵਰਗੀ ਤੇਰੀ 'ਵਾਜ਼ ਐ। ਚਾਹ ਮਿੱਠੀ ਹੋ ਜੂ।" ਇਹ ਕਹਿ ਕੇ ਉਹ ਖਿੜ-ਖਿੜ ਹੱਸੀ ਨਹੀਂ। ਅੱਖਾਂ 'ਚ ਗੰਭੀਰਤਾ ਸੀ। ਗੰਭੀਰਤਾ 'ਚ ਲਾਲਸਾ। ਲਾਲਸਾ 'ਚ ਚੁੰਬਕੀ ਖਿੱਚ।

ਮੈਂ ਵੇਖਿਆ। ਅੱਖਾਂ 'ਚ ਸੁਰਮਾ ਪਾਇਆ ਹੋਇਆ ਸੀ।

ਇੱਕ ਵਾਰ ਚਾਹ ਦੇਣ ਆਈ। ਜੱਸੂ ਕੋਲ਼ ਸੀ। ਉਹ ਮੇਰੇ ਵੱਲ ਝਾਕ ਕੇ ਕਹਿੰਦੀ, "ਗੁਰੀ ਤੈਨੂੰ ਪਤੈ? ਜੱਸੂ ਦੀ ਨੀਂਦ ਕਿੰਨੀ ਭੈੜੀ ਐ? ਰਾਤ ਡੈਡੀ ਨੂੰ ਸਾਹ ਉੱਠਿਆ। ਟਿਕਿਆ ਹੀ ਨਾ। ਸੋਤੇ ਹੋਏ ਤੱਕ ਹਿੱਕ ਬੋਲਦੀ ਰਹੀ। ਧੌਂਖਣੀ ਲੱਗੀ ਰਹੀ। ਉਹਨੂੰ ਖੰਘ ਛਿੜ ਪਈ। ਏਨੀ ਭੈੜੀ ਕਿ ਥੋੜੇ ਘਰ ਤੱਕ ਸੁਣਦੀ ਹੋਊ। ਰਾਤ ਨੂੰ ਪਿਆਰਾ ਡਾਕਟਰ ਬੁਲਾਉਣਾ ਪਿਆ। ਉਹ ਟੀਕਾ ਲਾ ਕੇ ਗਿਆ। ਫੇਰ ਕਿਤੇ ਜਾ ਕੇ ਸਾਹ ਟਿਕਿਆ। ਇਹ ਬੈਠਕ 'ਚ 'ਰਾਮ ਨਾਲ਼ ਘੁਰਾੜੇ ਮਾਰਦਾ ਰਿਹਾ। ਜਿਵੇਂ ਘਰ 'ਚ ਕੁਝ ਹੋਇਆ ਹੀ ਨਾ ਹੋਵੇ। ਕੁੰਭਕਰਨ ਐਂ ਇਹ।"

ਫੇਰ ਕਹਿਣ ਲੱਗੀ, "ਗੁਰੀ! ਤੂੰ ਏਥੇ ਈ ਪੈ ਜਾਇਆ ਕਰ। ਇਹ ਤੇਰੇ ਕਰਕੇ ਥੋੜ੍ਹਾ-ਬਹੁਤਾ ਪੜ੍ਹ ਲਿਆ ਕਰੂ। ਨਹੀਂ ਫੇਲ੍ਹ ਹੋਊ। ਜੇ ਨਾ ਹੋਇਆ, ਮੈਨੂੰ ਕਹਿ ਦੀਂ। ਇਹਦੀ ਨੀਂਦ ਬਹੁਤ ਭੈੜੀ ਐ। ਸਿਰ੍ਹਾਣੇ ਭਾਵੇਂ ਢੋਲ ਵਜਾਈ ਜਾਓ। ਉੱਠਣ ਦਾ ਨਾਂਅ ਨੀ ਲੈਂਦਾ।"

ਦਵਿੰਦਰ ਦੀਆਂ ਗੱਲਾਂ 'ਚੋਂ 'ਜੱਸੂ ਦੀ ਨੀਂਦ ਭੈੜੀ ਐ' ਦੇ ਵਾਰ-ਵਾਰ ਮਿਲਦੇ ਸੰਕੇਤ ਨੇ ਮੈਨੂੰ ਭੈਅ-ਭੀਤ ਕਰ ਦਿੱਤਾ। ਮੈਂ ਲੰਮੀ ਸੋਚ ਗਿਆ। ਡਰ ਵੀ ਲੱਗਣ ਲੱਗਿਆ। ਫ਼ੈਸਲਾ ਕੀਤਾ, ਪੜ੍ਹਦਾ ਭਾਵੇਂ ਅੱਧੀ ਰਾਤ ਤੱਕ ਰਹਾਂ, ਸੌਣਿਆਂ ਘਰੇ ਜਾ ਕੇ ਈ ਕਰੂੰ।

ਮੈਨੂੰ ਆਪਣੇ ਉੱਤੇ ਡਿੱਗਣ ਵਾਲ਼ੀ ਢਿਗ ਜਮਾਂ ਸਿਰ 'ਤੇ ਉੱਲਰੀ ਲੱਗੀ। ਮੈਂ ਬਚਦਾ-ਬਚਦਾ ਪਿੱਛੇ ਹਟਦਾ। ਸੋਚਦਾ, ਜੇ ਮੈਂ ਬੈਠਕ 'ਚ ਪਿਆ, ਇਹਦਾ ਜਾਣਾ ਕੁਝ ਨੀ। ਮੇਰਾ ਰਹਿਣਾ ਕੁਝ ਨੀ। ਡਿੱਗੀ ਢਿਗ ਨੂੰ ਕੌਣ ਪੁੱਛਦੈ? ਜੀਹਦੇ 'ਤੇ ਡਿਗਦੀ ਐ, ਉਹਦਾ ਦੋਸ਼ ਗਿਣਿਆ ਜਾਂਦੈ। ਕਹਿੰਦੇ ਐ, 'ਢਿਗ ਤਾਂ ਅੰਨ੍ਹੀ ਸੀ, ਤੈਨੂੰ ਤਾਂ ਦੀਂਹਦਾ ਸੀ। ਡੇਲੇ ਤਾਂ ਨੀ ਸੀ ਫੁੱਟੇ?' ਮੇਰੇ ਆਉਣ ਕਰਕੇ ਜੱਸੂ ਥੋੜ੍ਹਾ-ਬਹੁਤਾ ਪੜ੍ਹਾਈ 'ਚ ਚੱਲ ਪਿਆ ਸੀ। ਜਿੰਨਾ ਮੈਨੂੰ ਉਹ ਖਵਾਉਂਦੇ-ਪਿਲਾਉਂਦੇ, ਉਹਦਾ ਮੁੱਲ ਜੱਸੂ ਮੋੜਨ ਨਹੀਂ ਸੀ ਲੱਗਿਆ। ਉਹ ਪੜ੍ਹਦਾ-ਪੜ੍ਹਦਾ ਊਂਘਣ ਲੱਗਦਾ। ਮੈਂ ਉਹਨੂੰ ਬਾਹਰ ਜਾ ਕੇ ਅੱਖਾਂ 'ਚ ਛਿੱਟੇ ਮਾਰ ਕੇ ਆਉਣ ਲਈ ਕਹਿੰਦਾ। ਮੈਂ ਬੈਠਕ 'ਚ ਬੈਠਾ ਹੁੰਦਾ। ਮੇਰੀ ਅੱਖ ਡਿੱਗਣ ਵਾਲ਼ੀ ਢਿਗ 'ਤੇ ਰਹਿੰਦੀ। ਜੋ ਢਿਗ ਚਾਹੁੰਦੀ ਸੀ, ਉਹ ਕਰਨ ਦੀ ਮੇਰੇ 'ਚ ਹਿੰਮਤ ਨਹੀਂ ਸੀ। ਮੈਂ ਨਹੀਂ ਚਾਹੁੰਦਾ ਸੀ ਜਿਹੜੀ ਥਾਲ਼ੀ 'ਚ ਰੋਜ਼ ਰੋਟੀ ਖਾਨਾਂ, ਉਹਦੇ 'ਚ ਛੇਕ ਕਰਾਂ। ਮੇਰੀ ਤੇ ਜੱਸੂ ਦੀ ਦੋਸਤੀ ਨੂੰ ਲੋਕ ਮੰਨਦੇ ਸੀ। ਸਾਡੇ ਭਾਵੇਂ ਗਲ਼ ਦੋ ਸੀ, ਸਾਹ ਇੱਕ ਵਿਚਦੀ ਲੈਂਦੇ।

ਜਦੋਂ ਦਵਿੰਦਰ ਦੇ ਵਿਆਹ ਵੇਲ਼ੇ ਅਸੀਂ ਦੋਵਾਂ ਨੇ ਰਲ਼ ਕੇ ਕੰਮ ਸਾਂਭਿਆ, ਉਹਨੂੰ ਵੇਖ ਕੇ ਲੋਕ ਮੰਨ ਗਏ ਸੀ।

ਦਸਵੀਂ ਕਰਨ ਪਿੱਛੋਂ ਦਵਿੰਦਰ ਮੰਗ ਦਿੱਤੀ ਸੀ। ਤਿੰਨ ਕੁ ਮਹੀਨਿਆਂ ਦਾ ਵਿਆਹ ਧਰ ਦਿੱਤਾ ਸੀ। ਵਿਆਹ ਪੰਚਾਇਤ ਦੇ ਪਿੰਡ 'ਚ ਬਣਾਏ ਨਿੱਕੇ ਜਿਹੇ ਪੈਲੇਸ 'ਚ ਹੋਇਆ ਸੀ। ਧਰਮਸ਼ਾਲਾ ਦੀ ਤੋੜ-ਭੰਨ ਕਰਕੇ ਪੰਚਾਇਤ ਨੇ ਪੈਲੇਸ ਦਾ ਰੂਪ ਦੇ ਦਿੱਤਾ ਸੀ। ਲੋਕ ਪੰਜ ਹਜ਼ਾਰ ਦੇ ਕੇ ਵਿਆਹ ਕਰ ਲੈਂਦੇ। ਵਿਆਹ ਨੇੜੇ ਆਇਆ। ਜੱਸੂ ਤੇ ਮੈਂ ਕਾਲਜ ਨਾ ਜਾਂਦੇ। ਸਾਰਾ ਦਿਨ ਘਰੇ ਰਹਿੰਦੇ। ਜੋ ਕੁਝ ਘਰੋਂ ਦਵਿੰਦਰ ਜਾਂ ਉਹਦੀ ਮਾਂ ਮੰਗਵਾਉਂਦੀ, ਮੰਡੀਉਂ ਲਿਆ ਕੇ ਦੇਈ ਜਾਂਦੇ। ਦੋ ਦਿਨਾਂ 'ਚ ਹੋਣ ਵਾਲ਼ੇ ਵਿਆਹ ਦੀ ਤਿਆਰੀ 'ਤੇ ਦੋ ਮਹੀਨੇ ਲੱਗ ਗਏ। ਕਈ ਵਾਰੀ ਦਵਿੰਦਰ ਸਾਡੇ ਨਾਲ਼ ਮੰਡੀ ਜਾਂਦੀ। ਜੱਸੂ ਮੋਟਰਸਾਈਕਲ ਚਲਾਉਂਦਾ। ਮੈਂ ਉਹਦੇ ਪਿੱਛੇ ਬਹਿੰਦਾ। ਮੇਰੇ ਪਿੱਛੇ ਦਵਿੰਦਰ। ਰਾਹ 'ਚ ਮਿਲਣ ਵਾਲ਼ਿਆਂ ਦੀਆਂ ਅੱਖਾਂ ਕਹਿੰਦੀਆਂ ਲਗਦੀਆਂ, 'ਸਾਲ਼ਾ ਨਾਈ ਵੇਖੋ ਕਿਵੇਂ ਵਿਚਾਲ਼ੇ ਫਸਿਐ। ਇਹ ਸਾਲ਼ਾ ਚਾਕੂ ਕੋਈ ਚੰਦ।'

ਵਿਆਹ ਹੋ ਗਿਆ ਸੀ। ਪੱਚੀ-ਤੀਹ ਬੰਦੇ ਜੰਨ ਦੇ ਆਏ ਸੀ। ਆਰਕੈਸਟਰਾ ਵੀ ਸੀ। ਇੱਕ ਸ਼ਰਾਬੀ ਮੁੰਡੇ ਨੇ ਗੀਤ 'ਤੇ ਨੱਚਦੀ ਕੁੜੀ ਦੀ ਬਾਂਹ ਫੜ ਲਈ ਸੀ। ਆਰਕੈਸਟਰਾਂ ਵਾਲ਼ੇ ਦੋਵੇਂ ਮੁੰਡੇ ਹੱਟੇ-ਕੱਟੇ ਸੀ। ਅੱਧੀਆਂ ਤੰਗ ਬਾਹਾਂ 'ਚੋਂ ਉਨ੍ਹਾਂ ਦੇ ਡੌਲ਼ੇ ਸ਼ੇਰਾਂ ਦੇ ਮੂੰਹਾਂ ਵਾਂਗ ਝਾਕਦੇ ਸੀ। ਉਹ ਦੋਵੇਂ ਅੱਗ-ਭਬੂਕਾ ਹੋ ਗਏ। ਬਾਂਹ ਫੜਨ ਵਾਲ਼ੇ ਮੁੰਡੇ ਦੇ ਗਲ਼ 'ਚ ਹੱਥ ਪਾ ਲਿਆ ਸੀ ਪਰ ਮੈਂ ਤੇ ਜੱਸੂ ਨੇ ਵਿਆਹ ਖ਼ਰਾਬ ਹੋਣ ਦਾ ਵਾਸਤਾ ਪਾ ਕੇ ਉਨ੍ਹਾਂ ਦਾ ਗੁੱਸਾ ਠੰਢਾ ਕਰ ਦਿੱਤਾ ਸੀ। ਸ਼ਰਾਬੀ ਮੁੰਡੇ ਨੂੰ ਕੁੜੀ ਕੋਲ਼ ਲਿਜਾ ਕੇ ਮਾਫ਼ੀ ਮੰਗਵਾ ਦਿੱਤੀ। ਰੰਗ 'ਚ ਪੈਣ ਵਾਲ਼ੀ ਭੰਗ ਰੋਕ ਦਿੱਤੀ ਸੀ। ਆਰਕੈਸਟਰਾ ਬੰਦ ਕਰਵਾ ਕੇ ਅਸੀਂ ਖੇਡਣੇ ਖਿੰਡਣੋਂ ਬਚਾ ਲਏ। ਪਿੱਛੋਂ ਸ਼ਰਾਬੀ ਮੁੰਡੇ ਦੇ ਪਿਉ ਨੇ ਸਾਡੇ ਕੋਲ਼ ਆ ਕੇ ਕਿਹਾ ਸੀ, "ਤੁਸੀਂ ਭਾਈ ਸਿਆਣੇ ਰਹੇ। ਵਿੱਚ ਪੈ ਕੇ ਮੁੰਡੇ ਦੀ ਹੋਣ ਵਾਲ਼ੀ ਬੇਇੱਜ਼ਤੀ ਬਚਾ ਲਈ।" ਉਹ ਹੱਥ ਬੰਨ੍ਹੀ ਖੜ੍ਹਾ ਸੀ। ਸਾਡੀ ਸਿਆਣਪ ਨੇ ਵਿਆਹ 'ਚ ਆਇਆਂ ਦੇ ਮਨ ਜਿੱਤ ਲਏ ਸੀ।

ਸ਼ਗਨ ਪੈਣ ਪਿੱਛੋਂ ਦਵਿੰਦਰ ਘਰੇ ਆ ਗਈ। ਗੀਬਨਾਂ ਵਾਲ਼ੀ ਕਾਰ ਘਰ ਅੱਗੇ ਆ ਲੱਗੀ। ਉਹਦਾ ਪ੍ਰਾਹੁਣਾ ਡਰਾਈਵਰ ਪਿਛਲੀ ਸੀਟ 'ਤੇ ਬੈਠਾ ਸੀ। ਦਵਿੰਦਰ ਨੇ ਘਰੋਂ ਵਿਦਾ ਹੋਣਾ ਸੀ। ਜਦੋਂ ਦਵਿੰਦਰ ਵਿਹੜੇ 'ਚੋਂ ਤੁਰੀ ਆ ਰਹੀ ਸੀ, ਮਾਹੌਲ ਗ਼ਮਗੀਨ ਹੋਣਾ ਸ਼ੁਰੂ ਹੋ ਗਿਆ। ਉਹਦੇ ਨਾਲ਼ ਰਿਸ਼ਤੇਦਾਰ ਕੁੜੀਆਂ ਤੇ ਔਰਤਾਂ ਸੀ। ਚਿਹਰੇ ਉੱਤਰੇ ਹੋਏ। ਅੱਖਾਂ ਡੁੱਲ੍ਹੂੰ-ਡੁੱਲ੍ਹੂੰ ਕਰ ਰਹੀਆਂ ਸੀ।

ਮੈਂ ਤੇ ਜੱਸੂ ਗੀਬਨਾਂ ਵਾਲ਼ੀ ਕਾਰ ਦੀ ਮੂਹਰਲੀ ਤਾਕੀ ਕੋਲ਼ ਖੜ੍ਹੇ ਸੀ। ਸਾਡੇ ਪੱਗਾਂ ਨਹੀਂ ਸੀ ਬੰਨ੍ਹੀਆਂ। ਡੱਬੀਆਂ ਵਾਲ਼ੇ ਪਰਨੇ ਬੰਨ੍ਹੇ ਹੋਏ ਸੀ। ਜਦੋਂ ਔਰਤਾਂ 'ਚ ਘਿਰੀ ਦਵਿੰਦਰ ਪਿਛਲੀ ਤਾਕੀ ਕੋਲ਼ ਆਈ, ਉਹ ਬਾਜ ਵਾਂਗ ਝਪਟ ਕੇ ਮੈਨੂੰ ਚਿੰਬੜ ਗਈ। ਧਾਹ ਮਾਰ ਕੇ ਕਹਿੰਦੀ, "ਹਾਏ ਵੇ ਵੀਰੇ।"

ਉਹਨੇ ਮੇਰੇ ਮੋਢੇ 'ਤੇ ਸਿਰ ਧਰ ਲਿਆ। ਜੱਫੀ ਪਾਈ ਹੋਈ ਸੀ। ਅੱਖਾਂ ਮੀਂਹ ਵਾਂਗ ਵਰ੍ਹ ਰਹੀਆਂ ਸਨ। ਮੋਢਾ ਭਿੱਜ ਗਿਆ ਸੀ। ਉਹਨੇ ਪਕੜ ਢਿੱਲੀ ਕੀਤੀ। ਮੈਂ ਪਿੱਛੇ ਹਟ ਗਿਆ। ਉਹਦੀ ਮਾਂ ਮੂਹਰੇ ਆਈ। ਉਹ ਉਹਨੂੰ ਚਿੰਬੜੀ। ਫੇਰ ਜਿਵੇਂ-ਜਿਵੇਂ ਕੋਈ ਮੂਹਰੇ ਆਉਂਦਾ ਗਿਆ, ਉਹਦੇ ਗਲ਼ ਲੱਗ-ਲੱਗ ਕੇ ਰੋਂਦੀ ਰਹੀ। ਕਾਰ ਦੇ ਦੋਵੇਂ ਪਾਸੇ ਔਰਤਾਂ ਤੇ ਕੁੜੀਆਂ ਨਾਲ਼ ਭਰੇ ਪਏ ਸੀ। ਅਸੀਂ ਪਿੱਛੇ ਹਟ ਗਏ। ਮੈਨੂੰ ਇਸ ਗੱਲ 'ਤੇ ਮਾਣ ਸੀ, ਮੈਂ ਉੱਤੇ ਡਿੱਗਦੀ ਢਿਗ ਦੀ ਮਾਰ ਤੋਂ ਬਚ ਗਿਆ ਸੀ। ਨਾ ਪਾਸੇ ਹੋਇਆ ਹੁੰਦਾ, ਅੱਜ ਏਥੇ ਨਾ ਖੜ੍ਹਾ ਹੁੰਦਾ।

ਢਿਗ ਡਿੱਗਣ ਵਾਲ਼ੇ ਦਿਨਾਂ 'ਚ ਇੱਕ ਵਾਰੀ ਮਨ 'ਚ ਗੱਲ ਆਈ ਸੀ। ਮੇਰੀ ਛੋਟੀ ਜਾਤ ਨੇ ਫ਼ਣ ਚੁੱਕ ਲਿਆ ਸੀ। ਜਾਤ ਬੋਲੀ ਸੀ, 'ਇਹ ਜੱਟ ਕਿਹੜਾ ਆਵਦੇ ਖੇਤਾਂ 'ਚ ਸਾਡੀਆਂ ਨੂੰਹਾਂ-ਧੀਆਂ ਨਾਲ਼ ਘੱਟ ਗੁਜ਼ਾਰਦੇ ਐ। ਤੂੰ ਕਿਉਂ ਡਰੀ ਜਾਨੈਂ? ਢਿਗ ਡਿੱਗਦੀ ਐ, ਡਿੱਗਣ ਦੇਹ। ਤੂੰ ਕਿਹੜਾ ਆਪ ਸਿਟਦੈਂ?' ਮੈਨੂੰ ਸ਼ਰੀਕੇ ਦੀ ਇੱਕ ਕੁੜੀ ਨਾਲ਼ ਵਾਪਰੀ ਅਣਹੋਣੀ ਵੀ ਯਾਦ ਆਈ ਸੀ, ਜਿਸ ਨਾਲ਼ ਖੇਤ ਗਈ ਦੀ ਮੁੰਡੇ ਨੇ ਬੇਪਤੀ ਕੀਤੀ ਸੀ ਪਰ ਗੱਲ ਇੱਜ਼ਤ ਦੀ ਆੜ 'ਚ ਦਬ ਕੇ ਰਹਿ ਗਈ ਸੀ। ਮੇਰੀ ਜਾਤ ਮੈਨੂੰ ਵਾਰ-ਵਾਰ ਹਲੂਣਦੀ ਪਰ ਅਕਲ ਜਾਤ ਦੇ ਉੱਤੋਂ ਦੀ ਪਈ ਰਹਿੰਦੀ। ਸੋਚਦਾ, 'ਪਤਾ ਨਹੀਂ ਅਸੀਂ ਲੋਕ ਕਦੋਂ ਨਿੱਕਲ਼ਾਂਗੇ ਜਾਤ-ਪਾਤ ਦੀ ਜਕੜ 'ਚੋਂ? ਗ਼ਲਤੀ ਕੋਈ ਕਰਦੈ। ਬਦਲਾ ਕਿਸੇ ਹੋਰ ਤੋਂ ਕੱਢਦੇ ਆਂ। ਕਿਸੇ ਕੁੜੀ ਦੀ ਇੱਜ਼ਤ ਨਾਲ਼ ਖੇਡ ਕੇ।'

ਪਰ ਮੈਂ ਜੱਸੂ ਤੇ ਆਪਣੀ ਦੋਸਤੀ ਨੂੰ ਜਾਤ ਦੀ ਬਲੀ ਚੜ੍ਹਨੋਂ ਬਚਾ ਲਿਆ ਸੀ। ਸੋਚਿਆ ਸੀ, ਮੇਰੇ ਕਰਕੇ ਹੋਰਾਂ ਮੁੰਡਿਆਂ ਦੇ ਇੱਕ-ਦੂਜੇ ਦੇ ਘਰੇ ਆਉਣ-ਜਾਣ ਦੇ ਰਾਹ ਬੰਦ ਨਾ ਹੋ ਜਾਣ। ਦਵਿੰਦਰ ਜਦੋਂ ਸਹੁਰਿਆਂ ਤੋਂ ਮਿਲਣ ਆਉਂਦੀ, ਉਹਦਾ ਚੁੱਪ-ਕੀਤਾ ਜਿਹਾ ਪ੍ਰਾਹੁਣਾ ਕਦੇ ਉਸੇ ਦਿਨ ਮੋੜ ਕੇ ਲੈ ਜਾਂਦਾ, ਕਦੇ ਰਾਤ ਕੱਟ ਕੇ ਜਾਂਦੇ। ਦਵਿੰਦਰ ਨਾਲ਼ ਮੇਰਾ ਸਾਹਮਣਾ ਹੁੰਦਾ। ਉਹਦੀਆਂ ਖ਼ਾਲੀ-ਖ਼ਾਲੀ ਅੱਖਾਂ ਭਾਂ-ਭਾਂ ਕਰਦੀਆਂ-ਖ਼ੁਸ਼ਕ ਤੇ ਸੁਪਨਹੀਣ ਹੁੰਦੀਆਂ। ਜਿਹੜੀਆਂ ਅੱਖਾਂ ਨੇ ਮੇਰੇ ਬਾਰੇ ਸੁਪਨਾ ਲਿਆ ਸੀ, ਉਸਨੂੰ ਉਹ ਸਹੁਰੇ ਜਾਂਦੀ-ਜਾਂਦੀ ਮੇਰੇ ਮੋਢੇ 'ਤੇ ਸਿਰ ਧਰ ਕੇ ਹੰਝੂਆਂ 'ਚ ਖ਼ੋਰ ਗਈ ਸੀ। ਇੱਕ ਦਿਨ ਉਹ ਤੇ ਉਹਦਾ ਪ੍ਰਾਹੁਣਾ ਮੋਟਰਸਾਈਕਲ 'ਤੇ ਗਏ। ਮੇਰੇ ਮਨ 'ਚ ਖ਼ਿਆਲ ਆਇਆ। ਦਵਿੰਦਰ ਨੇ ਵਧੀਆ ਕੀਤਾ। ਮੇਰਾ ਲਿਆ ਹੋਇਆ ਸੁਪਨਾ ਖ਼ੋਰ ਦਿੱਤਾ। ਨਾ ਖੋਰਦੀ, ਸੁਪਨੇ ਨੇ ਉਹਨੂੰ ਵੀ ਤੰਗ ਕਰਨਾ ਸੀ। ਮੈਨੂੰ ਵੀ।

## ਮਿੰਨੀ ਕਹਾਣੀ

ਪ੍ਰਿੰ. ਸੰਤੋਖ ਕੁਮਾਰ

# ਬੇਈਮਾਨ

ਮੈਂ ਜਦੋਂ ਵੀ ਸ਼ਹਿਰੋਂ ਫ਼ਲ ਲੈ ਕੇ ਆਉਂਦਾ ਹਾਂ ਤਾਂ ਮੇਰੀ ਪਤਨੀ ਅਕਸਰ ਹੀ ਲਿਫ਼ਾਫ਼ਾ ਖੋਲ੍ਹ ਕੇ ਵੇਖਦੀ ਹੈ। ਉਹ ਹਮੇਸ਼ਾ ਕਹਿੰਦੀ ਹੈ ਕਿ ਤੁਸੀਂ ਬਿਨਾਂ ਵੇਖਿਆਂ ਅਗਲੇ 'ਤੇ ਯਕੀਨ ਕਰ ਲੈਂਦੇ ਹੋ। ਅਕਸਰ ਇੱਕ-ਦੋ ਪੀਸ ਖ਼ਰਾਬ ਨਿਕਲਦੇ ਹਨ। ਆਪਣੀ ਆਦਤ ਅਨੁਸਾਰ ਕੱਲ੍ਹ ਵੀ ਮੈਂ ਰੇਹੜੀ ਵਾਲੇ ਤੋਂ ਅੰਬ ਅਤੇ ਦਰਜ਼ਨ ਕੇਲਿਆਂ ਦੀ ਲੈ ਕੇ ਤੁਰਿਆ ਤਾਂ ਇਕਦਮ ਖ਼ਿਆਲ ਆਇਆ ਕਿ ਲਿਫ਼ਾਫ਼ਾ ਖੋਲ੍ਹ ਕੇ ਵੇਖ ਤਾਂ ਲਵਾਂ। ਜਦੋਂ ਲਿਫ਼ਾਫ਼ਾ ਖੋਲ੍ਹ ਕੇ ਵੇਖਿਆ ਤਾਂ ਦੋ ਅੰਬ ਪਿਲਪਿਲੇ ਸਨ।

ਮੈਂ ਗੁੱਸੇ ਵਿੱਚ ਮੋਟਰਸਾਈਕਲ ਮੋੜਿਆ ਅਤੇ ਜਾ ਰੇਹੜੀ ਵਾਲੇ ਕੋਲ ਜਾ ਖਲੋਤਾ। ਇੱਕ ਦੋ ਗਾਹਕ ਹੋਰ ਖੜ੍ਹੇ ਸਨ। ਮੈਂ ਲਿਫ਼ਾਫ਼ਾ ਰੇਹੜੀ 'ਤੇ ਰੱਖ ਗੁੱਸੇ ਭਰੀਆਂ ਨਜ਼ਰਾਂ ਨਾਲ ਉਸ ਨੂੰ ਵੇਖਣ ਲੱਗਾ। ਜਦੋਂ ਗਾਹਕ ਚਲੇ ਗਏ ਤਾਂ ਮੈਂ ਰੇਹੜੀ ਵਾਲੇ ਨੂੰ ਆਖਿਆ, "ਮੈਂ ਰੇਟ ਵੀ ਨਹੀਂ ਘਟਾਇਆ, ਪੈਸੇ ਵੀ ਪੂਰੇ ਦਿੱਤੇ, ਪਰ ਤੂੰ ਅੰਬ ਪਿਲਪਿਲੇ ਕਿਉਂ ਪਾਏ?" ਅੰਬ ਵੇਖਦੇ ਸਾਰ ਉਹ ਘਬਰਾ ਗਿਆ ਤੇ ਆਖਣ ਲੱਗਾ, "ਵੀਰ ਜੀ ਮੁਆਫ਼ ਕਰ ਦਿਓ, ਗ਼ਲਤੀ ਨਾਲ ਪੈ ਗਏ ਹੋਣੇ।"

ਉਸ ਨੇ ਸਾਰੇ ਅੰਬ ਵਾਪਸ ਰੱਖੇ ਅਤੇ ਘਬਰਾਹਟ ਵਿੱਚ ਡੇਢ ਕਿਲੋ ਦੀ ਥਾਂ ਦੋ ਕਿਲੋ ਦਾ ਵੱਟਾ ਪਾ ਕੇ ਅੰਬ ਤੋਲ ਦਿੱਤੇ। ਮੈਂ ਵੀ ਚੁੱਪ ਰਿਹਾ ਅਤੇ ਮੋਟਰਸਾਈਕਲ ਲੈ ਕੇ ਤੁਰ ਪਿਆ। ਥੋੜ੍ਹੀ ਦੂਰ ਆ ਕੇ ਮੈਂ ਵੱਧ ਅੰਬਾਂ ਬਾਰੇ ਸੋਚਣ ਲੱਗਾ। ਹੁਣ ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਬੇਈਮਾਨ ਉਹ ਸੀ ਕਿ ਮੈਂ ਜਾਂ ਫਿਰ ਦੋਵੇਂ।

# ਮੇਰੀ ਕਲਮ

## ਦਿਵਾਲੀ ਤੇ ਜਗਾਈਏ...

ਮਲਕੀਅਤ 'ਸੁਹਲ'



ਚੰਨਾ ਵੇ ਦਿਵਾਲੀ ਤੇ ਜਗਾਈਏ ਮੋਮ ਬੱਤੀਆਂ।
ਬ੍ਰਿਹੋਂ ਦੀਆਂ ਪੂਣੀਆਂ ਮੈਂ ਦੋ ਕੁ ਅਜੇ ਕੱਤੀਆਂ।

ਸਿਖ਼ਰ ਦੁਪਹਿਰਾ ਵੀ ਹਨੇਰਾ ਮੈਨੂੰ ਜਾਪਦਾ ।
ਲਗਦਾ ਭੁਲੇਖਾ ਮੈਨੂੰ ਆਪਣੇ ਹੀ ਆਪ ਦਾ ।
ਦੇਂਦੀਆਂ ਨੇ ਮਿਹਣੇ ਮੈਨੂੰ ਕੁੜੀਆਂ ਨਿੱਖ਼ਤੀਆਂ,
ਬ੍ਰਿਹੋਂ ਦੀਆਂ ਪੂਣੀਆਂ ਮੈਂ ਦੋ ਕੁ ਅਜੇ ਕੱਤੀਆਂ ,
ਚੰਨਾ ਵੇ ਦਿਵਾਲੀ ਤੇ ਜਗਾਈਏ ਮੋਮਬੱਤੀਆਂ ।

ਸੋਹਣਿਆਂ ਵੇ ਮੇਰਾ ਪੱਲ-ਪੱਲ ਔਖਾ ਲੰਘਦਾ ।
ਸ਼ਗਨਾ ਦਾ ਚੂੜਾ ਮੇਰਾ ਖ਼ੈਰ ਤੇਰੀ ਮੰਗਦਾ ।
ਸੁਪਨੇ 'ਚ ਵੇਖਾਂ ਤੇਰੇ ਕੰਨੀ ਪਾਈਆਂ ਨੱਤੀਆਂ,
ਚੰਨਾ ਵੇ ਦਿਵਾਲੀ ਤੇ ਜਗਾਈਏ ਮੋਮਬੱਤੀਆਂ ।
ਬ੍ਰਿਹੋਂ ਦੀਆਂ ਪੂਣੀਆਂ ਮੈਂ ਦੋ ਕੁ ਅਜੇ ਕੱਤੀਆਂ ।

ਚੱਰਖ਼ੀ ਦਾ ਇੱਕ-ਇੱਕ ਗੇੜਾ ਲੰਮਾ ਹੋ ਗਿਆ।
ਅੱਖੀਆਂ ਚੋਂ ਹੰਝੂ ਤੇਰੀ ਯਾਦ ਬਣ ਚੋ ਗਿਆ।
ਵੇ ਠੰਡੀਆਂ ਹਵਾਵਾਂ ਮੈਨੂੰ ਲਗਦੀਆਂ ਤੱਤੀਆਂ,
ਚੰਨਾ ਵੇ ਦਿਵਾਲੀ ਤੇ ਜਗਾਈਏ ਮੋਮਬੱਤੀਆਂ ।
ਬ੍ਰਿਹੋਂ ਦੀਆਂ ਪੂਣੀਆਂ ਮੈਂ ਦੋ ਕੁ ਅਜੇ ਕੱਤੀਆਂ ।

ਦਿਵਾਲੀ ਦਾ ਤਿਉਹਾਰ ਫਿਰ ਸਾਲ ਬਾਦ ਆਊਗਾ।
'ਸੁਹਲ' ਵਿਹੜੇ ਨੱਚੂ ਨਾਲ ਮੈਨੂੰ ਵੀ ਨੱਚਾਊਗਾ ।
ਹੋਈਆਂ ਬੁੱਲੀਆਂ ਸੁਰਖ਼ ਇਹ ਗੁਲਾਬੀ ਪੱਤੀਆਂ ,
ਚੰਨਾ ਵੇ ਦਿਵਾਲੀ ਤੇ ਜਗਾਈਏ ਮੋਮਬੱਤੀਆਂ ।
ਬ੍ਰਿਹੋਂ ਦੀਆਂ ਪੂਣੀਆਂ ਮੈਂ ਦੋ ਕੁ ਅਜੇ ਕੱਤੀਆਂ ।

## ਆ ਨੀਂ ਦਿਵਾਲੀਏ

ਗੋਗੀ ਜ਼ੀਰਾ

ਆ ਨੀਂ ਦਿਵਾਲੀਏ ਆ ਨੀਂ ਦਿਵਾਲੀਏ
ਸਾਰਿਆਂ ਨੂੰ ਤੇਰਾ ਬੜਾ ਚਾਅ ਨੀਂ ਦਿਵਾਲੀਏ
ਆ ਨੀਂ ਦਿਵਾਲੀਏ...।
ਚਿਰਾਂ ਤੋਂ ਉਦਾਸ ਬੈਠੇ ਪਰਿਵਾਰ ਨੀਂ
ਮਾਪੇ ਨੇ ਉਡੀਕਦੇ ਤੇ ਬੱਚੇ ਬਾਹਰ ਨੀਂ
ਆਾਪਸ 'ਚ ਇਨ੍ਹਾਂ ਨੂੰ ਮਿਲਾ ਨੀਂ ਦਿਵਾਲੀਏ
ਆ ਨੀਂ ਦਿਵਾਲੀਏ...।
ਨਿੱਕੇ ਬੱਚਿਆਂ ਦੀ ਮੁੱਕ ਜੇ ਉਡੀਕ ਨੀਂ
ਰਹੀ ਬੈਠੇ ਤੇਰੇ ਆਉਣ ਦੀ ਤਰੀਕ ਨੀਂ
ਭੋਲ਼ਿਆਂ ਦਾ ਚਿਤ ਪਰਚਾ ਨੀਂ ਦਿਵਾਲੀਏ
ਆ ਨੀਂ ਦਿਵਾਲੀਏ...।
ਵਪਾਰੀ ਤੇਰੇ ਕੋਲੋਂ ਲਾਈ ਬੈਠੇ ਆਸ ਨੀਂ
ਕਾਰੋਬਾਰ ਲਈ ਇਹ ਤਿਉਹਾਰ ਖਾਸ ਨੀਂ
ਦਿਲ ਦੀਆਂ ਰੀਝਾਂ ਪੁਗਾ ਨੀਂ ਦਿਵਾਲੀਏ
ਆ ਨੀਂ ਦੀਵਾਲੀਏ...।
ਘਰਾਂ ਦੀਆਂ ਦੇਖ ਲੈ ਸਫਾਈਆਂ ਹੋਣ ਨੀਂ
ਫੇਰਾ ਤੇਰੇ ਪਾਉਣ 'ਤੇ ਵਧਾਈਆਂ ਹੋਣ ਨੀਂ
ਖੁਸ਼ੀਆਂ ਦੇ ਦੀਪ ਜਗਾ ਨੀਂ ਦਿਵਾਲੀਏ
ਆ ਨੀਂ ਦਿਵਾਲੀਏ...।
ਦੇਖੀਂ ਕਿਸੇ ਵਿਹੜੇ ਵਿੱਚ ਵੈਣ ਪੈਣ ਨਾ
ਕਾਲੀ ਏ ਦਿਵਾਲੀ ਲੋਕੀਂ ਤੈਨੂੰ ਕਹਿਣ ਨਾ
ਕੋਈ ਕਿਸੇ ਨੂੰ ਨਾ ਦੇਵੇ ਦਗਾ ਨੀਂ ਦਿਵਾਲੀਏ
ਆ ਨੀਂ ਦੀਵਾਲੀਏ ਆ ਨੀਂ ਦਿਵਾਲੀਏ।

## ਦਿਵਾਲੀ ਦੀਆਂ ਮੁਬਾਰਕਾਂ

ਨਿਸ਼ਾਨ ਸਿੰਘ ਰਾਠੌਰ



ਆਪਣੀ ਪਤਨੀ ਨੂੰ
ਦਿਵਾਲੀ ਦੀਆਂ ਮੁਬਾਰਕਾਂ
ਕਹਿ ਜਿਵੇਂ ਹੀ ਉਹ ਜਾਣ ਲੱਗਾ
ਘਰ ਤੋਂ ਬਾਹਰ
ਆਪਣੀ ਸ਼ਾਮ ਰੰਗੀਨ ਕਰਨ
ਤਾਂ ਪਤਨੀ ਨੇ ਯਾਦ ਕਰਵਾਇਆ
ਅੱਜ ਤਾਂ ਬਾਪੂ ਜੀ ਦੀ ਬਰਸੀ ਹੈ
ਇਕ ਪਲ ਲਈ ਉਹ ਠਠੰਬਰ ਗਿਆ
ਤੇ ਮੱਥੇ ਤੇ ਵੱਟ ਜਿਹਾ ਪਾ ਕੇ
ਗੁੱਸੇ ਨਾਲ ਬੋਲਿਆ
ਤਿਉਹਾਰ ਦੇ ਦਿਨ
ਕਿਸੇ ਮਰੇ ਹੋਏ ਨੂੰ ਯਾਦ ਨਹੀਂ ਕਰੀਦਾ
ਐਵੇਂ ਮਜ਼ਾ ਖਰਾਬ ਹੋ ਜਾਂਦੈ
ਨਾਲ ਦੇ ਕਮਰੇ ਵਿਚ ਬੈਠੀ
ਬੁੱਢੀ ਮਾਂ ਦੇ ਕੰਨਾਂ ਵਿਚ ਇਹ
ਆਵਾਜ਼ ਕਿਸੇ
ਵੱਡੇ ਬੰਬ ਧਮਾਕੇ ਤੋਂ ਘੱਟ ਨਹੀਂ ਸੀ
ਤੇ ਉਸ ਦਾ ਪੋਤਰਾ
ਘਰ ਦੇ ਵਿਹੜੇ ਵਿਚ
ਨਿੱਕੇ ਬੰਬ ਚਲਾ ਰਿਹਾ ਸੀ
ਜਿਸ ਦੀ ਆਵਾਜ਼
ਸ਼ਾਇਦ ਉਸ ਬੁੱਢੀ ਮਾਂ ਨੂੰ
ਸੁਣਨੀ ਬੰਦ ਹੋ ਗਈ ਸੀ

## ਪਿੰਡਾਂ ਦੀ ਦਿਵਾਲੀ

ਸਰੂਪ ਚੰਦ ਹਰੀਗੜ੍ਹ



ਕਿਸੇ ਘਰ ਬਣੀ ਗੋਭੀ, ਕਿਸੇ ਮਟਰ ਪਨੀਰ ਜੀ
ਦੁੱਧ ਸੇਵੀਆਂ ਵਿੱਚ ਪਾਇਆ, ਕਿਸੇ ਰਿੰਨ੍ਹੀ ਅੱਜ ਖੀਰ ਜੀ।
ਸਰਬ ਸਾਂਝਾ ਹੈ ਤਿਉਹਾਰ, ਲੱਗੇ ਸਭ ਨੂੰ ਪਿਆਰਾ ਏ
ਪਿੰਡਾਂ ਦੀ ਦਿਵਾਲੀ ਦਾ ਜੀ, ਵੱਖਰਾ ਨਜ਼ਾਰਾ ਏ।
ਗੋਹਾ ਮਿੱਟੀ ਲਾ ਕੇ ਪੋਚੇ, ਚੁੱਲ੍ਹੇ ਚੌਂਕੇ ਸੋਹਣੇ ਲੱਗਦੇ
ਹਰੇ ਪੀਲੇ ਰੰਗਾਂ 'ਚ ਮਕਾਨ ਬੜੇ ਫੱਬਦੇ।
ਜਗਦੇ ਨੇ ਦੀਵੇ, ਸਜੇ ਵਾੜਾ ਤੇ ਗਹਾਰਾਂ ਏ
ਪਿੰਡਾਂ ਦੀ ਦਿਵਾਲੀ ਦਾ ਜੀ, ਵੱਖਰਾ ਨਜ਼ਾਰਾ ਏ।
ਘਰ ਦੇ ਬਣਾਏ ਲੱਡੂ, ਖੋਏ ਦੀਆਂ ਪਿੰਨੀਆਂ
ਆਟੇ ਦੀਆਂ ਮੱਠੀਆਂ ਸੁਆਦ ਰਸਭਿੰਨੀਆਂ।
ਤੇਲ ਦੇ ਪਕੌੜੇ ਚਿੱਤ ਕਰਦੇ ਕਰਾਰਾ ਏ
ਪਿੰਡਾਂ ਦੀ ਦਿਵਾਲੀ ਦਾ ਜੀ, ਵੱਖਰਾ ਨਜ਼ਾਰਾ ਏ।
ਚਲਾਉਂਦੇ ਨੇ ਪਟਾਕੇ ਰਲ, ਚੱਲਦੀ ਹਵਾਈ ਏ
ਫੁੱਲਝੜੀ ਚੱਕਰਾਂ ਨੇ ਕੀਤੀ ਰੋਸ਼ਨਾਈ ਏ।
ਸੱਥਾਂ ਵਿੱਚ ਸਬੂਤ ਬੱਚੇ, ਬੁੱਢੇ, ਪੱਡੂ ਭਾਈਚਾਰਾ ਏ
ਪਿੰਡਾਂ ਦੀ ਦਿਵਾਲੀ ਦਾ ਜੀ, ਵੱਖਰਾ ਨਜ਼ਾਰਾ ਏ।
ਵੜੇਵਿਆਂ ਵਿੱਚ ਤੇਲ ਪਾ ਕੇ, ਜਗਣ ਮਸ਼ਾਲਾਂ ਨੇ
ਮਿੱਟੀ ਦਿਆਂ ਢੁੰਗੜਿਆਂ ਕੀਤੀਆਂ ਕਮਾਲਾਂ ਨੇ।
ਹਰ ਘਰ ਵਿਹੜਾ ਲੱਗੇ, ਸਰੂਪ ਚਾਨਣ ਮੁਨਾਰਾ ਏ
ਪਿੰਡਾਂ ਦੀ ਦਿਵਾਲੀ ਦਾ ਜੀ ਵੱਖਰਾ ਨਜ਼ਾਰਾ ਏ।

## ਦਿਵਾਲੀ

ਓਮਕਾਰ ਸੂਦ ਬਹੋਨਾ

ਸੱਚੇ ਮਨ 'ਚੋਂ ਗੀਤ ਪਿਆਰ ਦਾ ਆਪਾਂ ਗਾਈਏ
ਆਓ ਸਾਰੇ ਰਲ ਮਿਲ ਕੇ ਦਿਵਾਲੀ ਮਨਾਈਏ।
ਧੂੰਆਂ ਰਹਿਤ ਮੁਹੱਬਤ ਵਾਲੀ ਹਰੀ ਦਿਵਾਲੀ
ਹੁੰਦੀ ਸਦਾ ਹੀ ਚਾਵਾਂ ਦੇ ਨਾਲ ਭਰੀ ਦਿਵਾਲੀ
ਦੂਸ਼ਤ ਹੋਣੋਂ ਆਪਾਂ ਵਾਤਾਵਰਨ ਬਚਾਈਏ
ਆਓ ਸਾਰੇ ਰਲ ਮਿਲ ਕੇ ਦਿਵਾਲੀ ਮਨਾਈਏ।
ਖਾਈਏ ਕਸਮ ਕਿ ਸ਼ੁੱਧ ਮਿਠਾਈ ਆਪਾਂ ਖਾਣੀ
ਵਿਕਦੀ ਵਿੱਚ ਬਾਜ਼ਾਰਾਂ ਜੋ ਉਹ ਮੂੰਹ ਨਹੀਂ ਲਾਣੀ
ਮਿਲਾਵਟ ਖੋਰਾਂ ਨੂੰ ਆਪਣਾ ਰੋਸ ਦਿਖਾਈਏ।
ਆਓ ਸਾਰੇ ਰਲ ਮਿਲ ਕੇ ਦਿਵਾਲੀ ਮਨਾਈਏ।
ਹਿੰਮਤ ਕਰਕੇ ਸ਼ੁੱਧ ਮਿਠਾਈ ਘਰੇ ਬਣਾਈਏ
ਖਾਈਏ ਭਾਵੇਂ ਥੋੜ੍ਹੀ ਆਪਾਂ ਸ਼ੁੱਧ ਹੀ ਖਾਈਏ
ਮਿਲਾਵਟ ਖੋਰਾਂ ਦੀ ਸਭ ਚਾਲ ਅਸਫਲ ਬਣਾਈਏ।
ਆਓ ਸਾਰੇ ਰਲ ਮਿਲ ਕੇ ਦਿਵਾਲੀ ਮਨਾਈਏ।
ਪਟਾਕੇ ਘੱਟ ਵਜਾਉਣੇ ਹੈ ਮਤਾ ਪਕਾਉਣਾ
ਚਾਰ ਚੁਫ਼ੇਰਾ ਆਪਾਂ ਹੈ ਸ਼ੁੱਧ ਬਣਾਉਣਾ
ਜੂਏ ਸ਼ਰਾਬ ਜਿਹੇ ਨਸ਼ੇ ਨੂੰ ਦੁਰਕਾਰ ਵਖਾਈਏ।
ਆਓ ਸਾਰੇ ਰਲ ਮਿਲ ਕੇ ਦਿਵਾਲੀ ਮਨਾਈਏ।

## ਦਿਵਾਲੀ

ਬੂਟਾ ਗੁਲਾਮੀ ਵਾਲਾ



ਘਿਉ ਦੇ ਦੀਪ ਜਲਾਈਏ, ਇਸ ਦਿਵਾਲੀ 'ਤੇ
ਸ਼ੁਧ ਵਾਤਾਵਰਣ ਬਣਾਈਏ, ਇਸ ਦਿਵਾਲੀ 'ਤੇ
ਆਲਾ ਦੁਆਲਾ, ਆਪਾਂ ਦੂਸ਼ਿਤ ਕਰਨਾ ਨਹੀਂ
ਗੰਦ ਪਿੱਲ ਵੀ ਖਾ ਕੇ, ਢਿੱਡ ਨੂੰ ਭਰਨਾ ਨਹੀਂ
ਹਰ ਇੱਕ ਨੂੰ ਸਮਝਾਈਏ, ਇਸ ਦਿਵਾਲੀ 'ਤੇ
ਘਿਉ ਦੇ ਦੀਪ ਜਲਾਈਏ, ਇਸ ਦਿਵਾਲੀ 'ਤੇ
ਪਟਾਕੇ ਨਾ ਚਲਾਈਏ, ਇਸ ਦਿਵਾਲੀ 'ਤੇ
ਮਿਠਾਈਆਂ ਦੇ ਵਿੱਚ, ਖੰਡ ਪਾ ਕੇ ਨੇ ਵੇਚ ਰਹੇ
ਲੋਕੀਂ ਸਾਰੇ ਆਪਣੀ, ਅੱਖੀਂ ਵੇਖ ਰਹੇ
ਆਉ ਰਲ ਕੇ ਸਮਝਾਈਏ, ਇਸ ਦਿਵਾਲੀ 'ਤੇ
ਘਿਉ ਦੇ ਦੀਪ ਜਲਾਈਏ, ਇਸ ਦਿਵਾਲੀ 'ਤੇ
ਪਟਾਕੇ ਨਾ ਚਲਾਈਏ, ਇਸ ਦਿਵਾਲੀ 'ਤੇ
ਨਾ ਕੋਈ ਆਤਿਸ਼ਬਾਜ਼ੀ, ਨਾ ਪਟਾਕੇ ਬਈ
ਹਰ ਵਾਰੀ ਹੀ ਹੁੰਦੇ, ਰਹਿੰਦੇ ਵਾਕੇ ਬਈ
ਬਸ ਇਨ੍ਹਾਂ ਤੋਂ ਬਚ ਜਾਈਏ, ਇਸ ਦਿਵਾਲੀ 'ਤੇ
ਘਿਉ ਦੇ ਦੀਪ ਜਲਾਈਏ ਇਸ ਦਿਵਾਲੀ 'ਤੇ
ਪਟਾਕੇ ਨਾ ਚਲਾਈਏ, ਇਸ ਦਿਵਾਲੀ 'ਤੇ
ਗੁਲਾਮੀ ਵਾਲੇ ਬੂਟੇ, ਖੁਸ਼ੀ ਮਨਾਵਾਂਗੇ
ਸਾਫ਼ -ਸਫ਼ਾਈ ਕਰ ਕੇ, ਘਰ ਸਜਾਵਾਂਗੇ
ਸਾਰੇ ਕੰਮ ਮੁਕਾਈਏ, ਇਸ ਦਿਵਾਲੀ 'ਤੇ
ਘਿਉ ਦੇ ਦੀਪ ਜਲਾਈਏ, ਇਸ ਦਿਵਾਲੀ 'ਤੇ
ਪਟਾਕੇ ਨਾ ਚਲਾਈਏ, ਇਸ ਦਿਵਾਲੀ 'ਤੇ

## ਦਿਵਾਲੀ

-ਮਨਜੀਤ ਸਿੰਘ ਘੁੰਮਣ

ਸਾਰੇ ਇਸ ਵਾਰ ਭਾਈ ਦਿਵਾਲੀ ਉਤੇ, ਬਣ ਜਾਈਏ ਇਕ ਮਿਸਾਲ ਆਪਾਂ
ਸਾਰੇ ਇਸ ਵਾਰ ਭਾਈ ਦਿਵਾਲੀ ਉਤੇ, ਬਣ ਜਾਈਏ ਇਕ ਮਿਸਾਲ ਆਪਾਂ,
ਜ਼ਹਿਰ ਵਿਕਦਾ ਵਿਚ ਬਜ਼ਾਰਾਂ ਦੇ, ਨਾ ਲਿਜਾਈਏ ਉਹ ਘਰ ਨਾਲ ਆਪਾਂ,
ਉਹ ਜ਼ਿੰਦਗੀ ਵਿਚ ਨੁਕਸਾਨ ਕਰੇ, ਜ਼ਰੂਰ ਕਰਨਾ ਇਹ ਖ਼ਿਆਲ ਆਪਾਂ,
ਸਾਰਾ ਘਰ ਵਿਚ ਬਣਾ ਕੇ ਖਾਵਾਂਗੇ, ਵੇਖ ਦੁਨੀਆਂ ਦਾ ਇਹ ਹਾਲ ਆਪਾਂ,
ਵਾਤਾਵਰਣ ਹੈ ਬਹੁਤ ਖ਼ਰਾਬ ਹੁੰਦਾ, ਉਠਾਈਏ ਨਾ ਬੰਬਾਂ ਨਾਲ ਭੁਚਾਲ ਆਪਾਂ
ਖ਼ੁਸ਼ੀ ਬੱਚਿਆਂ ਨਾਲ ਮਨਾਵਾਂਗੇ, ਦੀਵੇ ਮਿੱਟੀ ਦੇ ਘਰ ਬਾਲ ਆਪਾਂ,
ਪੈਸੇ ਦੇ ਕੇ ਜ਼ਹਿਰ ਲਿਜਾਇਉ ਨਾ, ਘਰ ਬੱਚਿਆਂ ਤਾਈਂ ਖੁਆਉਣ ਲਈ,
ਦੇਸੀ ਘਿਉ ਥੋੜੇ ਨੇ ਜੋੜਿਆ ਏ, ਸੇਵੀਆਂ ਵਿਚ ਸੱਭ ਨੂੰ ਪਾਉਣ ਲਈ।



# ਰਾਸ਼ਟਰਮੰਡਲ ਖੇਡਾਂ: ਹਾਕੀ, ਬੈਡਮਿੰਟਨ, ਕੁਸ਼ਤੀ, ਕ੍ਰਿਕਟ ਤੇ ਨਿਸ਼ਾਨੇਬਾਜ਼ੀ ਬਾਹਰ

## ਖ਼ਰਚੇ ਸੀਮਤ ਕਰਨ ਲਈ ਸਿਰਫ਼ 10 ਖੇਡਾਂ ਕੀਤੀਆਂ ਸ਼ਾਮਲ

## ਅੱਠ ਮੀਲ ਦੇ ਦਾਇਰੇ 'ਚ ਚਾਰ ਥਾਵਾਂ 'ਤੇ ਕਰਵਾਈਆਂ ਜਾਣਗੀਆਂ ਖੇਡਾਂ

ਲੰਡਨ/ਏ.ਟੀ.ਨਿਊਜ਼: ਰਾਸ਼ਟਰਮੰਡਲ ਖੇਡਾਂ 2026 ਦੇ ਮੇਜ਼ਬਾਨ ਸ਼ਹਿਰ ਗਲਾਸਗੋ ਨੇ ਖੇਡਾਂ ਦੇ ਪ੍ਰੋਗਰਾਮ 'ਚੋਂ ਹਾਕੀ, ਬੈਡਮਿੰਟਨ, ਕੁਸ਼ਤੀ, ਕ੍ਰਿਕਟ ਅਤੇ ਨਿਸ਼ਾਨੇਬਾਜ਼ੀ ਵਰਗੀਆਂ ਪ੍ਰਮੁੱਖ ਖੇਡਾਂ ਨੂੰ ਹਟਾ ਦਿੱਤਾ ਹੈ, ਜਿਸ ਨਾਲ ਭਾਰਤ ਦੀਆਂ ਤਗ਼ਮਾ ਜਿੱਤਣ ਦੀਆਂ ਸੰਭਾਵਨਾਵਾਂ ਨੂੰ ਵੱਡਾ ਝਟਕਾ ਲੱਗਾ ਹੈ। ਇਸ ਵਿੱਚ ਸਿਰਫ਼ 10 ਖੇਡਾਂ ਨੂੰ ਸ਼ਾਮਲ ਕੀਤਾ ਗਿਆ ਹੈ। ਖਰਚੇ ਸੀਮਤ ਕਰਨ ਲਈ ਟੇਬਲ ਟੈਨਿਸ, ਸਕੁਐਸ਼ ਅਤੇ ਟ੍ਰਾਈਥਲੋਨ ਨੂੰ ਵੀ ਹਟਾ ਦਿੱਤਾ ਗਿਆ ਹੈ। ਬਰਮਿੰਘਮ 2022 ਦੀਆਂ ਰਾਸ਼ਟਰਮੰਡਲ ਖੇਡਾਂ ਵਿੱਚ ਸ਼ਾਮਲ ਨੌਂ ਖੇਡਾਂ ਅਗਲੀਆਂ ਖੇਡਾਂ ਦਾ ਹਿੱਸਾ ਨਹੀਂ ਹੋਣਗੀਆਂ। ਇਹ ਖੇਡਾਂ ਸਿਰਫ਼ ਅੱਠ ਮੀਲ ਦੇ ਦਾਇਰੇ ਵਿੱਚ ਚਾਰ ਥਾਵਾਂ 'ਤੇ ਕਰਵਾਈਆਂ ਜਾਣਗੀਆਂ। ਫ਼ੈਡਰੇਸ਼ਨ ਨੇ ਕਿਹਾ, 'ਇਨ੍ਹਾਂ ਖੇਡਾਂ ਵਿੱਚ 10 ਖੇਡਾਂ ਸ਼ਾਮਲ ਹੋਣਗੀਆਂ ਤਾਂ ਜੋ ਇਹ ਖੇਡਾਂ ਬਹੁ-ਖੇਡ ਸਮਾਗਮ ਦੇ ਰੂਪ 'ਚ ਵੀ ਬਣੀਆਂ ਰਹਿਣ ਤੇ ਵਿੱਤੀ ਤੇ ਸੰਚਾਲਨ ਸਬੰਧੀ ਚਿੰਤਾਵਾਂ ਵੀ ਹੱਲ ਕੀਤੀਆਂ ਜਾ ਸਕਣ। ਦੋਵਾਂ ਵਿਚਾਲੇ ਸੰਤੁਲਨ ਯਕੀਨੀ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।'

**ਭਾਰਤ ਦੀਆਂ ਖੇਡ ਫ਼ੈਡਰੇਸ਼ਨਾਂ ਅਤੇ ਖਿਡਾਰੀ ਨਿਰਾਸ਼**

ਗਲਾਸਗੋ 2026 ਦੀਆਂ ਰਾਸ਼ਟਰਮੰਡਲ ਖੇਡਾਂ ਦੇ ਪ੍ਰੋਗਰਾਮ 'ਚੋਂ ਹਾਕੀ, ਨਿਸ਼ਾਨੇਬਾਜ਼ੀ, ਕ੍ਰਿਕਟ, ਬੈਡਮਿੰਟਨ ਅਤੇ ਕੁਸ਼ਤੀ ਨੂੰ ਬਾਹਰ ਕੀਤੇ ਜਾਣ 'ਤੇ ਭਾਰਤ ਦੀਆਂ ਖੇਡ ਫ਼ੈਡਰੇਸ਼ਨਾਂ ਅਤੇ ਪ੍ਰਮੁੱਖ ਖਿਡਾਰੀਆਂ ਨੇ ਹੈਰਾਨੀ ਪ੍ਰਗਟਾਈ ਹੈ। ਇਸ ਬਾਰੇ ਕੌਮਾਂਤਰੀ ਹਾਕੀ ਫ਼ੈਡਰੇਸ਼ਨ ਨੇ ਕਿਹਾ, 'ਗਲਾਸਗੋ ਖੇਡਾਂ ਵਿੱਚ ਹਾਕੀ ਨੂੰ ਸ਼ਾਮਲ ਨਾ ਕਰਨ 'ਤੇ ਅਸੀਂ ਸਾਰੇ ਨਿਰਾਸ਼ ਹਾਂ। ਹਾਲਾਂਕਿ ਰਾਸ਼ਟਰਮੰਡਲ ਖੇਡ ਫ਼ੈਡਰੇਸ਼ਨ ਨੇ ਵਾਅਦਾ ਕੀਤਾ ਕਿ ਭਵਿੱਖ ਵਿੱਚ ਹਾਕੀ ਖੇਡਾਂ ਦਾ ਹਿੱਸਾ ਰਹੇਗੀ।' ਹਾਕੀ ਇੰਡੀਆ ਦੇ ਜਨਰਲ ਸਕੱਤਰ ਭੋਲਾ ਨਾਥ ਸਿੰਘ ਨੇ ਕਿਹਾ, 'ਭਾਰਤ ਜਿਨ੍ਹਾਂ ਖੇਡਾਂ ਵਿੱਚ ਤਗਮੇ ਜਿੱਤਦਾ ਰਿਹਾ ਹੈ, ਉਨ੍ਹਾਂ ਵਿੱਚੋਂ ਜ਼ਿਆਦਾਤਰ ਨੂੰ ਹਟਾ ਦਿੱਤਾ ਗਿਆ ਹੈ। ਆਪਣੇ ਵੱਲੋਂ ਅਸੀਂ ਐੱਫ.ਆਈ.ਐੱਚ. ਕੋਲ ਇਹ ਮੁੱਦਾ ਰੱਖਿਆ ਹੈ।'






**ਤਗ਼ਮੇ ਦੀਆਂ ਭਾਰਤੀ ਸੰਭਾਵਨਾਵਾਂ ਲਈ ਵੱਡਾ ਝਟਕਾ**

ਰਾਸ਼ਟਰਮੰਡਲ ਖੇਡਾਂ ਦਾ ਇਹ ਪ੍ਰੋਗਰਾਮ ਭਾਰਤ ਦੇ ਤਗ਼ਮੇ ਦੀਆਂ ਸੰਭਾਵਨਾਵਾਂ ਲਈ ਵੱਡਾ ਝਟਕਾ ਹੈ ਕਿਉਂਕਿ ਇਸ ਤੋਂ ਪਹਿਲਾਂ ਦੇਸ਼ ਨੇ ਜ਼ਿਆਦਾਤਰ ਤਗ਼ਮੇ ਉਨ੍ਹਾਂ ਖੇਡਾਂ ਵਿੱਚ ਜਿੱਤੇ ਹਨ, ਜਿਨ੍ਹਾਂ ਨੂੰ ਐਤਕੀਂ ਹਟਾ ਦਿੱਤਾ ਗਿਆ ਹੈ। ਭਾਰਤ ਦੀ ਪੁਰਸ਼ ਹਾਕੀ ਟੀਮ ਨੇ ਹੁਣ ਤੱਕ ਤਿੰਨ ਚਾਂਦੀ ਅਤੇ ਦੋ ਕਾਂਸੇ ਦੇ ਤਗ਼ਮੇ ਜਿੱਤੇ ਹਨ ਜਦਕਿ ਮਹਿਲਾ ਟੀਮ ਨੇ 2002 ਦੀਆਂ ਖੇਡਾਂ ਵਿੱਚ ਇੱਕ ਇਤਿਹਾਸਕ ਸੋਨ ਤਗ਼ਮੇ ਸਮੇਤ ਤਿੰਨ ਤਗ਼ਮੇ ਜਿੱਤੇ ਹਨ।

# ਕੈਨੇਡਾ: ਟੋਬਾ ਵਾਰੀਅਰਜ਼ ਫ਼ੀਲਡ ਹਾਕੀ ਅਕੈਡਮੀ ਵੱਲੋਂ ਹਾਕੀ ਖਿਡਾਰੀਆਂ ਦਾ ਸਨਮਾਨ


ਵਿਨੀਪੈਗ/ਏ.ਟੀ.ਨਿਊਜ਼: ਭਾਰਤ ਲਈ ਉਲੰਪਿਕ ਖੇਡਣ ਵਾਲੇ ਉੱਘੇ ਹਾਕੀ ਖਿਡਾਰੀ ਸੰਜੀਵ ਕੁਮਾਰ, ਕੌਮੀ ਹਾਕੀ ਖਿਡਾਰੀ ਧਰਮਪਾਲ ਸਿੰਘ, ਕੁਲਜੀਤ ਸਿੰਘ ਰੰਧਾਵਾ ਇਨ੍ਹੀਂ ਦਿਨੀਂ ਕੈਨੇਡਾ ਦੇ ਦੌਰੇ 'ਤੇ ਹਨ। ਇੱਥੇ ਉਹ ਪੰਜਾਬੀ ਮੂਲ ਦੇ ਭਾਈਚਾਰੇ ਦੇ ਨਾਲ-ਨਾਲ ਹਾਕੀ ਦੀਆਂ ਯਾਦਾਂ ਨੂੰ ਤਾਜ਼ਾ ਕਰ ਰਹੇ ਹਨ। ਉਲੰਪੀਅਨ ਸੰਜੀਵ ਕੁਮਾਰ, ਕੌਮੀ ਹਾਕੀ ਖਿਡਾਰੀ ਧਰਮਪਾਲ ਸਿੰਘ, ਕੁਲਜੀਤ ਸਿੰਘ ਰੰਧਾਵਾ ਨੂੰ ਭਾਰਤੀ ਹਾਕੀ ਵਿੱਚ ਪਾਏ ਯੋਗਦਾਨ ਲਈ ਕੈਨੇਡਾ ਦੇ ਮੈਨੀਟੋਬਾ ਸੂਬੇ ਦੇ ਸ਼ਹਿਰ ਵਿਨੀਪੈਗ ਵਿੱਚ ਟੋਬਾ ਵਾਰੀਅਰਜ਼ ਫ਼ੀਲਡ ਹਾਕੀ ਅਕੈਡਮੀ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।



ਹਾਕੀ ਨੂੰ ਪ੍ਰਫੁੱਲਿਤ ਕਰਨ, ਕੈਨੇਡਾ ਦੇ ਪੰਜਾਬੀ ਗਰੁੱਪ ਵਿੱਚ ਨਵੇਂ ਖਿਡਾਰੀਆਂ ਨੂੰ ਹਾਕੀ ਸਿਖਾਉਣ ਤੋਂ ਲੈ ਕੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਖਿਡਾਰੀ ਇਸ ਅਕੈਡਮੀ ਨਾਲ ਮਿਲ ਕੇ ਕੰਮ ਕਰ ਰਹੇ ਹਨ। ਇਹ ਅਕੈਡਮੀ ਵਿਨੀਪੈਗ, ਮੈਨੀਟੋਬਾ ਵਿੱਚ ਚੱਲ ਰਹੀ ਹੈ। ਸਾਲ 2012 ਤੋਂ ਸੁਰਿੰਦਰ ਸਿੱਧੂ, ਸ਼ਮਸ਼ੇਰ ਸਿੱਧੂ ਅਤੇ ਸੁਖਮਿੰਦਰ ਸਿੰਘ ਵੱਲੋਂ ਜੂਨੀਅਰ ਵਿਕਾਸ ਪ੍ਰੋਗਰਾਮ ਚਲਾਇਆ ਜਾ ਰਿਹਾ ਹੈ। ਹਾਕੀ ਅਕੈਡਮੀ ਹਾਕੀ ਖਿਡਾਰੀਆਂ ਲਈ ਜ਼ਮੀਨੀ ਪੱਧਰ 'ਤੇ ਕੰਮ ਕਰ ਰਹੀ ਹੈ ਅਤੇ 6 ਤੋਂ 11 ਸਾਲ ਦੀ ਉਮਰ ਦੇ ਬੱਚਿਆਂ ਨੂੰ ਹਾਕੀ ਦੀਆਂ ਬਾਰੀਕੀਆਂ ਸਿਖਾ ਕੇ ਉਨ੍ਹਾਂ ਨੂੰ ਤਿਆਰ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਇੱਥੇ ਵੱਡੀ ਗਿਣਤੀ ਸਕੂਲਾਂ ਦੇ ਖਿਡਾਰੀ ਅਭਿਆਸ ਕਰ ਰਹੇ ਹਨ।ਇਸ ਮੌਕੇ ਅਕੈਡਮੀ ਦੇ ਮੁਖੀ ਅਮਰਦੀਪ ਸਿੰਘ ਸੋਨੀ ਨੇ ਕਿਹਾ ਕਿ ਅਕੈਡਮੀ ਲਈ ਮਾਣ ਵਾਲੀ ਗੱਲ ਹੈ ਕਿ ਦੇਸ਼ ਲਈ ਉਲੰਪਿਕ ਖੇਡਾਂ ਵਿੱਚ ਭਾਰਤ ਦੀ ਨੁਮਾਇੰਦਗੀ ਕਰਨ ਵਾਲੇ ਓਲੰਪੀਅਨ ਸੰਜੀਵ ਕੁਮਾਰ ਅੱਜ ਵੀ ਹਾਕੀ ਦੀ ਤਰੱਕੀ ਲਈ ਕੰਮ ਕਰ ਰਹੇ ਹਨ। ਪੰਜਾਬ, ਹਾਕੀ ਪੰਜਾਬ, ਬਲਵੰਤ ਸਿੰਘ ਕਪੂਰ ਅਤੇ ਮਹਿੰਦਰ ਮੁਨਸ਼ੀ ਸੁਸਾਇਟੀ ਨਾਲ ਮਿਲ ਕੇ ਕੰਮ ਕਰ ਰਹੇ ਹਨ। ਇਸ ਮੌਕੇ ਸ਼ਮਸ਼ੇਰ ਸਿੰਘ ਸਿੱਧੂ, ਪਰਮਜੀਤ ਸਿੰਘ ਧਾਲੀਵਾਲ, ਕਰਮਬੀਰ ਸਿੰਘ, ਦਵਿੰਦਰ ਸਿੰਘ, ਅਮਨਦੀਪ ਸਿੰਘ, ਸੁਖਮਿੰਦਰ ਸਿੰਘ, ਸੁਰਿੰਦਰ ਸਿੰਘ ਮਾਵੀ, ਹਰਮਨਪ੍ਰੀਤ ਸਿੰਘ ਮਾਹਲ, ਸੁਖਮਿੰਦਰ ਸਿੰਘ, ਗੁਰਕੰਵਲ ਸਿੰਘ ਚਾਨੀਆ, ਸੁਖਨਦੀਪ ਸਿੰਘ ਢੰਡੀ ਆਦਿ ਹਾਜ਼ਰ ਸਨ। ਵਰਨਣਯੋਗ ਹੈ ਕਿ ਕੈਨੇਡਾ ਦੇ ਕਈ ਵੱਡੇ ਸ਼ਹਿਰਾਂ ਵਿੱਚ ਪੰਜਾਬੀ ਮੂਲ ਦੇ ਲੋਕ ਵੱਡੇ ਪੱਧਰ 'ਤੇ ਹਾਕੀ 'ਚ ਕੰਮ ਕਰ ਰਹੇ ਹਨ।

# ਹਾਕੀ: ਸਾਬਕਾ ਕਪਤਾਨ ਰਾਣੀ ਰਾਮਪਾਲ ਵੱਲੋਂ ਸੰਨਿਆਸ ਲੈਣ ਦਾ ਐਲਾਨ

ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤੀ ਮਹਿਲਾ ਹਾਕੀ ਟੀਮ ਦੀ ਸਾਬਕਾ ਕਪਤਾਨ ਰਾਣੀ ਰਾਮਪਾਲ ਨੇ ਇੱਥੇ ਸੰਨਿਆਸ ਲੈਣ ਦਾ ਐਲਾਨ ਕੀਤਾ। ਰਾਣੀ ਦੇ ਪਿਤਾ ਠੇਲਾ ਚਲਾਉਂਦੇ ਸਨ। ਉਹ ਹਰਿਆਣਾ ਦੇ ਛੋਟੇ ਜਿਹੇ ਸ਼ਹਿਰ ਸ਼ਾਹਬਾਦ ਮਾਰਕੰਡਾ ਤੋਂ ਨਿਕਲ ਕੇ ਲੋਕਾਂ ਲਈ ਪ੍ਰੇਰਣਾ ਬਣੀ।



ਰਾਣੀ ਦੀ ਅਗਵਾਈ ਵਿੱਚ ਭਾਰਤ ਨੇ 2021 ਵਿੱਚ ਟੋਕੀਓ ਖੇਡਾਂ ਦੌਰਾਨ ਉਲੰਪਿਕ 'ਚ ਆਪਣਾ ਸਰਵੋਤਮ ਪ੍ਰਦਰਸ਼ਨ ਕਰਦਿਆਂ ਚੌਥਾ ਸਥਾਨ ਹਾਸਲ ਕੀਤਾ ਸੀ।

ਰਾਣੀ ਨੇ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ, "ਇਹ ਇੱਕ ਸ਼ਾਨਦਾਰ ਸਫ਼ਰ ਰਿਹਾ ਹੈ। ਮੈਂ ਕਦੇ ਨਹੀਂ ਸੋਚਿਆ ਸੀ ਕਿ ਮੈਂ ਭਾਰਤ ਲਈ ਇੰਨੇ ਲੰਬੇ ਸਮੇਂ ਤੱਕ ਖੇਡਾਂਗੀ। ਮੈਂ ਬਚਪਨ ਤੋਂ ਬਹੁਤ ਗਰੀਬੀ ਦੇਖੀ ਹੈ ਪਰ ਮੇਰਾ ਧਿਆਨ ਹਮੇਸ਼ਾ ਕੁੱਝ ਕਰਨ 'ਤੇ ਸੀ, ਦੇਸ਼ ਦੀ ਅਗਵਾਈ ਕਰਨ 'ਤੇ।" ਇਸ 29 ਸਾਲਾ ਮਹਾਨ ਫਾਰਵਰਡ ਨੇ 2008 ਵਿੱਚ ਉਲੰਪਿਕ ਕੁਆਲੀਫਾਇਰ ਵਿੱਚ 14 ਸਾਲ ਦੀ ਉਮਰ 'ਚ ਕੌਮਾਂਤਰੀ ਹਾਕੀ ਵਿੱਚ ਪ੍ਰਦਰਸ਼ਨ ਕੀਤਾ। ਉਸ ਨੇ ਭਾਰਤ ਲਈ 254 ਮੈਚਾਂ ਦੌਰਾਨ 205 ਗੋਲ ਕੀਤੇ।

# ਸਖ਼ਤ ਮਿਹਨਤ ਤੇ ਜਜ਼ਬੇ ਨਾਲ ਜਿੱਤੋ ਖੇਡ ਮੁਕਾਬਲੇ

**ਮੇਜਰ ਸਿੰਘ ਜਖੇਪਲ**

ਅੱਜ ਕੱਲ੍ਹ ਖਿਡਾਰੀਆਂ ਵਿੱਚ ਨਸ਼ੀਲੀਆਂ ਦਵਾਈਆਂ ਦੀ ਵਰਤੋਂ ਦਿਨ-ਬ-ਦਿਨ ਵੱਧਦੀ ਜਾ ਰਹੀ ਹੈ। ਹਕੀਕਤ ਤਾਂ ਇਹ ਹੈ ਕਿ ਖੇਡ ਮੁਕਾਬਲਿਆਂ ਨੂੰ ਆਪਣੇ ਦਮ 'ਤੇ ਜਿੱਤਿਆ ਜਾਵੇ ਅਤੇ ਜਿੱਤਣ ਲਈ ਸਖ਼ਤ ਮਿਹਨਤ ਕੀਤੀ ਜਾਵੇ। ਸਾਡੇ ਖ਼ਿਡਾਰੀਆਂ ਨੂੰ ਉੱਡਣਾ ਸਿੱਖ ਮਿਲਖਾ ਸਿੰਘ ਵਰਗੇ ਖਿਡਾਰੀਆਂ ਦੇ ਜੀਵਨ ਦੀ ਘਾਲਣਾ ਨੂੰ ਆਪਣੇ ਚੇਤਿਆਂ ਵਿੱਚ ਵਸਾਉਣ ਦੀ ਲੋੜ ਹੈ, ਜਿਨ੍ਹਾਂ ਨੇ ਗ਼ਰੀਬੀ ਤੇ ਔਖੇ ਹਾਲਾਤ ਵਿੱਚ ਰਹਿ ਕੇ ਵੀ ਮਿਹਨਤ ਨਾਲ ਹਰ ਮੁਕਾਬਲਾ ਜਿੱਤਿਆ ਪਰ ਪਤਾ ਨਹੀਂ ਕਿਉਂ ਅਜੋਕਾ ਖਿਡਾਰੀ ਜਾਅਲੀ ਜ਼ਿੰਦਗੀ ਜਿਊਣ ਲਈ ਬਹੁਤ ਜ਼ਿਆਦਾ ਕਾਹਲਾ ਹੈ, ਜਿਸ ਦਾ ਅੰਤ ਮਾੜਾ ਹੁੰਦੈ। ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਸਾਡੇ ਕਈ ਖਿਡਾਰੀ ਪਾਬੰਦੀਸ਼ੁਦਾ ਦਵਾਈਆਂ ਦੀ ਵਰਤੋਂ ਟੀਕੇ ਜਾਂ ਗੋਲੀ ਦੇ ਰੂਪ ਵਿੱਚ ਕਰਦੇ ਹਨ, ਦਵਾਈਆਂ ਨਾਲ ਖਿਡਾਰੀਆਂ ਦੇ ਮਾਸ ਪੱਠਿਆਂ ਵਿੱਚ ਬੇਥਾਹ ਵਾਧੂ ਤਾਕਤ ਆ ਜਾਂਦੀ ਹੈ, ਜਿਸ ਨਾਲ ਉਹ ਆਪਣੀ ਮਨੁੱਖੀ ਸ਼ਕਤੀ ਨਾਲੋਂ ਖੇਡਾਂ ਵਿੱਚ ਵਧੀਆ ਪ੍ਰਦਰਸ਼ਨ ਕਰਕੇ ਦਰਸ਼ਕਾਂ ਦੀ ਨਜ਼ਰ ਵਿੱਚ ਹੀਰੋ ਬਣ ਜਾਂਦਾ ਹੈ। ਨਸ਼ੀਲੀਆਂ ਦਵਾਈਆਂ ਦੀ ਗਿਣਤੀ ਇੱਕ ਅੰਦਾਜ਼ੇ ਮੁਤਾਬਕ 100 ਤੋਂ ਵੀ ਵੱਧ ਹੈ। ਭਾਵੇਂ ਇ੍ਹਨਾ ਨਸ਼ੀਲੀਆਂ ਦਵਾਈਆਂ ਦੀ ਵਰਤੋਂ ਕਰਨੀ ਖਿਡਾਰੀਆਂ ਲਈ ਜੁਰਮ ਹੈ ਪਰ ਫ਼ਿਰ ਵੀ ਇ੍ਹਨਾਂ ਦੀ ਵਰਤੋਂ ਸੰਸਾਰ ਖੇਡਾਂ, ਉਲੰਪਿਕ, ਏਸ਼ੀਆਈ, ਨੈਸ਼ਨਲ, ਸਟੇਟ ਪੱਧਰ ਤੇ ਪਿੰਡਾਂ ਦੇ ਟੂਰਨਾਮੈਂਟ ਤੱਕ ਹੋਣ ਲੱਗ ਪਈ ਹੈ ਜੋ ਕਿ ਖ਼ਤਰਨਾਕ ਰੁਝਾਨ ਹੈ। ਪਹਿਲਾਂ-ਪਹਿਲਾਂ ਉਲੰਪਿਕ ਦੇ ਮੁਕਾਬਲਿਆਂ ਵਿੱਚ ਖਿਡਾਰੀ ਦਵਾਈਆਂ ਦੀ ਵਰਤੋਂ ਕਰਦੇ ਸਨ। ਹੁਣ ਪੇਂਡੂ ਟੂਰਨਾਮੈਂਟ 'ਤੇ ਵੀ ਨਸ਼ਿਆਂ ਦੀ ਵਰਤੋਂ ਹੋਣ ਲੱਗ ਪਈ ਹੈ। ਛੋਟੇ ਵਜ਼ਨ ਦੇ ਖਿਡਾਰੀ ਵੀ ਇਨ੍ਹਾਂ ਦੀ ਗ੍ਰਿਫ਼ਤ ਵਿੱਚ ਆ ਚੁੱਕੇ ਹਨ। ਖਿਡਾਰੀਆਂ ਨੂੰ ਚਾਹੀਦਾ ਹੈ ਕਿ ਉਹ ਖੇਡਾਂ ਵਿੱਚ ਚੰਗੀ ਸ਼ੋਹਰਤ ਖੱਟਣ ਲਈ ਜ਼ੋਰ, ਦਮ, ਚੁਸਤੀ, ਫ਼ੁਰਤੀ ਤੇ ਸਹਿਣਸ਼ੀਲਤਾ ਤੇ ਸਖ਼ਤ ਅਭਿਆਸ ਤੋਂ ਕੰਮ ਲੈਣ ਤੇ ਵਿਗਿਆਨਕ ਤਰੀਕਿਆਂ ਨਾਲ ਆਪਣੇ ਆਪ ਨੂੰ ਤਿਆਰ ਕਰਨ। ਨਸ਼ਿਆਂ ਨਾਲ ਜਿੱਤਾਂ ਹਾਸਲ ਕਰਨਾ ਚੰਗੇ ਖਿਡਾਰੀਆਂ ਦਾ ਕੰਮ ਨਹੀਂ। ਅਸਲ ਜਿੱਤ ਤਾਂ ਉਹੀ ਹੁੰਦੀ ਹੈ, ਜੋ ਆਪਣੀ ਮਨੁੱਖੀ ਸ਼ਕਤੀ ਨਾਲ ਪੂਰਾ ਟਿੱਲ ਲਗਾ ਕੇ ਹੀ ਜਿੱਤੀ ਜਾਵੇ। ਇਨ੍ਹਾਂ ਨਸ਼ੀਲੀਆਂ ਦਵਾਈਆਂ ਦੀ ਵਰਤੋਂ ਦੇ ਨਿਕਲਦੇ ਨਤੀਜੇ ਬਾਰੇ ਸਭ ਜਾਣੂੰ ਹਨ। ਕਿੰਨੇ ਹੀ ਖਿਡਾਰੀਆਂ ਨੂੰ ਅਜਿਹੀਆਂ ਦਵਾਈਆਂ ਦੀ ਵਰਤੋਂ ਕਰਕੇ ਅਰਸ਼ ਤੋਂ ਫ਼ਰਸ਼ 'ਤੇ ਡਿੱਗਣਾ ਪਿਆ ਹੈ। ਦਵਾਈਆਂ ਦੀ ਵਰਤੋਂ ਕਰਕੇ ਜਿੱਤਿਆ ਮੈਡਲ ਵਾਪਸ ਲੈਣ ਤੱਕ ਹੀ ਗੱਲ ਨਹੀਂ ਮੁੱਕਦੀ, ਸਗੋਂ ਇਹ ਦਵਾਈਆਂ ਖਿਡਾਰੀਆਂ ਨੂੰ ਸਰੀਰਕ ਤੌਰ 'ਤੇ ਵੀ ਬਿਲਕੁਲ ਬਰਬਾਦ ਕਰਕੇ ਰੱਖ ਦਿੰਦੀਆਂ ਹਨ। ਜਿੱਥੇ ਜਵਾਨੀ ਵਿੱਚ ਖਿਡਾਰੀ ਰੱਜ ਕੇ ਇਨ੍ਹਾਂ ਦੀ ਵਰਤੋਂ ਕਰਦਾ ਹੈ, ਉਥੇ ਛੇਤੀ ਹੀ ਬੁੱਢਾ ਹੋ ਕੇ ਬਹੁਤ ਕਸ਼ਟ ਸਹਿੰਦਾ ਹੈ ਤੇ ਬੀਤੇ ਵੇਲੇ ਨੂੰ ਝੂਰਦਾ ਵੀ ਹੈ ਪਰ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ। ਇਨ੍ਹਾਂ ਦੀ ਵਰਤੋਂ ਦੇ ਨਾਲ ਮਨੁੱਖ ਨੂੰ ਫ਼ੇਫੜਿਆਂ ਦਾ ਕੈਂਸਰ, ਨਾਮਰਦੀ, ਦਿਲ ਦਾ ਫ਼ੇਲ੍ਹ ਹੋਣਾ ਆਦਿ ਰੋਗ ਲੱਗ ਜਾਂਦੇ ਹਨ ਤੇ ਮਨੁੱਖ ਖੁਸਰਿਆਂ ਵਰਗੀਆਂ ਹਰਕਤਾਂ 'ਤੇ ਉੱਤਰ ਆਉਂਦੇ ਹਨ। ਔਰਤਾਂ ਵਿੱਚ ਬੱਚੇਦਾਨੀ ਦਾ ਕੈਂਸਰ, ਬਾਂਝਪਣ, ਮਾਹਵਾਰੀ ਦਾ ਬੰਦ ਹੋਣਾ ਤੇ ਛਾਤੀ ਚੌੜੀ ਹੋਣ ਵਰਗੇ ਭਿਆਨਕ ਰੋਗ ਲੱਗ ਜਾਂਦੇ ਹਨ, ਸੈਕਸ ਕਰਨ ਨਾਲ ਦਵਾਈਆਂ ਦੇ ਜੀਨਜ਼ ਇੱਕ ਦੂਜੇ ਵਿੱਚ ਪ੍ਰਵੇਸ਼ ਕਰ ਜਾਂਦੇ ਹਨ, ਜਿਨ੍ਹਾਂ ਨਾਲ ਪੈਦਾ ਹੋਣ ਵਾਲੀ ਸੰਤਾਨ 'ਤੇ ਵੀ ਮਾਰੂ ਅਸਰ ਪੈਂਦਾ ਹੈ। ਆਓ ਨਜ਼ਰ ਮਾਰੀਏ ਉਨ੍ਹਾਂ ਖਿਡਾਰੀਆਂ ਦੇ ਪਿਛੋਕੜ 'ਤੇ ਜਿਨ੍ਹਾਂ ਨੂੰ ਇਨ੍ਹਾਂ ਦੀ ਵਰਤੋਂ ਕਰਕੇ ਹੀਰੋ ਤੋ ਜ਼ੀਰੋ ਹੋਣਾ ਪਿਆ ਅਤੇ ਸਖ਼ਤ ਸਜ਼ਾਵਾਂ ਵੀ ਝੱਲਣੀਆ ਪਈਆਂ।

ਫ਼ੁੱਟਬਾਲ ਦੇ ਪ੍ਰਸਿੱਧ ਮਰਹੂਮ ਖਿਡਾਰੀ ਅਰਜਨਟੀਨੀ ਡਿਆਗੋ ਮਾਰਡੋਨਾ ਨੂੰ ਇਨ੍ਹਾਂ ਦੀ ਵਰਤੋਂ ਕਰਕੇ ਭਾਰੀ ਜੁਰਮਾਨਾ ਦੇਣਾ ਪਿਆ ਤੇ ਇਥੋਂ ਤੱਕ ਜੇਲ੍ਹ ਵੀ ਕੱਟੀ। 1988 ਦੀ ਉਲੰਪਿਕ ਵਿੱਚ ਹੀ ਹੰਗਰੀ ਦੇ ਮਸ਼ਹੂਰ ਭਾਰ ਤੋਲਕ ਕਾਲਮਨ ਕਰੀਨਗੀਰੀ ਨੇ ਟੈਸਟੋਸਟ੍ਰਾਨ ਖਾਧੀ ਹੋਈ ਸੀ। ਹੰਗਰੀ ਅਤੇ ਬੁਲਗਾਰੀਆ ਦੀਆਂ ਭਾਰ ਤੋਲਕ ਟੀਮਾਂ ਨੇ ਵੱਡਾ ਤੇ ਜੰਮ ਕੇ ਹੰਗਾਮਾ ਖੜ੍ਹਾ ਕਰ ਦਿੱਤਾ, ਜਦੋਂ ਅੱਧੀ ਤੋਂ ਵੱਧ ਟੀਮ ਦਵਾਈਆਂ ਦੀ ਦੋਸ਼ੀ ਠਹਿਰਾਈ ਗਈ। ਅਫ਼ਗਾਨਿਸਤਾਨ ਦੇ ਅਲੀਦਾਦ, ਬਰਤਾਨੀਆ ਦੇ ਕੈਰੀਥ ਬਰਾਊਨ, ਬੁਲਗਾਰੀਆ ਦੇ ਦੋ ਖਿਡਾਰੀਆਂ ਨੇ ਫ਼ਿਊਰਾਲਮਾਇਡ ਖਾਧੀ ਹੋਈ ਸੀ। ਆਸਟ੍ਰੇਲੀਆ ਦੇ ਅਲੈਗਜ਼ੈਂਡਰ ਵਾਟਸਨ ਨੂੰ ਕੈਫ਼ਿਨ, ਸਪੇਨ ਦੇ ਫ਼ਿਰਾਡੋ ਮਾਰੀਕਾ ਨੂੰ ਏਮ ਪੀਟਾਮਿਨ, ਹੰਗਰੀ ਦੇ ਐਂਡੋਰ ਸਜ਼ਾਨਵੀ ਨੂੰ ਸਟੈਜੋਲਾਲ ਦੀ ਵਰਤੋਂ ਕਰਕੇ ਖੇਡ ਮੁਕਬਲਿਆਂ ਵਿੱਚੋਂ ਬਾਹਰ ਕੱਢ ਦਿੱਤਾ।

(ਬਾਕੀ ਸਫ਼ਾ 31 'ਤੇ)

# ਸੁਰਾਂ ਨਾਲ ਦਿਲ ਜਿੱਤਣ ਵਾਲਾ ਸਰਦੂਲ ਸਿਕੰਦਰ

## ‘ਰੋਡਵੇਜ਼ ਦੀ ਲਾਰੀ’ ਨਾਲ ਲਏ ਸੀ ‘ਜਹਾਜ਼ਾਂ ਦੇ ਝੂਟੇ’

**ਹਨੀ ਸੋਢੀ**

ਮੌਤ ਹਰ ਜਿਉਂਦੀ ਚੀਜ਼ ਨੂੰ ਆਪਣੀ ਬੁੱਕਲ ’ਚ ਲਪੇਟ ਲੈਂਦੀ ਹੈ। ਜਾਣਾ ਦੁਨੀਆਂ ਤੋਂ ਸਾਰਿਆਂ ਨੇ ਹੈ ਪਰ ਉਹ ਫ਼ਨਕਾਰ ਜਿਨ੍ਹਾਂ ਨੇ ਆਪਣੀ ਕਲਾ ਦੀ ਬਦੌਲਤ ਸੱਭਿਆਚਾਰ ਦੀ ਸੇਵਾ ਕੀਤੀ ਹੋਵੇ, ਉਨ੍ਹਾਂ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਭਾਵੇਂ ਹਰ ਵਿਅਕਤੀ ਦਾ ਆਪਣਾ ਪਰਿਵਾਰ, ਸਕੇ-ਸਬੰਧੀਆਂ ਤੇ ਦਾਇਰੇ ’ਚ ਵੱਖਰਾ ਰੁਤਬਾ ਹੁੰਦਾ ਹੈ ਪਰ ਕਲਾਕਾਰ ਸਭ ਦੇ ਸਾਂਝੇ ਹੁੰਦੇ ਹਨ। ਉਨ੍ਹਾਂ ਦੇ ਗੀਤਾਂ ਅਤੇ ਲਿਖਤਾਂ ਨਾਲ ਜੁੜ ਕੇ ਅਸੀਂ ਉਨ੍ਹਾਂ ਨੂੰ ਆਪਣੇ ਪਰਿਵਾਰ ਦਾ ਹਿੱਸਾ ਮੰਨ ਲੈਂਦੇ ਹਾਂ। ਅਜਿਹਾ ਹੀ ਫ਼ਨਕਾਰ ਸੀ ਸੁਰਾਂ ਦਾ ਸਿਕੰਦਰ ‘ਸਰਦੂਲ ਸਿਕੰਦਰ’। 24 ਫ਼ਰਵਰੀ, 2021 ਨੂੰ ਸੱਚਮੁੱਚ ਉਹ ਸੁਰਾਂ ਦਾ ਦਰਿਆ ਵਹਿ ਗਿਆ।

**ਗ਼ਰੀਬੀ ਉਸ ਨੇ ਆਪਣੇ ਪਿੰਡੇ ’ਤੇ ਹੰਢਾਈ**

ਆਪਣੀ ਸਖ਼ਤ ਮਿਹਨਤ ਤੇ ਲਗਨ ਨਾਲ ਉਸ ਨੇ ਲੋਕਾਂ ਦੇ ਦਿਲਾਂ ’ਚ ਆਪਣੀ ਇੱਕ ਵੱਖਰੀ ਜਗ੍ਹਾ ਬਣਾ ਲਈ ਸੀ ਤੇ ਉਸ ਦੇ ਤੁਰ ਜਾਣ ਮਗਰੋਂ ਵੀ ਲੋਕ ਉਸ ਨੂੰ ਚੇਤੇ ਕਰਦੇ ਨੇ। ਉਸ ਦਾ ਗਾਇਆ ਹਰ ਗੀਤ ‘ਮੌਤ ਵੀ ਨਹੀਂ ਆਉਣੀ ਮੈਨੂੰ ਤੇਰੇ ਤੋਂ ਬਗ਼ੈਰ ਨੀਂ’, ‘ਸਾਡਾ ਤੇਰੇ ਕੋਲ ਸਾਮਾਨ ਅਜੇ ਹੋਰ ਵੀ ਪਿਆ ਏ’, ‘ਚਿੱਠੀ ਕਿਹੜੇ ਵਤਨਾਂ ਨੂੰ ਪਾਵਾਂ’, ‘ਕਦੇ ਸਾਡੇ ਵਾਂਗੂ ’ਕੱਲਾ ਬਹਿ ਕੇ ਰੋ ਕੇ ਤਾਂ ਵੇਖੀਂ’, ‘ਸਾਡਿਆਂ ਪਰਾਂ ਤੋਂ ਸਿੱਖੀ ਉੱਡਣਾ’,‘ਖਤ ਟੁਕੜੇ ਟੁਕੜੇ ਕਰ ਦੇਣੇ’, ‘ਨਜ਼ਰਾਂ ਤੋਂ ਗਿਰ ਗਈ ਕੀ ਕਰੀਏ’, ‘ਯਾਰੀ ਪਰਦੇਸੀਆਂ ਦੀ’, ‘ਤੇਰਾ ਲਿਖਦੂ ਸਫ਼ੈਦਿਆਂ ’ਤੇ ਨਾਂ’, ‘ਲੱਗੀਆਂ ਦੇ ਦੁੱਖ ਚੰਦਰੇ’, ‘ਬੇਰੀਆਂ ਦੇ ਬੇਰ ਖਾਣੀਏ’, ‘ਇਸ਼ਕ ਬਰਾਂਡੀ’ ਅੱਜ ਵੀ ਸਰੋਤਿਆਂ ਦੀ ਜ਼ੁਬਾਨ ’ਤੇ ਹੈ। ਉਮਰ ਦਾ ਵੱਡਾ ਹਿੱਸਾ ਸਰਦੂਲ ਦੀ ਸੰਗੀਤ ਨਾਲ ਨੇੜਤਾ ਰਹੀ। ਆਪਣਾ ਸੰਗੀਤਕ ਸਫ਼ਰ ਉਸ ਨੇ ਦੂਰਦਰਸ਼ਨ ਜਲੰਧਰ ਤੋਂ ‘ਰੋਡਵੇਜ਼ ਦੀ ਲਾਰੀ’ ਗੀਤ ਨਾਲ ਸ਼ੁਰੂ ਕੀਤਾ ਸੀ। ਉਸ ਨੂੰ ਪੰਜਾਬੀ ਗਾਇਕੀ ’ਚ ਅਸਲ ਪਛਾਣ ‘ਫੁੱਲਾਂ ਦੀਏ ਕੱਚੀਏ ਵਪਾਰਨੇ’ ਗੀਤ ਨਾਲ ਮਿਲੀ। ਅੱਜ ਵੀ ਹਰ ਕੋਈ ਸਰਦੂਲ ਦੀ ਚੰਗਿਆਈ ਨੂੰ ਚੇਤੇ ਕਰਦਾ।

**ਉਦਾਸ ਗੀਤਾਂ ਨੂੰ ਖੁੱਭ ਕੇ ਗਾਇਆ**

ਮੈਂ ਪਹਿਲਾਂ ਵੀ ਉਸ ਦੇ ਗੀਤ ਸੁਣਦਾ ਸੀ ਤੇ ਉਸ ਦੇ ਤੁਰ ਜਾਣ ਮਗਰੋਂ ਵੀ। ਉਸ ਨੇ ਹਰ ਵੰਨਗੀ ਦੇ ਗੀਤ ਗਾਏ ਪਰ ਉਦਾਸ ਗੀਤਾਂ ਨੂੰ ਜ਼ਿਆਦਾ ਖੁੱਭ ਕੇ ਗਾਇਆ। ਉਸ ਦੇ ਗਾਣੇ ਦੀ ਪੇਸ਼ਕਾਰੀ ’ਚ ਏਨੀ ਸ਼ਿੱਦਤ, ਮੂੰਹੋਂ ਖ਼ੁਦ ਨਿਕਲਦਾ ਕਮਾਲ-ਬਾਕਮਾਲ। ਜਦੋਂ ਉਸ ਦਾ ਗਾਇਆ ਗੀਤ ‘ਤੇਰੇ ਕੋਲੋਂ ਯਾਰਾ ਸਾਨੂੰ ਇਹੋ ਜਿਹੀ ਉਮੀਦ ਨਹੀਂ ਸੀ’ ਸੁਣਦਾ ਤਾਂ ਲੱਗਦਾ ਵਾਕਿਆ ਹੀ ਅਜੇ ਉਸ ਕੋਲੋਂ ਇਹ ਉਮੀਦ ਨਹੀਂ ਸੀ। ਅਜੇ ਸੰਗੀਤ ਤੇ ਪਰਿਵਾਰ ਨੂੰ ਉਸ ਦੀ ਬਹੁਤ ਲੋੜ ਸੀ। ਹਾਲੇ ਹੋਰ ਗਾਉਣ ਦਾ ਵੇਲਾ ਸੀ। ਜਦੋਂ ਉਸ ਦਾ ਗੀਤ ‘ਪੱਤਝੜਾਂ ’ਚ ਪੱਤਿਆਂ ਦਾ ਹਾਲ ਪੁੱਛਦੀ ਏ ਨੀਂ ਤੂੰ ਜਾਣ-ਜਾਣ ਕੇ’ ਕੋਈ ਸੁਣਦਾ ਹੈ ਤਾਂ ਆਪਣੀ ਪੀੜ ਦੇ ਨਾਲ-ਨਾਲ ਉਸ ਦੀ ਪੀੜ ਦਾ ਅਹਿਸਾਸ ਵੀ ਜ਼ਰੂਰ ਹੋਵੇਗਾ। ਪਰਦੇਸੀਆਂ ਬਾਰੇ ਉਸ ਦਾ ਗੀਤ ‘ਲੋਕਾਂ ਦੇ ਪੁੱਤ ਨਿੱਤ ਵਤਨਾਂ ਨੂੰ ਆਉਂਦੇ ਤੇਰਾ ਆਉਂਦਾ ਨਹੀਂ ਚੰਦਰਾ ਜਹਾਜ਼’ ਅੱਜ ਵੀ ਦਿਲਾਂ ’ਚ ਦਰਦ ਨੂੰ ਜਗਾ ਦਿੰਦਾ ਹੈ। ਹਰ ਵਿਆਹ ਵਾਲੀ ਫ਼ਿਲਮ ’ਚ ਡੋਲੀ ਵੇਲੇ ਚੱਲਦਾ ਗੀਤ ‘ਪਿੱਛੋਂ ਵੇਖ-ਵੇਖ ਰੋਵੀਂ ਮੇਰੇ ਗੁੱਡੀਆਂ ਪਟੋਲੇ’ ਸੁਣ ਕੇ ਹਰ ਅੱਖ ’ਚ ਬਿਨਾਂ ਰੋਕਿਆਂ ਹੰਝੂ ਆ ਜਾਂਦੇ। ਜਦੋਂ ਉਸ ਦੇ ਗਾਏ ਉਦਾਸ ਗੀਤ ਸੁਣਦੇ ਤਾਂ ਇਹੀ ਲੱਗਦਾ ਸ਼ਾਇਦ ਉਹ ਗਾਉਂਦਾ ਹੀ ਸਾਡੇ ਲਈ ਸੀ। ਇਹੀ ਨਹੀਂ ਕਿ ਉਸ ਨੇ ਉਦਾਸ ਗੀਤ ਗਾਏ, ਜਦੋਂ ਉਹ ‘ਇੱਕ ਚਰਖਾ ਗਲੀ ਦੇ ਵਿੱਚ ਡਾਹ ਲਿਆ’ ਗੀਤ ਗਾਉਂਦਾ ਤਾਂ ਦਿਲ ਨੱਚਣ ਨੂੰ ਆਪ-ਮੁਹਾਰੇ ਕਰਦਾ।


**ਧਾਰਮਿਕ ਗਾਇਕੀ ’ਚ ਨਾਂ**

ਧਾਰਮਿਕ ਗਾਇਕੀ ’ਚ ਵੀ ਸਰਦੂਲ ਸਿਕੰਦਰ ਨੇ ਸਫ਼ਲਤਾ ਪੱਖੋਂ ਨਵੇਂ ਆਯਾਮ ਤੈਅ ਕੀਤੇ ਹਨ। ‘ਦੇ ਚਰਨਾਂ ਦਾ ਪਿਆਰ, ਮਾਏ ਨੀ ਮੈਨੂੰ ਰੱਖ ਲੈ ਸੇਵਾਦਾਰ’, ‘ਹੋਏ ਨਾ ਦੀਦਾਰ’, ‘ਸ਼ਿਵਾ ਦਾ ਡਮਰੂ ਵੱਜਦਾ’, ਦਵਾਰਾ ਸ਼ੇਰਾਂਵਾਲੀ ਦਾ’, ‘ਦੁੱਖ ਕਟ ਜਾਣਗੇ’, ‘ਸਾਡੇ ਘਰ ਜਗਰਾਤਾ ਹੋਇਆ’, ‘ਆਜਾ ਦਾਤੀਏ’, ‘ਭਗਤ ਧਿਆਨੂ ਵਾਂਗੂ ਨੱਚਣਾ’, ‘ਸਾਨੂੰ ਵੀ ਚਿੱਠੀ ਪਾਈਂ ਦਾਤੀਏ’, ‘ਖੋਲ੍ਹ ਬੂਹੇ ਮੰਦਰਾਂ ਦੇ’ ਉਸ ਦੀਆਂ ਚਰਚਿਤ ਭੇਟਾਂ ਹਨ। ‘ਖ਼ਾਲਸੇ ਦੀ ਚੜ੍ਹਦੀ ਕਲਾ’, ‘ਬਾਬਾ ਨਾਨਕ’, ‘ਪੰਥ ਖ਼ਾਲਸਾ’, ‘ਸੀਸਾਂ ਦੇ ਵਣਜਾਰੇ’ ਜਿਹੇ ਧਾਰਮਿਕ ਗੀਤ ਗਾਏ।

**ਕਦੇ ਨਹੀਂ ਭੁੱਲਣੇ ਉਸ ਦੇ ਗਾਏ ਗੀਤ**

ਭਾਵੇਂ ਸੁਰ ਸਾਧਨਾ ਮਿੱਟੀ ਦੇ ਢੇਰ ਥੱਲੇ ਦੱਬ ਗਈ ਹੈ। ਪਤਾ ਨਹੀਂ ਕੌਣ ਉਸ ਨੂੰ ਕਿੰਨਾ ਕੁ ਚਿਰ ਚੇਤੇ ਰੱਖੇਗਾ ਪਰ ਉਸ ਦੇ ਗਾਣੇ ਕਦੇ ਨਹੀਂ ਭੁੱਲਣੇ। ਉਹ ਕਮਾਲ ਦਾ ਗਵੱਈਆ ਸੀ। ਜਦੋਂ ਕਿਤੇ ਸਟੇਜ ’ਤੇ ਗਾਉਂਦਾ ਤਾਂ ਸਰੋਤੇ ਅਸ਼-ਅਸ਼ ਕਰ ਉੱਠਦੇ ਸਨ। ਜਿਉਂਦੇ ਬੰਦੇ ਦੀ ਸਾਨੂੰ ਅਹਿਮੀਅਤ ਪਤਾ ਨਹੀਂ ਹੁੰਦੀ ਪਰ ਜਦੋਂ ਉਹ ਦੁਨੀਆਂ ਤੋਂ ਰੁਖ਼ਸਤ ਹੋ ਜਾਂਦੈ ਤਾਂ ਉਸ ਦੀ ਘਾਟ ਰੜਕਦੀ ਰਹਿੰਦੀ। ਮਰਨਾ ਸੱਚ ਹੈ, ਸਭ ਦੀ ਵਾਰੀ ਆਉਂਦੀ ਹੈ ਪਰ ਚੰਗੇ ਬੰਦਿਆਂ ਦਾ ਮਰਨਾ ਕਿੰਨਾ ਦੁੱਖਦਾਈ ਹੁੰਦਾ ਹੈ। ਉਸ ਦੇ ਤੁਰ ਜਾਣ ਮਗਰੋਂ ਵੀ ਉਸ ਦੀਆਂ ਗੱਲਾਂ ਚੇਤੇ ਆਉਂਦੀਆਂ ਰਹਿੰਦੀਆਂ। ਅੱਜ ਵੀ ਜਦੋਂ ਕਿਤੇ ਉਸ ਦੇ ਗਾਏ ਗੀਤ ਚੱਲ ਰਹੇ ਹੋਣ ਤਾਂ ਯਾਦ ਕਰ ਅੱਖਾਂ ਨਮ ਹੋ ਜਾਂਦੀਆਂ।

**ਫ਼ਿਲਮਾਂ ’ਚ ਖੱਟਿਆ ਖ਼ੂਬ ਨਾਂ**




ਸਰਦੂਲ ਨੇ ਸਿਰਫ਼ ਗੀਤ ਹੀ ਨਹੀਂ ਗਾਏ, ਫ਼ਿਲਮਾਂ ’ਚ ਵੀ ਖ਼ੂਬ ਨਾਮਣਾ ਖੱਟਿਆ। ਪੰਜਾਬੀ ਫ਼ਿਲਮ ‘ਜੱਗਾ ਡਾਕੂ’ ’ਚ ਉਸ ਨੇ ਪੁਲਿਸ ਇੰਸਪੈਕਟਰ ਦਾ ਕਿਰਦਾਰ ਨਿਭਾਇਆ। ਜਿੰਮੀ ਸ਼ੇਰਗਿੱਲ ਦੀ ਫ਼ਿਲਮ ‘ਮੁੰਡੇ ਯੂਕੇ ਦੇ’ ’ਚ ਉਸ ਵੱਲੋਂ ਗਾਏ ਤੇ ਬਾਬੂ ਸਿੰਘ ਮਾਨ ਦੀ ਕਲਮ ਤੋਂ ਲਿਖੇ ਗੀਤ ‘ਕੁਝ ਬੋਲ ਜ਼ੁਬਾਨੋ ਬੋਲ’ ਨੂੰ ਸਰੋਤਿਆਂ ਖ਼ੂਬ ਸਲਾਹਿਆ। ਪੰਜਾਬੀ ਫ਼ਿਲਮ ‘ਪੁਲਿਸ ਇਨ ਪਾਲੀਵੁੱਡ’ ’ਚ ਭਗਵੰਤ ਮਾਨ ਤੇ ਮਰਹੂਮ ਰਾਜ ਬਰਾੜ ਨਾਲ ਅਹਿਮ ਕਿਰਦਾਰ ਨਿਭਾਇਆ। ‘ਹੀਰੋ’ ਫ਼ਿਲਮ ’ਚ ਉਸ ਨੇ ਜਸਪਿੰਦਰ ਨਰੂਲਾ ਨਾਲ ‘ਮਾਰੀ ਕੋਇਲ ਨੇ ਐਸੀ ਕੂਕ’ ਗੀਤ ਗਾਇਆ। ‘ਦੁਸ਼ਮਣੀ ਜੱਟਾਂ ਦੀ’, ‘ਇਸ਼ਕ ਨਚਾਵੇ ਗਲੀ-ਗਲੀ’ ‘ਪਿਆਸਾ’ ਪੰਜਾਬੀ ਫ਼ਿਲਮਾਂ ’ਚ ਉਸ ਨੇ ਗੀਤਾਂ ਨੂੰ ਆਪਣੀ ਆਵਾਜ਼ ਦਿੱਤੀ।

**ਬਾਕੀਆਂ ਨਾਲੋਂ ਵੱਖਰੀ ਕਲਾ**

ਉਸ ਨੇ ਇਹ ਵੀ ਧਾਰਨਾ ਤੋੜੀ ਕਿ ਗਾਉਣ ਵਾਲੇ ਦਾ ਕਲਾ ਨਾਲ ਤਾਅਲੁਕ ਹੋਣਾ ਚਾਹੀਦਾ, ਗੋਰੇ-ਕਾਲੇ ਰੰਗ ਨਾਲ ਕੀ ਤਾਅਲੁਕ। ਰੰਗ ਤਾਂ ਕੁਦਰਤ ਦੀ ਦੇਣ ਹੈ ਪਰ ਕਲਾ ਤੁਹਾਡੀ ਮਿਹਨਤ। ਇਸ ਦੁਨੀਆ ਤੋਂ ਜਾਣਾ ਸਾਰਿਆਂ ਨੇ ਹੈ, ਅੱਗੜ-ਪਿੱਛੜ ਵਾਰੀ ਸਭ ਦੀ ਆਉਣੀ ਤੈਅ ਹੈ ਪਰ ਸਰਦੂਲ ਦੇ ਬੇਵਕਤੀ ਤੁਰ ਜਾਣ ਦਾ ਦੁੱਖ ਇਸ ਕਰਕੇ ਜ਼ਿਆਦਾ ਹੁੰਦਾ ਕਿਉਂਕਿ ਉਸ ਦੀ ਕਲਾ ਉਸ ਨੂੰ ਬਾਕੀਆਂ ਨਾਲੋਂ ਵੱਖਰਾ ਕਰਦੀ ਹੈ। ਇਹੀ ਕਲਾ ਪ੍ਰਸਿੱਧੀ ਦਿੰਦੀ ਹੈ, ਪੈਸਾ ਦਿੰਦੀ ਹੈ, ਸ਼ੁਹਰਤ ਦਿੰਦੀ ਹੈ ਤੇ ਜਦੋਂ ਮੌਤ ਦਿੰਦੀ ਹੈ ਤਾਂ ਦੇਖਣ-ਸੁਣਨ ਵਾਲਿਆਂ ਦੀਆਂ ਅੱਖਾਂ ’ਚ ਹੰਝੂ ਵੀ ਦੇ ਜਾਂਦੀ ਹੈ। ਉਸ ਦੇ ਤੁਰ ਜਾਣ ਮਗਰੋਂ ਅੱਜ ਹਰ ਗਵੱਈਆ ਉਸ ਦਾ ਗੀਤ ਗਾ ਕੇ ਉਸ ਨੂੰ ਸ਼ਰਧਾਂਜਲੀ ਦਿੰਦੈ।

## ਜਦੋਂ ਦੀਵਾਲੀਆ ਹੋ ਗਿਆ ਸੀ

# ਕਪਿਲ ਸ਼ਰਮਾ



ਅੱਜ ਲੋਕ ਕਾਮੇਡੀਅਨ ਕਪਿਲ ਸ਼ਰਮਾ ਨੂੰ ਉਨ੍ਹਾਂ ਦੇ ਸ਼ੋਅ ‘ਦਿ ਗ੍ਰੇਟ ਇੰਡੀਅਨ ਕਪਿਲ ਸ਼ਰਮਾ ਸ਼ੋਅ’ ਕਾਰਨ ਪਛਾਣਦੇ ਹਨ। ਇਹ ਟੀਵੀ ’ਤੇ ਸਭ ਤੋਂ ਮਸ਼ਹੂਰ ਸ਼ੋਆਂ ਵਿੱਚੋਂ ਇੱਕ ਹੈ ਅਤੇ ਇਸ ਵੇਲੇ ਓ.ਟੀ.ਟੀ. ਪਲੇਟਫਾਰਮ ਨੈਟਫਲਿਕਸ ’ਤੇ ਪ੍ਰਸਾਰਿਤ ਹੋ ਰਿਹਾ ਹੈ।

**ਕਪਿਲ ਨੇ ਉੱਡਾ ਦਿੱਤੇ ਸੀ ਸਾਰੇ ਪੈਸੇ**

ਹਾਲ ਹੀ ’ਚ ਕਪਿਲ ਉਸ ਸਮੇਂ ਸੁਰਖੀਆਂ ’ਚ ਰਹੇ ਸਨ ਜਦੋਂ ਉਨ੍ਹਾਂ ਨੇ ਆਪਣੇ ਸਟਾਰ ਸੁਨੀਲ ਗਰੋਵਰ ਨਾਲ ਬੁਰਾ ਵਿਵਹਾਰ ਕੀਤਾ ਸੀ। ਕਿਹਾ ਜਾ ਰਿਹਾ ਸੀ ਕਿ ਅਦਾਕਾਰ ਦੇ ਸਿਰ ’ਤੇ ਸਟਾਰਡਮ ਚੜ੍ਹ ਗਿਆ ਹੈ ਜਿਸ ਕਾਰਨ ਉਹ ਸਭ ਕੁਝ ਭੁੱਲ ਗਏ ਹਨ। ਇਸ ਤੋਂ ਬਾਅਦ ਕਪਿਲ ਦੇ ਕੈਰੀਅਰ ’ਚ ਵੱਡੀ ਗਿਰਾਵਟ ਆਈ। ਹੁਣ ਹਾਲ ਹੀ ’ਚ ਇੱਕ ਇੰਟਰਵਿਊ ’ਚ ਉਨ੍ਹਾਂ ਨੇ ਇਸ ਬਾਰੇ ਗੱਲ ਕੀਤੀ ਹੈ। ਉਸ ਨੇ ਦੱਸਿਆ ਕਿ ਜਦੋਂ ਉਹ ਫਿਲਮ ਪ੍ਰੋਡਕਸ਼ਨ ਦੀ ਲਾਈਨ ’ਚ ਆਇਆ ਤਾਂ ਉਹ ਕੰਗਾਲ ਹੋ ਗਿਆ ਸੀ।

**ਡਿਪ੍ਰੈਸ਼ਨ ’ਚ ਚਲਾ ਗਿਆ ਸੀ ਕਪਿਲ ਸ਼ਰਮਾ**

ਇੱਕ ਇੰਟਰਵਿਊ ’ਚ ਕਪਿਲ ਸ਼ਰਮਾ ਨੇ ਦੱਸਿਆ ਕਿ ਉਸਨੇ ਫਿਲਮਾਂ ਬਣਾਉਣ ਦਾ ਫੈਸਲਾ ਕਿਵੇਂ ਕੀਤਾ। ਕਾਮੇਡੀਅਨ ਨੇ ਦੱਸਿਆ ਕਿ ਜਦੋਂ ਉਸ ਨੇ ਦੋ ਫਿਲਮਾਂ ਕੀਤੀਆਂ ਤਾਂ ਉਸ ਦਾ ਬੈਂਕ ਬੈਲੇਂਸ ਜ਼ੀਰੋ ਹੋ ਗਿਆ ਅਤੇ ਉਹ ਡਿਪ੍ਰੈਸ਼ਨ ਵਿੱਚ ਚਲਾ ਗਿਆ। ਉਸ ਨੇ ਕਿਹਾ, ‘ਮੇਰਾ ਦਿਮਾਗ਼ ਖਰਾਬ ਹੋ ਗਿਆ। ਮੈਂ ਦੋ ਫ਼ਿਲਮਾਂ ਕੀਤੀਆਂ। ਅਸਲ ਵਿੱਚ ਕੀ ਹੋਇਆ ਕਿ ਮੇਰੇ ਕੋਲ ਬਹੁਤ ਪੈਸਾ ਸੀ। ਮੈਂ ਸੋਚਦਾ ਸੀ ਕਿ ਪੈਸਾ ਇੱਕ ਨਿਰਮਾਤਾ ਨੂੰ ਬਣਾਉਂਦਾ ਹੈ ਪਰ ਸਿਰਫ਼ ਪੈਸਾ ਹੀ ਇੱਕ ਨਿਰਮਾਤਾ ਨਹੀਂ ਬਣਾਉਂਦਾ।’

**ਪਤਨੀ ਨੇ ਇਸ ਤਰ੍ਹਾਂ ਕੀਤੀ ਕਪਿਲ ਸ਼ਰਮਾ ਦੀ ਮਦਦ**

ਕਪਿਲ ਨੇ ਅੱਗੇ ਕਿਹਾ ਕਿ ਪ੍ਰੋਡਕਸ਼ਨ ਲਈ ਹੁਨਰ ਦੀ ਲੋੜ ਹੁੰਦੀ ਹੈ ਅਤੇ ਕੋਈ ਵੀ ਸਿਰਫ਼ ਪੈਸੇ ਦੀ ਵਜ੍ਹਾ ਨਾਲ ਨਿਰਮਾਤਾ ਨਹੀਂ ਬਣ ਜਾਂਦਾ। ਨਿਰਮਾਤਾਵਾਂ ਦੀ ਸੋਚ ਵੱਖਰੀ ਹੈ। ਉਸਦੀ ਸਿਖਲਾਈ ਵੱਖਰੀ ਹੈ। ਮੈਂ ਉਤਪਾਦਨ ਵਿੱਚ ਬਹੁਤ ਸਾਰਾ ਪੈਸਾ ਬਰਬਾਦ ਕੀਤਾ ਅਤੇ ਮੇਰਾ ਬੈਂਕ ਬੈਲੇਂਸ ਜ਼ੀਰੋ ਹੋ ਗਿਆ ਸੀ। ਫਿਰ ਉਸ ਦੀ ਪਤਨੀ ਗਿੰਨੀ ਨੇ ਉਸ ਨੂੰ ਡਿਪ੍ਰੈਸ਼ਨ ਦੇ ਇਸ ਦੌਰ ਤੋਂ ਬਾਹਰ ਆਉਣ ਵਿੱਚ ਮਦਦ ਕੀਤੀ। ਕਪਿਲ ਨੇ ਸਾਲ 2017 ਅਤੇ 2018 ’ਚ ਫਿਰੰਗੀ ਐਂਡ ਸਨ ਆਫ ਮਨਜੀਤ ਸਿੰਘ ਨਾਂ ਦੀਆਂ ਦੋ ਫਿਲਮਾਂ ਪ੍ਰੋਡਿਊਸ ਕੀਤੀਆਂ ਸੀ। ਇਨ੍ਹਾਂ ਦੋਵਾਂ ਫਿਲਮਾਂ ਨੂੰ ਦਰਸ਼ਕਾਂ ਅਤੇ ਆਲੋਚਕਾਂ ਵੱਲੋਂ ਮਿਲੀਆਂ-ਜੁਲੀਆਂ ਸਮੀਖਿਆਵਾਂ ਮਿਲੀਆਂ। ਇਸ ਤੋਂ ਬਾਅਦ ਕਪਿਲ ਦੀਵਾਲੀਆ ਹੋ ਗਿਆ ਅਤੇ ਉਸ ਦੀ ਜੇਬ ’ਚ ਸਿਰਫ 1200 ਰੁਪਏ ਬਚੇ। ਉਹ ਇੱਕ ਦਿਨ ਦੀ ਰੋਟੀ ਲਈ ਵੀ ਸੰਘਰਸ਼ ਕਰਦਾ ਸੀ।



# ਸਾਡੀ ਜ਼ਿੰਦਗੀ ’ਤੇ ਬਣੀ ‘ਦੰਗਲ’ ਫ਼ਿਲਮ ਨੇ ਕਮਾਏ 2 ਹਜ਼ਾਰ ਕਰੋੜ, ਸਾਨੂੰ ਸਿਰਫ਼ 1 ਕਰੋੜ ਮਿਲਿਆ: ਬਬੀਤਾ ਫੋਗਾਟ

ਸਾਬਕਾ ਭਾਰਤੀ ਮਹਿਲਾ ਪਹਿਲਵਾਨ ਬਬੀਤਾ ਫੋਗਾਟ ਨੇ ਬਾਲੀਵੁੱਡ ਫ਼ਿਲਮ ਦੰਗਲ ਨੂੰ ਲੈ ਕੇ ਵੱਡਾ ਖੁਲਾਸਾ ਕੀਤਾ ਹੈ। ਤੁਹਾਨੂੰ ਦੱਸ ਦੇਈਏ ਕਿ ਆਮਿਰ ਖਾਨ ਸਟਾਰਰ ਫਿਲਮ ‘ਦੰਗਲ’ ਗੀਤਾ, ਬਬੀਤਾ ਅਤੇ ਉਨ੍ਹਾਂ ਦੇ ਪਿਤਾ ਮਹਾਵੀਰ ਫੋਗਟ ਦੀ ਕਹਾਣੀ ਤੋਂ ਪ੍ਰੇਰਿਤ ਸੀ। ਇਸ ਫ਼ਿਲਮ ਨੇ ਬਾਕਸ ਆਫਿਸ ’ਤੇ ਚੰਗਾ ਪ੍ਰਦਰਸ਼ਨ ਕੀਤਾ ਸੀ।

ਕੁਸ਼ਤੀ ਤੋਂ ਸੰਨਿਆਸ ਲੈਣ ਤੋਂ ਬਾਅਦ, ਬਬੀਤਾ ਫੋਗਾਟ ਨੇ ਰਾਜਨੀਤਿਕ ਰਾਹ ਅਪਣਾਇਆ ਅਤੇ ਫ਼ਿਲਮ ਦੰਗਲ ਦੇ ਵਿੱਤੀ ਵੇਰਵਿਆਂ ਦਾ ਖੁਲਾਸਾ ਕਰਕੇ ਬਹੁਤ ਸਾਰੇ ਲੋਕਾਂ ਨੂੰ ਹੈਰਾਨ ਕਰ ਦਿੱਤਾ।



ਜਾਣਕਾਰੀ ਮੁਤਾਬਕ ਫ਼ਿਲਮ ਦੰਗਲ ਨੇ 2000 ਕਰੋੜ ਰੁਪਏ ਤੋਂ ਜ਼ਿਆਦਾ ਦੀ ਕਮਾਈ ਕੀਤੀ ਸੀ। ਹਾਲਾਂਕਿ, ਬਬੀਤਾ ਫੋਗਾਟ ਨੇ ਖੁਲਾਸਾ ਕੀਤਾ ਕਿ ਉਨ੍ਹਾਂ ਦੇ ਪਰਿਵਾਰ ਨੂੰ ਨਿਰਮਾਤਾਵਾਂ ਤੋਂ ਸਿਰਫ 1 ਕਰੋੜ ਰੁਪਏ ਮਿਲੇ ਸਨ।

**ਬਬੀਤਾ ਦੇ ਜਵਾਬ ਨੇ ਕੀਤਾ ਹੈਰਾਨ**

ਨਿਊਜ਼ 24 ਨੇ ਬਬੀਤਾ ਫੋਗਾਟ ਨਾਲ ਇੰਟਰਵਿਊ ਕੀਤੀ ਸੀ, ਜਿਸ ’ਚ ਉਨ੍ਹਾਂ ਨੂੰ ਪੁੱਛਿਆ ਗਿਆ ਸੀ, ‘ਦੰਗਲ ਨੇ 2,000 ਕਰੋੜ ਰੁਪਏ ਕਮਾਏ ਤਾਂ ਫੋਗਾਟ ਪਰਿਵਾਰ ਨੂੰ ਸਿਰਫ 1 ਕਰੋੜ ਰੁਪਏ ਮਿਲੇ?’ ਇਸ ’ਤੇ ਬਬੀਤਾ ਫੋਗਟ ਨੇ ਹਾਂ ’ਚ ਜਵਾਬ ਦਿੱਤਾ। ਇਹ ਪੁੱਛੇ ਜਾਣ ’ਤੇ ਕਿ ਕੀ ਫੋਗਾਟ ਪਰਿਵਾਰ ਨੂੰ ਸਿਰਫ 1 ਕਰੋੜ ਰੁਪਏ ਮਿਲਣ ਤੋਂ ਨਿਰਾਸ਼ਾ ਹੋਈ ਕਿਉਂਕਿ ਫ਼ਿਲਮ ਨੇ ਬਾਕਸ ਆਫਿਸ ’ਤੇ ਅੱਗ ਲਗਾਈ, ਬਬੀਤਾ ਨੇ ਕਿਹਾ ਕਿ ਉਸ ਦੇ ਪਰਿਵਾਰ ਦਾ ਉਦੇਸ਼ ਪਿਆਰ ਅਤੇ ਸਨਮਾਨ ਕਮਾਉਣਾ ਹੈ।

ਬਬੀਤਾ ਫੋਗਾਟ ਨੇ ਕਿਹਾ, ‘ਨਹੀਂ, ਪਾਪਾ ਨੇ ਇੱਕ ਗੱਲ ਆਖੀ ਸੀ ਕਿ ਲੋਕਾਂ ਦਾ ਪਿਆਰ ਅਤੇ ਸਨਮਾਨ ਚਾਹੀਦਾ ਹੈ।’ ਇਹ ਫ਼ਿਲਮ ਬਬੀਤਾ, ਉਸ ਦੀ ਵੱਡੀ ਭੈਣ ਗੀਤਾ ਅਤੇ ਉਸ ਦੇ ਪਿਤਾ ਮਹਾਵੀਰ ਫੋਗਾਟ ਦੀ ਕਹਾਣੀ ’ਤੇ ਆਧਾਰਿਤ ਹੈ। ਫ਼ਿਲਮ ਨੇ ਦਿਖਾਇਆ ਕਿ ਕਿਵੇਂ ਮਹਾਵੀਰ ਫੋਗਾਟ ਨੇ ਆਪਣੀਆਂ ਧੀਆਂ ਨੂੰ ਉੱਚ ਦਰਜੇ ਦੇ ਪਹਿਲਵਾਨ ਬਣਾਇਆ, ਜਿਨ੍ਹਾਂ ਨੇ ਦੇਸ਼ ਲਈ ਕਈ ਤਗ਼ਮੇ ਜਿੱਤੇ।

**ਬਬੀਤਾ ਦਾ ਕੈਰੀਅਰ**

ਬਬੀਤਾ ਫੋਗਾਟ ਨੇ 2010 ਦੀਆਂ ਰਾਸ਼ਟਰਮੰਡਲ ਖੇਡਾਂ ਵਿੱਚ ਚਾਂਦੀ ਦਾ ਤਗ਼ਮਾ ਜਿੱਤਿਆ ਸੀ। ਇਸ ਤੋਂ ਬਾਅਦ 2014 ’ਚ ਉਸ ਨੇ ਆਪਣੇ ਪ੍ਰਦਰਸ਼ਨ ’ਚ ਸੁਧਾਰ ਕੀਤਾ ਅਤੇ ਸੋਨ ਤਗ਼ਮਾ ਜਿੱਤਿਆ। ਬਬੀਤਾ ਨੇ 2012 ਵਿੱਚ ਵਿਸ਼ਵ ਕੁਸ਼ਤੀ ਚੈਂਪੀਅਨਸ਼ਿਪ ਵਿੱਚ ਕਾਂਸੀ ਦਾ ਤਗ਼ਮਾ ਜਿੱਤਿਆ ਸੀ। ਬਬੀਤਾ 2016 ਰੀਓ ਉਲੰਪਿਕ ਵਿੱਚ ਭਾਰਤੀ ਦਲ ਦਾ ਹਿੱਸਾ ਸੀ ਪਰ ਉਹ ਤਗ਼ਮਾ ਜਿੱਤਣ ਵਿੱਚ ਅਸਫਲ ਰਹੀ। 2019 ਵਿੱਚ, ਬਬੀਤਾ ਨੇ ਕੁਸ਼ਤੀ ਤੋਂ ਸੰਨਿਆਸ ਲੈ ਲਿਆ ਅਤੇ ਰਾਜਨੀਤੀ ਵਿੱਚ ਆਪਣੀ ਨਵੀਂ ਪਾਰੀ ਸ਼ੁਰੂ ਕੀਤੀ।

## 'ਡੰਕੀ' ਰੂਟ ਰਾਹੀਂ

ਅਜਿਹਾ ਹੋਣ ਵਿੱਚ ਕਈ ਸਾਲ ਲੱਗ ਸਕਦੇ ਹਨ।

ਸੀ.ਐਨ.ਐਨ. ਅਨੁਸਾਰ ਇਸ ਨਾਲ ਭਾਰਤ ਅਤੇ ਅਮਰੀਕਾ ਦੇ ਰਿਸ਼ਤੇ ਵਿਗੜ ਸਕਦੇ ਹਨ। ਇਸ ਰਾਸ਼ਟਰਪਤੀ ਚੋਣ ਵਿੱਚ ਇਮੀਗ੍ਰੇਸ਼ਨ ਇੱਕ ਵੱਡਾ ਮੁੱਦਾ ਬਣਿਆ ਹੋਇਆ ਹੈ। ਸੀ.ਐਨ.ਐਨ ਦੀ ਰਿਪੋਰਟ ਹੈ ਕਿ ਚਾਰ ਸਾਲਾਂ ਵਿੱਚ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖ਼ਲ ਹੋਣ ਵਾਲੇ ਭਾਰਤੀਆਂ ਦੀ ਗਿਣਤੀ ਵਿੱਚ ਨਾਟਕੀ ਵਾਧਾ ਹੋਇਆ ਹੈ। ਸਰਕਾਰੀ ਅੰਕੜਿਆਂ ਅਨੁਸਾਰ 2018-19 ਵਿੱਚ ਇਹ 8097 ਸੀ, ਜੋ 2022-23 ਵਿੱਚ ਵੱਧ ਕੇ 96,917 ਹੋ ਗਈ ਹੈ। ਹਾਲੀਆ ਪਿਊ ਖੋਜ ਦਰਸਾਉਂਦੀ ਹੈ ਕਿ ਸਾਲ 2022 ਤੱਕ ਉਹ ਮੈਕਸੀਕੋ ਅਤੇ ਅਲ ਸਲਵਾਡੋਰ ਤੋਂ ਬਾਅਦ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੋਣ ਵਾਲਾ ਤੀਜਾ ਸਭ ਤੋਂ ਵੱਡਾ ਸਮੂਹ ਬਣ ਗਏ ਹਨ।

ਇਸ ਦਾ ਸਾਫ ਅਰਥ ਹੈ ਕਿ ਭਾਰਤ ਵਿੱਚ ਬੇਰੁਜ਼ਗਾਰੀ, ਭ੍ਰਿਸ਼ਟਾਚਾਰੀ ਸਿਸਟਮ ਹੈ ਤੇ ਮਨੁੱਖੀ ਸੁੱਰਖਿਆ ਤੇ ਸਰਕਾਰੀ ਪ੍ਰਬੰਧਾਂ ਦੀ ਕਮੀ ਹੈ। ਇਸੇ ਕਾਰਨ ਭਾਰਤੀ ਲੋਕ ਦੇਸ ਛੱਡ ਰਹੇ ਹਨ।

***

## ਮੈਂ ਸਮੁੱਚੇ ਅਮਰੀਕੀਆਂ ਦੀ ਆਗੂ ਬਣਕੇ

ਭਵਿੱਖ ਨੂੰ ਲੈ ਕੇ ਚਿੰਤਾ ਪ੍ਰਗਟ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਮਰੀਕੀ ਲੋਕ ਅਜਿਹਾ ਰਾਸ਼ਟਰਪਤੀ ਚਾਹੁੰਦੇ ਹਨ ਜੋ ਆਸ਼ਾਵਾਦੀ ਹੋਵੇ ਤੇ ਉਹ ਅਮਰੀਕੀਆਂ ਨੂੰ ਦਰਪੇਸ਼ ਚੁਨੌਤੀਆਂ ਦਾ ਸਾਹਮਣਾ ਕਰ ਸਕੇ। ਹੈਰਿਸ ਨੇ ਡੋਨਾਲਡ ਟਰੰਪ ਉੱਪਰ ਦੋਸ਼ ਲਾਇਆ ਕਿ ਉਹ ਲੋਕਾਂ ਦੀ ਮੌਲਿਕ ਆਜ਼ਾਦੀ ਖੋਹ ਲੈਣਾ ਚਾਹੁੰਦਾ ਹੈ। ਇਹ ਪੁੱਛੇ ਜਾਣ 'ਤੇ ਕਿ ਉਹ ਚੋਣਾਂ ਵਿੱਚ ਲਿੰਗ ਪਾੜੇ ਨੂੰ ਕਿਵੇਂ ਲੈਂਦੇ ਹਨ ਤੇ ਉਹ ਇਹ ਕਿਉਂ ਸੋਚਦੇ ਹਨ ਕਿ ਉਸ ਨੂੰ ਟਰੰਪ ਦੀ ਤੁਲਨਾ ਵਿੱਚ ਔਰਤਾਂ ਦਾ ਵਧ ਸਮਰਥਨ ਮਿਲ ਰਿਹਾ ਹੈ ਤਾਂ ਹੈਰਿਸ ਨੇ ਕਿਹਾ ਕਿ ਮੈਂ ਇਮਾਨਦਾਰੀ ਨਾਲ ਕਹਿੰਦੀ ਹਾਂ ਕਿ ਅਜਿਹਾ ਮੈਂ ਨਹੀਂ ਸੋਚਦੀ, ਮੇਰੀਆਂ ਰੈਲੀਆਂ ਤੋਂ ਵੀ ਸਪੱਸ਼ਟ ਹੈ ਕਿ ਅਜਿਹਾ ਨਹੀਂ ਹੈ। ਰੈਲੀਆਂ ਵਿੱਚ ਔਰਤਾਂ ਤੇ ਮਰਦਾਂ ਦੀ ਬਰਾਬਰ ਸ਼ਮੂਲੀਅਤ ਹੁੰਦੀ ਹੈ। ਜ਼ਮੀਨੀ ਪੱਧਰ 'ਤੇ ਮਰਦ ਤੇ ਔਰਤਾਂ ਦੋਨੋਂ ਹੀ ਦੇਸ਼ ਦੇ ਭਵਿੱਖ ਨੂੰ ਲੈ ਕੇ ਚਿੰਤਤ ਹਨ। ਉਹ ਚਾਹੁੰਦੇ ਹਨ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਹੱਲ ਹੋਣ, ਇਹ ਸਮੱਸਿਆਵਾਂ ਭਾਵੇਂ ਵਧ ਰਹੀ ਮਹਿਂਗਾਈ ਨਾਲ ਸਬੰਧਿਤ ਹੋਣ ਜਾਂ ਛੋਟੇ ਕਾਰਬਾਰਾਂ ਵਿੱਚ ਨਿਵੇਸ਼ ਜਾਂ ਘਰ ਖਰੀਦਣ ਨਾਲ ਸਬੰਧਿਤ ਹੋਣ। ਹੈਰਿਸ ਨੇ ਹੋਰ ਕਿਹਾ ਕਿ ਅਸਲ ਵਿੱਚ ਉਹ ਕਿਸੇ ਕਿਸਮ ਦੇ ਵਖਰੇਵੇਂ ਵਿੱਚ ਵਿਸ਼ਵਾਸ ਨਹੀਂ ਰੱਖਦੀ ਤੇ ਉਹ ਸਮੁੱਚੇ ਅਮਰੀਕੀਆਂ ਦੀ ਰਾਸ਼ਟਰਪਤੀ ਬਣਨਾ ਚਾਹੁੰਦੀ ਹੈ। ਉਹ ਲੋਕਾਂ ਦੀ ਮੌਲਿਕ ਆਜ਼ਾਦੀ ਨੂੰ ਕਾਇਮ ਰੱਖਣ, ਔਰਤ ਆਪਣੇ ਸਰੀਰ ਬਾਰੇ ਖੁਦ ਨਿਰਨਾ ਲੈਣ ਲਈ ਆਜ਼ਾਦ ਹੋਵੇ ਤੇ ਸਭ ਲਈ ਬਰਾਬਰ ਮੌਕਿਆਂ ਦੇ ਨਾਲ ਨਾਲ ਲੋਕਾਂ ਦੀਆਂ ਨਿੱਜੀ ਆਰਥਕ ਲੋੜਾਂ ਤੇ ਪਰਿਵਾਰਕ ਲੋੜਾਂ ਨੂੰ ਤਰਜੀਹ ਦੇਵੇਗੀ। ਹੈਰਿਸ ਨੇ ਕਿਹਾ ਇਸ ਦੇ ਨਾਲ ਹੀ ਸਾਨੂੰ ਮਜ਼ਬੂਤੀ ਨਾਲ ਕੌਮਾਂਤਰੀ ਪੱਧਰ 'ਤੇ ਖੜੇ ਹੋਣਾ ਪਵੇਗਾ। ਉਨ੍ਹਾਂ ਸਰਹੱਦ ਮੁੱਦੇ 'ਤੇ ਬੋਲਦਿਆਂ ਕਿਹਾ ਕਿ ਉਹ ਸਰਹੱਦੀ ਸੁਰੱਖਿਆ ਨੂੰ ਉੱਚ ਤਰਜੀਹ ਦੇਵੇਗੀ ਤੇ ਸਾਧਨਾਂ ਦੀ ਵਰਤੋਂ ਸਰਹੱਦਾਂ ਸੁਰੱਖਿਅਤ ਕਰਨ ਲਈ ਕੀਤੀ ਜਾਵੇਗੀ।

ਹੈਰਿਸ ਨੇ ਵਾਅਦਾ ਕੀਤਾ ਕਿ ਜੇ ਉਹ ਰਾਸ਼ਟਰਪਤੀ ਬਣ ਗਈ ਤਾਂ ਦੋਨਾਂ ਧਿਰਾਂ ਦੀ ਸਹਿਮਤੀ ਵਾਲਾ ਸਰਹੱਦ ਸੁਰੱਖਿਆ ਬਿੱਲ ਲਿਆਵੇਗੀ ਤੇ ਇਸ ਨੂੰ ਕਾਨੂੰਨ ਵਿੱਚ ਬਦਲੇਗੀ। ਜਿਸ ਬਿੱਲ ਨੂੰ ਟਰੰਪ ਦੇ ਇਸ਼ਾਰੇ 'ਤੇ ਰਿਪਬਲੀਕਨਾਂ ਨੇ ਪਾਸ ਨਹੀਂ ਸੀ ਹੋਣ ਦਿੱਤਾ। ਉਨ੍ਹਾਂ ਕਿਹਾ ਕਿ ਟਰੰਪ ਸਮੱਸਿਆਵਾਂ ਨੂੰ ਜਿਉਂ ਦਾ ਤਿਉਂ ਰੱਖਣਾ ਚਾਹੁੰਦੇ ਹਨ। ਉਨ੍ਹਾਂ ਹੋਰ ਕਿਹਾ ਕਿ ਸਾਡੇ ਇਮੀਗ੍ਰੇਸ਼ਨ ਸਿਸਟਮ ਵਿੱਚ ਖ਼ਾਮੀਆਂ ਹਨ ਜਿਨ੍ਹਾਂ ਨੂੰ ਦੂਰ ਕਰਨ ਦੀ ਲੋੜ ਹੈ।

***

## ਕੈਨੇਡਾ 'ਚ ਪਰਵਾਸੀਆਂ ਦੀ

ਇਮੀਗ੍ਰੇਸ਼ਨ ਨੂੰ ਨਕਾਰਨ ਦੇ ਕਾਰਨਾਂ ਬਾਰੇ ਕੈਨੇਡਿਆਈ ਨਾਗਰਿਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਚਿੰਤਾ ਹੈ ਕਿ ਨਵੇਂ ਆਉਣ ਵਾਲੇ ਪਰਵਾਸੀ ਰਿਹਾਇਸ਼ ਤੇ ਮਹਿੰਗਾਈ ਨਾਲ ਕਿਵੇਂ ਨਜਿੱਠਣਗੇ। ਇਸ ਤੋਂ ਇਲਾਵਾ ਦੇਸ਼ ਵਿੱਚ ਹੱਦੋਂ ਵੱਧ ਆਬਾਦੀ ਹੋਣ ਨਾਲ ਜਨਤਕ ਵਿੱਤ 'ਤੇ ਬੋਝ ਵਧੇਗਾ।

'ਦਿ ਏਸ਼ੀਆ ਪੈਸੇਫਿਕ ਪੋਸਟ' ਦਾ ਕਹਿਣਾ ਹੈ ਕਿ 2024 ਤੋਂ 2026 ਲਈ ਕੈਨੇਡਾ ਦੀ ਤਾਜ਼ਾ ਇਮੀਗ੍ਰੇਸ਼ਨ ਲੈਵਲ ਯੋਜਨਾ ਮੁਤਾਬਕ 2024 ਵਿੱਚ ਦੇਸ਼ 4,85,000 ਪਰਵਾਸੀਆਂ ਦਾ ਸਵਾਗਤ ਕਰਨ ਲਈ ਤਿਆਰ ਹੈ ਜਦਕਿ 2025 ਤੇ 2026 ਵਿੱਚ 500,000 ਹੋਰ ਪਰਵਾਸੀਆਂ ਨੂੰ ਕੈਨੇਡਾ ਆਉਣ ਦਾ ਸੱਦਾ ਦਿੱਤਾ ਜਾਵੇਗਾ।

***

## 1984 ਸਿੱਖ ਨਸਲਕੁਸ਼ੀ ਮਾਮਲੇ 'ਚ ਸੱਜਣ

ਅਪੀਲ ਨੂੰ ਵੀ ਸਵੀਕਾਰ ਕਰ ਲਿਆ ਅਤੇ ਰਜਿਸਟਰੀ ਨੂੰ ਮੌਜੂਦਾ ਮੁਲਜ਼ਮਾਂ ਖ਼ਿਲਾਫ਼ 1984 ਦੇ ਦੰਗਿਆਂ ਨਾਲ ਸਬੰਧਤ ਹੋਰ ਅਪੀਲਾਂ ਬਾਰੇ ਰਿਪੋਰਟ ਪੇਸ਼ ਕਰਨ ਲਈ ਕਿਹਾ। ਸਪੈਸ਼ਲ ਜੱਜ ਗੀਤਾਂਜਲੀ ਗੋਇਲ ਨੇ 20 ਸਤੰਬਰ, 2023 ਨੂੰ ਇਸ ਮਾਮਲੇ ਵਿੱਚ ਸੱਜਣ ਕੁਮਾਰ ਨੂੰ ਬਰੀ ਕਰਦੇ ਹੋਏ ਉਸ ਨੂੰ ਸ਼ੱਕ ਦਾ ਲਾਭ ਦਿੱਤਾ ਸੀ ਅਤੇ ਕਿਹਾ ਸੀ ਕਿ ਮੁਕੱਦਮੇ ਦੇ ਦੋਸ਼ੀ ਖ਼ਿਲਾਫ਼ ਦੋਸ਼ਾਂ ਨੂੰ ਵਾਜਬ ਸ਼ੱਕ ਤੋਂ ਪਰੇ ਸਾਬਤ ਕਰਨ ਵਿੱਚ ਅਸਫ਼ਲ ਰਿਹਾ ਹੈ। ਹੇਠਲੀ ਅਦਾਲਤ ਨੇ ਦੋ ਹੋਰ ਦੋਸ਼ੀਆਂ ਵੇਦ ਪ੍ਰਕਾਸ਼ ਪਾਇਲ ਅਤੇ ਬ੍ਰਹਮਾਨੰਦ ਗੁਪਤਾ ਨੂੰ ਵੀ ਇਹ ਕਹਿੰਦੇ ਹੋਏ ਬਰੀ ਕਰ ਦਿੱਤਾ ਸੀ ਕਿ ਮੁਕੱਦਮੇ ਦੇ ਦੋਸ਼ੀ ਉਨ੍ਹਾਂ ਦੇ ਖ਼ਿਲਾਫ਼ ਕਤਲ ਅਤੇ ਦੰਗਿਆਂ ਦੇ ਦੋਸ਼ਾਂ ਨੂੰ ਸਾਬਤ ਕਰਨ ਵਿੱਚ ਅਸਫਲ ਰਿਹਾ ਹੈ।

ਜ਼ਿਕਰਯੋਗ ਹੈ ਕਿ 31 ਅਕਤੂਬਰ 1984 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਉਨ੍ਹਾਂ ਦੇ ਸਿੱਖ ਅੰਗ ਰੱਖਿਅਕਾਂ ਵੱਲੋਂ ਹੱਤਿਆ ਕਰ ਦਿੱਤੀ ਗਈ ਸੀ, ਜਿਸ ਤੋਂ ਬਾਅਦ ਦੰਗੇ ਭੜਕ ਗਏ ਸਨ। ਸੁਲਤਾਨਪੁਰੀ ਵਿੱਚ ਵਾਪਰੀ ਇੱਕ ਘਟਨਾ ਵਿੱਚ ਸੁਰਜੀਤ ਸਿੰਘ ਨਾਂ ਦਾ ਸਿੱਖ ਵਿਅਕਤੀ ਮਾਰਿਆ ਗਿਆ ਸੀ। ਸੱਜਣ ਕੁਮਾਰ ਖ਼ਿਲਾਫ਼ ਭਾਰਤੀ ਦੰਡਾਵਲੀ (ਆਈ.ਪੀ.ਸੀ.) ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ। ਦੰਗਿਆਂ ਨਾਲ ਸਬੰਧਿਤ ਇੱਕ ਹੋਰ ਮਾਮਲੇ ਵਿੱਚ ਦੋਸ਼ੀ ਕਰਾਰ ਦਿੱਤੇ ਜਾਣ ਤੋਂ ਬਾਅਦ ਉਹ ਇਸ ਸਮੇਂ ਤਿਹਾੜ ਜੇਲ੍ਹ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ।

***

## ਇਰਾਨ- ਇਜ਼ਰਾਇਲ ਵਿੱਚ ਛਿੜ

ਉਹ ਅਜੇ ਵੀ ਇਰਾਨੀ ਲੋਕਾਂ ਦੀ ਤਾਕਤ ਅਤੇ ਦ੍ਰਿੜਤਾ ਨੂੰ ਚੰਗੀ ਤਰ੍ਹਾਂ ਨਹੀਂ ਸਮਝ ਸਕੇ ਹਨ। ਅਸੀਂ ਉਨ੍ਹਾਂ ਨੂੰ ਇਹ ਗੱਲਾਂ ਸਮਝਾਉਣੀਆਂ ਹਨ। ਖਾਮਨੇਈ ਨੇ ਕਿਹਾ ਕਿ ਸਾਡੇ ਅਧਿਕਾਰੀਆਂ ਨੂੰ ਮੁਲਾਂਕਣ ਕਰਨਾ ਚਾਹੀਦਾ ਹੈ ਅਤੇ ਸਮਝਣਾ ਚਾਹੀਦਾ ਹੈ ਕਿ ਦੁਸ਼ਮਣ ਨੂੰ ਇਰਾਨੀ ਲੋਕਾਂ ਦੀ ਤਾਕਤ ਦਿਖਾਉਣ ਲਈ ਹੁਣ ਕੀ ਕਰਨਾ ਚਾਹੀਦਾ ਹੈ ਅਤੇ ਜੋ ਵੀ ਇਸ ਦੇਸ਼ ਦੇ ਹਿੱਤ ਵਿੱਚ ਹੈ, ਉਹ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਯਹੂਦੀ ਹਕੂਮਤ (ਇਜ਼ਰਾਇਲ) ਨੇ ਗਲਤ ਕਦਮ ਚੁੱਕਿਆ ਸੀ। ਸਾਨੂੰ ਉਨ੍ਹਾਂ ਨੂੰ ਇਰਾਨੀ ਲੋਕਾਂ ਦੀ ਤਾਕਤ ਨੂੰ ਸਮਝਾਉਣਾ ਹੋਵੇਗਾ।

ਗੌਰ ਕੀਤੀ ਜਾਵੇ ਤਾਂ ਦੋਵੇਂ ਮੁਲਕਾਂ ਨੇ ਘੱਟ ਹੀ ਸੰਜਮ ਵਰਤਿਆ ਹੈ ਪਰ ਇਨ੍ਹਾਂ ਨੂੰ ਆਪਸੀ ਤਬਾਹੀ ਦੇ ਇਸ ਰਾਹ ਉੱਤੇ ਚੱਲਣ ਤੋਂ ਪਹਿਲਾਂ ਗੰਭੀਰ ਸੋਚ-ਵਿਚਾਰ ਕਰਨ ਦੀ ਲੋੜ ਹੈ ਜਿਸ ਦੇ ਨਾ ਕੇਵਲ ਪੱਛਮੀ ਏਸ਼ੀਆ ਬਲਕਿ ਪੂਰੇ ਸੰਸਾਰ ਲਈ ਗੰਭੀਰ ਨਤੀਜੇ ਨਿਕਲਣਗੇ।

***

## ਦੇਸ਼ ਦੇ ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ 'ਚ ਚੌਥੇ ਸਥਾਨ 'ਤੇ

312 ਦੇ ਏ.ਕਿਊ.ਆਈ. ਦੇ ਨਾਲ ਗ੍ਰੇਟਰ ਨੋਇਡਾ ਦੇਸ਼ ਵਿੱਚ ਤੀਜੇ ਅਤੇ 304 ਦੇ ਨਾਲ ਨੋਇਡਾ ਪੰਜਵੇਂ ਸਥਾਨ 'ਤੇ ਰਿਹਾ। ਐਨ.ਸੀ.ਆਰ. ਦੇ ਹੋਰ ਸ਼ਹਿਰਾਂ ਵਿੱਚ, ਗੁਰੂਗ੍ਰਾਮ ਵਿੱਚ ਏ.ਕਿਊ.ਆਈ. 239 ਸੀ, ਜਦੋਂ ਕਿ ਫਰੀਦਾਬਾਦ ਵਿੱਚ ਇਹ 208 ਸੀ। ਦਿੱਲੀ-ਐਨ.ਸੀ.ਆਰ. ਤੋਂ ਇਲਾਵਾ, ਪੂਰੇ ਦੇਸ਼ ਵਿੱਚ ਅੰਮ੍ਰਿਤਸਰ ਹੀ ਇੱਕ ਅਜਿਹਾ ਸ਼ਹਿਰ ਸੀ ਜਿੱਥੇ ਹਵਾ ਬਹੁਤ ਮਾੜੀ ਸ਼੍ਰੇਣੀ ਵਿੱਚ ਸੀ ਅਤੇ ਏ.ਕਿਊ.ਆਈ. 310 ਦਰਜ ਕੀਤਾ ਗਿਆ ਸੀ।

ਮੌਸਮ ਵਿਭਾਗ ਮੁਤਾਬਕ ਅਗਲੇ ਸੱਤ ਦਿਨਾਂ ਤੱਕ ਇਸ ਸਥਿਤੀ ਨੂੰ ਬਦਲਣ ਲਈ ਕੋਈ ਮੌਸਮੀ ਹਾਲਾਤ ਪੈਦਾ ਨਹੀਂ ਕੀਤੇ ਜਾ ਰਹੇ ਹਨ। ਚਾਰ ਦਿਨਾਂ ਬਾਅਦ ਦਿਵਾਲੀ ਦੇ ਮੱਦੇਨਜ਼ਰ ਸਥਿਤੀ ਹੋਰ ਵਿਗੜ ਸਕਦੀ ਹੈ।

ਦਿਵਾਲੀ ਤੋਂ ਪਹਿਲਾਂ ਕੀਤੇ ਗਏ ਇੱਕ ਸਰਵੇ 'ਚ ਦਾਅਵਾ ਕੀਤਾ ਗਿਆ ਹੈ ਕਿ ਇਸ ਵਾਰ ਦਿੱਲੀ-ਐੱਨ.ਸੀ.ਆਰ. ਦੇ 18 ਫੀਸਦੀ ਲੋਕ ਤਿਉਹਾਰ 'ਤੇ ਪਟਾਕੇ ਚਲਾਉਣ ਦੀ ਤਿਆਰੀ ਕਰ ਰਹੇ ਹਨ। ਹਾਲਾਂਕਿ ਇਹ ਖ਼ੁਸ਼ੀ ਦੀ ਗੱਲ ਹੈ ਕਿ ਸਰਵੇ ਵਿੱਚ ਸ਼ਾਮਲ 55 ਫੀਸਦੀ ਲੋਕਾਂ ਨੇ ਪਟਾਕੇ ਚਲਾਉਣ ਤੋਂ ਇਨਕਾਰ ਕਰ ਦਿੱਤਾ ਹੈ। ਨੌਂ ਫੀਸਦੀ ਲੋਕ ਅਜਿਹੇ ਹਨ ਜਿਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੂੰ ਪਤਾ ਹੈ ਕਿ ਐਨ.ਸੀ.ਆਰ. ਵਿੱਚ ਪਾਬੰਦੀ ਦੇ ਬਾਵਜੂਦ ਉਨ੍ਹਾਂ ਨੂੰ ਪਟਾਕੇ ਕਿੱਥੋਂ ਮਿਲ ਸਕਦੇ ਹਨ ਅਤੇ ਉਹ ਪਟਾਕੇ ਵੀ ਖਰੀਦਣ ਜਾ ਰਹੇ ਹਨ। ਲੋਕਲ ਸਰਕਲ ਨਾਂ ਦੀ ਏਜੰਸੀ ਨੇ 10,526 ਲੋਕਾਂ ਨਾਲ ਗੱਲ ਕਰਨ ਤੋਂ ਬਾਅਦ ਇਹ ਸਰਵੇਖਣ ਜਾਰੀ ਕੀਤਾ।

ਖ਼ਰਾਬ ਹਵਾ ਦੀ ਗੁਣਵੱਤਾ ਕਾਰਨ ਦਿੱਲੀ-ਐਨ.ਸੀ.ਆਰ. ਵਿੱਚ ਧੂੰਏਂ ਦੀ ਚਾਦਰ ਛਾਈ ਹੋਈ ਹੈ। ਮੌਸਮ ਵਿਭਾਗ ਦਾ ਕਹਿਣਾ ਹੈ ਕਿ ਹਵਾਵਾਂ ਦੀ ਦਿਸ਼ਾ ਬਦਲਣ ਅਤੇ ਇਨ੍ਹਾਂ ਦੀ ਘਟਦੀ ਰਫ਼ਤਾਰ ਕਾਰਨ ਸਥਿਤੀ ਵਿਗੜ ਗਈ ਹੈ। ਲੋਕਾਂ ਨੂੰ ਸਾਹ ਲੈਣ ਵਿੱਚ ਦਿੱਕਤ ਅਤੇ ਅੱਖਾਂ ਵਿੱਚ ਜਲਨ ਮਹਿਸੂਸ ਹੋ ਰਹੀ ਹੈ। ਇੰਡੀਅਨ ਇੰਸਟੀਚਿਊਟ ਆਫ ਟ੍ਰੋਪਿਕਲ ਮੈਟਰੋਲੋਜੀ (ਆਈ.ਆਈ.ਟੀ.ਐਮ.) ਦੇ ਅਨੁਸਾਰ, ਐਤਵਾਰ ਨੂੰ ਦੱਖਣ-ਪੂਰਬੀ ਦਿਸ਼ਾ ਤੋਂ ਹਵਾ ਚੱਲੀ। ਇਸ ਦੌਰਾਨ ਹਵਾ ਦੀ ਰਫ਼ਤਾਰ 8 ਕਿਲੋਮੀਟਰ ਪ੍ਰਤੀ ਘੰਟਾ ਰਹੀ।

ਡੀਸੀਜ਼ਨ ਸਪੋਰਟ ਸਿਸਟਮ (ਡੀ.ਐਸ.ਐਸ.) ਦੇ ਅਨੁਸਾਰ, ਐਤਵਾਰ ਨੂੰ ਹਵਾ ਵਿੱਚ ਵਾਹਨਾਂ ਦੇ ਧੂੰਏਂ ਕਾਰਨ ਹੋਣ ਵਾਲੇ ਪ੍ਰਦੂਸ਼ਣ ਦਾ ਹਿੱਸਾ 13.028 ਪ੍ਰਤੀਸ਼ਤ ਸੀ, ਜਦੋਂ ਕਿ ਕੂੜਾ ਸਾੜਨ ਨਾਲ ਹੋਣ ਵਾਲੇ ਪ੍ਰਦੂਸ਼ਣ ਦਾ ਹਿੱਸਾ 1.208 ਪ੍ਰਤੀਸ਼ਤ ਸੀ। ਸ਼ਨੀਵਾਰ ਨੂੰ ਪ੍ਰਦੂਸ਼ਣ 'ਚ ਪਰਾਲੀ ਦੇ ਧੂੰਏਂ ਦੀ ਹਿੱਸੇਦਾਰੀ 5.5023 ਫੀਸਦੀ ਸੀ।

***

## ਸਾਬਕਾ ਪੁਲਿਸ ਅ਼ਫ਼ਸਰ ਸੈਣੀ ਮਾਮਲੇ ਵਿੱਚ

ਗ਼ਲਤ ਘੋਸ਼ਿਤ ਕੀਤਾ। ਬਲਵੰਤ ਸਿੰਘ ਮੁਲਤਾਨੀ ਦੇ ਭਰਾ ਪਲਵਿੰਦਰ ਸਿੰਘ ਮੁਲਤਾਨੀ ਦੀ ਸ਼ਿਕਾਇਤ 'ਤੇ 7 ਮਈ 2020 ਨੂੰ ਮੁੜ ਤੋਂ ਸੁਮੇਧ ਸਿੰਘ ਸੈਣੀ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਸੀ।

ਪਲਵਿੰਦਰ ਮੁਲਤਾਨੀ ਵਲੋਂ ਕੇਸ ਲੜ ਰਹੇ ਵਕੀਲ ਪ੍ਰਦੀਪ ਵਿਰਕ ਨੇ ਦੱਸਿਆ ਕਿ ਸੈਣੀ ਅਤੇ 7 ਹੋਰਾਂ ਖ਼ਿਲਾਫ਼ ਧਾਰਾ 364, 201, 344, 330 ਅਤੇ 120ਬੀ ਦੇ ਨਾਲ ਅਦਾਲਤ ਦੇ ਹੁਕਮਾਂ ਤੋਂ ਬਾਅਦ ਧਾਰਾ 302 (ਕਤਲ ਦੀ ਧਾਰਾ) ਵੀ ਜੋੜ ਲਈ ਗਈ ਸੀ।

ਕੌਣ ਸੀ ਬਲਵੰਤ ਸਿੰਘ ਮੁਲਤਾਨੀ ?

ਬਲਵੰਤ ਸਿੰਘ ਮੁਲਤਾਨੀ ਤਤਕਾਲੀ ਆਈ.ਏ.ਐੱਸ. ਅਧਿਕਾਰੀ ਦਰਸ਼ਨ ਸਿੰਘ ਮੁਲਤਾਨੀ ਦੇ ਪੁੱਤਰ ਸਨ। ਬਲਵੰਤ ਸਿੰਘ ਚੰਡੀਗੜ੍ਹ ਇੰਡਸਟ੍ਰਿਅਲ ਐਂਡ ਟੂਰਿਜ਼ਮ ਡਿਵੈਲਪਮੈਂਟ ਕੌਰਪੋਰੇਸ਼ਨ (ਸਿਟਕੋ) ਵਿੱਚ ਕੰਮ ਕਰਦੇ ਸਨ।

ਬਲਵੰਤ ਸਿੰਘ ਨੇ ਸਿਵਲ ਇੰਜੀਨੀਅਰਿੰਗ ਦੀ ਡਿਗਰੀ ਹਾਸਲ ਕੀਤੀ ਹੋਈ ਸੀ ਅਤੇ ਉਹ ਮਈ, 1989 ਤੋਂ ਚੰਡੀਗੜ੍ਹ ਵਿੱਚ ਹੀ ਸਿਟਕੋ ਵਿੱਚ ਜੂਨੀਅਰ ਇੰਜੀਨੀਅਰ ਵਜੋਂ ਕੰਮ ਕਰ ਰਹੇ ਸਨ।

31 ਦਸੰਬਰ, 1991 ਤੱਕ ਉਨ੍ਹਾਂ ਨੂੰ ਐਸ.ਡੀ.ਓ ਵਜੋਂ ਤਰੱਕੀ ਦਿੱਤੀ ਜਾਣੀ ਸੀ।

ਉਨ੍ਹਾਂ ਦਾ ਅਜੇ ਵਿਆਹ ਨਹੀਂ ਹੋਇਆ ਸੀ ਅਤੇ ਹਾਦਸੇ ਵੇਲੇ ਉਹ 28 ਸਾਲਾਂ ਦੇ ਸਨ।

***

## ਹਰੇਕ ਭਾਈਚਾਰੇ ਨੂੰ ਆਪਣੇ ਜੀਵਨ ਵਿੱਚ

ਸਿੱਖ ਭਾਈਚਾਰੇ ਦੀ ਨੁਮਾਇੰਦਗੀ ਸਿੱਖਸ ਆਫ਼ ਡੀ.ਐਮ.ਵੀ ਦੇ ਡਾ: ਸੁਰਿੰਦਰ ਸਿੰਘ ਗਿੱਲ ਅਤੇ ਦਵਿੰਦਰ ਸਿੰਘ ਗਿੱਲ ਨੇ ਕੀਤੀ। ਜਿਨ੍ਹਾਂ ਨੇ ਆਪਣੇ ਭਾਈਚਾਰੇ ਨੂੰ ਦਿਵਾਲੀ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ।

ਇਸ ਸਮਾਗਮ ਵਿੱਚ ਪੀ.ਟੀ.ਆਈ. ਤੋਂ ਲਲਿਤ ਝਾਅ ਅਤੇ ਪੰਜਾਬੀ ਮੀਡੀਆ ਤੋਂ ਸੁਰਮੁਖ ਸਿੰਘ ਮਣਕੂ ਸਮੇਤ ਮਾਨਤਾ ਪ੍ਰਾਪਤ ਪੱਤਰਕਾਰਾਂ ਨੇ ਤਿਉਹਾਰਾਂ ਦਾ ਦਸਤਾਵੇਜ਼ੀਕਰਨ, ਜੀਵੰਤ ਮਾਹੌਲ ਅਤੇ ਸੱਭਿਆਚਾਰਕ ਵਿਭਿੰਨਤਾ ਦਾ ਸਨਮਾਨ ਕਰਨ ਲਈ ਵ੍ਹਾਈਟ ਹਾਊਸ ਦੀ ਵਚਨਬੱਧਤਾ ਨੂੰ ਦਰਸਾਉਂਦੇ ਹੋਏ, ਵਿਆਪਕ ਮੀਡੀਆ ਕਵਰੇਜ ਦੇਖੀ।

ਵ੍ਹਾਈਟ ਹਾਊਸ ਦਿਵਾਲੀ ਦੇ ਜਸ਼ਨ ਨੇ ਹਾਜ਼ਰੀਨ 'ਤੇ ਇੱਕ ਯਾਦਗਾਰੀ ਪ੍ਰਭਾਵ ਛੱਡਿਆ, ਜਿਸ ਵਿੱਚ ਬਲਵੀਰ ਸਿੰਘ, ਨਿਊ ਜਰਸੀ ਰਾਜ ਦੇ ਕਮਿਸ਼ਨਰ ਵੀ ਸ਼ਾਮਲ ਸਨ। ਬਲਬੀਰ ਸਿੰਘ ਨੇ ਸਿੱਖ ਭਾਈਚਾਰੇ ਦੀ ਮਾਮੂਲੀ ਸ਼ਮੂਲੀਅਤ ਨੂੰ ਨੋਟ ਕੀਤਾ ਅਤੇ ਭਵਿੱਖ ਦੇ ਸਮਾਗਮਾਂ ਵਿੱਚ ਵਧੇਰੇ ਸ਼ਮੂਲੀਅਤ ਦੀ ਉਮੀਦ ਪ੍ਰਗਟਾਈ। ਡਾ: ਸੁਰਿੰਦਰ ਐਸ. ਗਿੱਲ ਕੋ-ਚੇਅਰ ਇੰਟਰਨੈਸ਼ਨਲ ਫੋਰਮ ਯੂ.ਐਸ.ਏ. ਨੇ ਆਪਣਾ ਪੱਖ ਸਾਂਝਾ ਕੀਤਾ ਕਿ ਸਿੱਖ ਭਾਈਚਾਰਾ ਅਗਲੇ ਸਾਲ ਵ੍ਹਾਈਟ ਹਾਊਸ ਵਿਖੇ ਵਿਸਾਖੀ ਮਨਾਉਣ ਲਈ ਉਤਸੁਕ ਹੈ। ਜਿਸ ਨਾਲ ਇਸ ਮੌਕੇ ਨੂੰ ਹੋਰ ਵੀ ਉਤਸ਼ਾਹ ਮਿਲੇਗਾ।

ਇਸ ਮੌਕੇ ਦਵਿੰਦਰ ਸਿੰਘ ਗਿੱਲ ਨੇ ਕਿਹਾ ਕਿ ਸਾਨੂੰ ਵੱਧ ਤੋਂ ਵੱਧ ਦਸਤਾਰਾਂ ਦਾ ਪ੍ਰਗਟਾਵਾ ਕਰਨਾ ਚਾਹੀਦਾ ਹੈ ਕਿਉਂਕਿ ਸੰਸਾਰ ਦੀ ਰਾਜਧਾਨੀ ਵਸ਼ਿਗਟਨ ਡੀਸੀ ਤੋਂ ਜੋ ਨਸ਼ਰ ਹੁੰਦਾ ਹੈ, ਉਹ ਦੁਨੀਆਂ ਲਈ ਸਰੋਤ ਸਾਬਤ ਹੁੰਦਾ ਹੈ।

***

## ਝੋਨੇ ਦਾ ਸੰਕਟ ਕਿਸਾਨਾਂ ਦੀ

ਭਾਵੇਂ ਹਾਲ ਵਿਚ ਹੀ ਹੁਣ ਥੋੜ੍ਹੀ-ਥੋੜ੍ਹੀ ਮੰਡੀਆਂ ਤੋਂ ਫ਼ਸਲ ਦੀ ਚੁਕਾਈ ਸ਼ੁਰੂ ਹੋਈ ਹੈ ਪਰ ਜੇ ਪਿਛਲੇ 29 ਦਿਨਾਂ ਤੋਂ ਮੰਡੀਆਂ 'ਚ ਸਰਕਾਰੀ ਖ਼ਰੀਦ ਨਹੀਂ ਹੋਈ, ਉਸ ਦੀ ਕਮੀ ਨੂੰ ਪੂਰਾ ਕਰਨ ਲਈ ਇਹ ਬਹੁਤ ਹੀ ਥੋੜ੍ਹੀ ਹੈ। ਇਹੋ ਨਹੀਂ ਕਿਸਾਨ ਕਣਕ ਦੀ ਫ਼ਸਲ ਵਿਚ ਵੀ ਨੁਕਸਾਨ ਉਠਾਉਣ ਦੇ ਕੰਢੇ 'ਤੇ ਹਨ। ਝੋਨੇ ਦੀ ਕਟਾਈ ਪਿਛਲੇ ਸਾਲਾਂ ਦੇ ਮੁਕਾਬਲੇ ਅਜੇ ਬਹੁਤ ਥੋੜ੍ਹੇ ਰਕਬੇ 'ਤੇ ਹੋਈ ਹੈ। ਕਿਸਾਨ ਇੰਤਜ਼ਾਰ ਕਰ ਰਹੇ ਹਨ ਕਿ ਸਰਕਾਰੀ ਖ਼ਰੀਦ ਦੀ ਸਥਿਤੀ ਵਿੱਚ ਸੁਧਾਰ ਆਵੇ ਤਾਂ ਹੀ ਉਹ ਫ਼ਸਲ ਦੀ ਕਟਾਈ ਕਰਵਾ ਕੇ ਮੰਡੀਆਂ 'ਚ ਲਿਆਉਣ। ਕਣਕ ਦੀਆਂ ਅਗੇਤੀ ਕਿਸਮਾਂ ਜੋ ਅਕਤੂਬਰ 'ਚ ਬੀਜਣ ਲਈ ਸਿਫ਼ਾਰਸ਼ ਕੀਤੀ ਗਈਆਂ ਹਨ, ਦੀ ਬਿਜਾਈ ਅਜੇ ਸ਼ੁਰੂ ਵੀ ਨਹੀਂ ਹੋਈ। ਭਾਵੇਂ ਨਵੰਬਰ ਦਾ ਪਹਿਲਾ ਪੰਦ੍ਰਵਾੜਾ (15 ਨਵੰਬਰ ਤੱਕ) ਕਣਕ ਦੀ ਬਿਜਾਈ ਲਈ ਆਦਰਸ਼ਕ ਸਮਾਂ ਹੁੰਦਾ ਹੈ, ਪ੍ਰੰਤੂ ਇਸ ਸਮੇਂ ਦੌਰਾਨ ਵੀ ਬਹੁਤੇ ਥਾਵਾਂ 'ਤੇ ਬਿਜਾਈ ਕੀਤੇ ਜਾਣ ਦੀ ਸੰਭਾਵਨਾ ਨਹੀਂ। ਇਸ ਵਿਚ ਦੇਰੀ ਹੋਣ ਦਾ ਅੰਦੇਸ਼ਾ ਹੈ, ਜਿਸ ਵਜੋਂ ਪੀ.ਏ.ਯੂ. ਅਨੁਸਾਰ ਪ੍ਰਤੀ ਹੈਕਟੇਅਰ ਝਾੜ ਘਟੇਗਾ, ਜੋ ਕਿਸਾਨਾਂ ਦੀ ਆਰਥਿਕਤਾ ਨੂੰ ਪ੍ਰਭਾਵਿਤ ਕਰੇਗਾ। ਫਿਰ ਡੀ.ਏ.ਪੀ. ਜੋ ਕਣਕ ਦੀ ਬਿਜਾਈ ਲਈ ਜ਼ਰੂਰੀ ਖਾਦ ਹੈ, ਉਹ ਵੀ ਕਿਸਾਨਾਂ ਨੂੰ ਉਪਲਬਧ ਨਹੀਂ ਹੋ ਰਹੀ। ਅਜੇ ਤੱਕ ਮਸਾਂ 3.30 ਲੱਖ ਟਨ ਡੀ.ਏ.ਪੀ. ਖਾਦ ਰਾਜ 'ਚ ਪਹੁੰਚੀ ਹੈ, ਜਦੋਂ ਕਿ ਮੰਗ 5.50 ਲੱਖ ਟਨ ਦੀ ਹੈ। ਹਰਿਆਣਾ ਦੀਆਂ ਚੋਣਾਂ ਤੋਂ ਪਹਿਲਾਂ ਉਸ ਰਾਜ ਵਿੱਚ ਡੀ.ਏ.ਪੀ. ਖੁੱਲ੍ਹੀ ਆ ਰਿਹਾ ਸੀ, ਜਿਸ 'ਚੋਂ ਕੁਝ ਖਾਦ ਪੰਜਾਬ 'ਚ ਵੀ ਆ ਜਾਂਦਾ ਸੀ, ਜਿਸ ਨੂੰ ਵੱਡੇ-ਵੱਡੇ ਜ਼ਿਮੀਂਦਾਰਾਂ ਨੇ ਕਣਕ ਦੀ ਬਿਜਾਈ ਲਈ ਸਟੋਰ ਕਰ ਲਿਆ। ਹੁਣ ਇਹ ਸਥਿਤੀ ਨਹੀਂ ਰਹੀ। ਕਿਸਾਨ ਡੀ.ਏ.ਪੀ. ਹਾਸਿਲ ਕਰਨ ਲਈ ਦਰ-ਦਰ ਭਟਕ ਰਹੇ ਹਨ। ਕਣਕ ਦੀ ਬਿਜਾਈ 'ਚ ਸ਼ੁਰੂ 'ਚ ਹੀ ਡੀ.ਏ.ਪੀ. ਖਾਦ ਪਾਉਣਾ ਪੈਂਦਾ ਹੈ।

***

## ਸਟੇਟ ਗੈਸਟ' ਵਰਗੀਆਂ ਸਹੂਲਤਾਂ ਮਿਲ

ਦਾਇਰ ਕਰਕੇ ਦੱਸਣ ਕਿ ਉਨ੍ਹਾਂ ਨੇ ਇਹ ਗੱਲ ਕਿਸ ਆਧਾਰ 'ਤੇ ਕਹੀ ਸੀ। ਨਾਲ ਹੀ ਉਨ੍ਹਾਂ ਵਲੋਂ ਬਣਾਈ ਗਈ ਐੱਸ.ਆਈ.ਟੀ. ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਇੰਟਰਵਿਊ ਸੰਬੰਧੀ ਜਾਂਚ ਪੂਰੀ ਕਰਨ ਵਿਚ ਕਿਉਂ ਨਾਕਾਮ ਰਹੀ।

**ਲਾਰੈਂਸ ਬਿਸ਼ਨੋਈ ਇੰਟਰਵਿਊ ਮਾਮਲੇ 'ਵਿਚ ਡੀਐੱਸਪੀ ਗੁਰਸ਼ੇਰ ਸੰਧੂ ਸਣੇ ਸੱਤ ਅਧਿਕਾਰੀ ਸਸਪੈਂਡ** : ਪੰਜਾਬ ਪੁਲੀਸ ਦੇ ਬਹੁਚਰਚਿਤ ਡੀਐੱਸਪੀ ਗੁਰਸ਼ੇਰ ਸਿੰਘ ਸੰਧੂ ਦੀਆਂ ਮੁਸ਼ਕਲਾਂ ਵਧਦੀਆਂ ਜਾ ਰਹੀਆਂ ਹਨ। ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਜ਼ਿਲ੍ਹਾ ਸੀਆਈਏ ਸਟਾਫ਼ ਮੁਹਾਲੀ ਦੇ ਕੈਂਪਸ ਆਫ਼ਿਸ ਵਿੱਚ ਵਿਸ਼ੇਸ਼ ਇੰਟਰਵਿਊ ਕਰਵਾਉਣ ਦੇ ਮਾਮਲੇ ਵਿੱਚ ਪੰਜਾਬ ਸਰਕਾਰ ਵੱਲੋਂ ਡੀਐੱਸਪੀ ਗੁਰਸ਼ੇਰ ਸਿੰਘ ਸੰਧੂ ਸਮੇਤ ਕਈ ਪੁਲੀਸ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਮੁਅੱਤਲ ਕੀਤਾ ਗਿਆ ਹੈ ਜਿਨ੍ਹਾਂ ਵਿੱਚ ਡੀਐੱਸਪੀ ਗੁਰਸ਼ੇਰ ਸੰਧੂ ਤੋਂ ਇਲਾਵਾ ਤਤਕਾਲੀ ਡੀਐੱਸਪੀ (ਆਰਥਿਕ ਅਪਰਾਧ ਸ਼ਾਖ਼ਾ) ਸਮਰ ਵਿਨੀਤ, ਸਬ ਇੰਸਪੈਕਟਰ ਰੀਨਾ, ਐਂਟੀ ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਦੇ ਸਬ ਇੰਸਪੈਕਟਰ (ਲੋਕਲ ਰੈਂਕ) ਜਗਤਪਾਲ ਜਾਂਗੂ, ਏਜੀਟੀਐਫ ਦੇ ਸਬ ਇੰਸਪੈਕਟਰ (ਲੋਕਲ ਰੈਂਕ) ਸ਼ਗਨਜੀਤ ਸਿੰਘ, ਤਤਕਾਲੀ ਡਿਊਟੀ ਅਫ਼ਸਰ ਏਐੱਸਆਈ ਮੁਖ਼ਤਿਆਰ ਸਿੰਘ ਅਤੇ ਲਾਈਟ ਮੁਨਸ਼ੀ ਹੌਲਦਾਰ (ਲੋਕਲ ਰੈਂਕ) ਓਮ ਪ੍ਰਕਾਸ਼ ਸ਼ਾਮਲ ਹਨ। ਇਨ੍ਹਾਂ ਖ਼ਿਲਾਫ਼ ਵਿਭਾਗੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਡੀਐੱਸਪੀ ਗੁਰਸ਼ੇਰ ਸਿੰਘ ਸੰਧੂ ਖ਼ਿਲਾਫ਼ ਖ਼ੁਦ ਹੀ ਝੂਠੀਆਂ ਸ਼ਿਕਾਇਤਾਂ ਕਰਵਾਉਣ ਅਤੇ ਖ਼ੁਦ ਹੀ ਜਾਂਚ ਕਰਨ ਅਤੇ ਪੀੜਤਾਂ ਨੂੰ ਡਰਾ ਧਮਕਾ ਕੇ ਮੋਟੀਆਂ ਰਕਮਾਂ ਮੰਗਣ ਦਾ ਵੱਖਰਾ ਕੇਸ ਦਰਜ ਹੈ। ਡੀਐੱਸਪੀ ਗੁਰਸ਼ੇਰ ਸਿੰਘ ਸੰਧੂ ਨੇ ਪਿੱਛੇ ਜਿਹੇ ਕਈ ਗੈਂਗਸਟਰਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਮੁੱਖ ਮੰਤਰੀ ਭਗਵੰਤ ਮਾਨ ਨੇ ਡੀਐੱਸਪੀ ਸੰਧੂ ਨੂੰ ਸ਼ਲਾਘਾਯੋਗ ਸੇਵਾਵਾਂ ਬਦਲੇ ਮੈਡਲ ਦੇ ਕੇ ਸਨਮਾਨਿਤ ਕੀਤਾ ਸੀ। ਜਦੋਂ ਪੁਲੀਸ ਵੱਲੋਂ ਗੈਂਗਸਟਰ ਲਾਰੈਂਸ ਬਿਸ਼ਨੋਈ ਨੂੰ ਗ੍ਰਿਫ਼ਤਾਰ ਕਰਨ ਮਗਰੋਂ ਪੁੱਛ ਪੜਤਾਲ ਲਈ ਜ਼ਿਲ੍ਹਾ ਸੀਆਈਏ ਸਟਾਫ਼ ਮੁਹਾਲੀ ਦੇ ਕੈਂਪਸ ਆਫ਼ਿਸ ਖਰੜ ਵਿੱਚ ਰੱਖਿਆ ਗਿਆ ਸੀ ਤਾਂ ਉਦੋਂ 3 ਅਪਰੈਲ 2022 ਨੂੰ ਟੀਵੀ ਚੈਨਲ ਨੂੰ ਵਿਸ਼ੇਸ਼ ਇੰਟਰਵਿਊ ਕਰਵਾਈ ਗਈ ਸੀ। ਇਨ੍ਹਾਂ ਪੁਲੀਸ ਅਫ਼ਸਰਾਂ ਅਤੇ ਕਰਮਚਾਰੀਆਂ ਨੂੰ ਟੀਵੀ ਇੰਟਰਵਿਊ ਲਈ ਵਿਸ਼ੇਸ਼ ਪ੍ਰਬੰਧ ਕਰਨ ਦਾ ਦੋਸ਼ੀ ਪਾਇਆ ਗਿਆ ਹੈ। ਇਸ ਸਬੰਧੀ ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਦੇ ਵਿਸ਼ੇਸ਼ ਡੀਜੀਪੀ ਪ੍ਰਬੋਧ ਕੁਮਾਰ ਦੀ ਅਗਵਾਈ ਵਾਲੀ ਵਿਸ਼ੇਸ਼ ਜਾਂਚ ਟੀਮ ਨੇ ਆਪਣੀ ਰਿਪੋਰਟ ਵਿੱਚ ਕੁੱਝ ਪੁਲੀਸ ਮੁਲਾਜ਼ਮਾਂ ਨੂੰ ਜ਼ਿੰਮੇਵਾਰ ਠਹਿਰਾਏ ਜਾਣ ਤੋਂ ਬਾਅਦ ਗ੍ਰਹਿ ਵਿਭਾਗ ਦੇ ਸਕੱਤਰ ਗੁਰਕੀਰਤ ਕਿਰਪਾਲ ਸਿੰਘ ਵੱਲੋਂ ਮੁਅੱਤਲੀ ਦੇ ਹੁਕਮ ਜਾਰੀ ਕੀਤੇ ਗਏ ਹਨ। ਮੁਅੱਤਲੀ ਦੇ ਹੁਕਮਾਂ ਅਨੁਸਾਰ ਪੁਲੀਸ ਅਫ਼ਸਰ ਅਤੇ ਕਰਮਚਾਰੀ ਚੰਡੀਗੜ੍ਹ ਸਥਿਤ ਡੀਜੀਪੀ ਦਫ਼ਤਰ ਵਿੱਚ ਤਾਇਨਾਤ ਰਹਿਣਗੇ ਅਤੇ ਉਹ ਕਿਸੇ ਸਮਰੱਥ ਅਧਿਕਾਰੀ ਦੀ ਇਜਾਜ਼ਤ ਤੋਂ ਬਿਨਾਂ ਸਟੇਸ਼ਨ ਛੱਡ ਕੇ ਕਿਤੇ ਵੀ ਬਾਹਰ ਨਹੀਂ ਜਾਣਗੇ। ਹਾਈ ਕੋਰਟ ਵੱਲੋਂ 21 ਦਸੰਬਰ 2023 ਨੂੰ ਨੋਟਿਸ ਲੈਣ ਤੋਂ ਬਾਅਦ ਵਿਸ਼ੇਸ਼ ਡੀਜੀਪੀ ਪ੍ਰਬੋਧ ਕੁਮਾਰ ਦੀ ਅਗਵਾਈ ਹੇਠ ਸਿੱਟ ਦਾ ਗਠਨ ਕੀਤਾ ਗਿਆ ਸੀ ਤੇ ਜਾਂਚ ਰਿਪੋਰਟ ਜਨਵਰੀ 2024 ਵਿੱਚ ਹਾਈ ਕੋਰਟ ਨੂੰ ਸੌਂਪੀ ਗਈ ਸੀ।

ਬਿਸ਼ਨੋਈ ਸਰਕਾਰੀ ਕੈਟ ਸੈਨਾ ?

ਵਾਸ਼ਿੰਗਟਨ ਟਾਈਮਜ ਨੇ ਬਿਸ਼ਨੋਈ ਗਿਰੋਹ ਨੂੰ ਭਾਰਤੀ ਏਜੰਸੀਆਂ ਵਲੋਂ ਪ੍ਰਮੋਟ ਕੀਤਾ ਗਿਰੋਹ ਦਸਿਆ ਸੀ, ਜਿਸ ਰਾਹੀਂ ਖਾਲਿਸਤਾਨੀ ਸਿਖਾਂ ਦੀਆਂ ਹੱਤਿਆਵਾਂ ਕਰਵਾਈਆਂ ਜਾ ਰਹੀਆਂ ਹਨ। ਭਾਰਤ ਸਰਕਾਰ ਦੇ ਏਜੰਟਾਂ ਨਾਲ ਜੁੜੀ ਕੈਨੇਡਾ ਵਿੱਚ ਕਥਿਤ ਹਿੰਸਕ ਅਪਰਾਧਕ ਗਤੀਵਿਧੀ ਬਾਰੇ ਆਰਸੀਐੱਮਪੀ (ਰੌਇਲ ਕੈਨੇਡੀਅਨ ਮਾਊਂਟਡ ਪੁਲਿਸ) ਨੇ ਆਪਣੀ ਪ੍ਰੈਸ ਕਾਨਫਰੰਸ ਦੌਰਾਨ ਲਾਰੈਂਸ ਬਿਸ਼ਨੋਈ ਗਰੁੱਪ ਦਾ ਨਾਮ ਲਿਆ ਸੀ। ਆਰਸੀਐੱਮਪੀ ਦੇ ਬੁਲਾਰਿਆਂ ਨੇ ਕਿਹਾ ਸੀ ਕਿ ਲਾਰੈਂਸ ਬਿਸ਼ਨੋਈ ਗਰੁੱਪ ਦੀ ਕੈਨੇਡਾ ਵਿਚਲੀ ਕਥਿਤ ਅਪਰਾਧਕ ਗਤੀਵਿਧੀ ਵਿੱਚ ਪ੍ਰਮੁੱਖ ਭੂਮਿਕਾ ਹੈ। ਆਰਸੀਐੱਮਪੀ ਨੇ ਬਿਸ਼ਨੋਈ ਗਰੁੱਪ ਦੇ ਭਾਰਤ ਸਰਕਾਰ ਦੇ ਏਜੰਟਾਂ ਨਾਲ ਕਥਿਤ ਸਬੰਧ ਹੋਣ ਦਾ ਵੀ ਇਲਜ਼ਾਮ ਲਾਇਆ ਸੀ।

ਆਰਸੀਐੱਮਪੀ ਬੁਲਾਰੇ ਬ੍ਰਿਗਿਟੇ ਗਾਓਵਿਨ, ਅਸਿਸਟੈਂਟ ਕਮਿਸ਼ਨਰ, ਫੈਡਰਲ ਪੁਲਿਸਿੰਗ, ਕੌਮੀ ਸੁਰੱਖਿਆ(ਆਰਸੀਐੱਮਪੀ) ਨੇ ਕਿਹਾ ਸੀ ਕਿ ਇਸ ਵੱਲੋਂ ਕੈਨੇਡਾ ਵਿਚਲੇ ਦੱਖਣੀ ਏਸ਼ੀਆਈ ਭਾਈਚਾਰੇ ਖਾਸ ਕਰਕੇ ਖਾਲਿਸਤਾਨ ਪੱਖੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਅਸੀਂ ਆਰਸੀਐੱਮਪੀ ਦੇ ਨਜ਼ਰੀਏ ਤੋਂ ਦੇਖਿਆ ਹੈ ਕਿ ਉਹ ਸੰਗਠਿਤ ਅਪਰਾਧ ਦੀ ਵਰਤੋਂ ਕਰਦੇ ਹਨ। ਇਸ ਨੂੰ ਜਨਤਕ ਤੌਰ ਉੱਤੇ ਇੱਕ ਅਪਰਾਧਕ ਸਮੂਹ ਨਾਲ ਜੋੜਿਆ ਜਾ ਚੁੱਕਿਆ ਹੈ ਅਤੇ ਇਸ ਅਪਰਾਧਕ ਗਰੁੱਪ ਨੇ ਇਸ ਦੀ ਜ਼ਿੰਮੇਵਾਰੀ ਵੀ ਲਈ ਹੈ। ਬਿਸ਼ਨੋਈ ਗਰੁੱਪ.. ਅਸੀਂ ਮੰਨਦੇ ਹਾਂ ਇਹ ਗਰੁੱਪ ਭਾਰਤ ਸਰਕਾਰ ਦੇ ਏਜੰਟਾਂ ਨਾਲ ਜੁੜਿਆ ਹੋਇਆ ਹੈ।

## ਮਿਸਾਲ ਬਣੀ ਖੇਤੀ ਉਦਯੋਗ

ਸ਼ਹਿਦ ਦੀਆਂ ਮੱਖੀਆਂ ਦੀ ਖ਼ੁਰਾਕ ਦਾ ਸਾਰਾ ਪ੍ਰਬੰਧ ਪਿੰਡ 'ਚ ਹੀ ਹੋ ਜਾਂਦਾ ਹੈ ਜਿਵੇਂ ਸਫ਼ੈਦਾ ਤੇ ਸਰ੍ਹੋਂ ਆਦਿ ਫ਼ਸਲਾਂ ਪਿੰਡ 'ਚ ਹੀ ਮਿਲ ਜਾਂਦੀਆਂ ਹਨ ਤੇ ਇਸ ਪੈਦਾ ਹੋਏ ਸ਼ਹਿਦ ਤੋਂ ਵੀ ਉਸ ਨੂੰ ਚੰਗੀ ਆਮਦਨ ਹੋ ਜਾਂਦੀ ਹੈ। ਭਵਿੱਖ ਵਿੱਚ ਉਸ ਦੀ ਇਹ ਯੋਜਨਾ ਹੈ ਕਿ ਕਣਕ-ਝੋਨੇ ਨੂੰ ਘਟਾ ਕੇ ਹੋਰ ਦੂਜੀਆਂ ਫ਼ਸਲਾਂ ਲਾਈਆਂ ਜਾਣ ਤੇ ਆਪਣੇ ਆਚਾਰ ਚਟਣੀਆਂ ਦੇ ਕੰਮ ਨੂੰ ਹੋਰ ਉੱਚੇ ਪੱਧਰ 'ਤੇ ਲੈ ਕੇ ਜਾਇਆ ਜਾਵੇ।

ਰਜਿੰਦਰ ਕੌਰ ਵਾਤਾਵਰਣ ਅਤੇ ਜ਼ਮੀਨ ਦੀ ਸਿਹਤ ਨੂੰ ਲੈ ਕੇ ਬਹੁਤ ਚਿੰਤਾ ਕਰਦੀ ਹੈ। ਉਹ ਆਪਣੀਆਂ ਸਾਰੀਆਂ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਖੇਤਾਂ ਵਿੱਚ ਹੀ ਜਜ਼ਬ ਕਰਦੀ ਹੈ, ਜਿਸ ਨਾਲ ਜ਼ਮੀਨ ਵਿੱਚ ਜੈਵਿਕ ਮਾਦੇ ਦੀ ਮਾਤਰਾ ਵਿੱਚ ਵਾਧਾ ਹੁੰਦਾ ਹੈ ਅਤੇ ਫ਼ਸਲਾਂ ਦਾ ਝਾੜ ਵਧੇਰੇ ਹੁੰਦਾ ਹੈ। ਧਰਤੀ ਹੇਠਲੇ ਪਾਣੀ ਦੀ ਹੁੰਦੀ ਬਰਬਾਦੀ ਨੂੰ ਲੈ ਕੇ ਉਹ ਬਹੁਤ ਚਿੰਤਾ ਕਰਦੀ ਹੈ, ਜਿਸ ਕਰਕੇ ਝੋਨੇ ਅਤੇ ਬਾਸਮਤੀ ਦੀ ਕਾਸ਼ਤ ਨੂੰ ਹੌਲੀ-ਹੌਲੀ ਘਟਾਉਣ ਦੀ ਯੋਜਨਾ ਬਣਾ ਰਹੀ ਹੈ। ਇਸ ਦੇ ਬਦਲ ਵਜੋਂ ਉਹ ਹੋਰ ਦੂਜੀਆਂ ਘੱਟ ਪਾਣੀ ਲੈਣ ਵਾਲੀਆਂ ਫ਼ਸਲਾਂ ਦੀ ਕਾਸ਼ਤ ਕਰਨਾ ਚਾਹੁੰਦੀ ਹੈ ਅਤੇ ਵਧੇਰੇ ਝਾੜ ਅਤੇ ਆਮਦਨ ਲੈਣਾ ਚਾਹੁੰਦੀ ਹੈ। ਉਸ ਵੱਲੋਂ ਬਣਾਏ ਗਏ ਸਾਰੇ ਉਤਪਾਦ ਬਹੁਤ ਹੀ ਸਾਫ਼-ਸੁਥਰੇ ਅਤੇ ਵਧੀਆ ਪੈਕ ਕੀਤੇ ਜਾਂਦੇ ਹਨ। ਉਸ ਜਿਹੀਆਂ ਉੱਦਮੀ ਔਰਤਾਂ ਆਪਣੇ ਪਰਿਵਾਰ ਦੀ ਸਿਹਤ ਹੀ ਨਹੀਂ ਸਗੋਂ ਹੋਰ ਲੋਕਾਂ ਦੀ ਚੰਗੀ ਸਿਹਤ ਲਈ ਵੀ ਵਚਨਬੱਧ ਹੁੰਦੀਆਂ ਹਨ। ਉਸ ਦੇ ਇਸ ਅਗਾਂਹਵਧੂ ਉੱਦਮ ਦੀ ਸ਼ਲਾਘਾ ਕਰਨੀ ਬਣਦੀ ਹੈ।

ਰਜਿੰਦਰ ਕੌਰ ਨੇ ਆਪਣੇ ਇਸ ਸਾਰੇ ਕੰਮ ਵਿੱਚ ਆਪਣੇ ਪਿੰਡ ਦੀਆਂ ਕੁਝ ਔਰਤਾਂ ਨੂੰ ਵੀ ਰੁਜ਼ਗਾਰ ਦਿੱਤਾ ਹੋਇਆ ਹੈ, ਜੋ ਕਿ ਆਚਾਰ, ਚਟਣੀਆਂ ਅਤੇ ਮਸਾਲਿਆਂ ਦੀ ਪੈਕਿੰਗ ਵਿੱਚ ਉਸ ਦੀ ਮਦਦ ਕਰਦੀਆਂ ਹਨ। ਉਸ ਨੇ ਕਈ ਔਰਤਾਂ ਨੂੰ ਆਪਣੇ ਪੈਰਾਂ ਸਿਰ ਖੜ੍ਹਾ ਕੀਤਾ ਹੈ। ਉਸ ਦਾ ਇਹ ਉੱਦਮ ਸ਼ਲਾਘਾਯੋਗ ਹੈ।

***

## ਦਿਵਾਲੀ ਅੰਬਰਸਰ ਦੀ...

ਜ਼ੁਲਮ ਤੇ ਪਾਪ ਦੀ ਹਨੇਰੀ ਨੂੰ ਦੂਰ ਕਰਨ ਲਈ ਸੂਰਬੀਰ ਆਪਣੀ ਚਰਬੀ ਦੀਵਿਆਂ ਵਿੱਚ ਪਾਉਣ ਲਈ ਖੜ੍ਹੇ ਦਿੱਸਣਗੇ। ਦੀਵਿਆਂ ਦੀ ਰੌਸ਼ਨੀ ਵਿੱਚ ਹਰਿਮੰਦਰ ਸਾਹਿਬ ਵਿੱਚੋਂ ਇਹ ਨਾਦ ਗੂੰਜਦਾ ਹੈ:

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1412)

ਦਿਵਾਲੀ ਵਾਲੇ ਦਿਨ ਸ਼ਾਮ ਨੂੰ 'ਰਹਰਾਸਿ' ਦੇ ਪਾਠ ਆਰੰਭ ਹੋਣ ਤੋਂ ਪਹਿਲਾਂ ਹੀ ਸੰਗਤਾਂ ਆਤਿਸ਼ਬਾਜ਼ੀ ਦਾ ਨਜ਼ਾਰਾ ਦੇਖਣ ਤੇ ਦਰਸ਼ਨੀ ਡਿਓੜ੍ਹੀ ਤੋਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੌਮ ਦੇ ਨਾਂ ਸੰਦੇਸ਼ ਸ੍ਰਵਣ ਕਰਨ ਲਈ ਜੁੜ ਬੈਠਦੀਆਂ ਹਨ। 'ਰਹਰਾਸਿ' ਦੇ ਪਾਠ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੇ ਚਾਰ ਕੋਨਿਆਂ ਵਿੱਚੋਂ ਆਤਿਸ਼ਬਾਜ਼ ਆਤਿਸ਼ਬਾਜ਼ੀ ਚਲਾਉਂਦੇ ਹਨ। ਇਹ ਨਜ਼ਾਰਾ ਦੇਖਿਆ ਹੀ ਬਣਦਾ ਹੈ। ਸਿੱਖ ਸ੍ਰੀ ਅੰਮ੍ਰਿਤਸਰ ਤੋਂ ਜੀਵਨ ਦੀ ਰੌਅ ਪ੍ਰਾਪਤ ਕਰਦਾ ਹੈ। ਅੰਮ੍ਰਿਤਸਰ ਤੋਂ ਜੀਵਨ ਦੀ ਰੋਸ਼ਨੀ ਪ੍ਰਾਪਤ ਕਰ ਆਪਣੇ ਜੀਵਨ 'ਚੋਂ ਹਨੇਰਾ ਦੂਰ ਕਰਦਾ ਹੈ। ਮੱਸਿਆ ਦੀ ਕਾਲੀ ਬੋਲ਼ੀ ਅੰਧੇਰੀ ਰਾਤ ਵਿੱਚ ਜਗ ਰਹੇ ਦੀਵੇ ਸਾਨੂੰ ਜੀਵਨ ਦਾ ਰਾਹ ਦਰਸਾਉਂਦੇ ਹਨ।

ਮਨੁੱਖ ਹਨ੍ਹੇਰਾ ਨਹੀਂ, ਪ੍ਰਕਾਸ਼ ਲੋਚਦਾ ਹੈ। ਇਤਿਹਾਸਕ ਘਟਨਾਵਾਂ ਨੂੰ ਰੂਪਮਾਨ ਕਰਦੇ ਇਹ ਦੀਵੇ, ਸਾਨੂੰ ਪ੍ਰੇਰਨਾ ਤੇ ਉਤਸ਼ਾਹ ਬਖ਼ਸ਼ਦੇ ਹਨ ਕਿ ਜ਼ਿੰਦਗੀ 'ਪੂਰਨਮਾਸ਼ੀ ਦੀ ਰਾਤ' ਬਣ ਜਾਵੇ ਭਾਵ ਜ਼ਿੰਦਗੀ ਜੀਉਣ ਦੀ ਜਾਚ ਸਾਨੂੰ ਆ ਜਾਵੇ। ਇਹ ਸੱਚ ਦਾ ਪ੍ਰਕਾਸ਼ ਤਾਂ ਹੀ ਹੋ ਸਕਦਾ ਹੈ ਜੇ ਸਤਿਗੁਰੂ ਆਪ ਕਿਰਪਾ ਕਰਨ। ਗੁਰਦੇਵ ਹੁਕਮ ਕਰਦੇ ਹਨ:

ਸਗਲੀ ਰੈਣਿ ਗੁਦਰੀ ਅੰਧਿਆਰੀ ਸੇਵਿ ਸਤਿਗੁਰੁ ਚਾਨਣੁ ਹੋਇ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 78)

ਸਤਿਗੁਰੂ ਦੇ ਹੁਕਮ ਵਿੱਚ ਚੱਲ ਕੇ ਹੀ ਗਿਆਨ ਦਾ ਪ੍ਰਕਾਸ਼ ਹੋ ਸਕਦਾ ਹੈ। ਲੱਛਮੀ-ਪੂਜਾ ਤਾਂ ਅਗਿਆਨਤਾ ਦੇ ਹਨੇਰੇ ਨੂੰ ਹੋਰ ਗੂੜ੍ਹਾ ਕਰਦੀ ਹੈ। ਅਗਿਆਨਤਾ ਵੱਸ ਮਨੁੱਖ ਦੇਵਣਹਾਰ ਦਾਤਾਰ ਨੂੰ ਵਿਸਾਰ ਦਿੰਦਾ ਹੈ। ਲੋੜ ਹੈ ਮਨੁੱਖ ਦੇ ਮੱਸਿਆ ਰੂਪੀ ਜੀਵਨ ਦੀ ਰਾਤ ਵਿੱਚ ਗਿਆਨ ਰੂਪੀ ਦੀਵਾ ਬਾਲਣ ਦੀ। ਗੁਰੂ ਨਾਨਕ ਪਾਤਸ਼ਾਹ ਅਗਵਾਈ ਬਖ਼ਸ਼ਦੇ ਹਨ:

ਪੋਥੀ ਪੁਰਾਣ ਕਮਾਈਐ ॥ ਭਉ ਵਟੀ ਇਤੁ ਤਨਿ ਪਾਈਐ ॥
ਸਚੁ ਬੂਝਣੁ ਆਣਿ ਜਲਾਈਐ ॥ 2 ॥
ਇਹੁ ਤੇਲੁ ਦੀਵਾ ਇਉ ਜਲੈ ॥ ਕਰਿ ਚਾਨਣੁ ਸਾਹਿਬ ਤਉ ਮਿਲੈ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 25)

ਗੁਰੂ ਅਰਜਨ ਦੇਵ ਜੀ ਦੇ ਉਪਦੇਸ਼ ਅਨੁਸਾਰ : ਦੂਖੁ ਅੰਧੇਰਾ ਘਰ ਤੇ ਮਿਟਿਓ ॥ ਗੁਰਿ ਗਿਆਨੁ ਦ੍ਰਿੜਾਇਓ ਦੀਪ ਬਲਿਓ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 25)

ਆਓ! ਗਿਆਨ ਰੂਪੀ ਦੀਵੇ ਨਾਲ ਆਪਣੇ ਅੰਦਰ ਪੱਸਰੇ ਕੂੜ ਦੇ ਹਨੇਰੇ ਨੂੰ ਦੂਰ ਕਰੀਏ, ਤਾਂ ਹੀ ਅਸੀਂ ਦਿਵਾਲੀ ਦੇ ਦੀਵਿਆਂ ਤੋਂ ਰੋਸ਼ਨੀ ਲੈ ਕੇ ਆਪਣੇ ਗੌਰਵਮਈ ਇਤਿਹਾਸ ਤੋਂ ਜਾਣੂ ਹੋ ਸਕਦੇ ਹਾਂ।

***

## ਕੁਦਰਤੀ ਆਫ਼ਤਾਂ ਤੋਂ ਬਚਾਉਂਦੇ

ਵਣਾਂ ਦਾ ਇੱਕ ਵੱਡਾ 40% ਹਿੱਸਾ ਖੁੱਲ੍ਹੇ ਵਣ ਦੀ ਸ਼੍ਰੇਣੀ ਵਿੱਚ ਆਉਂਦਾ ਹੈ ਜੋ ਇਨ੍ਹਾਂ ਦੇ ਉੱਪਰ ਵਧ ਰਹੇ ਇਨਸਾਨੀ ਦਬਾਅ ਨੂੰ ਦਰਸਾਉਂਦੇ ਹਨ। ਰਾਜ ਸਰਕਾਰਾਂ ਵੱਲੋਂ ਪੁਰਜ਼ੋਰ ਉਪਰਾਲੇ ਕੀਤੇ ਜਾ ਰਹੇ ਹਨ ਕਿ ਮੈਂਗਰੋਵ ਫਾਰੈਸਟ ਦੇ 40% ਖੁੱਲ੍ਹੇ ਵਣਾਂ ਨੂੰ ਵੀ ਬੂਟੇ ਲਗਾ ਕੇ ਸੰਘਣੇ ਵਣ ਬਣਾਇਆ ਜਾਵੇ ਤਾਂ ਕਿ ਵਾਯੂਮੰਡਲ ਵਿੱਚੋਂ ਕਾਰਬਨ ਸੋਖਣ ਅਤੇ ਸਮੁੰਦਰੀ ਤੂਫ਼ਾਨਾਂ ਨੂੰ ਰੋਕਣ ਦੀ ਇਨ੍ਹਾਂ ਦੀ ਤਾਕਤ ਵਿੱਚ ਵਾਧਾ ਕੀਤਾ ਜਾ ਸਕੇ।

ਜਿਵੇਂ ਕਿ ਉੱਪਰ ਦੱਸਿਆ ਜਾ ਚੁੱਕਾ ਹੈ ਕਿ ਇਹ ਸਮੁੰਦਰੀ ਤੱਟ ਦੇ ਨਜ਼ਦੀਕ ਰਹਿਣ ਵਾਲੇ ਲੋਕਾਂ ਨੂੰ ਸਮੁੰਦਰੀ ਤੂਫ਼ਾਨਾਂ ਤੋਂ ਬਚਾਉਣ ਲਈ ਇੱਕ ਦੀਵਾਰ ਦਾ ਕੰਮ ਕਰਦੇ ਹਨ, ਇਸ ਦੀਆਂ ਮਿਸਾਲਾਂ ਓਡੀਸ਼ਾ ਅਤੇ ਅੰਡੇਮਾਨ ਨਿਕੋਬਾਰ ਟਾਪੂ ਸਮੂਹ ਵਿੱਚ ਦਿਖਾਈ ਦਿੰਦੀਆਂ ਹਨ। ਸਾਲ 2004 ਦੀ ਅੰਡੇਮਾਨ ਵਿੱਚ ਆਈ ਭਿਅੰਕਰ ਸੁਨਾਮੀ ਨੂੰ ਮੈਂਗਰੋਵ ਵਣਾਂ ਨੇ ਠੱਲ੍ਹ ਪਾ ਦਿੱਤੀ ਸੀ ਅਤੇ ਕੋਈ ਵੀ ਜਾਨੀ ਨੁਕਸਾਨ ਨਹੀਂ ਹੋਣ ਦਿੱਤਾ ਸੀ। ਇਸੇ ਤਰ੍ਹਾਂ ਸਾਲ 2019 ਵਿੱਚ ਓਡੀਸ਼ਾ ਦੇ ਕੇਂਦਰਪਾੜਾ ਜ਼ਿਲ੍ਹੇ ਦਾ ਪਿੰਡ ਬੜਾਕੋਟ ਇਸ ਲਈ ਹੀ ਬਚ ਗਿਆ ਸੀ ਕਿ ਉਸ ਪਿੰਡ ਦੇ ਲੋਕਾਂ ਨੇ ਮੈਂਗਰੋਵ ਵਣਾਂ ਨੂੰ ਬਚਾ ਕੇ ਰੱਖਿਆ ਹੋਇਆ ਸੀ।

ਬੇਸ਼ੱਕ ਮੈਂਗਰੋਵ ਵਣਾਂ ਦੇ ਕੁੱਲ ਰਕਬੇ ਵਿੱਚ ਥੋੜ੍ਹਾ ਜਿਹਾ ਵਾਧਾ ਜ਼ਰੂਰ ਹੋਇਆ ਹੈ ਪਰੰਤੂ ਅੰਡੇਮਾਨ ਨਿਕੋਬਾਰ ਟਾਪੂ ਸਮੂਹ ਵਿੱਚ 2021 ਤੱਕ 42 ਵਰਗ ਕਿੱਲੋਮੀਟਰ ਰਕਬੇ ਵਿੱਚ ਕਮੀ ਆਈ ਹੈ। ਚਿੰਤਾ ਦਾ ਇੱਕ ਹੋਰ ਕਾਰਨ 2022 ਦੀ ਉਹ ਰਿਪੋਰਟ ਹੈ ਜਿਸ ਮੁਤਾਬਕ ਭਾਰਤ ਸਰਕਾਰ ਵੱਲੋਂ 72000 ਕਰੋੜ ਦੇ ਪਾਵਰ ਪਲਾਂਟ, ਸਮੁੰਦਰੀ ਪੱਤਣ ਅਤੇ ਹਵਾਈ ਅੱਡੇ ਦੇ ਵਿਕਾਸ ਲਈ 130 ਵਰਗ ਕਿੱਲੋਮੀਟਰ ਵਣ ਨੂੰ ਕੱਟਣ ਦੀ ਇਜਾਜ਼ਤ ਦਿੱਤੀ ਗਈ ਹੈ। ਜੇਕਰ 130 ਵਰਗ ਕਿੱਲੋਮੀਟਰ ਮੈਂਗਰੋਵ ਵਣ ਵੀ ਸਾਫ਼ ਕਰ ਦਿੱਤਾ ਜਾਂਦਾ ਹੈ ਤਾਂ 2004 ਦੇ ਮੁਕਾਬਲੇ ਅੰਡੇਮਾਨ ਨਿਕੋਬਾਰ ਦੇ ਮੈਂਗਰੋਵ ਵਣ ਦਾ ਰਕਬਾ 25% ਘਟ ਜਾਵੇਗਾ। ਇਸ ਵਿੱਚ ਸੰਦੇਹ ਹੈ ਕਿ ਇਹ ਜੰਗਲ ਭਵਿੱਖ ਵਿੱਚ ਇੱਕ ਕੁਦਰਤੀ ਦੀਵਾਰ ਦੇ ਤੌਰ 'ਤੇ ਇਨਸਾਨੀ ਜੀਵਨ ਨੂੰ ਬਚਾਅ ਪਾਵੇਗਾ। ਸਮੁੰਦਰ ਦੇ ਤੂਫ਼ਾਨ ਨਾਲ ਪੈਦਾ ਹੋਏ ਕੁਦਰਤੀ ਕਹਿਰ ਨੂੰ ਠੱਲ੍ਹ ਪਾਉਣ ਲਈ ਮੈਂਗਰੋਵ ਵਣਾਂ ਨੂੰ ਵਣ ਅਧਿਕਾਰੀਆਂ ਅਤੇ ਵਨਸਪਤੀ ਵਿਗਿਆਨੀਆਂ ਵੱਲੋਂ ਸਮੁੰਦਰ ਤੱਟ ਉੱਤੇ ਤੈਨਾਤ ਕੁਦਰਤ ਦੇ ਯੋਧੇ ਕਿਹਾ ਜਾਂਦਾ ਹੈ ਜਿਨ੍ਹਾਂ ਦੀ ਜ਼ਰੂਰਤ ਭਾਰਤ ਦੀ ਨੇਵੀ ਤੋਂ ਵੱਧ ਨਾ ਵੀ ਹੋਵੇ ਪਰੰਤੂ ਕਿਸੇ ਪੱਖੋਂ ਘੱਟ ਵੀ ਨਹੀਂ ਹੈ।

***

## ਸਖਤ ਮਿਹਨਤ ਤੇ ਜਜ਼ਬੇ

ਇੱਕ ਸਪੇਨ ਦਾ ਖਿਡਾਰੀ ਟੈਸਟ ਦੌਰਾਨ ਫ਼ੜਿਆ ਗਿਆ, ਜਦੋਂ ਉਸ ਦੇ ਪਿਸ਼ਾਬ ਵਿੱਚੋਂ ਬੀਟਾ ਬਲੋਕਰ ਦਵਾਈ ਦੇ ਅੰਸ਼ ਪਾਏ ਗਏ। 1960 ਦੀਆਂ ਰੋਮ ਉਲੰਪਿਕ ਵਿੱਚ ਡੈਨਮਾਰਕ ਦਾ ਪ੍ਰਸਿੱਧ ਸਾਈਕਲ ਚਾਲਕ ਮੁਕਾਬਲੇ ਦੇ ਅੱਧ ਵਿਚਕਾਰ ਦਮ ਤੋੜ ਗਿਆ। 1992 ਦੀ ਬਾਰਸੀਲੋਨਾ ਓਲੰਪਿਕ ਵਿੱਚ ਯੂਰਪੀ ਸਪਰਿੰਟ ਚੈਂਪੀਅਨ ਜੈਸਨ ਲਿਵਿੰਗ ਸਟੋਨ ਅਤੇ ਦੋ ਭਾਰ ਤੋਲਕਾਂ, ਜੋ ਕਿ ਸਾਰੇ ਹੀ ਬਰਤਾਨਵੀ ਸਨ, ਨੂੰ ਖੇਡਾਂ ਸ਼ੁਰੂ ਹੋਣ ਤੋਂ ਪਹਿਲਾਂ ਹੀ ਨਸ਼ੀਲੇ ਪਦਾਰਥਾਂ ਦੇ ਦੋਸ਼ ਵਿੱਚ ਘਰ ਭੇਜ ਦਿੱਤਾ ਗਿਆ ਸੀ। ਲਿਵਿੰਗ ਸਟੋਨ ਨੇ 100 ਮੀਟਰ 400 ਮੀਟਰ ਰਿਲੇਅ ਦੌੜ ਵਿੱਚ ਹਿੱਸਾ ਲੈਣਾ ਸੀ। ਉਨ੍ਹਾਂ ਨੇ 'ਐਨਾਬੋਲਿਕ ਸਟੀਓਰਾਇਡਸ ਦੀ ਵਰਤੋਂ ਕੀਤੀ ਹੋਈ ਸੀ। ਦੋ ਵੇਟ ਲਿਫ਼ਟਰਾਂ ਐਂਡਰਿਓ ਡੇਵਿਜ਼ ਅਤੇ ਐਡਰਿਓ ਸੈਕਸਟਨ ਨੇ ਵੀ ਨਸ਼ੀਲੇ ਪਦਾਰਥ ਖਾਧੇ ਹੋਏ ਸਨ। ਪੰਜਵੀਂ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪ ਵਿੱਚ ਪੰਜ ਖਿਡਾਰੀ ਇਨ੍ਹਾਂ ਦਵਾਈਆਂ ਦੀ ਵਰਤੋਂ ਕਰਕੇ ਦੋਸ਼ੀ ਪਾਏ ਗਏ ਸਨ। ਏਥਨਜ਼(ਯੂਨਾਨ) ਵਿਖੇ ਹੋਈ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪ ਵਿੱਚ ਵੀ ਕਈ ਖਿਡਾਰੀਆਂ ਨੂੰ ਫ਼ੜਿਆ ਗਿਆ। ਭਾਰਤ ਦਾ ਇੱਕ ਫ਼ੁੱਟਬਾਲ ਖਿਡਾਰੀ ਵੀ ਇਨ੍ਹਾਂ ਦੀ ਵਰਤੋਂ ਕਰਕੇ ਜਾਨ ਗੁਆ ਬੈਠਾ। 1966 ਦੀਆਂ ਐਟਲਾਂਟਾ ਓਲੰਪਿਕ ਵਿੱਚ ਚੀਨ ਦੇ ਕਈ ਤੈਰਾਕਾਂ ਨੂੰ ਨਸ਼ੀਲੇ ਪਦਾਰਥਾਂ ਦਾ ਦੋਸ਼ੀ ਪਾਇਆ ਗਿਆ। ਇੱਥੇ ਹੀ ਰੂਸ ਦੇ ਤੈਰਾਕ ਆਂਦਰੇਈ ਕੋਰਨੇਯੇਵ ਤੇ ਵੇਟਲਿਫ਼ਟਰ ਜ਼ਫ਼ਰ ਗੁਲੇਸੇਵ, ਜਿਨ੍ਹਾਂ ਨੇ ਕਾਂਸੀ ਦੇ ਤਗ਼ਮੇ ਜਿੱਤੇ ਸਨ, ਨੂੰ ਨਸ਼ੀਲੀਆਂ ਦਵਾਈਆਂ ਦੇ ਦੋਸ਼ੀ ਪਾਇਆ ਗਿਆ। ਲਿਥੂਆਨੀਆ ਦੀ ਸਾਈਕਲਿਸਟ ਰੀਟਾ ਰਾਜ਼ਮੇਤੇ ਵੀ 'ਥਰੋਮੰਟਨ' ਨਸ਼ੀਲੀ ਦਵਾਈ ਦੀ ਦੋਸ਼ੀ ਪਾਈ ਗਈ। 2016 ਦੀਆਂ ਰੀਓ ਉਲੰਪਿਕ ਵਿੱਚ ਜੈਵਲਿਨ ਥਰੋ ਵਿੱਚ ਚਾਂਦੀ ਦਾ ਤਗ਼ਮਾ ਜੇਤੂ ਯੂਕਰੇਨ ਦੇ ਐਲੇਗਜਾਂਦਰ ਪਿਯਾਂਤਿਯਿਤਸਾ ਤੋਂ ਪਾਬੰਦੀਸ਼ੁਦਾ ਦਵਾਈ ਵਰਤਨ ਕਰਕੇ ਤਗ਼ਮਾ ਵਾਪਸ ਲਿਆ ਗਿਆ ਸੀ। ਇਨ੍ਹਾਂ ਖੇਡਾਂ ਵਿੱਚ ਹੀ ਬ੍ਰਾਜ਼ੀਲੀ ਸਾਈਕਲਿਸਟ ਕਲੇਬਰ ਰਾਮੋਸ ਨੂੰ ਪਾਬੰਦੀਸ਼ੁਦਾ ਈਪੀਓ ਸੇਰਾ, ਜਦਕਿ ਚੀਨੀ ਤੈਰਾਕ ਚੇਨ ਸ਼ਿਨਈ ਨੂੰ ਡਾਊਰੇਟਿਕ ਹਾਈਡਰੋਕਲੋਰੋਥਿਆਜਾਇਡ ਲੈਣ ਕਰਕੇ ਉਲੰਪਿਕ ਖੇਡਾਂ ਤੋਂ ਬਾਹਰ ਕਰ ਦਿੱਤਾ ਗਿਆ ਸੀ। ਇੱਥੇ ਹੀ ਲੰਡਨ ਉਲੰਪਿਕ ਦੀ ਚਾਂਦੀ ਦਾ ਤਗ਼ਮਾ ਜੇਤੂ ਰੂਸ ਦੀ ਸ਼ਾਟਪੁੱਟ ਖਿਡਾਰਨ ਯੇਵਜਿਨਿਆ ਕੋਲੋਦਕੋ ਦਾ ਡੋਪ ਟੈਸਟ ਫ਼ੇਲ੍ਹ ਹੋਣ ਤੋਂ ਬਾਅਦ ਉਸ ਦਾ ਤਗ਼ਮਾ ਵਾਪਸ ਲੈ ਲਿਆ ਸੀ। ਸੋ ਨਸ਼ੀਲੀਆ ਦਵਾਈਆਂ ਦੀ ਵਰਤੋਂ ਸਬੰਧੀ ਜਿੱਥੇ ਖਿਡਾਰੀਆਂ ਨੂੰ ਆਪ ਸੁਚੇਤ ਹੋਣ ਦੀ ਲੋੜ ਹੈ, ਉਥੇ ਖੇਡ ਅਧਿਕਾਰੀਆਂ, ਕੋਚਾਂ, ਖੇਡ ਅਧਿਆਪਕਾਂ ਤੇ ਰਾਜ ਸਰਕਾਰਾਂ ਨੂੰ ਵੀ ਸਖ਼ਤ ਕਦਮ ਚੁੱਕਣ ਦੀ ਲੋੜ ਹੈ। ਖਿਡਾਰੀ ਜੇਕਰ ਮੁਕਾਬਲੇ ਲਈ ਕੇਵਲ ਸਖ਼ਤ ਮਿਹਨਤ ਕਰਨ ਤਾਂ ਉਨ੍ਹਾਂ ਦੀ ਜਿੱਤ ਜਿਥੇ ਸਦੀਵੀ ਰਹੇਗੀ ਤੇ ਉਥੇ ਉਨ੍ਹਾਂ ਨੂੰ ਚਿਰ ਸਥਾਈ ਪ੍ਰਸਿੱਧੀ ਵੀ ਮਿਲੇਗੀ।

***

## ਲੋਕਾਂ ਦੀ ਖ਼ੁਸ਼ੀ ਦੇ ਪੱਖ ਤੋਂ

ਮਿਸਾਲ ਦੇ ਤੌਰ 'ਤੇ ਲੋਕ ਸਰਕਾਰੀ ਸੰਪਤੀ ਨੂੰ ਆਪਣੀ ਸੰਪਤੀ ਨਹੀਂ ਸਮਝਦੇ। ਸਰਕਾਰਾਂ ਜਿਹੜੀਆਂ ਲੋਕਾਂ ਦੇ ਮਸਲੇ ਹੱਲ ਕਰਨ ਲਈ ਕਮੇਟੀਆਂ ਬਣਾਉਂਦੀਆਂ ਹਨ, ਲੋਕਾਂ ਨੂੰ ਉਨ੍ਹਾਂ ਉਪਰ ਵਿਸ਼ਵਾਸ ਨਹੀਂ। ਸਾਡੀ ਸਿਹਤ ਅਤੇ ਵਿੱਦਿਅਕ ਪ੍ਰਣਾਲੀ ਦਿਨੋ-ਦਿਨ ਨਿਘਾਰ ਵੱਲ ਵਧ ਰਹੀ ਹੈ। ਇੰਡੀਆ ਸਕਿੱਲਜ਼ ਰਿਪੋਰਟ 2023 ਅਨੁਸਾਰ ਸਾਡੇ 47.2 ਪ੍ਰਤੀਸ਼ਤ ਗ੍ਰੈਜੂਏਟ ਨੌਕਰੀਆਂ ਦੇ ਕਾਬਿਲ ਹੀ ਨਹੀਂ ਹਨ।

**ਆਬਾਦੀ ਦੀ ਉਮਰ**:-ਭਾਰਤ 'ਚ 67.8 ਫ਼ੀਸਦੀ ਆਬਾਦੀ 15-64 ਸਾਲ ਵਾਲਿਆਂ ਦੀ ਹੈ, ਭਾਵ ਉਹ ਉਮਰ ਜੋ ਕਮਾਈ ਕਰਨ ਵਾਲੀ ਤੇ ਖ਼ਾਹਿਸ਼ਾਂ ਪੂਰੀਆਂ ਕਰਨ ਵਾਲੀ ਹੈ, ਪਰ ਇਨ੍ਹਾਂ ਲੋਕਾਂ ਕੋਲ ਤਸੱਲੀਬਖ਼ਸ਼ ਕਮਾਈ ਦੇ ਸਾਧਨ ਨਹੀਂ ਹਨ। ਜਿਸ ਹੱਥ 'ਚ ਪੈਸਾ ਨਹੀਂ ਉਸ ਦੇ ਮਾਨਸਿਕ ਤਣਾਅ 'ਚ ਕਈ ਗੁਣਾ ਵਾਧਾ ਹੋਵੇਗਾ ਅਤੇ ਲੋਕਾਂ ਨੂੰ ਛੋਟੀ ਉਮਰੇ ਖ਼ੂਨ ਦੇ ਵੱਧ ਦਬਾਅ ਅਤੇ ਉਸ ਨਾਲ ਜੁੜੀਆਂ ਬਿਮਾਰੀਆਂ ਲੱਗ ਜਾਣਗੀਆਂ ਹਨ।

ਭੁੱਖਮਰੀ: ਸਰਕਾਰਾਂ ਦੇ ਦਾਅਵੇ ਹਨ ਕਿ ਅਸੀਂ ਅਨਾਜ 'ਚ ਆਤਮ ਨਿਰਭਰ ਹੀ ਨਹੀਂ, ਸਗੋਂ ਅਸੀਂ ਇਸ ਨੂੰ ਬਰਾਮਦ ਕਰਨ ਦੇ ਸਮਰੱਥ ਵੀ ਹਾਂ। ਸਾਡੇ ਕੋਲ ਅਨਾਜ ਫ਼ਾਲਤੂ ਹੈ, ਪਰ ਸੰਯੁਕਤ ਰਾਸ਼ਟਰ ਦੀ ਰਿਪੋਰਟ ਮੁਤਾਬਿਕ ਤਕਰੀਬਨ 20 ਕਰੋੜ ਲੋਕ ਭੁੱਖੇ ਸੌਂਦੇ ਹਨ।

**ਇਨਸਾਫ਼**:- ਸਭ ਤੋਂ ਵੱਡੀ ਗੱਲ ਹੈ ਕਿ ਆਮ ਲੋਕਾਂ ਨੂੰ ਸਰਕਾਰੇ-ਦਰਬਾਰੇ ਇਨਸਾਫ਼ ਮਿਲਣ ਦੀ ਉਮੀਦ ਘਟਦੀ ਜਾ ਰਹੀ ਹੈ। ਕਾਰਜਕਾਰੀ ਅਫ਼ਸਰ ਬਿਨਾਂ ਕਿਸੇ ਸਿਫ਼ਾਰਸ਼ ਦੇ ਗੱਲ ਨਹੀਂ ਸੁਣਦੇ ਅਤੇ ਲੋਕਾਂ ਨੂੰ ਸੱਤਾਧਾਰੀ ਪਾਰਟੀਆਂ ਦੇ ਹਲਕਾ ਇੰਚਾਰਜਾਂ ਵੱਲ ਜਾਣਾ ਪੈਂਦਾ ਹੈ। ਕਚਹਿਰੀਆਂ 'ਚ ਇਨਸਾਫ਼ ਬਹੁਤ ਮਹਿੰਗਾ ਹੋ ਗਿਆ ਅਤੇ ਲਟਕਾਇਆ ਜਾਂਦਾ ਹੈ, ਜਿਸ ਕਾਰਨ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੈ। ਅਖੀਰ 'ਚ ਦੇਸ਼ ਦੇ ਹਰ ਛੋਟੇ-ਵੱਡੇ ਅਧਿਕਾਰੀ ਅਤੇ ਉਨ੍ਹਾਂ ਦੇ ਸਲਾਹਕਾਰਾਂ ਨੂੰ ਕਹਿਣਾ ਚਾਹੁੰਦੇ ਹਾਂ ਕਿ ਉਹ ਸਵੈ-ਪੜਚੋਲ ਕਰਨ ਕਿ ਕਿਤੇ ਲੋਕਾਂ ਨੂੰ ਗ਼ਰੀਬੀ ਵੱਲ ਧੱਕਣ ਵਿੱਚ ਉਨ੍ਹਾਂ ਦਾ ਹੱਥ ਤਾਂ ਨਹੀਂ? ਗ਼ਰੀਬੀ ਇਨਸਾਨੀਅਤ ਲਈ ਸਭ ਤੋਂ ਵੱਡਾ ਸਰਾਪ ਹੈ ਪਰ ਬਿਰਧ ਆਸ਼ਰਮਾਂ ਵਿੱਚ ਜਾ ਕੇ ਦੇਖੋ ਗ਼ਰੀਬ ਘੱਟ ਤੇ ਸਰਦੇ ਪੁੱਜਦੇ ਘਰਾਂ ਦੇ ਬਜ਼ੁਰਗ ਜ਼ਿਆਦਾ ਹਨ।

***

## ਈ.ਵੀ.ਐਮ. ਸ਼ੱਕ ਦੇ ਘੇਰੇ

ਜੇਕਰ ਵੋਟਾਂ ਦੇ ਵਾਧੇ ਦਾ ਨਤੀਜਿਆਂ 'ਤੇ ਪਏ ਅਸਰ ਦਾ ਵਿਸ਼ਲੇਸ਼ਣ ਕੀਤਾ ਜਾਏ ਤਾਂ ਸਾਫ਼ ਦਿਖਾਈ ਦਿੰਦਾ ਹੈ ਕਿ ਜੇਕਰ 5 ਅਕਤੂਬਰ ਨੂੰ 7 ਵਜੇ ਐਲਾਨੇ ਪ੍ਰਤੀਸ਼ਤ 'ਤੇ ਕੀਤੀ ਵੋਟਾਂ ਦੀ ਗਿਣਤੀ ਹੁੰਦੀ ਤਾਂ ਚੋਣ ਹਾਰਨ ਵਾਲੀ ਪਾਰਟੀ ਨੂੰ 17 ਸੀਟਾਂ ਜ਼ਿਆਦਾ ਭਾਵ ਕੁੱਲ 54 ਸੀਟਾਂ ਮਿਲਦੀਆਂ। ਜੇਕਰ 5 ਅਕਤੂਬਰ ਨੂੰ ਹੀ ਪਹਿਲਾ ਵਾਧਾ ਆਖ਼ਰੀ ਰਹਿੰਦਾ ਤਾਂ ਉਸੇ ਨੂੰ 46 ਸੀਟਾਂ ਮਿਲਦੀਆਂ। ਭਾਵ ਦੋਵਾਂ ਹਾਲਤਾਂ 'ਚ ਉਹ ਬਹੁਮਤ 'ਚ ਹੁੰਦੀ। ਪਹਿਲੇ ਅਤੇ ਦੂਜੇ ਵਾਧੇ ਕਾਰਨ ਜਿੱਤਣ ਵਾਲੀ ਪਾਰਟੀ ਨੂੰ ਕ੍ਰਮਵਾਰ 17 ਤੇ 9 ਸੀਟਾਂ ਦਾ ਲਾਭ ਮਿਲਦਾ ਹੋਇਆ ਦਿਖਾਈ ਦਿੰਦਾ ਹੈ। ਚੋਣ ਨਤੀਜਿਆਂ ਅਨੁਸਾਰ 7 ਸੀਟਾਂ ਅਜਿਹੀਆਂ ਸਨ, ਜਿਨ੍ਹਾਂ ਦਾ ਫ਼ੈਸਲਾ ਮਹਿਜ਼ 32 ਵੋਟਾਂ ਤੋਂ ਲੈ ਕੇ 1341 ਵੋਟਾਂ ਦੇ ਫਰਕ ਨਾਲ ਹੋਇਆ ਹੈ। ਇੱਥੇ ਗੱਲ ਕਿਸੇ 'ਤੇ ਦੋਸ਼ ਲਗਾਉਣ ਜਾਂ ਕਿਸੇ ਦੀ ਨੀਅਤ 'ਤੇ ਸ਼ੱਕ ਕਰਨ ਦੀ ਨਹੀਂ ਹੈ। ਜੂਨ 'ਚ ਹੋਈਆਂ ਲੋਕ ਸਭਾ ਚੋਣਾਂ 'ਚ ਹਰ ਦੌਰ 'ਚ ਵੋਟਾਂ ਦਾ ਪ੍ਰਤੀਸ਼ਤ ਥੋੜ੍ਹਾ-ਬਹੁਤ ਨਹੀਂ, ਬਲਕਿ ਕਾਫ਼ੀ ਜ਼ਿਆਦਾ ਵਧਾਇਆ ਗਿਆ। ਪਹਿਲਾਂ ਐਲਾਨੇ ਪ੍ਰਤੀਸ਼ਤ ਅਤੇ ਆਖਰੀ ਐਲਾਨੇ ਪ੍ਰਤੀਸ਼ਤ ਵਿੱਚ 4,65,46,885 (4.72 ਪ੍ਰਤੀਸ਼ਤ) ਵੋਟਾਂ ਦਾ ਫਰਕ ਰਿਹਾ। ਨਾਗਰਿਕ ਸਮਾਜ ਦੇ ਸੰਗਠਨਾਂ ਵਲੋਂ ਚੋਣ ਕਮਿਸ਼ਨ ਦੇ ਸਾਹਮਣੇ ਪੇਸ਼ ਕੀਤੇ ਜਾਂਦੇ ਵਿਸ਼ਲੇਸ਼ਣ ਅਨੁਸਾਰ ਪੂਰੇ ਦੇਸ਼ 'ਚ 76 ਸੀਟਾਂ ਅਜਿਹੀਆਂ ਸਨ, ਜੋ ਇਸੇ ਕਾਰਨ ਕਰਕੇ ਸੱਤਾਧਾਰੀ ਪਾਰਟੀ ਦੇ ਪੱਖ 'ਚ ਚਲੀਆਂ ਗਈਆਂ (ਇਕੱਲਿਆਂ ਓਡੀਸ਼ਾ 'ਚ 18 ਅਤੇ ਬੰਗਾਲ 'ਚ 10 ਸੀਟਾਂ)।

ਦੂਜਾ ਸਵਾਲ ਇਹ ਹੈ ਕਿ ਚੋਣ ਕਮਿਸ਼ਨ ਇੱਕ ਵਾਰ ਜਾਂ ਕਈ ਵਾਰ ਜਿੰਨੀਆਂ ਵੋਟਾਂ ਦੇ ਪੈਣ ਦਾ ਐਲਾਨ ਕਰਦਾ ਹੈ, ਉਨ੍ਹਾਂ ਦੀ ਗਿਣਤੀ ਹੋਣ 'ਤੇ ਉਹ ਘੱਟ ਜਾਂ ਜ਼ਿਆਦਾ ਕਿਉਂ ਨਿਕਲਦੀਆਂ ਹਨ? ਲੋਕ ਸਭਾ ਚੋਣਾਂ ਦੌਰਾਨ ਦੇਸ਼ ਦੇ 542 ਚੋਣ ਹਲਕਿਆਂ 'ਚ ਸਿਰਫ਼ 3 ਨੂੰ ਛੱਡ ਕੇ 539 'ਚ ਇੱਕ ਵੋਟ ਤੋਂ ਲੈ ਕੇ 16791 ਵੋਟਾਂ ਦਾ ਫ਼ਰਕ ਨਿਕਲਿਆ। ਹਰ ਵੋਟ ਦੀ ਕੀਮਤ ਬਰਾਬਰ ਹੁੰਦੀ ਹੈ। ਉਸ ਦੀ ਰੱਖਿਆ ਕਰਨ ਦਾ ਫਰਜ਼ ਚੋਣ ਕਮਿਸ਼ਨ ਦਾ ਹੈ। 1951 'ਚ ਬਣੇ ਜਨ ਪ੍ਰਤੀਨਿਧੀ ਕਾਨੂੰਨ ਦੀ ਧਾਰਾ 65 ਮੁਤਾਬਿਕ ਇਸ ਦੀ ਉਲੰਘਣਾ ਕਾਨੂੰਨੀ ਕਾਰਵਾਈ ਨੂੰ ਸੱਦਾ ਦੇਣਾ ਹੈ।ਸ਼ੰਕੇ ਅਤੇ ਸਵਾਲ ਬਹੁਤ ਸਾਰੇ ਹਨ। ਇਨ੍ਹਾਂ ਵਿਚੋਂ ਸਿਰਫ਼ ਇਹ ਦੋ ਸਵਾਲ ਹੀ ਚੋਣ ਪ੍ਰਕਿਰਿਆ ਦੇ 'ਗੋਲਡ ਸਟੈਂਡਰਡ' ਹੋਣ ਦੇ ਦਾਅਵੇ 'ਤੇ ਸਵਾਲੀਆ ਨਿਸ਼ਾਨ ਲਗਾਉਣ ਲਈ ਕਾਫ਼ੀ ਹਨ।

***

## ਭਾਰਤ-ਕੈਨੇਡਾ ਵਿਵਾਦ ਕਾਰਨ ਕੱਚੇ ਪ੍ਰਵਾਸੀਆਂ

ਇਹੋ ਕਾਰਨ ਹੈ ਕਿ ਇਨ੍ਹਾਂ ਵਿਦਿਆਰਥੀਆਂ ਅਤੇ ਨੌਜਵਾਨਾਂ ਵਲੋਂ ਕੈਨੇਡਾ ਦੀ ਇਸ ਨੀਤੀ ਖ਼ਿਲਾਫ਼ ਧਰਨੇ ਅਤੇ ਪ੍ਰਦਰਸ਼ਨ ਵੀ ਕੀਤੇ ਜਾ ਰਹੇ ਹਨ।

ਭਾਰਤ ਅਤੇ ਕੈਨੇਡਾ ਦੇ ਵਿਗੜਦੇ ਸੰਬੰਧਾਂ ਦਾ ਸਭ ਤੋਂ ਬੁਰਾ ਪ੍ਰਭਾਵ ਆਰਜ਼ੀ ਰਿਹਾਇਸ਼ ਵਾਲੇ ਨੌਜਵਾਨ 'ਤੇ ਪੈਣ ਵਾਲਾ ਹੈ। ਕੈਨੇਡਾ ਸਰਕਾਰ ਇਨ੍ਹਾਂ 'ਚੋ ਬਹੁਤਿਆਂ ਨੂੰ ਭਾਰਤੀ ਨੌਜਵਾਨ ਹੋਣ ਕਰਕੇ ਵਾਪਸ ਭੇਜਣ ਨੂੰ ਤਿਆਰ ਬੈਠੀ ਹੈ। ਭਾਰਤ ਸਰਕਾਰ ਕੈਨੇਡਾ ਸਰਕਾਰ ਨਾਲ ਇਸ ਮੌਕੇ ਗੱਲਬਾਤ ਦਾ ਰਸਤਾ ਤਿਆਗ ਕੇ ਕੈਨੇਡਾ ਖ਼ਿਲਾਫ਼ ਬਿਆਨਬਾਜ਼ੀ ਕਰ ਰਹੀ ਹੈ। ਇਸ ਕਾਰਨ ਇਨ੍ਹਾਂ ਲੱਖਾਂ ਭਾਰਤੀ ਨੌਜਵਾਨਾਂ ਦੀ ਬਾਂਹ ਫ਼ੜਨ ਦਾ ਕਾਰਜ ਭਾਰਤ ਦੇ ਏਜੰਡੇ ਤੋਂ ਖਿਸਕ ਗਿਆ ਹੈ। ਇਨ੍ਹਾਂ ਨੌਜਵਾਨਾਂ ਦਾ ਖ਼ਾਲਿਸਤਾਨ ਨਾਲ ਕੋਈ ਵਾਹ ਵਾਸਤਾ ਨਹੀਂ ਹੈ ਅਤੇ ਨਾ ਹੀ ਇਨ੍ਹਾਂ ਦਾ ਨਿੱਝਰ ਕਤਲ ਨਾਲ ਕੋਈ ਸੰਬੰਧ ਹੈ। ਇਹ ਸਰਕਾਰਾਂ ਦੀ ਖਹਿਬਾਜ਼ੀ ਦੇ ਸ਼ਿਕਾਰ ਬਣ ਰਹੇ ਹਨ।

ਇਸ ਤਰ੍ਹਾਂ ਲਗਦਾ ਹੈ ਕਿ ਕੈਨੇਡੀਅਨ ਸਰਕਾਰ ਅਤੇ ਭਾਰਤ ਸਰਕਾਰ ਦੋਵੇਂ ਆਪਣਾ ਝਗੜਾ ਗੱਲਬਾਤ ਨਾਲ ਹੱਲ ਕਰਨ ਦੀ ਬਜਾਏ ਇਸ ਨੂੰ ਵਧਾਉਣ ਵੱਲ ਤੁਰ ਰਹੀਆਂ ਹਨ ਅਤੇ ਝਗੜੇ ਨੂੰ ਅੰਦਰੂਨੀ ਸਿਆਸਤ ਨਾਲ ਜੋੜਨ ਦੀ ਪ੍ਰਵਿਰਤੀ ਭਾਰੂ ਹੋ ਰਹੀ ਹੈ। ਦੋਵਾਂ ਦੇਸ਼ਾਂ ਦੇ ਬਾਰਡਰ ਸਾਂਝੇ ਨਾ ਹੋਣ ਕਰਕੇ ਇਨ੍ਹਾਂ 'ਚ ਜ਼ਮੀਨ ਦੀ ਵੰਡ ਦਾ ਕੋਈ ਝਗੜਾ ਨਹੀਂ ਹੈ। ਦੋਵੇਂ ਦੇਸ਼ ਵਿਸ਼ਵ ਸੰਸਥਾਵਾਂ ਦੇ ਪ੍ਰਭਾਵਸ਼ਾਲੀ ਮੈਂਬਰ ਹਨ। ਯੂ.ਐੱਨ.ਓ., ਵਿਸ਼ਵ ਵਪਾਰ ਸੰਸਥਾ, ਵਿਸ਼ਵ ਬੈਂਕ, ਅੰਤਰਰਾਸ਼ਟਰੀ ਮੁਦਰਾ ਕੋਸ਼, ਜੀ-20 ਦੇਸ਼ਾਂ ਦੇਸੰਮੇਲਨ ਅਤੇ ਹੋਰ ਅਦਾਰਿਆਂ 'ਚ ਇਕੱਠੇ ਵਿਚਰਨ ਦਾ ਅਨੁਭਵ ਅਤੇ ਤਜਰਬਾ ਇਨ੍ਹਾਂ ਦੋਵਾਂ ਦੇਸ਼ਾਂ ਕੋਲ ਹੈ। ਦੋਵੇਂ ਦੇਸ਼ ਜਮਹੂਰੀਅਤ ਨੂੰ ਪ੍ਰਣਾਏ ਹੋਏ ਹਨ। ਦੋਵੇਂ ਦੇਸ਼ਾਂ 'ਚ ਬਹੁ-ਧਰਮਾਂ ਅਤੇ ਬਹੁ-ਸਭਿਆਚਾਰਾਂ ਦਾ ਮਿਸ਼ਰਣ ਹੈ। ਮੌਜੂਦਾ ਹਾਲਤ ਵਿੱਚ ਦੋਵੇਂ ਦੇਸ਼ਾਂ ਦੀਆਂ ਸਰਕਾਰਾਂ ਮਸਲੇਦੇ ਹੱਲ ਲਈ ਗੱਲਬਾਤ ਦਾ ਰਸਤਾ ਛੱਡ ਕੇ ਹਾਉਮੈ ਦੀ ਲੜਾਈ ਲੜ ਰਹੀਆਂ ਹਨ। ਇਹ ਰਸਤਾ ਬੇਲੋੜਾ ਵਿਰੋਧ ਪੈਦਾ ਕਰ ਰਿਹਾ ਹੈ। ਭਾਰਤੀ ਮੂਲ ਦੇ ਲਗਭਗ 21 ਲੱਖ ਕੈਨੇਡੀਅਨ ਨਾਗਰਿਕਾਂ ਅਤੇ ਕੈਨੇਡਾ 'ਚ ਰਹਿ ਰਹੇ ਕਈ ਲੱਖ ਕੱਚੇ ਰਿਹਾਇਸ਼ੀ ਭਾਰਤੀ ਨੌਜਵਾਨਾਂ ਦੇ ਭਵਿੱਖ ਨੂੰ ਦੋਵਾਂ ਦੇਸ਼ਾਂ ਵਲੋਂ ਤਿਲਾਂਜਲੀ ਦਿੱਤੀ ਜਾ ਰਹੀ ਹੈ। ਸਮੇਂ ਦੀ ਮੰਗ ਹੈ ਕਿ ਦੋਵੇਂ ਦੇਸ਼ ਗੱਲਬਾਤ ਰਾਹੀਂ ਆਪਸੀ ਮਤਭੇਦ ਹੱਲ ਕਰਨ ਅਤੇ ਆਰਥਿਕ ਅਤੇ ਸੱਭਿਆਚਾਰਕ ਸੰਭਾਵਨਾਵਾਂ ਦੇ ਵਿਕਾਸ ਵੱਲ ਆਪਣਾ ਧਿਆਨ ਕੇਂਦਰਿਤ ਕਰਨ।

***

## ਜਮਹੂਰੀ ਪਿਛਾਖੜੀ ਦੇ

ਰਾਜਨੀਤਿਕ ਵਿਗਿਆਨੀ ਨੈਨਸੀ ਬਰਮੀਓ ਨੋਟ ਕਰਦੀ ਹੈ ਕਿ ਕਾਰਜਕਾਰੀ ਵਾਧਾ ਸਮੇਂ ਦੇ ਨਾਲ ਹੁੰਦਾ ਹੈ, ਕਾਨੂੰਨੀ ਤਰੀਕਿਆਂ ਦੁਆਰਾ ਜਾਇਜ਼ ਸੰਸਥਾਗਤ ਤਬਦੀਲੀਆਂ ਦੁਆਰਾ, ਜਿਵੇਂ ਕਿ ਨਵੀਂ ਸੰਵਿਧਾਨ ਸਭਾਵਾਂ, ਜਨਮਤ ਸੰਗ੍ਰਹਿ, ਜਾਂ ਮੌਜੂਦਾ ਅਦਾਲਤਾਂ ਜਾਂ ਵਿਧਾਨ ਸਭਾਵਾਂ ... ਉਹਨਾਂ ਮਾਮਲਿਆਂ ਵਿੱਚ ਜਿੱਥੇ ਕਾਰਜਪਾਲਿਕਾ ਦੇ ਸਮਰਥਕ ਅਜਿਹੀਆਂ ਸੰਸਥਾਵਾਂ ਦਾ ਬਹੁਮਤ ਨਿਯੰਤਰਣ ਪ੍ਰਾਪਤ ਕਰਦੇ ਹਨ। ਜਮਹੂਰੀ ਪਿਛਾਂਹਖਿੱਚੂ ਦਾ ਇਹ ਰੂਪ, ਉਦਾਹਰਨ ਲਈ, ਮੀਡੀਆ ਦੀ ਪਹੁੰਚ ਨੂੰ ਰੋਕਣਾ, ਵਿਰੋਧੀ ਉਮੀਦਵਾਰਾਂ ਨੂੰ ਅਯੋਗ ਠਹਿਰਾਉਣਾ ਅਤੇ ਵੋਟਰਾਂ ਨੂੰ ਦਬਾਉਣ ਦੁਆਰਾ, ਆਜ਼ਾਦ ਅਤੇ ਨਿਰਪੱਖ ਚੋਣਾਂ ਦੇ ਵਿਗਾੜ ਨੂੰ ਸ਼ਾਮਲ ਕਰਦਾ ਹੈ।

ਪਿਛਾਖੜੀ ਦਾ ਇਹ ਰੂਪ ਆਮ ਤੌਰ 'ਤੇ ਚੋਣ ਵਾਲੇ ਦਿਨ ਤੋਂ ਪਹਿਲਾਂ ਹੁੰਦਾ ਹੈ ਅਤੇ ਹੁਣ ਹੌਲੀ ਅਤੇ ਵਧੇਰੇ ਵਾਧੇ ਵਾਲੇ ਤਰੀਕੇ ਨਾਲ ਕੀਤਾ ਜਾਂਦਾ ਹੈ ਕਿ ਤਬਦੀਲੀਆਂ ਦਾ ਮੁਕਾਬਲਾ ਕਰਨਾ ਜ਼ਰੂਰੀ ਵੀ ਨਹੀਂ ਜਾਪਦਾ, ਜਿਸ ਨਾਲ ਮੀਡੀਆ ਵਰਗੇ ਨਿਗਰਾਨਾਂ ਲਈ ਸੰਚਤ ਖਤਰੇ ਨੂੰ ਲੱਭਣਾ ਅਤੇ ਪ੍ਰਸਾਰਿਤ ਕਰਨਾ ਮੁਸ਼ਕਲ ਹੋ ਜਾਂਦਾ ਹੈ। ਜਦੋਂ ਕਿ ਇਸ ਧੀਮੀ ਰੇਖਿਕ ਪ੍ਰਗਤੀ ਦੇ ਨਾਲ ਸ਼ਕਤੀ ਦਾ ਸੰਗ੍ਰਹਿ ਸ਼ੁਰੂ ਹੋਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ, ਇਹ ਇੱਕ ਵਾਰ ਤੇਜ਼ ਹੋ ਸਕਦਾ ਹੈ ਜਦੋਂ ਵੋਟਰ ਸ਼ਕਤੀ ਬਹੁਤ ਜ਼ਿਆਦਾ ਵੰਡੀ ਜਾਂ ਕਮਜ਼ੋਰ ਹੋ ਜਾਂਦੀ ਹੈ ਤਾਂ ਜੋ ਸੰਸਥਾਵਾਂ ਨੂੰ ਹੋਏ ਸਾਰੇ ਨੁਕਸਾਨ ਦੀ ਮੁਰੰਮਤ ਕੀਤੀ ਜਾ ਸਕੇ। ਪਿਛਾਂਹਖਿੱਚੂ ਕੁਝ ਚੁਣੇ ਹੋਏ ਨੇਤਾਵਾਂ ਦੀਆਂ ਰਾਜਨੀਤਿਕ ਇੱਛਾਵਾਂ ਅਤੇ ਤਰੀਕਿਆਂ ਨੂੰ ਸੀਮਤ ਕਰਨ ਵਿੱਚ ਅਸਫ਼ਲ ਰਹਿਣ ਵਾਲੇ ਲੋਕਤੰਤਰਾਂ ਨਾਲੋਂ ਲੋਕਤੰਤਰਾਂ ਨੂੰ ਅਸਲ ਰੂਪ ਦੇਣ ਵਿੱਚ ਅਸਫ਼ਲ ਰਹਿਣ ਦਾ ਨਤੀਜਾ ਘੱਟ ਹੈ।

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ

ਜਾਣੋ ਪਲ ਪਲ ਦੀ ਖਬਰ




ON

jus PUNJABI HD

sling

CREDIBILITY

RELIABILITY

Minute to Minute Coverage of Punjab Elections

Punjabi Super Pack

20 channels for only $25/month on

sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com